# ਵਾਹਿਗੁਰੂ ਕੀ ਤੇ ਕਿਥੇ

ੴ

# ਬਿਨੈ

ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ ॥
ਹੇ ਪੂਰਨ ਹੇ ਸਰਬਮੈ ਦੁਖ ਭੰਜਨ ਗੁਣ ਤਾਸ ॥
ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ ॥
ਹੇ ਗੋਬਿੰਦ ਹੇ ਗੁਣ ਨਿਧਾਨ ਜਾਕੈ ਸਦਾ ਬਿਬੇਕ ॥
ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨ ਹਾਰ ।
ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ ॥
ਹੇ ਠਾਕੁਰ ਹਉ ਦਾਸਰੋ ਮੈਂ ਨਿਰਗੁਨ ਗੁਨੁ ਨਹੀਂ ਕੋਇ ॥
ਨਾਨਕ ਦੀਜੈ ਨਾਮਦਾਨੁ ਰਾਖਉ ਹੀਐ "ਪਰੋਇ" ॥ 261

......

# ਵਾਹਿਗੁਰੂ ਹੈ !

ਪਿਦਰਮ ਸੁਲਤਾਨ ਬੂਦ ਦੀ ਰਟ ਲਾਉਣ ਵਾਲੀਆਂ ਕਈ ਸ਼ਰੇਣੀਆਂ, ਇਸ ਦੁਨੀਆਂ ਰੂਪੀ ਸਾਗਰ ਵਿਚ ਗੋਤੇ ਖਾ ਰਹੀਆਂ ਹਨ, ਤੇ ਸਮਾਜ ਦੇ ਜ਼ਿੰਦਾ ਸਰੀਰ ਉਤੇ ਉਹਨਾਂ ਦੀ ਕੋਈ ਵਿਸ਼ੇਸ਼ ਛਾਪ ਮੋਹਰ ਨਹੀਂ । ਦੁਨੀਆਂ ਇਹ ਨਹੀਂ ਵੇਖਦੀ ਕਿ ਇਦ੍ਹੇ ਬਜ਼ੁਰਗ ਕੀ ਸਨ, ਦੁਨੀਆਂ ਤਾਂ ਵੇਖਦੀ ਹੈ ਕਿ ਸਾਡੇ ਸਾਹਮਣੇ ਖੜਾ, ਗੱਲਾਂ ਬਾਤਾਂ ਕਰਨ ਵਾਲਾ ਵਿਅਕਤੀ ਕੀ ਹੈ । ਪਿਤਰਾਂ ਦੇ ਉਚ ਆਚਰਣ ਦੀਆਂ ਡੀਂਗਾ ਮਾਰਨ ਵਾਲੇ ਦਾ ਆਪਣਾ ਇਖਲਾਕ ਕੀ ਹੈ । ਕੀ ਇਹ ਗੁਰਮੁਖਿ ਪਾਈਐ ਸ਼ਬਦਿ ਅਚਾਰਿ ਅਨੁਸਾਰ, ਸ਼ਬਦਿ ਤੇ ਆਚਾਰ ਦਾ ਮਾਲਕ

ਵੀ ਹੈ । ਕੀ ਇਹ ਆਪ ਵੀ ਨਾਨਕ ਵਰਗਾ ਬਣ ਸਕਿਆ ਹੈ ? ਕਿ ਬਸ ਗਾਈ ਜਾਂਦਾ ਹੈ ਕਿ ਮੇਰਾ ਬਜ਼ੁਰਗ ਨਾਨਕ ਸੀ । ਕਿਤੇ ਵਪਾਰ ਦੇ ਨਾਂ ਹੇਠਾਂ ਅਨਉਚਿਤ ਮੁਨਾਫਾ ਅਤੇ ਹਕੂਮਤ ਦੀ ਕੁਰਸੀ ਕੀ ਵੱਡੀ ਕੀ ਛੋਟੀ ਤੇ ਬਹਿੰਦਿਆਂ ਸਾਰ ਹੀ ਪਕਸ਼ਪਾਤ, ਰਿਸ਼ਵਤ, ਕੁਨਬਾ ਪਰਵਰੀ, ਅਤੇ ਆਪਣੇ ਹਿਤਾਂ ਨੂੰ ਮੁਖ ਰਖ ਅਨਿਆਏ ਨੂੰ ਤੇ ਧਰਮ ਨਹੀਂ ਬਣਾ ਲੈਂਦਾ ।

ਇਸ ਲਈ ਖਾਲਸਾ ਜੀ, ਗੁਰੂ ਨਾਨਕ ਦੇ ਮਿਸ਼ਨ ਨੂੰ ਪਰਚਾਰਨ ਲਈ ਤੁਹਾਡਾ ਵਿਅਕਤੀਗਤ ਇਖਲਾਕ ਹੀ ਪਹਿਲੀ ਕਸੌਟੀ ਹੈ । ਹਰ ਸਰੋਤਾ ਗੁਰੂ ਨਾਨਕ ਨੂੰ ਪਿਛੋਂ ਵੇਖੇਗਾ, ਪਹਿਲਾਂ ਤੁਹਾਡਾ ਵਿਸ਼ਲੇਸ਼ਨ ਕਰੇਗਾ । ਸਗੋਂ ਹੋ ਸਕਦਾ ਹੈ ਸੱਪ ਦਾ ਡਰਿਆ ਰੱਸੀ ਤੋਂ ਵੀ ਭੈ ਖਾਵੇ । ਪਰੰਤੂ ਜੇ ਤੁਸੀ ਸਚਾਈ ਵਿਚ ਦ੍ਰਿੜ, ਅਡੋਲ ਤੇ ਅਹਿਲ ਨਜ਼ਰ ਆਏ ਤਾਂ ਸਰੋਤਾ ਅਸਰ ਕਬੂਲੇ ਬਿਨਾ ਰਹਿ ਨਹੀਂ ਸਕਦਾ । ਇਸ ਲਈ ਜ਼ਰੂਰੀ ਹੈ ਕਿ ਪਹਿਲੋਂ ਆਪ ਸੱਚ ਪ੍ਰਾਪਤ ਕੀਤਾ ਜਾਵੇ ਸੱਚੇ ਸੁਚੇ ਬਣਿਆ ਜਾਵੇ ਤੇ ਫੇਰ ਕਿਸੇ ਹੋਰ ਲੋੜਵੰਦ ਨੂੰ ਵੀ ਇਸ ਰਾਹ ਦੀ ਦੱਸ ਪਾਈ ਜਾਵੇ ।

ਸੱਚ ਨਾਮ, ਪ੍ਰਮਾਤਮਾ ਵਾਹਿਗੁਰੂ ਦਾ ਹੈ । ਕਿਸੇ ਨੂੰ ਕਹਿਣ ਸੁਣਨ ਤੋਂ ਪਹਿਲਾਂ ਆਪ ਵਾਹਿਗੁਰੂ ਨੂੰ ਵੇਖਣਾ, ਪਾਉਣਾਂ ਤੇ ਮਿਲਣਾ ਅਤਿ ਜ਼ਰੂਰੀ ਹੈ ਜੇ ਆਪ ਹੀ ਵਾਹਿਗੁਰੂ ਨੂੰ ਨਹੀਂ ਵੇਖਿਆ ਤਾਂ ਕਿਵੇਂ ਕਹੀ ਜਾਂਦੇ ਹਾਂ ਕਿ ਵਾਹਿਗੁਰੂ ਹੈ । ਇਸ ਲਈ ਜਿਵੇਂ ਵੇਈਂ ਵਿਚ ਡੁਬਣ ਦੇ ਓਹਲੇ ਗੁਰੂ ਨਾਨਕ ਦੇਵ ਜੀ ਨੇ ਵਾਹਿਗੁਰੂ ਦੇ ਦਰਬਾਰ ਵਿਚ ਪਹੁੰਚ ਪਾਈ, ਦਰਸ਼ਨ ਕੀਤੇ, ਗੁਰੂ ਹੋਣ ਦੀ ਵਡਿਆਈ ਪਾਈ, ਨਾਮ ਪ੍ਰਾਪਤ ਕੀਤਾ ਤੇ ਫੇਰ ਦੁਨੀਆਂ ਨੂੰ ਵੰਡਿਆ ਇੰਜ ਹੀ ਕਰਨਾ ਉਚਿਤ ਹੈ ।

ਅਜ ਕਲ ਜਣਾ ਖਣਾ ਗੁਰੂ ਬਣਿਆ ਫਿਰਦਾ ਹੈ ਕੀ ਇਨ੍ਹਾਂ ਨੇ ਪ੍ਰਮਾਤਮਾਂ ਨਾਲ ਅਭੇਦਤਾ ਪ੍ਰਾਪਤ ਕੀਤੀ ਹੈ ? ਕੀ ਸਾਰੀ ਸਰਿਸ਼ਟੀ ਦੀ ਰਚਨਾ ਇਨ੍ਹਾਂ ਕੀਤੀ ਹੈ ? ਕੀ ਇਹ ਸਰਬਤ ਦੇ ਪਾਲਣਹਾਰ ਹਨ ? ਕੀ ਇਹ ਆਦਿ ਪੁਰਖ, ਨਿਰਭਉ ਤੇ ਨਿਰਵੈਰ ਹਨ ? ਕੀ ਇਹ ਅਕਾਲ ਹਨ, ਮਰਨ ਜੰਮਣ ਵਿਚ ਨਹੀਂ ਹਨ ?

ਜੇ ਕਿਸੇ ਨੂੰ ਸਿਖਿਆ ਦੇਣ ਨਾਲ ਹੀ ਗੁਰੂ ਬਣਿਆ ਜਾਂਦਾ ਹੋਵੇ ਤਾਂ ਕਾਰ ਕਿਤਿਆਂ ਦੀ ਸਿਖਿਆ ਦੇਣ ਵਾਲੇ ਸਾਰੇ ਗੁਰੂ ਹਨ। ਵਿਦਿਆ ਪੜ੍ਹਾਉਣ ਵਾਲੇ ਸਾਰੂ ਗੁਰੂ ਹਨ। ਚਾਚਾ ਬਾਬਾ ਆਖ ਕੇ ਬੋਲਣ ਦੀ ਸਿਖਿਆ ਦੇਣ ਵਾਲੀ ਮਾਂ ਵੀ ਗੁਰੂ ਹੈ, ਅਤੇ ਜਿਸ ਦੇ ਅਸੀਂ ਪਿੰਡ ਪਰਾਂਣ ਹਾਂ ਉਹ ਸਭ ਤੋਂ ਵਡਾ ਗੁਰੂ ਹੈ। ਅਸਲ ਗੱਲ ਇਹ ਹੈ ਕਿ ਆਮ ਲੁਕਾਈ ਨੇ ਗੁਰ ਸ਼ਬਦ ਨੂੰ ਪਛਾਣਿਆ ਹੀ ਨਹੀਂ। ਪਰਮੁਖ ਸਮੱਸਿਆ ਹੀ ਜੀਵਨ ਦੀ ਇਹ ਹੈ ਕਿ ਗੁਰੂ ਨੂੰ ਲਭੀਏ, ਪਛਾਣੀਏ ਤੇ ਪ੍ਰਾਪਤ ਹੋਈਏ। ਸੋ ਬਜਾਏ ਹੁਸ਼ਿਆਰ ਵਿਅਕਤੀਆਂ ਦੇ ਡੰਭ ਕੋਹਲੂ ਦੇ ਖੋਪਲ ਬੌਲਦ ਬਣਨ ਦੇ ਅਤੇ ਆਪਣੇ ਧਨ ਸੰਪਤੀ, ਇਜ਼ਤ ਮਾਣ ਤੇ ਗੈਰਤ ਨੂੰ ਬਲੈਕ ਮੇਲ ਕਰਾਉਣ ਦੇ, ਆਓ ਇਸ ਪਾਸੇ ਲਗੀਏ ਕਿ ਗੁਰੂ ਕੀ ਹੈ, ਅਤੇ ਕਿਵੇਂ ਪਾਇਆ ਜਾਵੇ। ਸੱਚੇ ਗੁਰੂ ਦੀ ਭੁਖ, ਲੋਕਾਂ ਨੂੰ ਗੁਰੂ ਬਣਾ ਕੇ ਪੂਰੀ ਨਹੀਂ ਕੀਤੀ ਜਾ ਸਕਦੀ।

ਗੁਰੂ ਅਸਲ ਵਿਚ ਵਾਹਿਗੁਰੂ ਹੀ ਹੈ, "ਆਦਿ ਅੰਤਿ ਏਕੈ ਅਵਤਾਰਾ, ਸੋਈ ਗੁਰੂ ਸਮਝਿਯਹ ਹਮਾਰਾ" ਗੁਰੂ ਹੀ ਸਭੋ ਕੁਝ ਹੈ। ਏਸੇ ਦੀ ਊਰਜਾ ਤੋਂ ਸਾਰੀ ਉਤਪਤੀ ਹੋਈ ਹੈ। ਇਹੋ ਹੀ ਪ੍ਰਤਿਪਾਲਕ ਹੈ, ਸਰਬੱਤ ਦਾ ਇਹੋ ਹੀ ਮਾਲਕ ਹੈ। ਤੇ ਹਰ ਇਕ ਸ਼ੈ ਵਿਚ ਮੌਜੂਦ ਹੈ ਕਿਉਂਕਿ ਸਭੋ ਕੁਝ ਬਣਿਆ ਹੀ ਇਸ ਦਾ ਹੈ। ਇਹ ਇਕ ਨੂਰ ਹੈ, ਪਹਿਲੇ ਪਹਿਲ ਬਦਲ ਵਰਗਾ ਦੁਧੀਆ ਜਿਹਾ ਦਿਸਦਾ ਹੈ ਪਰੰਤੂ ਫਿਰ ਤਾਂ ਬੇਓਕੜ ਖੇਡਾਂ ਹੋ ਜਾਂਦੀਆਂ ਹਨ, 'ਏਕ ਮੂਰਤਿ ਅਨੇਕ ਦਰਸ਼ਨ ਕੀਨ ਰੂਪ ਅਨੇਕ' ਵਾਲੀ ਗੱਲ ਹੁੰਦੀ ਹੈ। ਇਸ ਨੂਰ ਵਿਚ ਜ਼ਿੰਦਗੀ ਹੈ। ਇਸ ਦੇ ਹਰ ਕਣ ਵਿਚ ਉਸੇ ਤਰ੍ਹਾਂ ਦੀ ਜ਼ਿੰਦਗੀ ਤੇ ਜੀਵਨ ਸੱਤਿਆ ਹੈ ਜਿਵੇਂ ਸਮੂਲਚੇ ਵਿਚ ਬਹੁਤ ਹੀ ਵਡਾ ਤੇ ਵਿਸ਼ਾਲ ਹੈ, ਸਭੋ ਕੁਝ ਇਸ ਤੋਂ ਬਣ ਜਾਂਦਾ ਹੈ। ਜਗਿਆਸੂ ਨੂੰ ਦਰਸ਼ਨ ਦੇਣ ਲਈ ਤੇ ਪ੍ਰੀਚਯ ਕਰਾਉਣ ਲਈ, ਇਸ ਨੂਰ ਤੋਂ ਉਸ ਸੱਚੇ ਗੁਰੂ ਦਾ ਇਨਸਾਨੀ ਮੁਜਸਮਾ ਬਣਦਾ ਹੈ ਜਿਸ ਨੂੰ ਗੁਰੂ ਹੋਣ ਦੀ ਵਡਿਆਈ ਆਪ ਮਾਲਕ ਨੇ ਦੇ ਦਿਤੀ ਹੋਵੇ, ਭਾਵ ਗੁਰਮੁਖਿ ਨਾਨਕ ਰੂਪ ਜਿਵੇਂ ਗੁਰੂ ਅਰਜਨ ਦੇਵ ਜੀ ਨੂੰ "ਜੋਤਿ ਰੂਪਿ ਹਰਿ ਆਪ, ਗੁਰੂ ਨਾਨਕ ਕਹਾਯਉ", ਦਿਸਿਆ। ਅਤੇ 'ਭੱਟ ਮਥਰਾ ਜੀ ਨੂੰ, ਧਰਨਿ ਗਗਨ ਨਵਖੰਡ ਮਹਿ, ਜੋਤਿ ਸਰੂਪੀ ਰਹਿਓ ਭਰ, ਭਨਿ ਮਥੁਰਾ ਕਛੁ ਭੇਦ ਨਹੀਂ', ਗੁਰੂ ਅਰਜਨ ਪਰਤਖ ਹਰਿ, ਹੋ ਕੇ

ਦਿਸਿਆ ਮੁਝ ਗਰੀਬ ਨੂੰ ਨਿਵਾਜਨ ਵੇਲੇ ਵੀ ਆਦਿ ਰੂਪ ਅਨਾਇ ਮੂਰਤ ਐਜਨਿ ਪੂਰਖ ਅਪਾਰ, ਨੇ ਗੁਰੂ ਨਾਨਕ ਦਾ ਰੂਪ ਧਾਰਿਆ । ਇਸ ਗੁਰੂ ਦੇ ਵਿਡਾਨਾਂ ਦਾ ਕੋਈ ਅੰਤ ਨਹੀਂ । ਵੇਖ ਵਿਡਾਣ ਰਹਿਆ ਵਿਸਮਾਦੁ ਵਾਲੀ ਹੀ ਗੱਲ ਹੈ। ਹਜ਼ਾਰਾਂ ਤ੍ਰੀਕਿਆਂ ਨਾਲ ਜਗਿਆਸੂ ਨੂੰ ਦਰਸ਼ਨ ਦਿੰਦਾ ਹੈ । ਇਹ ਗੱਲ ਪਰਪੱਕ ਹੋ ਜਾਣ ਤਕ ਕਿ ਐ ਪਰਾਣੀ, ਮੈਂ ਤੇਰੇ ਵਿਚ ਹੀ ਵਸਦਾ ਹਾਂ, ਦਰਸ਼ਨਾਂ ਦਾ ਸਿਲਸਿਲਾ ਜਾਰੀ ਰਹਿੰਦਾ ਹੈ, ਅਤੇ ਅੰਤ ਜਗਿਆਸੂ ਦੀ ਆਤਮਾ ਵਿਚ ਸਦਾ ਲਈ ਸਮਾ ਜਾਂਦਾ ਹੈ । ਜੀਉਂਦਿਆਂ ਇਹ ਖੇਡ ਰਹਿੰਦੀ ਹੈ ਤੇ ਮੋਇਆਂ ਆਪਣੇ ਅਸਲੀ ਟਿਕਾਣੇ, ਘਰ ਲੈ ਜਾਂਦਾ ਹੈ ।

ਇਸ ਲਈ ਬਾਹਰ ਮੁਖੀ ਲੋਕਾਂ ਨੂੰ ਮਥੇ ਟੇਕਣ ਦੀ ਥਾਂਵੇਂ ਸਾਨੂੰ ਆਪਣੀ ਆਤਮਾ ਵੇਖਣੀ ਚਾਹੀਦੀ ਹੈ, ਗੁਰਬਾਣੀ ਦਾ ਪਾਠ ਵੀ ਅਸੀਂ ਲੋਕ ਏਸੇ ਆਤਮਾ ਨੂੰ ਸਨੌਣ ਲਈ ਕਰਦੇ ਹਾਂ, ਕਿ ਐ ਆਤਮਾ ਤੂੰ ਇਹ ਕੁਝ ਹੈਂ, ਤੇ ਇਸ ਤਰ੍ਹਾਂ ਦੀ ਬਨ ਕੇ ਰਹਿਣਾ ਹੈ । ਤੂੰ ਗੁਰੂ ਨੂਰ ਦਾ ਕੁਝ ਅੰਸ਼ ਹੈਂ ਤੇ ਓਨੀ ਹੀ ਪਾਕ ਪਵਿਤ੍ਰ ਅਥਵਾ ਸ਼ਕਤੀ ਸ਼ਾਲੀ ਹੈਂ ਜਿਨਾ ਕਿ ਤੇਰਾ ਮਾਲਕ ਗੁਰੂ । ਅਰਦਾਸਾਂ ਤੇ ਅਰਜੋਈਆਂ ਵੀ ਇਸ ਆਤਮਾ ਵਲੋਂ ਸਰਬਸ਼ਕਤੀਮਾਨ ਗੁਰੂ ਨੂੰ ਹੁੰਦੀਆਂ ਹਨ ਇਸ ਲਈ ਗੁਰੂ ਨੂੰ ਮਿਲਣ ਖਾਤਰ ਐਸੇ ਪਰਾਣੀ ਦੀ ਸਿਖਸ਼ਾ ਤੇ ਚਲਣ ਦੀ ਲੋੜ ਹੈ ਜਿਸ ਨੂੰ ਆਪ ਗੁਰੂ ਨੇ ਆਪਣੇ ਵਰਗਾ ਕੀਤਾ ਹੋਵੇ ਤੇ ਗੁਰੂ ਹੋਣ ਥੀਂਣ ਦਾ ਮਾਣ ਬਖਸ਼ਿਆ ਹੋਵੇ । ਭਾਵ ਸਤਿਗੁਰੂ ਨਾਨਕ ਦੇਵ ਜੀ, ਪ੍ਰਮਾਣ ਵਜੋਂ, ਗੁਰੂ ਕਾ ਸਬਦੁ ਨ ਮੇਟੇ ਕੋਇ, ਗੁਰ ਨਾਨਕੁ ਨਾਨਕ ਹਰਿ ਸੋਇ । ਇਸ ਲਈ ਆਉ ਗੁਰੂ ਨਾਨਕ ਦੀ ਸਿਖਸ਼ਾ, ਸ੍ਰੀ ਗੁਰੂ ਗਰੰਥ ਸਾਹਿਬ ਜੀ ਪਾਸੋਂ ਰਹਿਬਰੀ ਲਈਏ । ਕਿਉਂਕਿ ਬਾਣੀ ਗੁਰੂ ਗੁਰੂ ਹੈ ਬਾਣੀ ਇਨਸਾਨੀ ਸਰੀਰ ਤਾਂ ਹਰ ਕਿਸੇ ਦੇ ਨੇ ਬਿਨਸਣਾਂ ਹੁੰਦਾ ਹੈ । ਵਿਚਾਰ ਤੇ ਸ਼ਿਖਸ਼ਾ ਹੀ ਸਦੀਵੀ ਚਲਦੇ ਹਨ ।

ਗੁਰਬਾਣੀ ਦਾ ਫੁਰਮਾਨ ਹੈ, "ਪ੍ਰਭ ਨਿਕਟਿ ਵਸੇ ਸਭਨਾਂ ਘਟ ਅੰਤਰਿ ਗੁਰਮੁਖਿ ਵਿਰਲੈ ਜਾਤਾ" ਸੋ ਇਕ ਤਾਂ ਗੁਰੂ ਦੀ ਅੰਸ਼ ਰਹਿੰਦੀ ਹੈ ਸਾਡੇ ਆਪਣੇ ਅੰਦਰ ਸਾਡੀ ਆਤਮਾ ਦੇ ਰੂਪ ਵਿਚ, ਤੇ ਦੂਜੇ ਸਮੂਲਚੇ ਤੌਰ ਤੇ ਗੁਰੂ ਰਹਿੰਦਾ ਹੈ ਸੱਚ ਖੰਡ ਵਿਚ, 'ਸਚ ਖੰਡਿ ਵਸੈ ਨਿਰੰਕਾਰੁ, ਕਰਿ ਕਰਿ ਵੇਖੈ ਨਦਰਿ ਨਿਹਾਲ ।' ਉਹ ਦਰਬਾਰ, ਉਹ ਮਹਿਲ ਹੈ ਜ਼ਰੂਰ, ਲੱਭਣ ਵਾਲਿਆਂ ਨੂੰ ਲਭਦਾ ਹੈ ।

1. ਉਚਉ ਥਾਨੁ ਸੁਹਾਵਣਾ ਉਪਰਿ ਮਹਲੁ ਮੁਰਾਰਿ
ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ
2. ਥਾਨ ਸੁਹਾਵਾ ਪਵਿਤ ਹੈ ਜਿਥੈ ਸੰਤ ਸਭਾ
ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੁ ਲਭਾ
ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ਪੰ: 44
3. ਸਾਚ ਮਹਲਿ ਗੁਰਿ ਅਲਖੁ ਲਖਾਇਆ
ਨਿਹਚਲ ਮਹਲੁ ਨਹੀ ਛਾਇਆ ਮਾਇਆ ਪੰ: 228
4. ਜਿਨ ਧੁਰਿ ਲਿਖਿਆ ਲੇਖੁ ਤਿਨੀ ਨਾਮੁ ਕਮਾਇਆ
ਦਰਿ ਸਚੈ ਸਚਿਆਰ ਮਹਲਿ ਬੁਲਾਇਆ ਪੰ: 369
5. ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ਪੰ: 595
6. ਵਡਭਾਗੀ ਘਰੁ ਖੋਜਿਆ ਪਾਇਆ ਨਾਮੁ ਨਿਧਾਨੁ
ਗੁਰਿ ਪੂਰੈ ਵੇਖਾਲਿਆ ਪ੍ਰਭੁ ਆਤਮ ਰਾਮੁ ਪਛਾਨੁ ਪੰ: 757
7. ਜੋ ਹਰਿ ਮਹਲੁ ਪਾਵੈ ਗੁਰ ਬਚਨੀ
ਤਿਸੁ ਜੇਵਡੁ ਅਵਰੁ ਨਾਹੀ ਕਿਸੈ ਦਾ ਤਾਣੁ (861)
8. ਦਿਸੈ ਸਚਾ ਮਹਲੁ ਖੁਲੈ ਭਰਮ ਤਾਕੁ
ਜਿਸਹਿ ਦਿਖਾਲੇ ਮਹਲੁ ਤਿਸੁ ਨ ਮਿਲੈ ਧਾਕੁ (959)
9. ਸਤਿਗੁਰੁ ਮਿਲੈ ਤ ਮਹਲਿ ਬੁਲਾਏ
ਸਾਚੀ ਦਰਗਹ ਗਤਿ ਪਤਿ ਪਾਏ (1043)
10. ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ 1108
11. ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ
ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰਿ 1256
12. ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ 147
13. ਢਾਢੀ ਸਚੈ ਮਹਲਿ ਖਸਮਿ ਬੁਲਾਇਆ 150
14. ਗੁਰਮੁਖਿ ਸੇਵਾ ਮਹਲੀ ਥਾਉ ਪਾਏ 160
15. ਸਚੈ ਅੰਦਰਿ ਮਹਲਿ ਸਚਿ ਬੁਲਾਈਐ 145
16. ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ
ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ 13

ਸੋ ਇਹ ਤਾਂ ਹੋਏ ਮਹਲੁ ਅਤੇ ਉਸ ਦੀ ਹੋਂਦ ਦੇ ਸਬੂਤ, ਪਰੰਤੂ ਉਹ ਮਹਲਿ ਹੈ ਕਿਹੋ ਜਿਹਾ ? ਕਿਥੇ ਹੈ ? ਉਥੇ ਹੁੰਦਾ ਕੀ ਹੈ ? ਰਹਿੰਦਾ ਕੌਣ ਹੈ ? ਕੀ ਵਡਿਆਈ ਹੈ ? ਦੇਖਣ ਦੇ ਕੀ ਲਾਭ ਹਨ ? ਅਤੇ ਕਿਵੇਂ ਪ੍ਰਾਪਤ ਹੋਵੇ ਬਾਰੇ ਪਰਮਾਣ ਹੇਠਾਂ ਪੜ੍ਹੋ ।

ਗਉੜੀ ਮ: 5 1. ਅਗਮ ਰੂਪ ਕਾ ਮਨ ਮਹਿ ਥਾਨਾਂ
ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ
ਸਹਜ ਕਥਾ ਕੇ ਅੰਮ੍ਰਿਤ ਕੁੰਟਾ
ਜਿਸਹ ਪ੍ਰਾਪਤ ਤਿਸ ਲੈ ਭੁੰਚਾ
ਅਨਹਤ ਬਾਣੀ ਥਾਨ ਨਿਰਾਲਾ
ਤਾਕੀ ਧੁਨਿ ਮੋਹੇ ਗੋਪਾਲਾ
ਤਹਿ ਸਹਜ ਅਖਾਰੇ ਅਨੇਕ ਅਨੰਤਾ
ਪਾਰ ਬ੍ਰਹਮ ਕੇ ਸੰਗੀ ਸੰਤਾ

ਹਰਖ ਅਨੰਤ ਸੋਗ ਨਹੀਂ ਬੀਆ, ਸੋ ਘਰ ਗੁਰ ਨਾਨਕ ਕਉ ਦੀਆ 186

2. ਸਹਜ ਸਿਫਤਿ ਭਗਤਿ ਤਤੁ ਗਿਆਨਾ
ਸਦਾ ਅਨੰਦੁ ਨਿਹਚਲ ਸਚ ਥਾਨਾ
ਤਹਾ ਸੰਗਤਿ ਸਾਧ ਗੁਣ ਰਸੈ
ਅਨਭਉ ਨਗਰ ਤਹਾ ਸਦ ਵਸੈ
ਤਹ ਭਉ ਭਰਮਾ ਸੋਗ ਨ ਚਿੰਤਾ
ਆਵਣੁ ਜਾਵਣੁ ਮਿਰਤ ਨ ਹੋਤਾ
ਤਹ ਸਦਾ ਅਨੰਦ ਅਨਹਤ ਆਖਾਰੇ
ਭਗਤ ਵਸਹਿ ਕੀਰਤਨ ਆਧਾਰੇ 237

3. ਤਹ ਪਾਵਸ ਸਿੰਧੁ ਧੂਪ ਨਹੀਂ ਛਹੀਆ
ਤਹਿ ਉਤ ਪਤਿ ਪਰਲਉ ਨਾਹੀ
ਜੀਵਨ ਮਿਰਤੁ ਨ ਦੁਖ ਸੁਖੁ ਵਿਆਪੈ ਸੁੰਨ ਸਮਾਧਿ ਦੋਓ ਤਹ ਨਾਹੀ

ਸਹਜ ਕੀ ਅਕਥ ਕਥਾ ਹੈ ਨਿਰਾਲੀ
ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ
ਅਰਧ ਉਰਧ ਦੋਊ ਤਹ ਨਾਹੀ ਰਾਤਿ ਦਿਨਸੁ ਤਹ ਨਾਹੀ
ਜਲ ਨਹੀ ਪਵਨੁ ਪਾਵਕੁ ਫੁਨਿ ਨਾਹੀ ਸਤਿਗੁਰ ਤਹਾ ਸਮਾਹੀ
ਅਗਮ ਅਗੋਚਰ ਰਹੈ ਨਿਰੰਤਰਿ ਗੁਰ ਕਿਰਪਾ ਤੇ ਲਹੀਐ
ਕਹੁ ਕਬੀਰ ਬਲਿ ਜਾਉ ਗੁਰ ਅਪੁਨੇ ਸਤ ਸੰਗਤਿ ਮਿਲਿ ਰਹੀਐ 333

4. ਬੇਗਮਪੁਰਾ ਸਹਰ ਕੋ ਨਾਉ, ਦੂਖ ਅੰਦੋਹ ਨਹੀ ਤਿਹ ਠਾਉ
ਨ ਤਸਵੀਸ ਖਿਰਾਜ ਨ ਮਾਲੁ. ਖਉਫ ਨ ਖਤਾ ਨ ਤਰਸ ਜਵਾਲੁ
ਅਬ ਮੋਹਿ ਖੂਬ ਵਤਨ ਗਹ ਪਾਈ, ਊਹਾ ਖੈਰਿ ਸਦਾਂ ਮੇਰੇ ਭਾਈ
ਕਾਇਮੁ ਦਾਇਮੁ ਸਦਾ ਪਾਤਿਸਾਹੀ, ਦੋਮ ਨ ਸੋਮ ਏਕ ਸੋ ਆਹੀ
ਆਬਾਦਾਨੁ ਸਦਾ ਮਸਹੂਰ ਊਹਾ ਗਨੀ ਬਸ਼ਹਿ ਮਾਮੂਰ
ਤਿਉ ਤਿਉ ਸੈਲ ਕਰਹਿ ਜਿਉ ਭਾਵੈ, ਮਹਰਮ ਮਹਲ ਨ ਕੋ ਅਟਕਾਵੈ
ਕਹਿ ਰਵੀਦਾਸ ਖਲਾਸ ਚਮਾਰਾ ਜੇ ਹਮ ਸਹਰੀ ਸੁ ਮੀਤ ਹਮਾਰਾ

345

5. ਵਾਹੁ ਵਾਹੁ ਤਿਸ ਨੋ ਆਖੀਐ ਜਿ ਸਦਾ ਗਹਿਰ ਗੰਭੀਰੁ
ਵਾਹੁ ਵਾਹੁ ਤਿਸ ਨੋ ਆਖੀਐ ਜਿ ਗੁਣਦਾਤਾ ਮਤਿ ਧੀਰੁ
ਵਾਹੁ ਵਾਹੁ ਤਿਸ ਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ
ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕ ਸਬਾਹਿ
ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ ਜਿ ਸਤਿਗੁਰ ਦੀਆ ਦਿਖਾਇ

514

6. ਅਲਖ ਅਪਾਰ ਅਗੰਮ ਅਗੋਚਰ ਨ ਤਿਸ ਕਾਲੁ ਨ ਕਰਮਾ
ਜ਼ਾਤਿ ਅਜਾਤਿ ਅਜੋਨੀ ਸੰਭਉ ਨ ਤਿਸੁ ਭਾਉ ਨ ਭਰਮਾ
ਸਚੇ ਸਕਿਆਰੁ ਵਿਟਹੁ ਕੁਰਬਾਣ
ਨ ਤਿਸ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ
ਨ ਤਿਸ ਮਾਤ ਪਿਤਾ ਸੁਤ ਬੰਧਪ ਨ ਤਿਸ ਕਾਮ ਨ ਨਾਰੀ
ਅਕੁਲ ਨਿਰੰਜਨ ਅਪਰ ਪਰੰਪਰ ਸਗਲੀ ਜੋਤਿ ਤੁਮਾਰੀ 597

7. ਜਹ ਝਿਲ ਮਿਲ ਕਾਰੁ ਦਿਸੰਤਾ, ਤਹ ਅਨਹਦ ਸਬਦ ਬਜੰਤਾ
ਜੋਤੀ ਜੋਤਿ ਸਮਾਨੀ ਮੈ ਗੁਰਪਰਸਾਦੀ ਜਾਨੀ
ਰਤਨ ਕਮਲ ਕੋਠਰੀ ਚਮਤਕਾਰ ਬੀਜੁਲ ਤਹੀ
ਨੇਰੈ ਨਾਹੀ ਦੂਰ ਨਿਜ ਆਤਮੈ ਰਹਿਆ ਭਰਪੂਰਿ
ਜਹ ਅਨਹਤ ਸੂਰ ਉਜਾਰਾ ਤਹ ਦੀਪਕ ਜਲੈ ਛੰਛਾਰਾ
ਗੁਰਪਰਸਾਦੀ ਜਾਨਿਆ ਜਨ ਨਾਮਾ ਸਹਜ ਸਮਾਨਿਆ 657

8. ਸੂਖ ਮਹਲ ਜਾ ਕੇ ਊਚ ਦੁਆਰੇ; ਤਾ ਮਹਿ ਵਾਸਹਿ ਭਗਤ ਪਿਆਰੇ
ਸਹਜ ਕਥਾ ਪ੍ਰਭਿ ਕੀ ਅਤਿ ਮੀਠੀ, ਵਿਰਲੈ ਕਾਹੂ ਨੇਤ੍ਰਹੁ ਡੀਠੀ
ਤਹ ਗੀਤ ਨਾਦ ਅਖਾਰੇ ਸੰਗਾ, ਊਹਾ ਸੰਤ ਕਰਹਿ ਹਰਿ ਰੰਗਾ
ਤਹ ਮਰਣ ਨ ਜੀਵਨ ਸੋਗ ਨਹਰਖਾ, ਸਾਚ ਨਾਮ ਕੀ ਅੰਮ੍ਰਿਤ ਵਰਖਾ
ਗੁਹਜ ਕਥਾ ਇਹ ਗੁਰ ਤੇ ਜਾਣੀ, ਨਾਨਕ ਬੋਲੈ ਹਰਿ ਹਰਿ ਬਾਣੀ
739

9. ਪੰਚ ਸ਼ਬਦ ਤਹ ਪੂਰਨ ਨਾਦ
ਅਨਹਦ ਬਾਜੇ ਅਚਰਜ ਬਿਸਮਾਦ
ਕੇਲ ਕਰਹਿ ਸੰਤ ਹਰਿ ਲੋਗ
ਪਾਰ ਬ੍ਰਹਮ ਪੂਰਨ ਨਿਰਜੋਗ
ਸੂਖ ਸਹਜ ਅਨੰਦ ਭਵਨ
ਸਾਧ ਸੰਗਿ ਬੈਸਿ ਗੁਣ ਗਾਵਹ ਤਹ ਰੋਗ ਸੋਗ ਨਹੀ ਜਨਮ ਮਰਨ
ਊਹਾ ਸਿਰ ਰਹਿ ਕੇਵਲੁ ਨਾਮੁ
ਬਿਰਲੇ ਪਾਵਹਿ ਓਹ ਬਿਸਰਾਮ
ਭੋਜਨ ਭਾਉ ਕੀਰਤਨ ਆਧਾਰ
ਨਿਹਚਲ ਆਸਨੁ ਬੇਸੁਮਾਰੁ
ਡਿਗਿ ਨ ਡੋਲੈ ਕਤਹੂ ਨ ਧਾਵੈ
ਗੁਰ ਪ੍ਰਸਾਦਿ ਕੋ ਇਹ ਮਹਲੁ ਪਾਵੈ
ਭ੍ਰਮ ਭੈ ਮੋਹ ਨ ਮਾਇਆ ਜਾਲ

ਸੁੰਨ ਸਮਾਧਿ ਪ੍ਰਭੁ ਕਿਰਪਾਲ
ਤਾਕਾ ਅੰਤ ਨ ਪਾਰਾਵਾਰ
ਆਪੇ ਗੁਪਤ ਆਪੇ ਪਾਸਾਰੁ
ਜਾਕੇ ਅੰਤਰਿ ਹਰਿ ਹਰਿ ਸੁਆਦੁ
ਕਹਨੁ ਨ ਜਾਈ ਨਾਨਕ ਬਿਸਮਾਦੁ

10. ਦੇਵ ਸਥਾਨੈ ਕਿਆ ਨੀਸਾਣੀ
ਤਹ ਬਾਜੈ ਸਬਦ ਅਨਾਹਦ ਬਾਣੀ
ਤਹ ਚੰਦ ਨ ਸੂਰਜ ਪਾਉਣ ਨ ਪਾਣੀ
ਸਾਖੀ ਜਾਗੀ ਗੁਰਮੁਖਿ ਜਾਣੀ
ਉਪਜੈ ਗਿਆਨੁ ਦੁਰਮਤਿ ਛੀਜੈ
ਅਮਿਰਤ ਰਸਿ ਗਗਨੰਤਰਿ ਭੀਜੈ
ਏਸ ਕਲਾ ਜੋ ਜਾਣੈ ਭੇਉ
ਭੇਟੈ ਤਾਸ ਪਰਮ ਗੁਰ ਦੇਉ । 974

11. ਦੇਹੀ ਨਗਰੀ ਉਤਮ ਥਾਨਾ
ਪੰਚ ਲੋਕ ਵਸਹਿ ਪਰਧਾਨਾ
ਊਪਰ ਏਕੰਕਾਰੁ ਨਿਰਾਲਮੁ ਸੁੰਨ ਸਮਾਧਿ ਲਗਾਇਆ
ਦੇਹੀ ਨਗਰੀ ਨਉ ਦਰਵਾਜੇ
ਸਿਰਿ ਸਿਰਿ ਕਰਣੈ ਹਾਰੈ ਸਾਜੇ
ਦਸਵੈ ਪੁਰਖ ਅਤੀਤ ਨਿਰਾਲਾ ਆਪੇ ਅਲਖੁ ਲਖਾਇਆ
ਪੁਰਖੁ ਅਲੇਖ ਸਚੇ ਦੀਵਾਨਾ
ਹੁਕਮ ਚਲਾਇ ਸਤੁ ਨੀਸਾਨਾ
ਨਾਨਕ ਖੋਜਿ ਲਹਹੁ ਘਰੁ ਅਪਨਾ ਹਰਿ ਆਤਮਰਾਮ ਨਾਮ ਪਾਇਆ
1039

12. ਨਉਨਿਧਿ ਅੰਮ੍ਰਿਤ ਪ੍ਰਭ ਕਾ ਨਾਮੁ
ਦੇਹੀ ਮਹਿ ਇਸ ਕਾ ਬਿਸਰਾਮੁ

ਸੁੰਨ ਸਮਾਧਿ ਅਨਹਤ ਤਹ ਨਾਦ
ਕਹਨੁ ਨ ਜਾਈ ਅਚਰਜ ਬਿਸਮਾਦ
ਤਿਨ ਦੇਖਿਆ ਜਿਸ ਆਪਿ ਦਿਖਾਏ
ਨਾਨਕ ਤਿਸ ਜਨ ਸੋਝੀ ਪਾਏ — ਸੁਖਮਨੀ ਪਾਉੜੀ 23

13. ਕਬਹੂ ਸਾਧ ਸੰਗਤਿ ਇਹੁ ਪਾਵੈ
ਉਸੁ ਅਸਥਾਨ ਤੇ ਬਹੁਰਿ ਨ ਆਵੈ
ਅੰਤਰਿ ਹੋਇ ਗਿਆਨ ਪਰਗਾਸੁ
ਉਸ ਅਸਥਾਨ ਦਾ ਨਹੀ ਬਿਨਾਸ
ਮਨ ਤਨ ਨਾਮਿ ਰਤੇ ਇਕ ਰੰਗਿ
ਸਦਾ ਬਸਹਿ ਪਾਰਬ੍ਰਹਮ ਕੈ ਸੰਗਿ — ਸੁਖਮਨੀ


14. ਰੂਪ ਨ ਰੇਖ ਨ ਰੰਗ ਕਿਛੁ, ਤ੍ਰਿਹ ਗੁਣ ਤੇ ਪ੍ਰਭ ਭਿੰਨ
ਤਿਸਹਿ ਬੁਝਾਏ ਨਾਨਕਾ ਜਿਸ ਹੋਵੇ ਸੁ ਪ੍ਰਸੰਨ

15. ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨ ਰਤਨਿ ਪ੍ਰਗਟੁ ਹੋਇ
ਮਨਮੁਖ ਮੂਲ ਤਾ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ — 1346

ਸੋ ਇਹ ਤਾਂ ਹੈ ਹਰਿ ਮੰਦਰੁ ਦਾ ਲਫਜ਼ੀ ਨਕਸ਼ਾ, ਜੋ ਭਿੰਨ ਭਿੰਨ ਗੁਰੂਆਂ ਸੰਤਾਂ ਭਗਤਾਂ ਨੇ ਖਿਚਿਆ, ਪਰੰਤੂ ਜੇ ਅੱਖੀਂ ਵੇਖਿਆ ਹਾਲ, ਆਮ ਬੋਲੀ ਵਿਚ ਸੁਣਨ ਦੀ ਚਾਹਨਾ ਹੋਵੇ ਤਾਂ ਕਿਸੇ ਸ਼ਾਮ 6-30 ਤੋਂ 8 ਵਜੇ ਤਕ 1256 15-B ਵਿਖੇ ਦਰਸ਼ਨ ਦਿਓ । ਡੰਭ ਤੱਥਾ ਪਾਖੰਡ ਨੂੰ ਪਰਖਣ ਤੇ ਉਸ ਵਿਚੋਂ ਨਿਕਲਣ ਦੇ ਤਰੀਕੇ ਵੀ ਸੁਝਾਏ ਜਾਂਦੇ ਹਨ ।

ਹੁਣ ਸਵਾਲ ਇਹ ਹੈ ਕਿ ਹਰਿ ਮੰਦਰੁ ਵਿਚ ਰਹਿਣ ਵਾਲੇ ਹਰੀ ਦੇ ਦਰਸ਼ਨ ਕਿਵੇਂ ਪ੍ਰਾਪਤ ਹੋਣ, ਇਸ ਮਹਲਿ ਤਕ ਪਹੁੰਚ ਕਿਵੇਂ ਹੋਵੇ, ਪ੍ਰਮਾਤਮਾ ਨਾਲ ਇਕ ਜੋਤਿ ਕਿਵੇਂ ਹੋਈਏ । ਇਸ ਧੁਨ ਦੇ ਬੇਅੰਤ ਖਿਡਾਰੀਆਂ ਨੇ ਬੇਅੰਤ ਤਰੀਕੇ ਲਭੇ ਹਨ, ਐਪਰ ਅਨੇਕਤਾ ਵਿਚੋਂ ਏਕਤਾ ਵਾਂਗ ਇਕ ਸ਼ਾਹ ਰਾਹ ਗੁਰੂ ਨੇ ਸਾਨੂੰ ਵੀ ਸੁਝਾਈ ਹੈ, ਭਾਵੇਂ ਕੁਛ ਹਦ ਤਕ ਇਸ ਦਾ ਵਰਣਨ ਅੱਖਰਾਂ ਰਾਹੀਂ ਹੋ ਸਕਦਾ ਹੈ, ਪਰੰਤੂ ਠੀਕ ਤਰ੍ਹਾਂ ਸਮਝਣ ਲਈ ਪਰੈਕਟੀਕਲ ਦੀ ਲੋੜ ਹੈ ।

ਇਹ ਹੈ ਨਾਮ ਆਰਾਧਣਾ ਤੇ ਆਤਮਾ ਨੂੰ ਸਚੀ ਸੁਚੀ ਰਖਣਾ, ਤਰੀਕਾ ਇਸ ਨਕਸ਼ੇ ਰਾਗੀਂ ਵਰਣਨ ਕਰਨ ਦੀ ਕੋਸ਼ਿਸ਼ ਕੀਤੀ ਹੈ ਜੇ ਕੁਝ ਲਾਹੇਵੰਦਾ ਸਿਧ ਹੋ ਸਕੇ ਤਾਂ ਲੱਖ ਸ਼ੁਕਰ ।




| | | | | |
|---|---|---|---|---|
| ਕੁਰਬਾਨੀ | ↑ | ਸੰਜੋਗ ਵਿਜੋਗੁ ਦੁਇ ਕਾਰ ਚਲਾਵਹਿ | ↓ | ਹਉਮੈ |
| ਸੇਵਾ | | ਲੇਖੇ ਆਵਹਿ ਭਾਗ, ਅਦੇਸ਼ ਤਿਸੈ | | ਦੁਬਿਧਾ |
| ਸੁਕ੍ਰਿਤ | ↑ | ਆਦੇਸੁ | ↓ | ਤ੍ਰਿਸ਼ਨਾ |
| ਨਿਮਰਤਾ | | ਆਦਿ ਅਨੀਲ ਅਨਾਦਿ ਅਨਾਹਪਿ | | ਕਾਮ |
| ਈਮਾਨਦਾਰੀ | | ਜੁਗੁ ਜੁਗੁ ਏਕੋ ਵੇਸ | | ਕਰੋਧ |
| ਸ਼ਾਫਗੋਈ | | | | ਲੋਭ |
| ਨੇਕੀ | | | | ਮੋਹ |
| ਧੀਰਜ | ↑ | | ↓ | ਹੰਕਾਰ |
| ਧਰਮ | | | | ਝੂਠ |
| ਦਯਾ | | | | ਨਿੰਦਾ |
| ਸੰਤੋਖ | | | ↓ | ਪਾਖੰਡ |
| ਸਤਿ | ↑ | | | ਵਿਸ਼ਵਾਸਘਾਤ |
| ਨਾਮ ਵਾਹਿਗੁਰੁ | | | | ਅਕ੍ਰਿਤਘਣਤਾ |
| | ↑ | ਚਲੰਤ | ↓ | ਆਦਿ |

# ਅਧਿ ਪੰਧੇ ਸੰਸਾਰੋਵਾ

ਲਖ ਚਉਰਾਸੀਹ ਜੋਨਿ ਸਬਾਈ, ਮਾਣਸ ਕਉ ਪ੍ਰਭਿ ਦੀਈ ਵਡਿਆਈ
ਇਸ ਪਉੜੀ ਤੇ ਜੋ ਨਰ ਚੂਕੇ ਸੋ ਆਇ ਜਾਇ ਦੁਖੁ ਪਾਇਦਾ

ਚਾਰ ਖਾਣੀਆਂ ਦੀ ਉਤਪਤੀ

| | | | | | | |
|---|---|---|---|---|---|---|
| ਭਗਤ | ↑ ਨਵੇਂ ਨਰੋਏ | ਅੰਨੇ | ਕਿਰਮ | ਦਰਖਤ | ਕਾਂ | ਕੁਤੇ |
| ਸੂਰੇ | ਸੁਨੱਖੇ | ਬੋਲੇ | ਖਟਮਲ | ਪੌਦੇ | ਕੁਕੜ | ਬਿੱਲੇ |
| ਲੀਡਰ | ਗਭਰੂ | ਲੰਗੜੇ | ਪਿਸੂ | ਕਮਾਂਦ | ਇਲਾਂ ↓ | ਸੂਰ |
| ਡਾਕਟਰ | ਰਿਸ਼ਟ ਪੁਸ਼ਟ | ਲੂੰਢੇ | ਜੂਆਂ | ਕਪਾਹ | ਸੱਪ | ਬਲਦ |
| ਟੀਚਰ | | ਕਰਮ ਰੋਗੀ | ਆਦਿ | ਕਣਕ | ਕੀੜੇ | ਖੋਤੇ |
| ਅਫਸਰ | | | | | | ਘੋੜੇ |
| ਕਾਰੋਬਾਰੀ | | | | | | |
| ਮੁਖੀਆ | ↑ | | | | | ↓ |

ਗੁਰਮੁਖਾਂ ਦਾ ਰਾਹ

←————————————————

ਮਨਮੁਖੀਆਂ ਦਾ ਰਾਹ

————————————————→

ਕੋਈ ਕੰਮ ਕਰਨ ਤੋਂ ਪਹਿਲਾਂ ਉਸ ਸਬੰਧੀ ਵੀਚਾਰ ਸਾਡੇ ਅੰਤਸ਼ਕਰਣ ਤੇ ਆਉਂਦੇ ਹਨ। ਇਸ ਕਸਵੱਟੀ ਨੂੰ ਉਦੋਂ ਹੀ ਲਾਗੂ ਕਰ ਦਿਓ, ਵਿਚਾਰ ਆਉਂਦਿਆਂ ਸਾਰ ਹੀ ਆਪਣੀ ਆਤਮਾ ਤੋਂ ਪੁਛੋ, ਕਿ ਵਿਚਾਰ ਕਿਸ ਖਾਤੇ ਚੋਂ ਆਇਆ ਹੈ, ਜੇ ਕਰ ਤਾਂ ਵਿਜੋਗ ਵਾਲੇ ਖਾਤੇ ਦੇ ਕਿਸੇ ਅੰਸ਼ ਵਿਚੋਂ ਹੋਵੇ ਤਾਂ ਫੌਰਨ ਕੰਡਮ ਕਰ ਕੇ ਤਰਕ ਕਰ ਦਿਓ, ਪਰੰਤੂ ਜੇ ਸੰਜੋਗ ਦੀ ਪੱਟੀ ਵਿਚੋਂ ਹੋਵੇ ਤਾਂ ਅਪਣਾਉ ਅਤੇ ਬੜੀ ਖੁਸ਼ੀ ਤਥਾ ਪੂਰਨ ਸਮਰੱਥਾ ਨਾਲ ਕਰੋ। ਜੇ ਪ੍ਰਭੂ ਹਾਲਾਤ ਐਸੇ ਬਣਾ ਦੇਵੇ ਤਾਂ ਉਸ ਸੱਚੇ ਕੰਮ ਦੇ ਕਰਨ ਲਈ ਕੁਰਬਾਨੀ ਵੀ ਕਰ ਜਾਓ।

ਵੀਰਨੋ, ਸਮੁੰਦਰ ਕੂਜੇ ਵਿਚ ਬੰਦ ਕਰਨ ਦੀ ਮੇਰੀ ਸਮਰੱਥਾ ਨਹੀਂ, "ਨਦੀਆ ਅਤੇ ਵਾਹ ਪਵਹਿ ਸਮੁੰਦਿ ਨ ਜਾਣਅਹਿ" ਵਾਲੀ ਗਲ ਹੈ। ਬਸ ਇਹੋ

ਹੀ ਪ੍ਰਾਰਥਨਾ ਹੈ ਕਿ ਮਨੁੱਖਾਂ ਨੂੰ ਮੱਥੇ ਟੇਕਣ ਤੇ ਖਵਾਰ ਹੋਣ ਦੀ ਬਜਾਏ, ਸੱਚੇ ਗੁਰੂ, ਨਰ ਹਰਿ, ਨਾਨਕ ਰੂਪ ਦੀ ਭਾਲ ਕਰੋ।

ਨਾਨਕ ਗੁਰੂ ਗੁਰੂ ਹੈ ਪੂਰਾ, ਮਿਲਿ ਸ਼ਤਿਗੁਰੂ ਨਾਮ ਧਿਆਇਆ। 882
ਨਾਨਕ ਕਚੜਿਆਂ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ
ਉਇ ਜੀਵੰਦੇ ਵਿਛੁੜਹਿ ਉਇ ਮੁਇਆ ਨ ਜਾਹੀ ਛੋੜਿ। 1102
ਪਰੰਤੂ ਯਾਦ ਰਖਣਾ

ਜਬ ਲਗੁ ਘਟ ਮਹਿ ਦੂਜੀ ਆਨ
ਤਉ ਲਉ ਮਹਲਿ ਨ ਲਾਭੈ ਜਾਣ 345

ਮਿਤਰੋ ਗੁਰੂ ਮਿਲਦਾ ਜੇ, ਦਰਸ਼ਨ ਦੇਂਦਾ ਜੇ. ਗੁਰਬਾਣੀ ਵਿਚ ਲਿਖੀਆਂ ਸਭ ਸ਼ਰਤਾਂ ਜੀਉਂਦੇ ਜੀ ਹੀ ਪੂਰੀਆ ਕਰਦਾ ਜੇ, ਇਹ ਵੀ ਸਿਧ ਕਰਦਾ ਜੇ ਕਿ ਉਸ ਨੂਰ ਦਾ ਨਾਮ ਵਾਹਿਗੁਰੂ ਹੀ ਕਿਉਂ ਰਖਿਆ ਗਿਆ ਹੈ, ਭਾਵ ਸੱਚਾ ਨਾਮ ਕੀ ਹੈ, ਹਰਿ ਪਰਕਾਰ ਦੀ ਚਿੰਤਾ, ਕਲੇਸ਼, ਦੁਖ, ਰੋਗ ਅਤੇ ਬੁਝ ਤੋਂ ਛੁਟਕਾਰਾ ਕਰਾਉਂਦਾ ਹੈ, ਬਸ 'ਸੋਇ ਅਚਿੰਤਾ ਜਾਗ ਅਚਿੰਤਾ' ਵਾਲੀ ਹੀ ਗੱਲ ਹੁੰਦੀ ਹੈ। ਖੁੱਦ ਅਜ਼ਮਾਓ ਅਤੇ ਵੇਖ, ਅਜ਼ਮਾ ਕੇ ਸਚਾਈ ਤੇ ਪਰਪੱਕ ਹੋਵੇ, ਗੁਰਬਾਨੀ ਦੀ ਗਵਾਹੀ ਹੈ :

ਤਹ ਭਇਆ ਪ੍ਰਗਾਸ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ,
ਅਦਿਸਟੁ ਅਗੋਚਰ ਅਲਖ ਨਿਰੰਜਨ ਸੋ ਦੇਖਿਆ ਗੁਰਮੁਖਿ ਆਖੀ।
87

ਬੇਦ ਕਤੇਬ ਸੰਸਾਰ ਹਭਾ ਹੂ ਬਾਹਰਾ
ਨਾਨਕ ਕਾ ਪਾਤਿਸ਼ਾਹੁ ਦਿਸੈ ਜ਼ਾਹਰਾ 13
ਵਡਭਾਗੀ ਘਰੁ ਖੋਜਿਆ ਪਾਇਆ ਨਾਮੁ ਨਿਧਾਨੁ
ਗੁਰਿ ਪੂਰੇ ਵੇਖਾਲਿਆ ਪ੍ਰਭੂ ਆਤਮ ਰਾਮੁ ਪਛਾਨ 257
ਖੋਲਿ ਕਿਵਾਰਾ ਮਹਲਿ ਬੁਲਾਇਆ
ਜੈਸਾ ਸਾ ਤੈਸਾ ਦਿਖਲਾਇਆ
ਕਹੁ ਨਾਨਕ ਸਭੁ ਪੜਦਾ ਤੂਟਾ
ਹਉ ਤੇਰਾ ਤੂੰ ਮੈਂ ਮਨਿ ਵੂਠਾ 887

# ਖਾਲਸਾ

ਸਤਿਗੁਰ ਜਿਨੀ ਨ ਸੇਵਿਓ ਸ਼ਬਦਿ ਨ ਕੀਤੋ ਵੀਚਾਰ

ਅੰਤਿਰ ਗਿਆਨ ਨ ਆਇਓ ਮਿਰਤਕ ਹੈ ਸੰਸਾਰ

ਇਸ ਕਥਨ ਅਨੁਸਾਰ ਆਉ ਰਲ ਮਿਲ ਸ਼ਬਦਿ ਦੀ ਵੀਚਾਰ ਕਰ ਲਈਏ, ਤਾ ਜੋ ਅਕਾਲ ਪੁਰਖ ਵਾਹਿਗੁਰੂ ਦੇ ਗਿਆਨ ਭੰਡਾਰੇ ਵਿਚੋਂ ਕੋਈ ਕਿਣਕਾ ਸਾਡੇ ਹੱਥ ਵੀ ਲਗ ਜਾਏ ।

ਏਕੋ ਨਾਮ ਹੁਕਮ ਹੈ ਨਾਨਕ ਸਤਿਗੁਰ ਦੀਆ ਬੁਝਾਇ ਜੀਉ ॥

ਇਕ ਅਕਾਲ ਪੁਰਖ ਵਾਹਿਗਰੂ ਦੇ ਨਾਮ ਨੂੰ ਹੁਕਮ ਦੱਸਕੇ ਬੁਝਾਉਣ ਵਾਲੇ ਸਤਿਗੁਰੂ ਹਨ ।

ਆਦਿ ਅੰਤ ਏਕੈ ਅਵਤਾਰਾ

ਸੋਈ ਗੁਰੂ ਸਮਝਿਯਹੁ ਹਮਾਰਾ

ਗੁਰੂ ਆਦਿ ਅੰਤ ਏਕੈ ਅਵਤਾਰਾ, ਭਾਵ ਆਪ ਅਕਾਲ ਪੁਰਖ ਵਾਹਿਗੁਰੂ ਹੀ ਹੈ ਤਾਂ ਜੋ ਆਪਣੇ ਨਾਮ ਦਾ ਸਰੂਪ ਉਹਨਾਂ ਦਸਿਆ ਹੈ, ਕੇਵਲ ਤੇ ਕੇਵਲ ਉਹੋ ਹੀ ਠੀਕ ਹੈ, ਕਿਉਂਕਿ ਆਪਣਾ ਪ੍ਰਗਟ ਕਰਾਏ ਤੋਂ ਬਿਨਾਂ, ਕੋਈ ਕਿਸੇ ਉਪਰੇ ਦਾ ਨਾਮ ਨਹੀਂ ਜਾਣ ਸਕਦਾ, ਉਂਜ ਭਾਵੇਂ ਅਸੀਂ ਮਨੁੱਖ ਲੋਕ ਆਪਣੀ ਆਪਣੀ ਭਾਸ਼ਾ ਵਿਚ, ਉਸ ਅਕਾਲ ਪੁਰਖ ਦੇ ਨਾਮ ਨੂੰ ਪ੍ਰਗਟ ਕਰਨ ਵਾਲੇ ਕੁਝ ਵੀ ਅੱਖਰ ਮੰਨ ਲਈਏ ਤੇ ਪਏ ਉਹਨਾਂ ਦੀਆਂ ਭਿੰਨ-ਭਿੰਨ ਸ਼ਕਤੀਆਂ ਨੂੰ ਮੁੱਖ ਰਖਕੇ ਕੁਝ ਵੀ ਉਚਾਰੀਏ, ਪਰੰਤੂ

ਸਤਿਨਾਮ ਤੇਰਾ ਪਰਾ ਪੂਰਬਲਾ

ਅਨੁਸਾਰ, ਅਸਲੀ ਤੇ ਅਬਦੀ ਨਾਮ ਉਹੋ ਹੀ ਹੈ ਜਿਹੜਾ ਹਜੂਰ ਨੇ ਆਪ ਸਿਮਰਿਆ ਤੇ ਸਾਨੂੰ ਦ੍ਰਿੜਾਇਆ, ਅਤੇ ਜਿਹੜਾ ਅੱਜ ਕਲ ਖੰਡੇ ਦਾ ਅੰਮ੍ਰਿਤ

ਛਕਾਣ ਵੇਲੇ ਪੰਜ ਪਿਆਰ ਹਜ਼ੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਤਾਬਿਆ ਜਗਿਆਸੂ ਨੂੰ ਦਸਦੇ ਹਨ ।

ਬਾਣੀ ਗੁਰੂ ਗੁਰੂ ਹੈ ਬਾਣੀ
ਅਤੇ
ਪੋਥੀ ਪਰਮੇਸਰ ਕਾ ਥਾਨ

ਅਨੁਸਾਰ, ਗੁਰਬਾਣੀ ਨਾਮ ਦਾ ਵਿਸਤ੍ਰਿਤ ਰੂਪ ਹੈ ਹਰ ਜੀਉਂਦਾ ਮਨੁੱਖ ਕੋਈ ਸਿਖਿਆ ਯਾ ਨਸੀਹਤ, ਬੋਲ ਕੇ ਹੀ ਕਰਦਾ ਹੈ। ਜੇ ਉਸ ਦੇ ਬੋਲ ਬਾਣੀ ਨੂੰ ਲਿਪੀ ਦਵਾਰਾ ਲਿਖ ਲਿਆ ਜਾਵੇ ਜਾਂ ਉਹ ਆਪ ਲਿਖ ਦੇਵੇ ਤਾਂ ਉਸਦਾ ਗਿਆਨ ਤੇ ਸ਼ਿਕਸ਼ਾ ਸਾਡੇ ਪਾਸ ਆ ਜਾਂਦੀਆਂ ਹਨ, ਇਹੋ ਹੀ ਉਸਦੇ ਹਿਰਦੇ ਦਾ ਪ੍ਰਤੀ ਬਿੰਬ ਹੰਦਾ ਹੈ, ਸਰੀਰ ਤਾਂ ਹਰ ਕਿਸੇ ਦੇ ਨੇ ਬਿਨਸਣਾ ਹੈ ਕਿਉਂਕਿ

ਜਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ

ਦੇਹ ਗੁਰੂ ਨਹੀਂ ਸ਼ਬਦਿ ਗੁਰੂ ਹੈ ਇਸ ਲਈ ਗੁਰੂ ਗਰੰਥ ਸਾਹਿਬ ਪੂਰਨ ਗੁਰੂ ਹਨ ਸਗੋਂ ਐਡੇ ਨਿਰੋਲ ਗੁਰੂ, ਕਿ ਦਾਤਾਰ ਪਿਤਾ ਨੇ ਹੱਥੀ ਲਿਖ ਕੇ, ਸਮਝਾ ਕੇ, ਹੱਡੀ ਵਰਤ, ਵਖਾ ਕੇ, ਅਤੇ ਚੰਗੀ ਤਸੱਲੀ ਕਰਾ ਕੇ ਨਿਰੋਲਤਾ ਦੀ ਗਰੰਟੀ ਵਜੋਂ, ਆਪਣੇ ਕਰ ਕਮਲਾਂ ਨਾਲ ਹਸਤਾਕਸ਼ਰ ਕਰਕੇ, ਸਾਨੂੰ ਕਲਜੁਗੀ ਜੀਵਾਂ ਨੂੰ ਬਖਸ਼ਿਆ ਤੇ ਅਤਿਅੰਤ ਕਿਰਪਾਲਤਾ ਕੀਤੀ, ਇਸ ਲਈ ਬਹਿ ਜਾਉ ਇਸ ਬੋਹਿਥ ਵਿਚ ਕੀ ਪਤਾ ਕਿਹੜੇ ਵੇਲੇ ਚਾਲਿਆਂ ਦੀ ਸੀਟੀ ਵਜ ਜਾਵੇ, ਤੇ

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ

ਦਾ ਸੁਨਹਿਰੀ ਮੌਕਿਆ ਹਥੋਂ ਗਵਾ ਲਈਏ ।

ਕਈ ਵਿਅਕਤੀ ਗੁਰਬਾਣੀ ਨੂੰ ਮਨ ਮਰਜ਼ੀ ਦੇ ਤੌਰ ਤਰੀਕਿਆਂ ਨਾਲ ਅਰਥਾਂ, ਅਲ੍ਹੜ ਗੁਰੂ ਪ੍ਰੇਮੀਆਂ ਤੇ ਭੋਲੇ ਪ੍ਰਾਣੀਆਂ ਨੂੰ ਕੁਰਾਹੇ ਪਾ, ਆਪਣੇ ਭੰਡ ਕੋਹਲੂ ਦੇ ਖੋਪਲ ਬੌਲਦ ਬਨਾਣ ਵਿਚ ਸਫਲ ਹੋਈ ਜਾ ਰਹੇ ਹਨ। ਚੰਡੀਗੜ੍ਹ ਤੇ ਅਜਿਹੇ ਲੋਕਾਂ ਦਾ ਵਿਸ਼ੇਸ਼ ਹਮਲਾ ਹੈ, ਕਿਉਂਕਿ ਏਥੇ ਦੀਆਂ ਮੱਖੀਆਂ ਦੇ ਛਤੇ ਵਿਚ ਸ਼ਹਿਦ, ਮਾਖਿਉ, ਮਾਇਆ ਅਥਵਾ ਧਨ ਬਹੁਤ ਹੈ; ਇਸ ਲਈ ਖਾਲਸੇ ਨੂੰ ਇਹਨਾਂ ਤੋਂ ਬਚਣਾ ਚਾਹੀਦਾ ਹੈ। ਸ਼ਕਲ ਮੋਮਨਾ ਦੀ ਵਿਚ, ਕੰਮ ਕਾਫਰਾਂ ਦੇ ਪਛਾਨਣਾ

ਹੈ ਤਾਂ ਬਹੁਤ ਮੁਸ਼ਕਿਲ, ਪਰੰਤੂ ਅਸੰਭਵ ਨਹੀਂ ਮਜ਼ਮੂਨ ਲਮੇਰਾ ਹੋਣ ਤੋਂ ਡਰਕੇ ਮੈਂ ਸਿਰਫ ਕੁਝਕੁ ਮੋਟੀਆਂ ਨਿਸ਼ਾਨੀਆਂ ਵਰਣਨ ਕਰਦਾ ਹਾਂ, ਜਿਨ੍ਹਾਂ ਨੂੰ ਸਮਝਣ ਨਾਲ ਪ੍ਰਾਣੀ ਦਾ ਕਲਿਆਣ ਤੇ ਸਿਖੀ ਦੀ ਸੇਵਾ ਹੋਵੇਗੀ। ਕਰਮ ਰੂਪ ਵਿਚ ਨਾਮ ਅਰਾਧਣਾ ਜਿਸਦੀ ਜਾਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਖਾਈ ਹੈ, ਆਵੇਗੀ, ਕਰਮ ਯੋਗੀ ਦੇ ਲਾਗੇ ਪਾਖੰਡ ਫਟਕ ਤਕ ਨਹੀਂ ਸਕਦਾ, ਲਉ ਸੁਣੋਂ ਮੋਟੀਆਂ ਨਿਸ਼ਾਨੀਆਂ—

੧. ਗੁਰਮੁਖ ਕੋਲ ਜਾਣ ਦੇ ਖਿਆਲ ਮਾਤਰ ਨਾਲ ਹੀ ਅਤੇ ਰਾਹ ਰਸਤੇ ਜਾਂਦਿਆਂ ਆਤਮਾ ਬਲਵਾਨ ਹੁੰਦੀ ਜਾਪਦੀ ਹੈ ਭਾਵ ਉਤਸ਼ਾਹ ਵਿਚ ਆਉਂਦੀ ਹੈ, ਜਿਵੇਂ ਗੁਰਦਵਾਰੇ ਨੂੰ ਜਾਣ ਦਾ ਚਾ ਜਿਹਾ ਚੜ੍ਹਦਾ ਹੈ ਪਰੰਤੂ ਪਾਖੰਡੀ ਵਲੋ ਜਾਣ ਵਿਚ ਝਿਜਕਾਂ, ਖਿਝਾਂ, ਮਾੜੇ ਮੋਟੇ ਵਿਗਾੜ ਯਾ ਜੇ ਕਿਸੇ ਨਾਲ ਜਾਣਾ ਹੁੰਦਾ ਹੈ ਤਾਂ ਉਹਦੀ ਵਲੋਂ ਟਾਲ ਮਟੋਲ ਅਥਵਾ ਆਨਾ ਕਾਨੀ ਹੁੰਦੀ ਹੈ। ਇਹ ਅਸਲ ਵਿਚ ਪ੍ਰਮਾਤਮਾ ਵਲੋਂ, ਪਰਾਣੀ ਨੂੰ ਮਾੜੇ ਪਾਸਿਉਂ ਰੋਕਣ ਲਈ ਖਿਆਲ ਤਰੰਗਾਂ ਯਾ (Intutions) ਹੁੰਦੀਆਂ ਹਨ, ਜਿਨ੍ਹਾਂ ਦਾ ਸਤਿਕਾਰ ਕਰਨਾ ਜ਼ਰੂਰੀ ਤੌਰ ਤੇ ਚੰਗੇ ਨਤੀਜੇ ਕਢਦਾ ਹੈ।

੨. ਪਾਖੰਡੀ ਦੀ ਰੁਚੀ, ਜਗਿਆਸੂ ਦੇ ਧਨ, ਜੋਬਨ, ਪੋਲੀਟੀਕਲ ਅਥਵਾ ਸਰਕਾਰੀ ਵਕਾਰ, ਭਾਵ ਮਾਇਕ ਪਹਿਲੂਆਂ ਵਲੇ ਵਧੇਰੇ ਹੁੰਦੀ ਹੈ, ਕੀ ਕਾਰੋਬਾਰ ਹੈ, ਨਿਆਣੇ ਕਿਨੇ ਨੇ, ਕਿਥੇ ਵਿਆਹੇ ਹਨ, ਉਹ ਕੀ ਕਰਦੇ ਹਨ, ਦੁਨਿਆਵੀ ਕੰਮ ਕਿਹੜਾ ਅੜਿਆ ਥੁੜਿਆ ਹੈ, ਮੈਂ ਉਸ ਨੂੰ ਕਰਵਾ ਸਕਦਾ ਹਾਂ, ਮੇਰਾ ਉਥੇ ਫਲਾਣਾ ਪਰੇਮੀ ਹੈ ਆਦਿ ਜਦ ਕਿ ਗੁਰਮੁਖ ਦੀ ਰੁਚੀ ਦਾ ਪੌਆਇੰਟਰ ਸਦੀਵ ਸਤਿਗੁਰੂ ਵਲੇ ਹੀ ਰਹਿੰਦਾ ਹੈ, ਕਿਤੇ ਸਹਿਵਨ ਕੋਈ ਗੱਲ ਹੋਵੇ ਤੇ ਹੋਵੇ ਉਹ ਵੀ ਮੁਖਤਸਰ ਜਿਹੀ ਵਰਨਾ ਕਸਾਈ ਜਿਵੇ ਬਕਰੇ ਨੂੰ ਜਾਂਚਦਾ, ਵਾਲੀਆਂ ਗਲਾਂ ਨਹੀਂ।

੩. ਗੁਰਮੁਖ, ਜੇ ਜਗਿਆਸੂ ਦੀ ਕਿਸੇ ਤਰੁਟੀ ਕਾਰਨ ਕੁਝ ਘੂਰਗਾ ਵੀ ਤਾਂ ਏਵੇਂ ਸਾਧਾਰਨ ਜਿਹਾ, ਉਸ ਘੂਰ ਵਿਚ ਵੀ ਮਿਠਾਸ ਹੋਵੇਗੀ, ਭੈ ਪ੍ਰਤੀਤ ਨਹੀਂ ਹੁੰਦਾ, ਕਿਸੇ ਸਰਾਪ ਆਦਿ ਦਾ ਤੌਖਲਾ ਨਹੀਂ ਹੁੰਦਾ, ਐਉਂ ਲਗਦਾ ਹੈ ਜਿਵੇਂ

ਪਿਉ ਪੁਤਰ ਦਾ ਕਿਸੇ ਸਾਂਝੇ ਕੰਮ ਨੂੰ ਕਰਨ ਦੇ ਤਰੀਕੇ ਵਿਚ ਮਤ ਭੇਦ ਹੋਵੇ, ਪਰੰਤੂ ਪਾਖੰਡੀ ਦੀ ਮਾਮੂਲੀ ਨਾਰਾਜ਼ਗੀ ਤੋਂ ਉਹਦੇ ਪ੍ਰੇਮੀ ਦੀ ਆਤਮਾ ਭੈ ਪਰਤੀਤ ਕਰਦੀ ਹੈ, ਸਰਾਫਾਂ ਦੇ ਝੈਲੇ ਪੈਂਦੇ ਹਨ ਕਿਉਂਕਿ ਜਗਿਆਸੂ ਦੀ ਆਤਮਾ ਪਾਖੰਡੀ ਦੇ ਅਧੀਨ ਹੋਈ ਹੁੰਦੀ ਹੈ ਅਤੇ ਅਤਿ ਨਿਰਬਲ, ਤਾਹੀਉਂ ਤੇ ਪਾਖੰਡ ਜਾਲ ਚੋਂ ਪਰਾਣੀ ਲਈ ਨਿਕਲਨਾ ਮੁਸ਼ਕਲ ਹੁੰਦਾ ਹੈ, ਪਾਖੰਡੀ, ਬੁਲਾਰੇ ਬਟੇਰਿਆਂ (ਏਜੰਟਾਂ) ਰਾਹੀਂ ਪਰਾਣੀ ਤੇ ਸਮਾਜਕ ਪਰੈਸ਼ਰ ਵੀ ਪਾਉਂਦੇ ਰਹਿੰਦੇ ਹਨ ।

੪. ਗੁਰਮੁਖ ਦੇ ਮੇਲ ਮਿਲਾਪ ਨਾਲ ਸ਼ਾਂਤੀ ਹੁੰਦੀ ਹੈ । (ਕਰੌਨਿਕ Cronic) ਤੌਰ ਤੇ ਵਿਗੜੇ ਕੰਮ ਵੀ ਸੁਤੇ ਸਿਧ ਹੀ ਠੀਕ ਹੋ ਜਾਂਦੇ ਹਨ ਹਰ ਗਲ ਤੇ ਕੰਮ ਵਿਚ ਅਗੰਮੀ ਸਹਾਇਤਾ ਹੁੰਦੀ ਹੈ, ਪਰੰਤੂ ਪਾਖੰਡੀ ਦੇ ਮੇਲ ਮਿਲਾਪ ਨਾਲ ਤੰਦ ਕੀ ਤਾਣੀ ਹੀ ਵਿਗੜ ਜਾਂਦੀ ਹੈ । ਔਲਾਦ ਅਮੋੜ ਤੇ ਬਾਗੀ ਪਤੀ ਯਾ ਪਤਨੀ ਮੂੰਹ ਫੱਟ, ਮੇਹਣੇ ਤਾਹਨਿਆਂ ਦਾ ਖੁਲ੍ਹਾ ਦੌਰ, ਪੈਸੇ ਵਲੋਂ ਹਥ ਤੰਗ ਕਾਰੋਬਾਰ ਵਿਚ ਅਟਕਾ ਤੇ ਵਿਘਨ, ਕਿਉਂਕਿ ਪੈਸਾ ਕਾਮ ਕਰੋਧ ਆਦਿ, ਮਾਇਆ ਦੇ ਹਥ ਕੰਡਿਆਂ ਦੀ ਪਾਲਣਾ ਕਰਦਾ ਹੈ ।

ਇਸ ਲਈ ਅਕਾਲ ਪੁਰਖ ਦੇ ਪ੍ਰੇਮੀ ਨੂੰ ਜਦ ਕਦੀ ਵੀ ਪਾਖੰਡ ਦਾ ਦ੍ਰਿੜਤਾ ਨਾਲ ਪਤਾ ਲੱਗ ਜਾਵੇ ਤਾਂ ਝਟ ਪਟ ਮਨ ਹੀ ਮਨ, ਤੀਲੇ ਤੋੜ ਆੜੀ ਟੁਕ ਕਰਕੇ ਵਾਹੋਦਾਹੀ ਗੁਰਦਵਾਰੇ ਆਉਣਾ ਚਾਹੀਦਾ ਹੈ, ਤੇ ਰਜਵੀਂ ਬਾਣੀ ਪੜਨੀ ਚਾਹੀਦੀ ਹੈ । ਅਕਾਲ ਪੁਰਖ ਸੁਤੇ ਸਿਧ ਹੀ ਸ਼ਾਂਤੀ ਬਖਸ਼ਣਗੇ ਤੇ ਕਿਸੇ ਗੁਰਮੁਖ ਸਿੰਘ ਦਾ ਮੇਲ ਕਰਾਉਣਗੇ, ਜਿਹੜਾ ਬਾਈ ਨੰਬਰ ਪਾਖੰਡ ਨੂੰ ਖੰਡਨ ਕਰੇਗਾ ਤੇ ਸਤਿਗੁਰ ਦੀ ਪਛਾਣ ਕਰਾਏਗਾ ।

ਸੋ ਖਾਲਸਾ ਜੀ ਤੁਸੀਂ ਉਸ ਸਤਿਗੁਰ ਦੇ ਪੁਤਰ ਹੋ, ਜਿਹੜਾ —

ਆਦਿ ਅੰਤਿ ਏਕੈ ਅਵਤਾਰਾ

ਹੈ ਤੇ ਜਿਸ ਦਾ ਨਾਹਰਾ ਹੈ—

ਨ ਕਾਨ ਕਾਹੂ ਕੀ ਧਰੋਂ, ਕਹਿਉ ਪ੍ਰਭੂ ਸੋ ਮੈਂ ਕਰੋਂ ।
ਨਾ ਜਾਪ ਆਨ ਕੋ ਜਪੋਂ, ਨ ਆਉਰ ਥਾਪਨਾ ਥਪੋਂ ।
ਨਾ ਧਿਆਨ ਆਨ ਕੋ ਧਰੋਂ, ਨ ਨਾਮ ਆਨ ਉਚਰੋਂ ।

ਤੁਮੇਵ ਰੂਪ ਰਚਿਯੰ, ਨ ਆਨ ਦਾਨ ਮਚਿਯੰ ।
ਤਵੱਕ ਨਾਮ ਉਚਾਰੀਅੰ ਅਨੰਤ ਦੂਖ ਟਾਰੀਯੰ ।

ਜਿਸ ਦੀ ਆਮਦ ਦਾ ਮਨੋਰਥ ਇਹ ਹੈ ਅਤੇ ਜੋ ਮਨੋਰਥ ਤੁਹਾਡਾ, ਉਸ ਦੇ ਸਿੰਘਾਂ ਦਾ ਹੈ —

ਹਮ ਇਹ ਕਾਜ ਜਗਤ ਮੋ ਆਏ, ਧਰਮ ਹੇਤ ਗੁਰਦੇਵ ਪਠਾਏ ।
ਜਹਾਂ ਤਹਾਂ ਤੁਮ ਧਰਮ ਬਿਥਾਰੋ, ਦੁਸ਼ਟ ਦੋਖੀਅੱਨ ਪਕਰਿ ਪਛਾਰੋ ।
ਯਹੀ ਕਾਜ ਧਰਾ ਹਮ ਜਨਮੰ, ਸਮਝ ਲੇਹੁ ਸਾਧੂ ਸਭ ਮਨਮੰਗ ।
ਧਰਮ ਚਲਾਵਣ ਸੰਤ ਉਬਾਰਨ, ਦੁਸ਼ਟ ਸਭਨ ਕੋ ਮੂਲ ਉਪਾਰਨ ।

ਖਾਲਸਾ ਜੀ ਆਪਣੇ ਆਪ ਨੂੰ ਪਛਾਣੋ, ਵੇਖੋ ਸਤਿਗੁਰ ਦੀਆਂ ਅਸੀਸਾਂ ਤੇ ਬਖਸ਼ਸ਼ਾਂ, ਕਿਵੇਂ ਧੂਹ ੨ ਕੇ ਛਾਤੀ ਨਾਲ ਲਾ ਰਹੇ ਹਨ ।

ਖਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮਹਿ ਹੌਂ ਕਰੌ ਨਿਵਾਸ ।
ਖਾਲਸਾ ਮੇਰੋ ਮੁਖ ਹੈ ਅੰਗਾ, ਖਾਲਸੇ ਕੇ ਹੌ ਸਦ ਸਦ ਸੰਗਾ ।
ਖਾਲਸਾ ਮੇਰੋ ਇਸ਼ਟ ਸੁਹਿਰਦ, ਖਾਲਸਾ ਮੇਰੋ ਕਹੀਅਤ ਬਿਰਦ ।
ਖਾਲਸਾ ਮੇਰੋ ਪਛਅਰ ਪਾਤਾ, ਖਾਲਸਾ ਮੇਰੋ ਮੁਖ ਅਹਿਲਾਦਾ ।
ਖਾਲਸਾ ਮੇਰੋ ਮਿਤਰ ਸਖਾਈ. ਖਾਲਸਾ ਮਾਤ ਪਿਤਾ ਸੁਖਦਾਈ ।
ਖਾਲਸਾ ਮੇਰੀ ਸੋਭਾ ਸੀਲਾ, ਖਾਲਸ਼ਾ ਬੰਧ ਸਖਾ ਸਦ ਡੀਲਾ ।
ਖਾਲਸਾ ਮੇਰੀ ਜਾਤ ਅਰ ਪਤ, ਖਾਲਸਾ ਸੋ ਮਾਕੋ ਉਤਪਤ ।
ਖਾਲਸਾ ਮੇਰੋ ਭਵਨ ਭੰਡਾਰਾ, ਖਾਲਸਾ ਕਰ ਮੇਰੋ ਸਤਿਕਾਰਾ ।
ਖਾਲਸਾ ਮੇਰੋ ਸ੍ਵਜਨ ਪ੍ਰਵਾਰਾ, ਖਾਲਸਾ ਮੇਰੋ ਕਰਤ ਉਧਾਰਾ ।
ਖਾਲਸਾ ਮੇਰੋ ਪਿੰਡ ਪਰਾਨ, ਖਾਲਸਾ ਮੇਰੀ ਜਾਨ ਕੀ ਜਾਨ ।
ਮਾਨ ਮਹਤ ਮੇਰੀ ਖਾਲਸਾ ਸਹੀ, ਖਾਲਸਾ ਮੇਰੋ ਸਵਾਰਥ ਸਹੀ ।
ਖਾਲਸਾ ਮੇਰੋ ਕਰੇ ਨਿਰਬਾਹ, ਖਾਲਸਾ ਮੇਰੋ ਦੇਹ ਅਰ ਸਾਹ ।
ਖਾਲਸਾ ਮੇਰੋ ਧਰਮ ਅਰ ਕਰਮ, ਖਾਲਸਾ ਮੇਰੋ ਭੇਦ ਨਿਜ ਮਰਮ ।
ਖਾਲਸਾ ਮੇਰੋ ਸਤਿਗੁਰ ਪੂਰਾ, ਖਾਲਸਾ ਮੇਰੋ ਸਜਨ ਸੂਰਾ ।

ਵਾਹ ਵਾਹ ! ਖਾਲਸੇ ਨੂੰ ਸਤਿਗੁਰ ਦਾ ਖਿਤਾਬ ਦਿਤਾ ਨੇ :

ਖਾਲਸਾ ਮੇਰੋ ਬੁਧ ਅਰ ਗਿਆਨ, ਖਾਲਸੇ ਕਾ ਹੌਂ ਧਰੋ ਧਿਆਨ ।
ਉਪਮਾ ਖਾਲਸੇ ਜਾਤ ਨ ਕਹੀ, ਜਿਵਾ ਏਕ ਪਾਰ ਨ ਲਹੀ ।
ਸ਼ੇਸ਼ ਰਸਨ ਸਾਰਦ ਸੀ ਬੁਧ, ਤਦਪ ਉਪਮਾ ਬਰਨਤ ਸੁਧ
ਯਾ ਮੈਂ ਰੰਚ ਨ ਮਿਥਿਆ ਭਾਖੀ ਪਾਰਬਰ੍ਹੰਮ ਗੁਰ ਨਾਨਕ ਸਾਖੀ ।

ਵਾਹਿਗੁਰੂ, ਸਾਨੂੰ ਪਰਪਕ ਕਰਨ ਲਈ ਗੁਰ ਨਾਨਕ ਜੀ ਦੀ ਕਸਮ ਖਾ ਗਏ ਹਨ :

ਰੋਮ ਰੋਮ ਜ ਰਸਨਾ ਪਾਉ, ਤਦਪ ਖਾਲਸਾ ਜਸ ਤਹਿ ਗਾਉ ।
ਹੌਂ ਖਾਲਸੇ ਕੋ ਖਾਲਸਾ ਮੇਰੋ ਉਤਪੱਤਿ ਸਾਗਰ ਬੂੰਦੇਰੋ ।
ਜਜਨ ਭਜਨ ਮਮ ਖਾਲਸਾ. ਖਾਲਸਾ ਪੂਜਬੇ ਜੋਗ ।
ਦਾਸ ਗੋਬਿੰਦ ਫਤਹਿ ਖਾਲਸਾ, ਦਰਸ ਪਰਸ ਮਿਟੇ ਸੋਗ ।
ਮੇਰੋ ਇਸ਼ਟ ਅਰ ਨੇਸਟਾ. ਖਾਲਸਾ ਪੂਜਨ ਧਿਆਨ ।
ਦਰਸਨ ਪਰਸਨ ਖਾਲਸਾ, ਮੁਕਤ ਰੂਪ ਸਤ ਜਾਨ ।
ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸਾ ਦੇਵ ।
ਪ੍ਰਭਿ ਮਹਿ ਮੋ ਮਹਿ ਤਾਸ ਮਹਿ, ਰੰਚਕ ਨਾਹਨ ਭੇਵ ।

ਵੀਰਨੋ, ਨਾ ਨਿਕਲੋ ਐਸੋ ਗੋਬਿੰਦ ਦੀ ਜੋਲੀ ਚੋਂ, ਨਾ ਕੋਠੀਆਂ ਤੇ ਕੋਠੜੀਆ 'ਚ ਵੜ ਵੜ ਪੱਤਤ ਹੁੰਦੇ ਜਾਓ, ਆਪ ਤੇ ਆਪਣੇ ਬਾਲ ਬਚੇ ਨੂੰ ਉਮਰ ਭਰ ਲਈ ਬਲੈਕ ਮੇਲ ਹੋਣ ਤੋਂ ਬਚਾਓ, ਬਮੁਸ਼ਕਿਲ ਆਜ਼ਾਦ ਹੋਏ ਭਾਰਤ ਪਰਾਣੀ ਕੋਲੋਂ ਮੱਥੇ ਟਿਕਵਾ ਤੇ ਨਕ ਰਗੜਵਾ ਇਹ ਪਾਖੰਡੀ ਲੋਕ ਫਿਰ ਗੁਲਾਮਾਨਾ ਰੰਗ ਦੇ ਰਹੇ ਹਨ । ਗੁਰੂ ਨਾਨਕ ਦੇ ਗਿਆਨ ਭੰਡਾਰੇ ਚੋਂ ਚੋਰੀ ਕੀਤਾ ਮਾਲ, ਆਪਣੀਆਂ ਦੁਕਾਨਾਂ ਤੇ ਪੜੀਆਂ ਬੰਨ੍ਹ ਬੰਨ੍ਹ, ਅਣਖ ਤੇ ਗੈਰਤ ਦੇ ਭਾ ਵੇਚਦੇ ਹਨ । ਬਲ ਧਾਰੋ, ਆਪ ਖਾਲਸੇ ਸਜੋ, ਆਪਣੇ ਗਿਆਨ ਨੂੰ ਗੁਰੂ ਨਾਨਕ ਵੱਤ ਲਿਸ਼ਕਵਾ ਕਰਕੇ ਪਾਖੰਡ ਜਾਲਾਂ ਦੇ ਫੀਤੇ ਉੜਾ ਦਿਓ, ਮੱਥਿਆਂ ਦੀ ਥਾਂ ਫਤਹਿ ਗਜਾਓ, ਆਪਣਾ ਤੇ ਬੋਲਣ ਵਾਲਿਆਂ ਦਾ ਕਲਿਆਣ ਹੋਵੇ ।

———

# ਸਿਖ ਧਰਮ ਵਿਚ ਸ਼ਹੀਦੀ

ਅਜ ਉਹ ਦਿਹਾੜਾ ਹੈ, ਜਦੋਂ ਕਿ ਅਕਾਲ ਪੁਰਖ ਵਾਹਿਗੁਰੂ ਜੀ ਦੀ ਗਿਆਨ ਸ਼ਕਤੀ ਨੇ, ਗੁਰੂ ਅਰਜਨ ਦੇਵ ਜੀ ਦੇ ਨਾਮ ਹੇਠਾਂ ਸਿਖ ਧਰਮ ਦੀ ਪੱਟੀ ਉਤੇ, ਨਾ ਸਿਰਫ ਕਥਨੀ ਦੁਆਰਾ ਹੀ ਸਗੋਂ ਕਰਨੀ ਰਾਹੀਂ, ਪੂਰ ਪਾ ਕੇ, ਸਾਨੂੰ ਜੀਵਨ ਉਦੇਸ਼ ਦੀ ਲੱਖਤਾ ਕਰਾਈ ।

ਕੁਰਬਾਨੀ, ਗਲਾਂ ਬਾਤਾਂ ਜਾਂ ਹਠ ਨਾਲ ਨਹੀਂ ਦਿਤੀ ਜਾ ਸਕਦੀ, ਇਹ ਇਕ ਐਸੀ ਆਤਮਕ ਅਵੱਸਥਾ ਦਾ ਨਤੀਜਾ ਹੁੰਦੀ ਹੈ, ਜਿਥੇ ਸ਼ਨੁਖ ਵਿਚਲੇ ਸੱਤ, ਸੰਤੋਖ, ਦਯਾ, ਧਰਮ ਤੇ ਧੀਰਜ ਇਕ ਬਿੰਦੂ ਤੇ ਮਿਲ ਕੇ, ਅਕਾਲ ਪੁਰਖ ਵਾਹਿਗੁਰੂ ਨਾਲ, ਐਨ ਇਕ ਸੁਰ ਹੋਏ ਹੁੰਦੇ ਹਨ । ਬੰਦਾ, ਅਨੁਭਵ ਕੀਤੇ ਠੋਸ ਹੁਕਮ (Law of Nature) ਦੀ ਖਾਤਰ ਹਰ ਜਸਮਾਨੀ ਤਥਾ ਦੁਨਿਆਵੀ ਦੁਖ ਤਕਲੀਫ ਨੂੰ ਸਹਿ ਜਾਂਦਾ ਹੈ, ਉਹਨੂੰ ਆਪਣੇ ਅੰਦਰਲੇ ਸੱਚ ਉਤੇ ਇਤਨੀ ਪਕਿਆਈ ਹੋਈ ਹੁੰਦੀ ਹੈ ਕਿ ਦੁਨਿਆਵੀ ਦੁਖ ਤਕਲੀਫਾਂ, ਉਹਨੂੰ ਸੱਚ ਤੋਂ ਡੋਗ ਨਹੀਂ ਸਕਦੀਆਂ ।

ਧਨ ਗਇਆ ਤਾ ਜਾਣ ਦੇਹਿ ਜੇ ਰਾਚਹਿ ਰੰਗਿ ਏਕ, ਉਤੇ ਪੂਰਨ ਤੌਰ ਤੇ ਪਰਪੱਕ ਹੁੰਦੇ ਹਨ ।

ਗੁਰੂ ਅਰਜਨ ਦੇਵ ਜੀ ਨੂੰ, ਗੁਰਬਾਣੀ ਦੀ ਸੱਚਾਈ ਤੇ ਹਕੀਕਤ ਉਤੇ ਇਤਨਾ ਵਿਸ਼ਵਾਸ ਸੀ ਕਿ ਤੱਤੀਆਂ ਤਵੀਆਂ ਤੇ ਉਬਲਦੀਆਂ ਦੇਗਾਂ, ਇਕ ਅੱਖਰ ਵੀ ਅਗੇ ਪਿਛੇ ਨਾ ਕਰਵਾ ਸਕੀਆਂ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸ਼ਿੰਘ ਜੀ ਤੇ ਹੋਰ ਅਨੇਕ ਪਰਵਾਨਿਆਂ ਨੂੰ ਗੁਰੂ ਦੀ ਹੋਂਦ ਵਿਚ ਇਤਨਾ ਵਿਸ਼ਵਾਸ ਸੀ, ਕਿ ਮਾਇਆ ਦੇ ਲਾਲਚ, ਤੇ ਤਲਵਾਰਾਂ ਦੀਆਂ ਧਾਰਾਂ, ਉਨ੍ਹਾਂ ਦੇ ਵਿਸ਼ਵਾਸ ਵਿਚ ਤ੍ਰੇੜ ਤਕ ਨਾ ਪਾ ਸਕੀਆਂ ।

ਭਲਾ ਦਸੋ ਖਾਂ ਵੀਰਨੋ, ਕੀ ਤੁਹਾਨੂੰ ਵੀ ਗੁਰੂ (ਵਾਹਿਗੁਰੂ) ਵਿਚ ਇਤਨਾ ਵਿਸ਼ਵਾਸ ਹੈ ? ਕਿਤੇ ਤੁਸੀਂ ਕੋਠੀਆਂ ਤੇ ਕੋਠੜੀਆਂ ਵਿਚ ਵੜ ਵੜ ਪੱਤਤ ਤਾਂ ਨਹੀਂ ਹੁੰਦੇ ਫਿਰਦੇ ? ਕੀ ਤੁਸਾਂ ਨਹੀਂ ਸੁਣਿਆ ?

ਸਤਿਗੁਰ ਬਾਝਹੁ ਗੁਰ ਨਹੀਂ ਕੋਈ (435)

ਨਾਨਕ ਗੁਰੂ, ਗੁਰੂ ਹੈ ਪੂਰਾ (882)

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ (1408)

ਏਕੁ ਸਾਹਿਬ ਸਿਰਿ ਛਤੁ ਦੂਜਾ ਨਾਹਿ ਕੋਇ (398)

ਜਦ ਤੁਹਾਨੂੰ ਆਪਣੇ ਗੁਰਮਤਿ ਮਾਰਗ ਦੇ ਪੈਟਣ ਤੋੜ ਪਰਤੱਖ ਕਾਰਨਾਮੇ ਯਾਦ ਹਨ, ਤੇ ਇਤਿਹਾਸ ਅਖਾਂ ਸਾਹਮਣੇ ਹੈ, ਤਾਂ ਫਿਰ ਕਿਉਂ ਅਗਲ ਬਗਲ ਝਾਕਦੇ ਹੋ ।

ਜਾ ਕੋ ਠਾਕਰ ਊਚਾ ਹੋਈ ਸੋ ਜਨ ਪਰ ਘਰ ਜਾਤ ਨ ਸੋਹੀ

ਸ਼ਬਦ ਦੀ ਵਿਆਖਿਆ ਕਰਨ ਵਾਲਾ ਗਿਆਨੀ ਤਾਂ ਹੋ ਸਕਦਾ ਹੈ ਪਰੰਤੂ ਗੁਰੂ ਨਹੀਂ । ਗੁਰੂ ਆਪ ਪਾਰਬ੍ਰਹਮ ਪਰਮੇਸ਼ਰ ਹੀ ਹੈ । ਗੁਰੂ ਸ਼ਕਤੀ (ਨੂਰ) ਦੀ ਮਿਕਦਾਰ ਜਗਿਆਸੂ ਦੀ ਆਤਮਕ ਪਵਿਤ੍ਰਤਾ ਤੇ ਵਿਸ਼ਵਾਸ ਉਤੇ ਨਿਰਭਰ ਹੁੰਦੀ ਹੈ, ਜਿਹੜੀ ਗੁਰੂ ਨਾਨਕ ਜੀ ਵਿਚ ਅਤਿਅੰਤ ਸੀ, ਤਾਹੀਉਂ ਸੈਂਕੜੇ ਮਣ ਦੇ ਰੁੜ੍ਹੇ ਆਉਂਦੇ ਪੱਥਰ ਮੂਹਰੇ ਅਡੋਲ ਤੇ ਅਹਿਲ ਬੈਠੇ ਰਹੇ ਅਜ ਉਹ ਸ਼ਕਤੀ ਖਾਲਸੇ ਵਿਚ ਹੈ । ਇਸ ਲਈ ਗਿਆਨ ਗੱਪਾਂ ਦੀ ਹੇਰਾ ਫੇਰੀ ਦੇ ਸ਼ਿਕਾਰ ਨਾ ਬਣੋ, ਗੁਰਬਾਣੀ ਦੇ ਪੁਠੇ ਸਿਧੇ ਮਤਲਬਾਂ ਦੇ ਝਾਂਸੇ ਵਿਚ ਨਾ ਆਉ । ਈਸ਼ਵਰ ਦਾ ਕੋਈ ਨਾਮ ਵੀ ਉਹਨੂੰ ਮਿਲਾਣ ਦੇ ਸਮਰੱਥ ਹੈ, ਏਵੇਂ ਨਾਵਾਂ ਦੇ ਗੋਰਖ ਧੰਦੇ ਵਿਚ ਪੈ ਕੇ ਆਪਣੇ ਵਿਸ਼ਵਾਸ ਨੂੰ ਕੱਚਾ ਨਾ ਕਰੋ । ਕਈ ਅਜ ਕਲ ਦੇ ਜਿਉਂਦੇ ਜਾਗਦੇ ਸਿੰਘਾਂ ਨੇ ਪ੍ਰਭੂ ਨੂੰ ਗੁਰਮਤ ਨਾਮ ਰਾਹੀਂ ਪਾਇਆ ਹੈ । ਅਕਾਲ ਪੁਰਖ ਦੇ ਦਰਸਨਾਂ ਵੇਲੇ, ਇਹ ਵੀ ਸਿਧ ਹੋ ਜਾਂਦਾ ਹੈ ਕਿ ਉਸ ਸ਼ਕਤੀ (ਨੂਰ) ਦਾ ਨਾਮ ਵਾਹਿਗੁਰੂ ਹੀ ਕਿਉਂ ਰਖਿਆ ਗਿਆ ਹੈ । ਇਸ ਲਈ ਗੁਰਮਤਿ ਨਾਮ ਸਰਬ ਸਰੇਸ਼ਟ ਹੈ ! ਜੇਕਰ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੀ ਥਾਵੇਂ ਕਿਸੇ ਹੋਰ ਸ਼ਖਸੀਅਤ ਨੂੰ, ਆਪਣੇ ਦਿਲ ਵਿਚ ਜਗਾਹ ਨਹੀਂ ਦਿਤੀ ਜਾ ਸਕਦੀ, ਤਾਂ ਫਿਰ

ਖਾਲਸਾ ਪੰਥ ਨੂੰ ਛਡ ਕੇ, ਹੋਰਨਾਂ ਤੋਂ ਨਾਮ ਨ ਲੈਂਦੇ ਫਿਰੋ । ਯਾਦ ਰਖੋ, ਜਿਸ ਪਰਕਾਰ ਦੀ ਸ਼ਖਸੀਅਤ ਨੂੰ ਆਪਣੇ ਲਈ ਨਮੂਨੇ ਦੀ (ਮੌਡਲ) ਸ਼ਖਸੀਅਤ ਬਣਾਉਗੇ, ਤੁਸੀਂ ਉਹੋ ਜਿਹੇ ਹੀ ਹੋ ਜਾਉਗੇ ।

ਜੋ ਕਾਹੂ ਕੋ ਚੇਰੋ ਹੋਵਤ ਠਾਕੁਰ ਹੀ ਪਹਿ ਜਾਵੈ ॥

ਜਿਨ ਸਿਉ ਧੜੇ ਕਰਹਿ ਸੇ ਜਾਹਿ, ਝੂਠ ਧੜੇ ਕਰਿ ਪਛੋਤਾਹਿ ॥

ਡੰਭੀ ਮਨੁਖ ਤਾਂ ਆਪ ਅਵਾਗਵਨ ਵਿਚ ਹਨ, ਕਿਸੇ ਦਾ ਕੀ ਸਵਾਰ ਸਕਦੇ ਹਨ ।

ਜਿਹ ਮਾਨੁਖ ਪਹਿ ਕਰਉ ਬੇਨਤੀ ਸੋ ਆਪਨੈ ਦੁਖ ਭਰਿਆ ॥

ਪ੍ਰਭ ਤਜਿ ਅਵਰ ਸੇਵਕੁ ਜੇ ਹੋਈ ਹੈ ਤਿਤੁ ਮਾਨੁ ਮਹਤੁ ਜਸ ਘਾਟੈ ॥

ਜੇ ਹਰਿ ਤਿਆਗ ਅਵਰ ਕੀ ਆਸ ਕੀਜੈ ਤਾਂ ਹਰਿ ਨਿਹਫਲ ਸਭ ਘਾਲ ਗਵਾਸਾ ॥

ਕਰਤਾ ਪੁਰਖ ਵਿਸਾਰਿ ਕੈ ਮਾਣਸ ਦੀ ਮਨ ਆਸ ਧਰੇਹੀ ਪਸੂ ਪਰੇਤਹ ਬੁਰੀ ਬੁਰੇਹੀ ।

ਇਕ ਸਚੇ ਪਿਤਾ, ਵਾਹਿਗੁਰੂ, ਗੁਰੂ ਨਾਨਕ ਤੋਂ ਬਿਨਾ ਹੋਰ ਕਿਸੇ ਪਾਸੇ ਨਾ ਝਾਕੋ । ਗੁਰੂ ਨਾਨਕ ਦੇ ਘਰ ਸਭੋ ਕੁਝ ਹੈ ਬਲਕਿ ਅਸਲੀ ਤੇ ਅਬਦੀ, ਕਲਿ-ਆਣਕਾਰੀ, ਸਰਬ ਕਲਾ ਸਮਰਥ, ਚੰਗੀ ਤਰ੍ਹਾਂ ਦੇਖਿਆ ਪਰਖਿਆ ਘਰ ਹੀ, ਕਲਜੁਗ ਵਿਚ ਇਹੋ ਹੈ । ਅੰਮ੍ਰਿਤ ਮੋਤੀਆਂ ਦੇ ਅਭਿਲਾਸ਼ੀ ਪਰਮ ਹੰਸੋ, ਮਾਨ ਸਰੋਵਰ ਛਡ ਕੇ ਛਪੜੀਆਂ ਤੇ ਨਾ ਭਟਕੋ, ਸੁਚੱਜੀ ਜੀਵਨ ਜਾਚ ਤੇ ਪ੍ਰਭੂ ਪਹਿਚਾਨ ਦੀ ਅਸਲੀ ਤੇ ਮੁਕੱਮਲ ਤਾਲੀਮ, ਗੁਰੂ ਨਾਨਕ ਜੀ ਦੇ ਘਰ ਵਿਚ ਹੀ ਹੈ ।

ਅਖੀਂ ਵੇਖੀ ਹਕੀਕਤ ਮੈਂ ਅਗੇ ਵਰਨਣ ਕਰ ਚੁਕਾ ਹਾਂ । ਵਾਹਿਗੁਰੂ ਕੋਈ ਨਿਰਜਿੰਦ ਅਖਰਾਂ ਦਾ ਜੋੜ ਨਹੀਂ, ਇਕ ਜਿਊਂਦੀ ਜਾਗਦੀ ਹਕੀਕਤ ਹੈ ।

ਵਸਤੁ ਅੰਦਰ ਵਸਤ ਸਮਾਵੇ

ਦੇ ਕਥਨ ਅਨੁਸਾਰ ਉਸ ਵਿਚ ਕੇਵਲ ਉਹ ਹੀ ਸ਼ੈਅ ਸਮਾ ਸਕਦੀ ਹੈ, ਜਿਹੜੀ ਉਸ ਵਰਗੀ ਹੋਵੇ, ਭਿਨਤਾ ਨੂੰ ਉਥੇ ਕੋਈ ਥਾਂ ਨਹੀਂ, ਇਸ ਲਈ ਅਕਾਲ

ਪੁਰਖ ਵਿਚ ਸਮਾਉਣ ਦੇ ਚਾਹਵਾਨੋ, ਜਦੋਂ ਤਾਈਂ ਆਪਣੇ ਆਪ ਨੂੰ ਉਹਦੇ ਵਰਗਾ ਬਣਾ ਨਾ ਲਉਗੇ, ਯਾ ਸੇਵਾ ਸਿਮਰਨ ਰਾਹੀਂ ਇਤਨੇ ਚੰਗੇ ਨ ਹੋ ਜਾਉਗੇ ਕਿ ਸਤਿਗੁਰ ਨਾਨਕ ਮਿਹਰ ਕਰਕੇ ਪ੍ਰਵਾਨ ਕਰ ਲੈਣ, ਤਦ ਤਕ ਵਾਹਿਗੁਰੂ ਵਿਚ ਲੀਨਤਾ ਦੀ ਆਸ, ਆਪਣੇ ਆਪ ਨਾਲ ਇਕ ਸਰੀਹਨ ਧੋਖਾ ਹੈ। ਵਾਹਿਗੁਰੂ ਅਜੇਹੀ ਠੋਸ ਹਕੀਕਤ ਹੈ, ਕਿ ਹਰ ਪ੍ਰਕਾਰ ਦੇ ਕੰਮ ਕਾਰ ਅਥਵਾ ਵਰਤੋਂ ਵਿਵਹਾਰ ਵਿਚ ਕੇਂਦਰ ਬਿੰਦੂ ਦਾ ਮਹੱਤਵ ਰਖਦਾ ਹੈ।

ਅਸੀਂ ਤੁਸ਼ ਬੁਧੀ ਵਾਲੇ ਇਨਸਾਨ, ਆਪਣੇ ਆਪ ਨੂੰ ਚਾਤਰ ਸਮਝਣ ਤੇ, ਸਿਧ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛਡਦੇ, ਤਾਂ ਫਿਰ ਸਾਨੂੰ ਘੜਨ ਵਾਲਾ ਅਕਾਲ ਪੁਰਖ ਵਾਹਿਗੁਰੂ ਕਿਵੇਂ ਅਣਜਾਣ ਹੋ ਸਕਦਾ ਹੈ ਉਹ ਤੇ ਸਗੋਂ ਪਰਖ ਪਰਖ ਕੇ ਖਜ਼ਾਨੇ ਪਾਉਂਦਾ ਹੈ। ਜਿਥੇ ਉਹ ਅੰਮ੍ਰਿਤ ਛਕਾਉਂਦਾ ਹੈ, ਪਰਵਰਿਸ਼ ਕਰਦਾ ਹੈ, ਸੂਤ ਬਣਾਉਂਦਾ ਹੈ ਅਤੇ ਗੁਰਬਣੀ ਰਾਹੀਂ ਨਾਮ ਦੀ ਮਹਿਮਾਂ ਦੇ ਅਮਿਉਰਸ ਗਟਾਕ ਪਿਆਉਂਦਾ ਹੈ, ਉਥੇ ਉਹ ਪਰਖ ਵੀ ਹਰ ਰੋਜ਼ ਹਰਵੇਲੇ ਤੇ ਹਰ ਗਲ ਵਿਚ ਕਰਦਾ ਹੈ। ਚਾਰ ਪੈਸੇ ਦੇ ਮੁਨਾਫੇ ਲਈ ਝੂਠ ਬੋਲਣ ਵਾਲੇ ਵਿਅਕਤੀ ਨੂੰ ਹੋਰ ਕਸੌਟੀ ਦੀ ਕੀ ਲੋੜ ਹੈ। ਆਪਣੇ ਮੁੰਡੇ ਦੇ ਕਸੂਰ ਨੂੰ ਛੁਪਾ ਕੇ ਗਵਾਂਢੀ ਦੇ ਬਚੇ ਨੂੰ ਥਪੜ ਮਾਰਨ ਵਾਲਾ, ਨਿਸੰਦੇਹ ਫੇਲ੍ਹ ਹੈ। ਗਰੀਬੀ ਦੀ ਹਾਲਤ ਅਥਵਾ ਮਾਇਕ ਲੋੜ ਨੂੰ, ਰਿਸ਼ਵਤ ਤੇ ਪੈਸੇ ਲੈ ਕੇ ਪੂਰਾ ਕਰਨ ਦਾ ਚਾਹਵਾਨ ਨੌਕਰ ਸਦੀਵ ਫੇਲ੍ਹ ਹੈ। ਮਜ਼ਬੂਰਾਂ ਦੀ ਮਜਬੂਰੀ ਤੋਂ ਫਾਇਦਾ ਉਠਾ ਕੇ ਘਰ ਭਰਨ ਵਾਲਿਆਂ ਨੂੰ, ਅੱਖਾਂ ਖੋਲ ਕੇ ਆਲੇ ਦੁਆਲੇ ਵੇਚਣਾਂ ਚਾਹੀਦਾ ਹੈ, ਇਹ ਹੀਣੇ ਕੰਮਾਂ ਵਿਚ ਖਚਤ ਜੀਵ ਸਰੇਣੀਆਂ ਵਾਂਗ ਖੋਤੇ, ਘੋੜੇ ਅਥਵਾ ਬੈਲ ਆਦਿ, ਸਭਿ ਉਹੀ ਇਨਸਾਨ ਹਨ ਜੋ ਭਰਪੂਰ ਜੀਵਨ ਵੇਲੇ ਹਰ ਸਮੇਂ ਫੇਲ੍ਹ ਹੀ ਹੁੰਦੇ ਰਹੇ, ਜਿਨ੍ਹਾਂ ਨੇ ਕਦੀ ਨਾਮ ਨੂੰ ਚਿਤਵਿਆ ਹੀ ਨਹੀਂ ਕਿ ਕਿਵੇਂ ਜਪਿਆ; ਸਿਮਰਿਆ ਤੇ ਵਰਤਿਆ ਜਾਂਦਾ ਹੈ।

ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਸਾਹਿਬ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਬਾ ਦੀਪ ਸਿੰਘ ਜੀ, ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ ਅਥਵਾ ਹੋਰ ਅਨੇਕ ਨਵੀਨ ਤੇ ਪਰਾਚੀਨ ਸਿੰਘ ਸਿੰਘਣੀਆ ਵਾਲੀਆਂ ਕਸੌਟੀਆਂ ਤਾਂ ਉਹਨਾਂ ਪਹਿਲਵਾਨਾਂ ਨੂੰ ਲਗਦੀਆਂ ਹਨ, ਜਿਨ੍ਹਾਂ ਨੇ ਜ਼ੀਵਨ ਅਖਾੜੇ

ਵਿਚ ਮਾਇਆ ਦੇ ਪੰਜ ਪਹਿਲਵਾਨ ਪਾਣੀ ਪਿਆ ਪਿਆ ਮਾਰੇ ਹੋਣ । ਅਜ ਉਸ ਅਦੁਤੀ ਸੂਰਮੇ ਦੀ ਬਰਸੀ ਤੇ ਸਾਨੂੰ, ਅੰਮ੍ਰਿਤ ਧਾਰੀ ਸਿੰਘਾਂ ਨੂੰ ਵਾਹਿਗੁਰੂ ਜੀ ਦੀ ਫਤਹਿ ਦੇ ਚਾਹਵਾਨਾਂ ਨੂੰ, ਆਪਣੀ ਪੜਚੋਲ ਆਪ ਕਰਨੀ ਚਾਹੀਦੀ ਹੈ, ਕਿ ਕਿਧਰੇ ਮਾਇਆ ਦੇ ਗਾਮਿਆ ਮਾਝਿਆਂ ਤੋਂ ਤਾਂ ਕੰਡ ਨਹੀਂ ਲਵਾਈ ਜਾਂਦੇ ਕੀ ਅਕਾਲ ਪੁਰਖ ਦੇ ਸਿਪਾਹੀ ਦੀ ਹੈਸੀਅਤ ਵਿਚ. ਅਸ਼ੀਂ ਉਸ ਪਿਤਾ ਦੀ ਮਨਸ਼ਾ ਦੇ ਅਨੁਕੂਲ ਨਿੱਤਰ ਰਹੇ ਹਾਂ, ਤੇ ਕੰਮ ਕਰ ਰਹੇ ਹਾਂ ।

ਖਾਲਸਾ ਫੁਲਵਾੜੀ ਨੂੰ ਜਿਥੇ ਅੰਮ੍ਰਿਤ ਪਾ ਕੇ ਸਿੰਚਿਆ ਜਾਂਦਾ ਹੈ, ਉਥੇ ਰੰਬਾ ਫੜ ਕੇ ਗੋਡੀ ਵੀ ਦਿਤੀ ਜਾਂਦੀ ਹੈ ਤਾਂ ਜੋ ਕਚ ਪਿਲ ਝੜ ਜਾਏ, ਤੇ ਖਾਲਸਾ ਰੂਪ ਨੁਮਾਇਆਂ ਤੌਰ ਤੇ ਪ੍ਰਗਟ ਹੋਵੇ । ਅਜੇਹੀਆਂ ਗੋਡੀਆਂ ਅਗੇ ਕਈ ਹੋ ਚੁਕੀਆਂ ਹਨ ਤੇ ਹੋਰ ਹੋਣ ਦੇ ਆਸਾਰ ਨਿਕਟ ਭਵਿਖਤ ਵਿਚ ਹੀ ਨਜ਼ਰ ਆ ਰਹੇ ਹਨ ।

ਇਸ ਲਈ ਖਾਲਸਾ ਜੀ ਬੇਨਤੀ ਹੈ, ਕਿ ਆਪਣੀਆ ਜੜਾਂ ਕੇਂਦਰ ਨਾਲ, ਵਾਹਿਗੁਰੂ ਨਾਲ ਪਕੀਆਂ ਕਰੋ । ਬੁਧ ਬਿਰਤੀ ਅਥਵਾ ਮਨ ਨੂੰ, ਗੁਰਮਤਿ ਬਿਬੇਕ ਦੀ ਧਨੁਖ ਉਤੇ, ਕਸ ਕੇ ਚੜ੍ਹਾ ਲਉ ਤਾਂ ਜੋ ਮੌਕੇ ਤੇ ਫੇਲ੍ਹ ਨਹੀਂ ਪਾਸ ਹੀ ਹੋਈਏ, ਹਾਰ ਨਹੀਂ ਸਭ ਜੀਤ ਹੀ ਹੋਵੇ ।

ਆਵਾਗਵਨ ਦੀ ਪੌੜੀ ਦੇ ਇਸ ਆਖਰੀ ਡੰਡੇ ਤੋਂ ਨਿਰਸੰਦੇਹ ਅਕਾਲ ਅਕਾਲ ਗਜਾਉਂਦੇ ਫਤਹਿ ਦੇ ਡੰਕੇ ਵਜਾਉਂਦੇ ਘਰ ਚਲੀਏ, ਗੁਰਦੇਵ ਪਿਤਾ ਪਾਸੋਂ ਕੰਡ ਥਾਪੜੇ ਲਈਏ ।

ਮੇਰੀ ਵਲੋਂ ਅਦੁਤੀ ਪਹਿਲਵਾਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਦਿਗ ਵਿਜੈ ਦੇ ਸ਼ੁਭ ਅਵਸਰ ਦੇ ਸਭਿ ਸੰਗਤਾਂ ਨੂੰ ਲਖ ਲਖ ਵਧਾਈ ਪਰਵਾਨ ਹੋਵੇ ।

---



# ਖਿਆਲ ਤਰੰਗਾਂ

ਹਰ ਪਰਾਣੀ ਦੇ ਮਨ ਅੰਦਰ ਕੁਝ ਨਾ ਕੁਝ ਖਿਆਲ ਹਰ ਵੇਲੇ ਆਉਂਦੇ ਰਹਿੰਦੇ ਹਨ। ਕੁਝ ਉਧੇੜ ਬੁਣ ਹੁੰਦੀ ਰਹਿੰਦੀ ਹੈ। ਪਵਿਤਰ ਤੇ ਚੰਗੀਆ ਆਤਮਾਵਾਂ ਚੋਂ ਚੰਗੇ ਖਿਆਲ ਉਗਮਦੇ ਹਨ। ਦੂਜੇ ਆਪਣੇ ਬਿਉਪਾਰ ਤੇ ਝਗੜਿਆਂ ਝਾਂਜਿਆਂ ਦੇ ਮੁਤਲੱਕ ਸੋਚੀ ਜਾਂਦੇ ਰਹਿੰਦੇ ਹਨ, ਪਰੰਤੂ ਇਸ ਸੋਚ ਵਿਚਾਰ ਤੋਂ ਖਾਲੀ ਸ਼ਾਇਦ ਕਦੇ ਕੋਈ ਨ ਹੁੰਦਾ ਹੋਵੇ। ਘਟੋ ਘਟ ਮੇਰੇ ਤਜਰਬੇ ਵਿਚ ਐਸੀ ਹਾਲਤ ਅਜੇ ਨਹੀਂ ਆਈ; ਜਦੋਂ ਕਿ ਆਦਮੀ ਖਿਆਲ ਤਰੰਗਾਂ ਤੋਂ ਛੁਟਕਾਰਾ ਪਾ ਸਕੇ। ਹਾਂ, ਨੇਕ ਅਤੇ ਚੰਗੀਆਂ ਇਹ ਤਰੰਗਾ ਜ਼ਰੂਰ ਹੋ ਜਾਂਦੀਆਂ ਹਨ।

ਮੇਰੇ ਮਨ ਅੰਦਰ ਜੋ ਵਿਚਾਰ ਤਰੰਗਾਂ ਪਿਛਲੇ ਕੁਝ ਸਮੇਂ ਤੋਂ ਉਠਦੀਆਂ ਰਹੀਆਂ, ਮੈਂ ਉਹਨਾਂ ਨੂੰ ਕਾਗਜ਼ ਤੇ ਲਿਖ ਲੈਂਦਾ ਰਿਹਾ ਹਾਂ ਤਾਂ ਕਿ ਵੇਲੇ ਕੁਵੇਲੇ ਪੜ੍ਹ ਕੇ ਵੇਖ ਲਿਆ ਕਰਾਂ ਤੇ ਵਿਚਾਰਾਂ ਵਿਚ ਪਵਿਤਰਤਾ ਦਾ ਵਾਧਾ ਕਰ ਸਕਾਂ : ਉਹ ਇਵੇਂ ਹਨ ਅਤੇ ਜੇ ਕੁਝ ਲਾਹੇ ਵੰਦੀਆਂ ਸਿਧ ਹੋ ਸਕਣ ਤਾਂ ਲੱਖ ਸ਼ੁਕਰ ।

1-2-72

ਮੈਂ ਭਾਵੇਂ ਇੰਡੀਪੈਂਡੈਂਟਲੀ ਨਹੀਂ (ਸਿਰਫ ਕਿਸੇ ਦੇ ਸਹਿਯੋਗ ਵਿਚ ਹੀ) ਵਾਹੀ ਕਰਕੇ ਵੇਖੀ ਹੈ, ਹੇਰਾ ਫ਼ੇਰੀ ਕਰਕੇ ਵੇਖੀ ਹੈ, ਬਿਉਪਾਰ ਕਰ ਕੇ ਵੇਖਿਆ ਹੈ । ਨੌਕਰੀ ਸਰਕਾਰੀ ਤਾਂ ਬਹੁਤ ਕੀਤੀ ਹੈ ਅਤੇ ਨਾਮ ਭੀ ਜਪ ਕੇ ਵੇਖਿਆ ਹੈ । ਆਤਮਕ ਤੌਰ ਤੇ ਹੀ ਨਹੀਂ ਸਗੋਂ ਦੁਨਿਆਂਵੀ ਤੌਰ ਤੇ ਵੀ, ਸਭ ਕਰਮਾ ਨਾਲੋਂ "ਨਾਮ" ਹਰ ਲਿਹਾਜ਼ ਾਲ ਬਹੁਤ ਲਾਭਵੰਦਾ ਹੈ । ਨਾਮ ਨਾਲ ਤਾਂ ਆਤਮਾਂ ਤੋਂ ਇਲਾਵਾ ਦੁਨਿਆਵੀ ਕਾਰਕਿਤਾ ਵੀ ਸੁਤੇ ਸਿਧ ਠੀਕ ਤੇ ਚੰਗਾ ਦਲਦਾ ਹੈ । ਹਾਲਤ ਵੀ ਸੰਵਰਦੀ ਹੈ ਤੇ ਪਲਤ ਵਾਧੂ ਦੀ । ਦੋਸਤਾਂ, ਮਿਤਰਾਂ, ਰਿਸ਼ਤੇਦਾਰਾਂ ਅਤੇ ਪਰਿਵਾਰ ਨੂੰ ਫਾਇਦਾ ਵੱਖਰਾ । ਨਿਰਸੰਦੇਹ ਅਤੇ ਪਰਪੱਕਤਾ ਨਾਲ ਇਸ ਨਤੀਜੇ ਤ ਅਪੜਿਆਂ ਹਾਂ ਕਿ ਨਾਮ ਜਪਣ ਨਾਲ ਗੁਰੂ ਦੇ ਦਰਸ਼ਨ ਵੀ ਹੁੰਦੇ ਹਨ । ਦੁਨਿਆਵੀ ਤੌਰ ਤੇ ਵੀ ਕੋਈ ਦੁਖ, ਦਰਦ, ਚਿੰਤਾ, ਫਿਕਰ ਆਦਿ ਨਹੀਂ ਰਹਿੰਦੇ ।

7-2-72

ਗੁਰਿ ਵਿਚ ਆਪ ਸਮੋਇ ਸ਼ਬਦ ਵਰਤਾਇਆ ॥

25-2-72

ਮੈਨੂੰ ਇੰਜ ਸਮਝ ਅਉਂਦੀ ਹੈ ਕਿ ਹਰ ਆਦਮੀ ਦੀ ਮੌਜੂਦਾ ਹਾਲਤ, ਭਾਵ ਵਰਤਮਾਨ ਹਾਲਤ, ਉਹਦੇ ਆਪਣੇ ਹੀ ਖਿਆਲਾਂ ਦੇ ਕਾਰਨ ਹੁੰਦੀ ਹੈ । ਜੇ ਕੋਈ ਦੁਖੀ ਹੈ, ਮਰੀਜ਼ ਹੈ ਜਾਂ ਸੁਖੀ ਹੈ, ਤਾਂ ਉਹ ਹਾਲਤ ਭਾਵੇਂ ਬਣਾਈ ਪ੍ਰਭੂ ਦੀ ਹੁੰਦੀ ਹੈ, ਪਰੰਤੂ ਹੁੰਦੀ ਆਦਮੀ ਦੇ ਆਪਣ ਖਿਆਲਾਂ ਦੀ ਤਸਵੀਰ ਹੈ । ਇਹ ਗਲ ਸਮਝਣੀ ਜਾਂ ਸਮਝਾਉਣੀ ਕੁਝ ਮੁਸ਼ਕਲ ਹੈ ਪਰੰਤੂ ਹੈ ਇਹ ਸੌ ਫ਼ੀ ਸਦੀ ਸੱਚ । ਦਰਸ਼ਨ ਦਿਉ ਤਾਂ ਪਰੈਕਟੀਕਲੀ ਵਖਾ ਕੇ ਸਮਝਾ ਸਕਦਾ ਹਾਂ ।

ਤਕਦੀਰ ਵਿਧਾਤਾ ਲਿਖਦਾ ਹੈ ਪਰ ਲਿਖਦਾ ਸਾਡੀ ਕਰਣੀ ਕਰਤੂਤ ਅਥਵਾ ਮੰਗ ਦੇ ਅਨਕੂਲ ਹੈ। ਇਸ ਲਈ ਆਪਣੀ ਤਕਦੀਰ ਦੇ ਅਸੀਂ ਆਪ ਮਾਲਕ ਹਾਂ। ਚੰਗਾ ਸੋਚੋਗੇ, ਕਰੋਗੇ ਅਤੇ ਅਪਨਾਉਗੇ ਤਾਂ ਚੰਗੇ ਬਣਦੇ ਜਾਉਗੇ, ਅਜ ਹੋਰ, ਕਲ੍ਹ ਹੋਰ ਹਾਲਤ ਚੰਗੇ ਤੋਂ ਚੰਗੇ ਹੀ ਹੁੰਦੇ ਜਾਣਗੇ। ਸਵਰਗ ਏਥੇ ਹੀ ਬਣ ਜਾਵੇਗਾ। ਐਪਰ ਜੇ ਮਾੜੀਆਂ ਗੱਲਾਂ ਸੋਚੋਗੇ, ਚਿਤਵੋਗੇ ਸਕੀਮਾਂ ਬਣਾਉਗੇ ਅਥਵਾ ਕਰੋਗੇ ਤਾਂ ਨਿਰਸੰਦੇਹ ਦੁਖਾਂ ਵਿਚ ਫਸਦੇ ਜਾਉਗੇ। ਬੀਮਾਰੀਆਂ ਦੁਖ, ਕਲੇਸ਼ ਤੇ ਲੜਾਈ ਝਗੜੇ ਕਚੀ ਲੱਸੀ ਵਾਂਗ ਵਧਦੇ ਜਾਣਗੇ। ਇਸ ਲਈ ਇਨਸਾਨ ਨੂੰ ਵਿਜੋਗ ਵਾਲੇ ਖਾਤੇ ਦੇ ਕਿਸੇ ਵੀ ਅਸਰ ਹੇਠ ਨਹੀਂ ਆਉਣਾ ਚਾਹੀਦਾ। ਭਾਵ ਹਉਮੈ, ਦੁਬਿਧਾ, ਤ੍ਰਿਸ਼ਨਾ ਤੇ ਕਾਮ ਕਰੋਧ ਆਦਿ ਤੋਂ ਬਚ ਕੇ ਰਹਿਣਾ ਚਾਹੀਦਾ ਹੈ।

ਇਕ ਵੇਲੇ ਜੇ ਤੁਹਾਡੇ ਨਾਲ ਵਧੀਕੀ ਹੋ ਵੀ ਜਾਵੇ ਤਾਂ ਯਥਾ ਸੰਭਵ ਬਦਲਾ ਨਾ ਲੈਣਾ ਹੀ ਉਚਿਤ ਹੈ। ਮਾੜੇ ਬਣ ਕੇ ਵਕਤ ਟਪਾ ਲਉ: ਵਾਹਿਗੁਰੂ ਭਲੀ ਕਰੇਗਾ। ਬਦਲਾ ਲੈਣ ਲਈ ਮਲੀਨ ਭਾਵ ਤਾਂ ਕਿਸੇ ਸੂਰਤ ਵੀ ਨਹੀਂ ਅਪਨਾਉਣੇ ਚਾਹੀਦੇ। ਮੇਰੀ ਜਾਚੇ, ਇਹੋ ਜਿਹੀ ਹਾਲਤ ਤਾਂ ਪ੍ਰਭੂ ਬਣਾਉਂਦਾ ਹੀ ਤੁਹਾਨੂੰ ਪਰਖਣ ਵਾਸਤੇ ਹੈ ਕਿ ਤੁਸੀਂ ਇੱਟ ਚੁਕਦੇ ਨੂੰ ਪੱਥਰ ਤਿਆਰ ਕਰਦੇ ਹੋ ਕਿ ਲੱਤ ਮਾਰਨ ਵਾਲੇ ਦੇ ਪੈਰ ਘੁਟਣ ਵਾਲੀ ਬਿਰਤੀ ਦੇ ਮਾਲਕ ਹੋ। ਮੈਂ ਤਾਂ ਇਹ ਵੇਖਿਆ ਹੈ ਕਿ ਜਿਥੇ ਵੀ ਮੈਂ ਇੱਟ ਦਾ ਜਵਾਬ ਪੱਥਰ ਨਾਲ ਦਿਤਾ। ਮੇਰੇ ਮਨ ਦੀ ਸ਼ਾਂਤੀ ਉਡੀ, ਜਿਸਮਾਨੀ ਰੁਝੇਵਿਆਂ ਤੇ ਖਿਆਲਾਂ ਦੀ ਦੌੜ ਧੁਪ ਨੇ ਮੈਨੂੰ ਕਾਫੀ ਤੰਗ ਕੀਤਾ। ਭਾਵੇਂ ਫਤਹਿ ਮੇਰੀ ਹੀ ਹੋਈ ਹੋਵੇ ਪਰੰਤੂ ਸੌਖੀ ਨਹੀਂ ਪੱਬਾਂ ਤਕ ਜੋਰ ਲਾਉਣਾ ਹੀ ਪਿਆ। ਇਸ ਦੇ ਉਲਟ ਜੇ ਮੈਂ ਨੀਵਾਂ ਬਣਕੇ ਵਕਤ ਕਟਿਆ, ਤਾਂ ਵਾਹਿਗੁਰੂ ਨੇ ਮੈਨੂੰ ਪਹਾੜ ਵਰਗਾ ਅਡੋਲ ਬਣਾ ਦਿਤਾ। ਬੜੀ ਅਜੀਬ ਗਲ ਹੁੰਦੀ ਹੈ, ਲੁਚਿਆਂ ਲੰਡਿਆ ਤੇ ਮਾੜੇ ਕਿਰਦਾਰ ਦੇ ਆਦਮੀਆਂ ਨਾਲੋਂ ਹੂਣਾਂ ਸਹਿਣਾ, ਵਰਤੋਂ ਵਿਵਹਾਰ ਤਥਾ ਸੁਸਾਇਟੀ ਹੀ ਟੁਟ ਜਾਂਦੀ ਹੈ। ਕੋਈ ਸਰੋਕਾਰ ਹੀ ਨਹੀਂ ਰਹਿੰਦਾ, ਕੋਈ ਲੜਾਈ ਫ਼ਸਾਦ ਗਲ ਹੀ ਨਹੀਂ ਪੈਂਦਾ, ਬਸ ਰਾਮ ਰਾਮ ਕਰਨ ਵਾਲਿਆਂ ਨਾਲ ਹੀ ਵਾਹ ਰਹਿ ਜਾਂਦਾ ਹੈ।

26-2-72

ਅਸਾਂ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ
ਜਿਉ ਭਾਵੈ ਤਿਵੈ ਬਖਸਿ ॥
ਸਭੁ ਜੀਉ ਪਿੰਡ ਦੀਆ ਤੁਧੁ ਆਪੇ
ਤੁਧ ਆਪੇ ਕਾਰੈ ਲਾਇਆ ॥
ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ
ਜੇਹਾ ਤੁਧੁ ਧੁਰਿ ਲਿਖਿ ਪਾਇਆ ।

ਸੰਸਾਰ ਇਕ ਥਾਲ ਜਾਪਦਾ ਹੈ । ਜਿਸ ਵਿਚ ਬੇਥਹਾ ਚੀਜਾਂ ਹਨ ਪਰੰਤੂ ਇਹ ਸਾਰੀ ਸਮੱਗਰੀ ਦੋ ਸ਼ਰੇਣੀਆਂ ਵਿਚ ਵੰਡੀ ਜਾ ਸਕਦੀ ਹੈ । ਇਕ ਗੁਰਮੁਖਿ ਭੋਜਨ ਤੇ ਦੂਜੇ ਮਨਮੁਖਿ ਭੋਜਨ ਜਾਂ ਕਹਿ ਲਉ ਕਿ ਸੰਜੋਗ ਤੇ ਵਿਜੋਗ । ਇਹਨਾਂ ਵਿਚੋਂ ਜਿਹੜੀਆਂ ਚੀਜ਼ਾਂ ਵਲੋ ਜੀਵ (ਇਨਸਾਨ) ਦੀ ਰੁਚੀ ਹੋਵੇਗੀ ਉਸਦਾ ਜੀਵਨ ਤੇ ਜ਼ਿੰਦਗੀ ਉਹੋ ਜਿਹੀ ਹੀ ਹੋ ਜਾਵੇਗੀ । ਇਸ ਲਈ ਹਰ ਇਨਸਾਨ ਬਖੂਬੀ ਚੰਗੀ ਤਰ੍ਹਾਂ ਵੇਖ ਸਕਦਾ ਹੈ ਕਿ ਉਹ ਕਿਹੋ ਜਿਹਾ ਆਦਮੀ ਹੈ ਅਤੇ ਜੀਵਨ ਕਿਸ ਕਿਸਮ ਦਾ ਭਾਵ ਸੁਖੀ ਕਿ ਦੁਖੀ ਗੁਜ਼ਾਰੇਗਾ ।

ਥਾਲ ਵਿਚਿ ਤਿਨਿ ਵਸਤੂ ਪਈਓ
ਸਤੁ ਸੰਤੋਖ ਵੀਚਾਰੋ
ਅੰਮ੍ਰਿਤ ਨਾਮੁ ਠਾਕੁਰ ਕਾ ਪਾਇਓ
ਜਿਸ ਕਾ ਸਭਸੁ ਅਧਾਰੋ
ਜੇ ਕੋ ਖਾਵੈ ਜੇ ਕੋ ਭੁੰਚੇ
ਤਿਸ ਕਾ ਹੋਇ ਉਧਾਰੋ
ਇਹ ਵਸਤੂ ਤਜੀ ਨਹ ਜਾਈ
ਨਿਤ ਨਿਤ ਰਖੁ ਉਰਿਧਾਰੋ
ਤਮ ਸੰਸਾਰ ਚਰਨ ਲਗਿ ਤਰੀਐ
ਸਭੁ ਨਾਨਕ ਬ੍ਰਹਮ ਪਸਾਰੋ ॥

| | | |
|---|---|---|
| ਸੰਜੋਗ | | ਵਿਜੋਗ |
| ਸਤਿ | | ਹਉਮੈ |
| ਸੰਤੋਖ | | ਦੁਬਿਧਾ |
| ਦਯਾ | | ਤ੍ਰਿਸ਼ਨਾ |
| ਧਰਮ | ਵਾ ਹਿ | ਕਾਮ |
| ਧੀਰਜ | | ਕਰੋਧ |
| ਨੇਕੀ | ਧਰਮ ਦੁਬਿਧਾ | ਲੋਭ |
| ਸਚਾਈ | ਸਾਫਗੋਈ | ਮੋਹ |
| ਸਾਫਗੋਈ | ਧੀਰਜ ਕਰੋ ਲੋਭ | ਹੰਕਾਰ |
| ਇਮਾਨਦਾਰੀ | | ਝੂਠ |
| ਸੁਕ੍ਰਿਤੀ | ਦਿਆਨਤਦਾਰੀ ਮੋਹ | ਨਿੰਦਾ |
| ਨਿਮਰਤਾ | ਸਤਿ | ਧੋਖਾ |
| ਸੇਵਾ | ਕਰਬਾਨੀ ਹੌਮੇ | ਬੇਈਮਾਨੀ |
| ਕੁਰਬਾਨੀ | ਕਾਮ ਦਯਾ | ਕੁਟਿਲਤਾ |
| | ਨੇਕੀ ਨਿੰਦਾ | ਬੇਇਨਸਾਫੀ ਆਦਿ |
| | ਤ੍ਰਿਸ਼ਨਾ ਸੰਤੋਖ | |
| ਸਿਮਰਨ | ਸੇਵਾ ਕੁਟਿਲਤਾ | ਸਿਮਰਨ |
| ਸੁਖ | ਗੁ ਰੂ | ਦੁਖ |
| ਸਮਰਿਧੀ | | ਮੁਸੀਬਤਾਂ |
| ਬੇਫਿਕਰੀ | ਆਪਣੀ ਤਕਦੀਰ ਤੁਹਾਡੇ ਆਪਣੇ ਹਥ ਹੈ | ਰੋਗ |
| ਖੁਸ਼ਹਾਲੀ | | ਲੜਾਈ ਝਗੜੇ |
| ਸੁਰੱਕਸ਼ਾ | ਜਿਹੜਾ ਪਾਸਾ ਮਰਜੀ ਜੇ ਮਲ ਲਓ। | ਕੰਗਾਲੀ |
| ਵੇਹਲ | | ਵਿਪਤਾ |
| ਸੁਰਖਰੂਈ | | ਮੌਤਾਂ |
| ਗੈਬੀ ਮਦਦ | | ਥੁੜ |
| ਆਤਮ ਵਿਸ਼ਵਾਸ | | ਨਿਰਾਸਾ |
| ਨਿਡਰਤਾ | | ਡਰ |
| ਪਰਮਗਤੀ | | ਜਮਾਂ ਦੀ ਪੀੜ |

5-3-72

ਇਹ ਗਲ ਪੱਕੀ ਤਰ੍ਹਾਂ ਅਨੁਭਵ ਤੇ ਸਿਧ ਹੋ ਚੁਕੀ ਹੈ ਕਿ ਪ੍ਰਮਾਤਮਾ ਜ਼ਾਂ ਗੁਰੂ ਸਾਨੂੰ ਸਾਡੇ ਆਪਣੇ ਆਪ ਨਾਲੋਂ ਵੀ ਜ਼ਿਆਦਾ ਪਿਆਰ ਤੇ ਹਿਤ ਕਰਦਾ ਹੈ। ਉਸਦੀ ਹਰ ਦੇਣ ਭਾਵੇਂ ਚੰਗੀ ਤੇ ਭਾਵੇਂ ਮਾੜੀ ਭਾਸੇ, ਪਰੰਤੂ ਹੁੰਦੀ ਅਤਿ ਦਰਜੇ ਦੀ ਚੰਗੀ ਹੈ। ਕਈ ਬੀਮਾਰੀਆਂ, ਸਟਾਂ ਤੇ ਦੁਖਾਂ ਵਿੱਚੋਂ ਅੰਮ੍ਰਿਤ ਨਿਕਲਦਾ ਮੈਂ ਵੇਖਿਆ ਹੈ। ਦੁਨੀਆਂ ਦੇ ਭਾਣੇ ਮੈਂ ਪਾਗਲ ਹੋਇਆ, ਪਰ ਜੋ ਨਜ਼ਾਰੇ, ਰਹਿਮਤਾਂ ਤੇ ਸਵਾਦ ਮੈਨੂੰ ਅਨੁਭਵ ਹੋਏ, ਉਹਨਾਂ ਨੂੰ ਮੁਖ ਰਖ ਕੇ ਮੈਂ ਚਾਹੁੰਦਾ ਹਾਂ ਕਿ ਕਦੀ ਕਦੀ ਨੀਮ ਪਾਗਲ ਹੋ ਹੀ ਜਾਇਆ ਕਰਾਂ। ਬਾਣੀ ਪੜ੍ਹਨ ਦਾ ਜਿਹੜਾ ਸਵਾਦ ਨੀਮ ਪਾਗਲ ਹਾਲਤ ਵਿਚ ਆਉਂਦਾ ਹੈ ਉਹ ਬਿਲਕੁਲ ਨਿਰਾਲਾ ਹੈ ਤੇ ਜੀਵਨ ਵਿਚ ਹੋਰ ਕਿਸੇ ਤਰੀਕੇ ਨਹੀਂ ਆਉਂਦਾ। ਬੜੇ ਨਏ ਨਏ ਅਜੀਬੋ ਗਰੀਬ ਫ਼ਾਰਮੂਲੇ, ਹੁਕਮ, ਅਸੂਲ ਪ੍ਰਮਾਤਮਾ ਦੇ ਲਭਦੇ ਹਨ, ਪਰੰਤੂ ਵਧਿਆ ਪਾਗਲਪਨ ਠੀਕ ਨਹੀਂ।

ਉਂਜ ਖੁਲ੍ਹਦਾ ਤਾਂ ਦਸਮ ਦੁਆਰ ਹੈ, ਐਪਰ ਹੁੰਦਾ ਇਹ ਹੈ ਕਿ ਧੁਨੀ ਤੋਂ ਅੰਡੇ ਦੀ ਸ਼ਕਲ ਤੇ ਆਕਾਰ ਦਾ ਗੈਸ ਦਾ ਗੁਬਾਰਾ ਉਠਦਾ ਹੈ। ਵਿਚੋਂ ਵਿਚ ਹੁੰਦਾ ਹੋਇਆ ਗਲ ਬਾਣੀ ਲੰਘ, ਮਥੇ ਵਿਚ ਬੜਾ ਵਡਾ ਤੇ ਨਮਾਇਆ ਪਟਾਕਾ ਪਾ ਕੇ ਦਿਮਾਗ ਦੇ ਸੈਂਟਰ ਨੂੰ ਚੜ੍ਹ ਜਾਂਦਾ ਹੈ। ਉਥੇ ਇਸ ਦਾ ਆਕਾਰ ਬਹੁਤ ਨਿਕਾ ਹੋ ਜਾਂਦਾ ਹੈ। ਕੀੜੀਆਂ ਵਾਂਗੂ ਦਿਮਾਗ ਦੇ ਸੈਂਟਰ ਵਿਚ ਸੁਰ ਸੁਰਾਹਟ ਕਰਦਾ ਹੋਇਆ, ਸਕੱਲ ਨਾਲ ਜਾ ਲਗਦਾ ਹੈ। ਨਰਵਸ ਸਿਸਟਮ ਦੀ ਡੀਰੇਲਮੈਂਟ ਹੋ ਜਾਂਦੀ ਹੈ। ਨੀਮ ਪਾਗਲਾਂ ਵਾਲੀ ਹਾਲਤ ਹੋ ਜਾਂਦੀ ਹੈ। ਇਲਾਜ ਇਹ ਹੈ ਪਾਠ ਘਟ ਕਰੋ, ਅਬਲ ਤੇ ਜਿਦ ਛਡ ਹੀ ਦਿਓ। ਅਰਾਮ ਕਰੋ ਅਤੇ ਸਿਰਰ ਸੋਚ ਵਿਚਾਰ ਹੀ ਜਾਰੀ ਰਹਵੇ। ਬਿਜਲੀ ਦੇ ਸ਼ੌਕ ਹਸਪਤਾਲੋਂ ਲਵਾਉ। ਲਾਰਜੇਕਟਲ ਤੇ ਟੌਫਰਨੈਲ ਖਾਉ। ਦੇਸੀ ਦਵਾ ਭੰਗ ਭਸਮ ਜਾਂ ਤਿਰਫਲਾ ਮਖਣ ਨਾਲ ਛਕਣ ਨਾਲ ਭੀ ਰਾਹਤ ਮਿਲਦੀ ਹੈ। ਸਿਮਰਨ, ਮੂੰਹ ਨਾਲ ਬੋਲ ਕੇ ਨਹੀਂ, ਦਿਲ ਜਾਂ ਸਵਾਸਾਂ ਨਾਲ ਕਹਿਕੇ ਨਹੀਂ, ਸਿਰਫ ਅਜੱਪਾ ਜਾਪ ਮਹਿਜ਼ ਚੇਤੇ ਵਿਚ ਹੀ ਰਖੋ ਕਿ ਪਰਮਾਤਮਾ ਨਿਰਗੁਣ ਸਰੂਪ (ਜਿਹੜਾ ਉਸ ਵੇਲੇ ਤਕ ਵਖ ਚੁਕ ਹੁੰਦੇ ਹਾਂ) ਹੈ।

ਮੇਰੇ ਵਿਚ ਹੈ, ਹਰ ਘਰ ਹੈ, ਹਰ ਥਾਂ ਹੈ। ਸਭੋ ਕੁਝ ਬਣਿਆ ਹੀ ਉਸਦਾ ਹੈ। ਦੁਨੀਆ ਉਸਦਾ ਪਿੰਡ ਤੇ ਘਰ ਹੈ, ਭਾਵ ਸਰਗੁਣ ਵਜੂਦ ਹੈ ਅਤੇ ਚੇਤਨ ਜੀਵ ਆਤਮਾ ਨਿਰਗੁਣ ਸਰੂਪ ਹੈ।

ਦਿਮਾਗ ਵਿਚੋਂ ਕੁਝ ਕਿੜ ਕਿੜ ਤੇ ਟੱਲੀਆਂ ਜਹੀਆਂ ਵੀ ਸੁਣਦੀਆਂ ਹਨ, ਪਰੰਤੂ ਏਵੇਂ ਜਿਵੇਂ ਰਾਤ ਨੂੰ ਬਿੰਡੇ ਬੋਲਦੇ ਹਨ। ਖ਼ਿਆਲਾਤ ਅਜੀਬੋ ਗਰੀਬ ਹੋ ਜਾਂਦੇ ਹਨ। ਕਿਸੇ ਨਾਲ ਬੋਲਣ ਤੇ ਮਿਲਣ ਵਰਤਣ ਨੂੰ ਜੀ ਨਹੀਂ ਕਰਦਾ। ਲੰਗੜੇ, ਲੂਲੇ ਤੇ ਅੰਧੇ, ਤਿਆਗੀ ਭਾਸਣ ਲਗ ਪੈਂਦੇ ਹਨ। ਪੈਸੇ ਵਲੋਂ ਕੰਗਾਲ, ਨਾਮ ਦੇ ਧਨੀ ਜਾਪਣ ਲਗ ਜਾਂਦੇ ਹਨ। ਸੱਚਾ ਪੁਰਸ਼ ਪਿਆਰਾ ਲਗਦਾ ਹੈ। ਪੱਕੀ ਉਮਰ ਵਿਚ ਵੀ ਸਿਰ ਤਾਲੂ ਵਿਚੋਂ ਉਭਰ ਜਾਂਦਾ ਹੈ। 1966 ਤੋਂ ਲੈ ਕੇ ਅਜ 1972 ਤਕ ਮੇਰਾ ਕੁਝ ਕਦ ਵਧ ਗਿਆ ਹੈ। ਬੜਾ ਅਜੀਬ ਤਮਾਸ਼ਾ ਹੁੰਦਾ ਹੈ। ਕਈ ਗਲਾਂ ਸਚ ਹੋ ਜਾਂਦੀਆਂ ਹਨ। ਐਤਕੀਂ ਦੀ ਲੋੜ੍ਹੀ ਤੇ ਛੁਟੀ ਨਹੀਂ ਸੀ ਪਰੰਤੂ ਬੈਠੇ ਸਾਂ, ਪਰਮਾਤਮਾਂ ਦੀਆਂ ਗਲਾ ਹੋ ਰਹੀਆਂ ਸਨ। ਗੁਰਬਖਸ਼ ਸਿੰਘ ਮੂੰਗਫਲੀ ਤੇ ਰਿਉੜੀਆਂ ਲੈ ਆਇਆ, ਕਹਿੰਦਾ ਜੀ ਪਰਸ਼ਾਦ ਹੈ ਭੋਗ ਲਾਉ। ਵੇਖ ਕੇ, ਮੈਨੂੰ ਇਕ ਲਘੂ ਕਥਾ ਯਾਦ ਆਈ ਤਾਂ ਕਿਹਾ, ਰਿਊੜੀ ਪ੍ਰਸ਼ਾਦ ਨਹੀਂ ਸੁਨਿਆਰਾ ਸਿੱਖ ਨਹੀਂ। ਪਰੰਤੂ ਫੜ ਮੈਂ ਮੂੰਗਫਲੀ ਤੇ ਇਕ ਰਿਉੜੀ ਵੀ ਲਈ ਮੂੰਗਫਲੀ ਤਾਂ ਭੰਨ ਕੇ ਖਾ ਲਈ ਪਰੰਤੂ ਵੇਖਦਾ ਕੀ ਹਾਂ ਜਿਹੜੀ ਰਿਉੜੀ ਮੇਰੇ ਹਥ ਵਿਚ ਸੀ ਉਹ ਮੂੰਗਫਲੀ ਬਣੀ ਹੋਈ ਹੈ। ਬੜਾ ਹੈਰਾਨ ਹੋਇਆ, ਖੈਰ ਪ੍ਰਭੂ ਨੂੰ ਐਨਾ ਨੇੜੇ ਨੇੜੇ ਵੇਖ ਕੇ ਪ੍ਰਸੰਨਤਾ ਤੇ ਹੈਰਾਨੀ ਦਾ ਆਨੰਦ ਮਾਣਿਆ।

7-3-72

ਜੀਉਂਦੇ ਜੀ ਆਦਮ ਰੂਪ ਵਿਚ ਜੇ ਪਰਾਣੀ ਕਿਸੇ ਵੇਲੇ ਵੀ, ਵਾਹਿਗੁਰੂ ਜੀ ਦੇ ਜਾਂ ਗੁਰੂਆਂ ਵਿਚੋਂ ਕਿਸੇ ਵਿਅਕਤੀ ਦੇ ਦਰਸ਼ਨ ਭਾਵੇਂ ਸੁਪਨੇ ਵਿਚ ਤੇ ਭਾਵੇਂ ਸਾਕਸ਼ਾਤ ਕਰ ਸਕੇ ਤਾਂ ਉਹ ਅਵੱਸ਼ ਮੁਕਤ ਹੁੰਦਾ ਹੈ ਉਸ ਨੂੰ ਉਹ ਸਾਰੀਆਂ ਸਹੂਲਤਾਂ ਜੀਉਂਦੇ ਜੀ ਹੀ ਮਿਲ ਜਾਂਦੀਆਂ ਹਨ, ਜਿਨ੍ਹਾਂ ਦਾ ਜ਼ਿਕਰ ਗੁਰਬਾਣੀ ਵਿਚ ਪ੍ਰਭੂ ਮਿਲਣ ਦੀ ਅਵਸਥਾ ਵਿਚ ਕੀਤਾ ਗਿਆ ਹੈ। ਵਾਹਿਗੁਰੂ ਹੈ, ਅਤੇ ਸਾਕਸ਼ਾਤ ਅਥਵਾ ਅਨਭਵ, ਦੋਵਾਂ ਤ੍ਰੀਕਿਆਂ ਨਾਲ, ਹਜ਼ਾਰਾਂ ਬਾਰ ਦਰਸ਼ਨ ਦੇਂਦਾ

ਹੈ, ਹਾਂ ਕੋਈ ਦਰਸ਼ਨਾਂ ਦਾ ਅਭਿਲਾਸ਼ੀ ਹੋਵੇ ਸਹੀ। ਆਤਮਾ ਵਾਹਿਗੁਰੂ ਹੀ ਹੈ। ਗੋਲ ਜਿਹੇ ਅਕਾਰ ਦਾ ਨੂਰ, ਦੂਧੀਆ ਰੰਗ, ਬਹੁਤ ਵਡਾ ਤੇ ਜਿੰਦਗੀ ਭਰਪੂਰ ਹੈ। ਕੀ ਕਹੀਏ ਕੁਛ ਨਹੀਂ ਕਿਹਾ ਜਾ ਸਕਦਾ ਬਸ ਇਹ ਸ਼ਬਦ ਹੀ ਉਸ ਲਈ ਢੁਕਵੇਂ ਹਨ—

ੴ

ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ
ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

27-3-72

ਇਹ ਗਲ ਸਿਧ ਹੋਣ ਵਿਚ ਨਹੀਂ ਆਉਂਦੀ ਕਿ ਮਾੜੇ ਕਰਮਾਂ ਦੀ ਪਰੇਰਨਾ ਕਿਥੋਂ ਆਉਂਦੀ ਹੈ। ਜੇ ਪਰਮਾਤਮਾ ਹਰ ਕਿਸ਼ਮ ਦੇ ਐਕਸ਼ਨ ਦੀ ਇਨਟਯੂਸ਼ਨ ਦੇਂਦਾ ਹੈ ਤਾਂ ਕੀ ਉਹ ਮਾੜੇ ਕਰਮਾਂ ਦੇ ਸੁਝਾਉ ਵੀ ਦਿੰਦਾ ਹੈ। ਮੈਂ ਇਸ ਗਲ ਨਾਲ ਸਹਿਮਤ ਨਹੀਂ ਹਾਂ। ਕੀ ਗੁਰੂ ਨਾਨਕ ਕਿਸੇ ਨੂੰ ਮਾੜੀ ਸਲਾਹ ਦੇ ਸਕਦਾ ਹੈ? ਕਦੀ ਇਸ ਤਰ੍ਹਾਂ ਦੀ ਸਲਾਹ ਦਿਤੀ? ਜੇ ਨਹੀਂ ਤਾਂ ਫਿਰ ਗੁਰੂ ਨਾਨਕ ਦਾ ਗੁਰੂ, ਪਰਮਾਤਮਾ, ਵਾਹਿਗੁਰੂ ਕਿਸ ਤਰ੍ਹਾਂ ਮਾੜੀ ਸਲਾਹ ਦੇ ਸਕਦਾ ਹੈ। ਉਥੇ ਤੇ ਮਾੜੀ ਕਹੀ ਜਾਣ ਵਾਲੀ ਕੋਈ ਚੀਜ਼ ਹੀ ਨਹੀਂ। ਮਾੜੇਪਨ ਦਾ ਤੇ ਨਾਮੋ ਨਿਸ਼ਾਨ ਹੀ ਨਹੀਂ। ਫਿਰ ਮਾੜਾ ਕਰਨ ਦੇ ਖਿਆਲ ਕਿਥੋਂ ਆਉਂਦੇ ਹਨ। ਮੇਰੀ ਸਮਝ ਵਿਚ ਜਿਵੇਂ ਇਹ ਗਲ ਆਉਂਦੀ ਹੈ ਉਹ ਇਸ ਤਰ੍ਹਾਂ ਹੈ। ਗੁਰੂ ਵਲੋਂ ਤਾਂ ਖਿਆਲ ਦਰੁਸਤ ਤੇ ਨੇਕ ਦਿਤਾ ਜਾਂਦਾ ਹੈ। ਪਰੰਤੂ ਸਾਡੇ ਮਨ ਬੁਧ ਉਸਨੂੰ ਵਿਚਾਰਦੇ ਹਨ ਤੇ ਆਦਮੀ ਆਪਣੇ ਦੁਨਿਆਵੀ ਨੁਕਸਾਨ ਜਾਂ ਡਰ ਦੇ ਤਹਿਤ, ਉਸ ਪਵਿੱਤਰ ਖਿਆਲ ਤੇ ਅਮਲ ਨਹੀਂ ਕਰਦਾ, ਸਗੋਂ ਮਨ ਦੀ ਰਾਇ ਮੰਨ ਕੇ (ਜਿਹੜੀ ਦੁਨਿਆਵੀ ਨਫ਼ੇ ਨੁਕਸਾਨ ਤੇ ਨਿਰਭਰ ਹੁੰਦੀ ਹੈ) ਐਕਟ ਕਰਦਾ ਹੈ ਇਹੋ ਸਾਡੀ ਮਨਮੁਖਤਾ ਹੈ ਅਤੇ ਮਨਮੁਖਤਾ ਦੇ ਸਿਟਿਆਂ ਕਾਰਨ ਅਸੀਂ ਕਈ ਪ੍ਰਕਾਰ ਦੇ ਮਾੜੇ ਕਰਮ ਕਰਦੇ ਫਿਰਦੇ ਹਾਂ ਤੇ ਫਸੇ ਫ਼ਿਰਦੇ ਹਾਂ। ਸਾਰੇ ਗੁਰੂ ਗ੍ਰੰਥ

ਸਾਹਿਬ ਵਿਚ, ਕਿਤੇ ਵੀ ਮਾੜਾ ਕਰਨ ਦੀ ਪਰੇਰਨਾ ਨਹੀਂ ਮਿਲਦੀ। ਇਸ ਲਈ ਪਵਿੱਤਰ ਆਤਮਾਂ ਕਦੀ ਵੀ ਮਾੜੀ ਗਲ ਨਹੀਂ ਕਰਦੀ, ਮਾੜੀ ਸਲਾਹ ਨਹੀਂ ਦਿੰਦੀ, ਇਹੋ ਹੀ ਸੱਚੇ ਗੁਰਮੁਖਾਂ ਦੀ ਨਿਸ਼ਾਨੀ ਹੈ।

30-3-72

ਅਜ ਇਉਂ ਪਰਤੀਤ ਹੁੰਦਾ ਹੈ ਕਿ ਸਾਰਾ ਸ਼ਾਸਨ, ਰਾਜ ਪ੍ਰਬੰਧ ਵਾਹਿਗੁਰੂ ਦਾ ਹੈ ਜਾਂ ਉਸ ਦੇ ਹੱਥ ਹੈ। ਉਹ ਹੀ ਉੱਚਤਮ ਨਰੇਸ਼ ਹੈ, ਪਰੰਤੂ ਗਵੱਰਨ ਉਹ ਹਰਿ ਵਿਅਕਤੀ ਨੂੰ ਵਿਅਕਤੀ ਦੀ ਮੰਗ ਤੇ ਖਿਆਲਾ ਅਨੁਸਾਰ ਕਰਦਾ ਹੈ। ਜੇ ਸਾਡੇ ਖਿਆਲ ਮਲੀਨ, ਮੰਗ ਕੁਟਿਲਤਾ ਤੇ ਹੇਰਾ ਫੇਰੀ ਤਥਾ ਰਿਸ਼ਵਤ ਆਦਿ ਦੀ ਹੋਵੇਗੀ, ਤਾਂ ਸਾਡਾ ਸਾਰਾ ਮਾਹੌਲ ਹੀ ਰਾਸ਼ੀਆਂ, ਕੁਟਿਲ ਤੇ ਬੇਈਮਾਨਾਂ ਨਾਲ ਹੋਵੇਗਾ, ਅਤੇ ਸਾਰੇ ਦੋਸਤ, ਰਿਸ਼ਤੇਦਾਰ ਏਸੇ ਤਰ੍ਹਾਂ ਦੇ ਹੋਣਗੇ। ਸਾਡਾ ਵੰਡ ਵਿਹਾਰ ਇਹੋ ਜਿਹੇ ਲੋਕਾਂ ਨਾਲ ਹੋਵੇਗਾ। ਤੁਸੀਂ ਉਹਨਾਂ ਨਾਲ ਵਲ ਫਰੇਬ ਕਰੀ ਜਾਉ ਤੇ ਉਹ ਤੁਹਾਡੇ ਨਾਲ ਚਾਲਾਂ ਤ ਦਗੇਬਾਜ਼ੀਆਂ ਕਰੀ ਜਾਣਗੇ। ਐਪਰ ਜੇ ਤੁਸੀਂ ਨੇਕ, ਸਾਫ ਦਿਲ ਅਤੇ ਸੱਚੇ ਹੋਵੋਗੇ ਤਾਂ ਤੁਹਾਡਾ ਸਾਰਾ ਵਾਤਾਵਰਨ ਸੱਚਾ ਹੋ ਜਾਵੇਗਾ। ਇਉਂ ਜਾਪਣ ਲੱਗ ਪੈਂਦਾ ਹੈ ਕਿ ਝੂਠੇ ਸ਼ਾਇਦ ਦੁਨਿਆਂ ਤੋਂ ਮੁਕ ਗਏ ਹਨ। ਇਕ ਗਲ ਇਸ ਵਿਚ ਧਿਆਨ ਰਖਣ ਵਾਲੀ ਜ਼ਰੂਰ ਹੈ ਅਤੇ ਉਹ ਹੈ, ਕਿ ਝੂਠੇਪਨ ਤੋਂ ਸੱਚੇ ਹੋਣ ਦੇ ਵਿਚਕਾਰ, ਹੋ ਸਕਦਾ ਹੈ ਤੁਸੀਂ ਨੇਕੀ ਕਰੋ, ਸੱਚ ਅਪਨਾਂਉ ਪਰ ਤੁਹਾਡੇ ਨਾਲ ਦੂਸਰੀ ਧਿਰ ਵਲੋਂ ਬੇਈਮਾਨੀ ਹੋਵੇ। ਇਹ ਅਸਲ ਵਿਚ ਪ੍ਰਮਾਤਮਾ ਵਲੋਂ ਤੁਹਾਡੇ ਟੈਸਟ ਦੀ ਕਸੌਟੀ ਹੈ। ਜੇ ਤਾਂ ਤੁਸੀਂ ਦੁਖੀ ਹੋ ਕੇ ਕੁਟਿਲਤਾ ਅਪਣਾ ਲਈ, ਇੱਟ ਦਾ ਜਵਾਬ ਪੱਥਰ ਵਿਚ ਦੇਣਾ ਚਾਹਿਆ, ਤਾਂ ਤੁਸੀਂ ਫੇਹਲ। ਐਪਰ ਜੇ ਤੁਸੀਂ ਨੁਕਸਾਨ ਦੇ ਮੁਕਾਬਲੇ ਸੱਚ ਉੱਤੇ ਡੱਟੇ ਰਹੇ ਤਾਂ ਤਹਾਡੀ ਦੁਨੀਆਂ ਬਦਲ ਜ਼ਾਵੇਗੀ। ਭੈੜ ਅਤੇ ਭੈੜਿਆਂ ਨਾਲੋਂ ਦੋਸਤੀ ਤੇ ਵਾਹ ਵਾਸਤਾ ਟੁੱਟ ਜ਼ਾਵੇਗਾ। ਸੱਚਿਆਂ ਤੇ ਚੰਗਿਆਂ ਨਾਲ ਸੰਬੰਧ ਜੁੜ ਜਾਵੇਗਾ। ਜਦੋਂ ਮੈਂ ਭੈੜਾ ਹੁੰਦਾ ਸਾਂ, ਮੇਰੀ ਸੰਗਤ ਭੈੜਿਆਂ ਨਾਲ ਹੁੰਦੀ ਸੀ, ਐਪਰ ਜ਼ਦੋਂ ਮੈਂ ਸੱਚਾ ਹੋ ਗਿਆ ਤੇ ਇਕ ਦੋ ਨੁਕਸਾਨ ਝੱਲ ਕੇ ਵੀ ਸੱਚ ਉੱਤੇ ਪਰਪਕ ਰਿਹਾ, ਤਾਂ ਮੇਰੀ ਸਾਰੀ ਸ਼ੰਗਤ ਹੀ ਬਦਲ ਗਈ। ਸਭ ਪੋਂਡੂ ਪਿਛੇ ਰਹਿ ਗਏ, ਮਹਿਕਮੇਂ ਦੇ ਕੁਟਿਲ ਪਰਚਾਰ ਦੂਰ ਰਹਿ ਗਏ ਹਨ ਮੈਂ ਬਿਲਕੁਲ ਨਿਵੇਕਲਾ ਹੋ ਗਿਆ

ਹਾਂ। ਦੁਖ ਦਰਦ, ਚਾਲਾਂ ਸਕੀਮਾਂ, ਸਾੜਾ, ਪਿਛੇ ਰਹਿ ਗਏ ਹਨ। ਆਹਾ ਹਾ ! ਬਿਲਕੁਲ ਆਜ਼ਾਦ, ਸੁਰਖ਼ਰੂ, ਬੇ-ਮੁਹਤਾਜ, ਬੇ-ਪਰਵਾਹ, ਝੂੜਾਂ ਝੇਰਿਆਂ ਤੋਂ ਉੱਚਾ, ਸੱਚੇ ਭਗਤਾਂ ਨਾਲ ਪਿਆਰ ਤੇ ਬਹਿਣ ਖਲੋਣ। ਰੋਟੀ ਟੁੱਕ ਦਾ ਕੁਦਰਤੀ ਵਧੀਆ ਪਰਬੰਧ। ਕੋਈ ਘਾਲਣਾ ਨਹੀਂ, ਸੱਚੀ ਗਲ ਤਾਂ ਇਹ ਹੈ ਕਿ ਘਰ ਬਾਹਰ ਨਵਾਰੀਆਂ ਤੇ ਮੌਜਾਂ ਮਾਣਦਾ ਹਾਂ, ਕਿਤੇ ਮਾਮੂਲੀ ਚੂੰਝ ਚਰਚਾ ਵੀ ਨਹੀਂ, ਖੁਸ਼ੀ ਤੇ ਖੇੜਾ ਹਰ ਪਾਸੇ ਹੈ। ਵਾਹਿਗੁਰੂ ਕਿਰਪਾ ਕਰਕੇ ਆਪਣੇ ਨਿਰਗੁਣ ਸਰੂਪ ਜਾਂ ਨਾਮ ਵਿਚ ਲਿਵਲੀਨ ਰਖੇ।

1-·-72

ਜੇ ਚਾਹੀਏ ਕਿ ਨਾਮ ਜਪ ਕੇ ਜਾਂ ਗਿਆਨ ਪਰਾਪਤ ਕਰਕੇ ਜਾਂ ਹਰ ਕਸੌਟੀ ਤੇ ਪੂਰਾ ਉੱਤਰ ਕੇ ਪਰਾਣੀ ਮੁਕਤ ਹੋ ਸਕਦਾ ਹੈ, ਤਾਂ ਇਹ ਸੰਭਵ ਨਹੀਂ ਬਹਾਨੇ ਵੀ ਨਹੀਂ, ਸਗੋਂ ਸੱਚੇ ਤੌਰ ਤੇ ਪਰਾਣੀ ਵਿਚ ਹਜ਼ਾਰਾਂ ਤਰੁਟੀਆਂ ਤੇ ਖਾਮੀਆਂ ਹਨ। ਪਰਾਣੀ ਟੈਸਟਾਂ ਤੇ ਪਰੀਖਿਆਵਾਂ ਵਿਚ ਕਦੀ ਵੀ ਪੂਰਨ ਪਾਸ ਨਹੀਂ ਹੋ ਸਕਦਾ। ਬਖਸ਼ਣਾ ਹੋਵੇ ਤਾਂ ਨਿਕੀ ਜਿਹੀ ਗਲ ਤੋਂ ਬਖਸ਼ ਦੇਵੇ, ਨਾ ਬਖਸ਼ਣਾਂ ਹੋਵੇ ਤਾਂ ਸੌ ਬਹਾਨੇ। ਰਹਿਮੋਂ ਕਰਮ ਵਾਹਿਗੁਰੂ ਦੇ ਹੱਥ ਹੈ। ਚਾਹੇ ਤਾਂ ਘੁਮਾਈ ਫਿਰੇ, ਚਾਹੇ ਤਾਂ ਮਿਹਰ ਕਰਕੇ ਆਪਣੇ ਨਾਲ ਮੇਲ ਲਵੇ। ਅਸੀਂ ਲੋਕ ਧਰਤੀ ਤੋਂ ਧਰਮ ਦੀ ਟਰੇਨਿੰਗ ਲੈ ਕੇ ਹੀ ਜ਼ਾਂਦੇ ਹਾਂ, ਪਰ ਗੁੜ੍ਹੇ ਨਹੀਂ ਹੁੰਦੇ। ਜੇ ਨਾਲ ਮਿਲਾ ਲਵੇ ਤਾਂ ਧਰਮ ਗਿਆਨ ਦੀ ਵਰਤੋਂ ਕਰਕੇ ਹੁਸ਼ਿਆਰ ਹੋ ਜਾਂਦੇ ਹਾਂ ਵਰਨਾ ਮੁੜ ਮੁੜ ਧਰਤੀ ਸਕੂਲ ਵਿਚ ਕੋਰਸ ਕਰਨ ਲਈ ਭੇਜ ਦਿੱਤੇ ਜਾਂਦੇ ਹਾਂ। ਸਤਿਗੁਰ ਰਹਿਮਤ ਕਰੇ।

17-4-72

ਖਾਲਸੇ ਨੂੰ ਸਭਿ ਤੋਂ ਪਹਿਲਾਂ ਬ੍ਰਹਮ ਗਿਆਨੀ ਜਾਂ ਸੰਤ ਬਣਨਾ ਚਾਹੀਦਾ ਹੈ। ਗਿਆਨ ਵਿਚ ਪੂਰਾ ਹੋਣ ਦੇ ਬਾਦ ਭਾਵੇਂ ਸਭਿ ਕੁਝ ਪ੍ਰਮਾਤਮਾ ਤੇ ਸੁਟ ਛਡੇ ਤੇ ਭਾਵੇਂ ਆਪਣੇ ਰਾਹ ਵਿਚ ਆਉਂਦੀਆਂ ਮੁਸ਼ਕਲਾਂ ਦ ਮੁਕਾਬਲੇ ਕੁਰਬਾਨੀ ਦੇਵੇ। ਉਸ ਦੀ ਖੁਸ਼ੀ ਹੈ, ਪਰੰਤੂ ਗਿਆਨਵਾਨ ਹੋਏ ਤੋਂ ਬਿਨਾ, ਸੰਭਵ ਹੈ, ਕਿ ਉਹ ਇਖਲਾਕੀ ਮਿਆਰ ਤੋਂ ਹੀ ਗਿਰ ਜਾਏ ਅਤੇ ਆਮ ਹਾਲਤਾਂ ਵਿਚ ਦਿਵੇਂ

ਹੀ ਹੁੰਦਾ ਹੈ । ਇਖਲਾਕੋਂ ਨੀਵੇਂ ਹਮਲਿਆਂ ਦਾ ਜਵਾਬ ਦੇਣ ਲਈ ਜੇ ਨੀਵਾਂ ਇਖਲਾਕ ਅਪਨਾਇਆ ਜਾਵੇ ਤਾਂ ਬੰਦਾ ਮਾੜਾ ਹੈ । ਇਖਲਾਕੀ ਉਚਾਈ ਏਵੇਂ ਵਖੋਵੇਂ ਜਾਂ ਗਲਾਂ ਬਾਤਾਂ ਦੀ ਹੀ ਸੀ । ਹੋਣਾ ਇੰਜ ਚਾਹੀਦਾ ਹੈ ਕਿ ਬਦੀ ਜਾਂ ਭੈੜੇ ਪਰਾਣੀਆਂ ਵਲੋਂ ਕੀਤੇ ਹਮਲੇ ਦਾ ਜਵਾਬ ਆਪਣੇ ਇਖਲਾਕੀ ਮਿਆਰ ਨੂੰ ਉੱਚਾ ਰੱਖਦਿਆਂ, ਸਭ ਪਰਮਾਤਮਾਂ ਦੀ ਖੇਡ ਜਾਣਕੇ ਵੱਧ ਤੋਂ ਵੱਧ ਕੁਰਬਾਨੀ ਨਾਲ ਦੇਵੇ । ਮੁਸਲਮਾਨਾਂ ਸੌਹਾਂ ਖਾ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰੋਂ ਕਢਿਆ । ਸੌਹਾਂ ਤੋੜੀਆਂ, ਧੋਖਾ ਦਿਤਾ, ਬੇਈਮਾਨੀ ਕੀਤੀ, ਮਾੜੇ ਇਖਲਾਕ ਦਾ ਵਖਾਲਾ ਕੀਤਾ, ਪਰੰਤੂ ਗੁਰੂ ਜੀ ਨੇ ਜੰਗ ਵਿਚ ਤਾਂ ਲੱਖ ਮਾਰੇ ਹੋਣਗੇ ਐਪਰ ਧੋਖਾ, ਬੇਈਮਾਨੀ ਨਹੀਂ ਖੇਡੀ । ਇਹ ਹੈ ਖਾਲਸੇ ਦੀ ਸੱਚੀ ਸੁੱਚੀ ਤੇ ਸਹੀ ਤਸਵੀਰ 'ਕਿਸੇ ਸੂਰਤ ਵੀ ਆਪਣੇ ਵਿਚ ਇਖਲਾਕੀ ਹੀਣਾ ਪਨ ਨ ਆਣ ਦਿੱਤਾ ਜਾਵੇ ।

?3-4-72

ਪਿਛਲੇ ਚੰਦ ਦਿਨਾ ਤੋਂ ਮੇਰੇ ਵਿਚ ਉਦਾਸੀ ਦਾ ਜਜ਼ਬਾ ਵਧੇਰੇ ਸੀ। ਪਤਾ ਨਹੀਂ ਸੀ ਲਗਦਾ ਇਹ ਕਿਉਂ ਹੈ । ਰਾਤ ਦੀ ਸੋਚ ਵਿਚਾਰ ਤੋਂ ਇਸ ਨਤੀਜੇ ਤੇ ਅਪੜਿਆ ਹਾਂ ਕਿ ਦੁਨਿਆਂ ਇਕ ਹਸਤੀ ਗੁਰਮੁਖ ਪ੍ਰਾਣੀ, ਪ੍ਰਮਾਤਮਾ ਜਾਂ ਗੁਰੂ ਕਹੇ ਜਾਣ ਵਾਲੀ ਸ਼ਕਤੀ ਦੀ ਰਚਨਾ ਹੈ ਤੇ ਉਸ ਦਾ ਹੀ ਇਸ ਉਤੇ ਰਾਜ ਹੈ । ਉਸ ਨੇ ਆਪਣੇ ਨਾਮ ਵਿਚੋਂ ਚੇਤੰਨ ਸ਼ਕਤੀਆ ਜਾਂ ਜੀਵ ਆਤਮਾ ਪੈਦਾ ਕੀਤੀਆਂ ਅਤੇ ਮਾਇਆ (ਜਿਹੜੀ ਉਸੇ ਦੀ ਊਰਜਾ ਹੈ) ਵਿਚ ਸਮੋ ਦਿਤੀਆਂ । ਉਹਨਾਂ ਆਤਮਾਵਾਂ ਦੀ ਮਾਰਫਤ ਉਹ (ਵਾਹਿਗੁਰੂ) ਸਾਰੇ ਕੰਮ ਚਲਾ ਰਿਹਾ ਹੈ । ਜੀਵ ਆਤਮਾ ਜੋ ਵੀ ਮੰਗਦੀ ਹੈ ਰੱਬ ਉਹੋ ਕੁਝ ਹੀ ਉਸ ਨੂੰ ਬਹੁਤਾਤ ਵਿਚ ਦੇਂਦਾ ਹੈ । ਕੋਈ ਕਰੋਧ ਮੰਗਦਾ ਹੈ ਤਾਂ ਮਾਰ ਉਹ ਦੰਦੀਆਂ ਪੀਹ ਪੀਹ ਨਾਸਾਂ ਫੁਲਾ ਫੁਲਾ ਵਢੂੰ ਖਾਊ ਕਰਦਾ ਫਿਰਦਾ ਹੈ । ਕੋਈ ਕਾਮ ਮੰਗਦਾ ਹੈ ਤਾਂ ਰਾਤ ਦਿਨ ਖਿਆਲ ਸੁਫਨੇ ਤੇ ਫੁਰਨੇ ਕਾਮ ਦੇ ਹੀ ਆਉਂਦੇ ਹਨ ਅਤੇ ਕਈ ਪਰਕਾਰ ਦੀਆਂ ਅਨਉਚਿਤ ਹਰਕਤਾਂ ਕਰਵਾ ਲੈਂਦਾ ਹੈ । ਗਲ ਕੀ ਜਿਹੜੇ ਆਦਮੀ ਵਿਜੋਗ ਦੇ ਕਿਸੇ ਖਿਆਲ ਵਿਚ ਪੈਂਦੇ ਹਨ ਉਹਨਾਂ ਦੀ ਦੂਰੀ ਵਧਦੀ

ਜਾਂਦੀ ਹੈ । ਪਰੰਤੂ ਜਿਹੜੇ ਸੰਜੋਗ ਦੇ ਖਾਤੇ ਵਿਚੋਂ ਕਿਸੇ ਗਲ ਦੀ ਚਾਹਨਾ ਕਰਦੇ ਹਨ ਉਹਨਾਂ ਨੂੰ ਨੇਕੀ, ਪਰਉਪਕਾਰ ਅਤੇ ਸੇਵਾ ਆਦਿ ਦੇ ਕਾਫੀ ਮੌਕੇ ਮਿਲਣੇ ਸ਼ੁਰੂ ਹੋ ਜਾਂਦੇ ਹਨ ਤੇ ਉਹਨਾਂ ਦੀ ਇਸ ਗਲੇ ਤਰੱਕੀ ਹੋਈ ਜਾਂਦੀ ਹੈ । ਮਾਇਆ ਮੰਗਣ ਵਾਲੇ ਨੂੰ ਮਾਇਆ, ਪੁਤ ਧੀਆਂ ਮੰਗਣ ਵਾਲੇ ਨੂੰ ਧਾੜ ਬਚਿਆਂ ਦੀ ਅਤੇ ਨਾਮ ਜਪਣ ਵਾਲੇ ਨੂੰ ਵਧ ਤੋਂ ਵਧ ਨਾਮ ਮਿਲਦਾ ਹੈ । ਪਰਮਾਤਮਾ ਦੀ ਹੁਕਮ ਰਜ਼ਾ ਦੀਆਂ ਬਾਰੀਕੀਆਂ ਦਾ ਪਤਾ ਲਗਦਾ ਹੈ । ਜਿਉਂ ਜਿਉਂ ਆਦਮੀ ਦਾ ਵਿਸ਼ਵਾਸ ਪੱਕਾ ਹੁੰਦਾ ਜਾਂਦਾ ਹੈ ਤਿਉਂ ਤਿਉਂ ਆਦਮੀ ਸੁਖੀ, ਖੁਸ਼ਹਾਲ, ਨਿਰਰੋਗ ਤੇ ਨਿਰਭੈ ਹੁੰਦਾ ਜਾਂਦਾ ਹੈ । ਉਹਨੂੰ ਪਤਾ ਲਗ ਜਾਂਦਾ ਹੈ ਕਿ ਸਭਿ ਬ੍ਰਹਮ, ਭਾਵ ਗੁਰੂ ਹੀ ਗੁਰੂ ਫੈਲਿਆ ਹੋਇਆ ਹੈ ਦੂਸਰੀ ਕੋਈ ਚੀਜ਼ ਹੈ ਹੀ ਨਹੀਂ । ਮਾੜੇ ਕਿਰਦਾਰ ਦੇ ਆਦਮੀਆਂ ਵਲੋਂ ਹਮਲੇ, ਅਸਲ ਵਿਚ ਪਰਮਾਤਮਾ ਹੀ ਪਰਖ ਪਰਖ ਕੇ ਵੇਖਦਾ ਹੈ ਕਿ ਇਹ ਜੀਵ ਪਰਪੱਕ ਹੋਇਆ ਹੈ ਕਿ ਅਜੇ ਕੁਝ ਕਸਰ ਬਾਕੀ ਹੈ । ਤੁਸੀਂ ਵਿਸ਼ਵਾਸ ਵਿਚ ਪਰਪੱਕ ਹੋਣ ਦਾ ਸਬੂਤ ਦੇ ਦਿਓ, ਗੁਰੂ ਇਮਤਿਹਾਨ ਲੈਣੋ ਹਟ ਜਾਏਗਾ । ਬੁਰਾ ਯਾ ਬੁਰਿਆਈ ਤੁਹਾਡੇ ਲਾਗੇ ਨਹੀਂ ਫਟਕੇਗੀ । ਜੇ ਆਵੇਗੀ ਤਾਂ ਸ਼ਾਇਦ ਤੁਹਾਥੋਂ ਕੁਝ ਸਿਖਿਆ ਲੈਣ ਆਵੇਗੀ ਨੁਕਸਾਨ ਬਿਲਕੁਲ ਨਹੀਂ ਕਰ ਸਕੇਗੀ ।

ਮਾੜੇ ਕਰਮ ਤਾਂ ਖੈਰ ਕਰਨੇ ਹੀ ਨਹੀਂ ਚਾਹੀਦੇ ਪਰੰਤੂ ਚੰਗਿਆਂ ਦਾ ਵੀ ਫਲ ਭੋਗਣਾ ਪੈਂਦਾ ਹੈ । ਜੇ ਕਿਸੇ ਨੂੰ ਇਨਸਾਫ ਕਰਨਾ ਚੰਗਾਂ ਲਗਦਾ ਹੈ ਤਾਂ ਮੁਮਕਿਨ ਹੈ ਉਹ ਜੱਜ ਬਣ ਜਾਵੇ । ਜੇ ਕਿਸੇ ਨੂੰ ਸੇਵਾ ਚੰਗੀ ਲਗਦੀ ਹੈ ਤਾਂ ਹੋ ਸਕਦਾ ਹੈ ਉਹ ਲੀਡਰ ਬਣ ਜਾਵੇ ਪਰੰਤੂ ਮੁਕਤ ਨਹੀਂ ਹੋਵੇਗਾ । ਮੁਕਤਿ ਹੈਸੀਅਤ ਦੋਨੋਂ ਪਰਕਾਰ ਦੇ ਕਰਮਾਂ ਤੋਂ ਉਪਰ ਹੈ । ਮਿਲਦੀ ਭਾਵੇਂ ਮਹਿਜ਼ ਬਖਸ਼ਿਸ਼ ਨਾਲ ਹੈ, ਪਰੰਤੂ ਬਖਸ਼ਿਸ਼ ਲੈਣ ਲਈ ਨੇਕ ਤੇ ਚੰਗੇ, ਸੱਚੇ ਸੁਚੇ ਕੰਮ ਪਰਮਾਤਮਾ ਦੁਆਰਾ, ਪਰਮਾਤਮਾ ਲਈ ਹੀ ਕੀਤੇ ਜਾਣੇ ਚਾਹੀਦੇ ਹਨ । ਬੱਲੇ ਬੱਲੇ ਦਾ ਨਾਮਨਾ ਲੈਣ ਲਈ ਨਹੀਂ ਨਿਰਗੁਣ ਸਰੂਪ ਵਾਹਿਗੁਰੂ ਤੋਂ ਥੱਲੇ ਸਭਿ ਕੁਝ ਹੀ ਮਾਇਆ ਹੈ । ਬਹੁਤ ਵਡਾ ਅਤੇ ਪੇਚੀਦਾ ਚੱਕਰ ਹੈ ਮਾਇਆ ਦਾ । ਵਾਹਿਗੁਰੂ ਹੀ ਹੈ ਜੋ ਰਹਿਮਤ ਕਰਕੇ ਕਢ ਲਵੇ ।

1-5-72

ਜਿਸ ਤਰ੍ਹਾਂ ਜੀਵਨ ਵਿਚ ਕਦੀ ਮਾੜੇ ਦਿਨ ਤੇ ਕਦੀ ਚੰਗੇ ਦਿਨ ਆਉਂਦੇ ਰਹਿੰਦੇ ਹਨ। ਐਨ ਏਸੇ ਤਰ੍ਹਾਂ ਸਮੂਲਚਾ ਚੰਗਾ ਤੇ ਮਾੜਾ ਜਨਮ ਭੀ ਬੀਤਦਾ ਰਹਿੰਦਾ ਹੈ। ਜਿਸ ਮਾਨੁਖ ਦਾ ਵਰਤਮਾਨ ਬਹੁਤ ਸ਼ਾਨਦਾਰ ਤੇ ਚੰਗਾ ਹੈ, ਉਹ ਪਿਛੇ ਦੀ ਗਰੀਬੀ ਤੇ ਪਰਭੂ ਭਗਤੀ ਵਿਚੋਂ ਆਇਆ ਹੈ। ਵਡਾ ਜ਼ਿਮੀਦਾਰ, ਵਡਾ ਸਰਕਾਰੀ ਕਰਮਚਾਰੀ ਅਤੇ ਲੀਡਰ ਪਿਛਲੇ ਜਨਮ ਵਿਚ ਜ਼ਮੀਨ, ਵਕਾਰ ਅਤੇ ਲੋਕ ਸੇਵਾ ਦੇ ਗੁਣਾਂ ਨੂੰ ਤਰਸਦੇ ਰਹੇ ਹਨ, ਹੁਣ ਉਹਨਾਂ ਨੂੰ ਮਨ ਬਾਂਛਤ ਚੀਜ਼ਾਂ ਮਿਲ ਗਈਆਂ ਹਨ ਤੇ ਪਰਮਾਤਮਾ ਦੇਖ ਰਿਹਾ ਹੈ ਕਿ ਇਹ ਗਰੀਬੀ ਵੇਲੇ ਕੀਤੇ ਵਾਹਦਿਆਂ ਅਨੁਸਾਰ ਧਰਮ ਦੀ ਕਮਾਈ ਕਰਦੇ ਹਨ ਕਿ ਨਹੀਂ ? ਭਾਵ ਜਦ ਚੀਜ਼ ਇਨ੍ਹਾ ਪਾਂਸ ਨਹੀਂ ਸੀ ਓਦੋਂ ਇਹ ਜੀਵ ਸੋਚਦੇ ਹੁੰਦੇ ਸਨ ਕਿ ਹੇ ਪ੍ਰਭੂ ਜੇ ਮੈਨੂੰ ਫਲਾਂ ਚੀਜ਼ ਦੇਵੇਂ ਤਾਂ ਮੈਂ ਇੰਜ ਕਰਾਂ, ਉਂਜ ਕਰਾਂ। ਜਿਹੜੇ ਭੈੜ ਇਹ ਅਮੀਰਾਂ ਆਦੀ ਵਿਚ ਵੇਖ ਕੇ ਘਿਰਣਾ ਕਰਦੇ ਸਨ, ਕੀ ਉਸ ਘਿਰਣਾ ਦੇ ਅਨਕੂਲ ਠੀਕ ਅਦਲ ਇਨਸ਼ਾਫ ਤੇ ਧਰਮ ਨਿਭਾਂਦੇ ਹਨ ਕਿ ਬਸ ਭੁਲ ਗਏ ਹਨ ਰਬ ਨੂੰ।

ਅਜ ਦੇ ਗਰੀਬ ਤੇ ਲਿਤਾੜੇ ਹੋਏ ਲੋਕ ਪਿਛਲੇ ਧਨਾਡ ਤੇ ਮਨ ਮਾਨੀਆਂ ਕਰਨ ਵਾਲੇ ਜੀਵ ਹਨ। ਭੈੜੀਆਂ ਰੁਚੀਆਂ ਤੇ ਐਬ ਅਪਨਾਉਣ ਦੇ ਕਾਰਨ, ਮੁਸੀਬਤਾਂ ਵਿਚ ਫਸੇ ਲੱਖੇ ਬਲੱਖੇ ਦੇ ਰਹੇ ਹਨ। ਅੰਗ ਹੀਨ, ਸਰੀਰੋਂ ਊਂਣੇ ਤੇ ਕਰਮ ਰੋਗੀ ਏਸੇ ਸ਼ਰੇਣੀ ਦੇ ਜੀਵ ਹੁੰਦੇ ਹਨ ਇਹਨਾਂ ਤੇ ਅਸਲੀ ਤਰਸ ਇਹਨਾਂ ਨੂੰ ਇਹਨਾਂ ਦੇ ਮਨ ਦੇ ਰੋਗਾਂ ਦੀ ਜਾਣ ਪਛਾਣ ਕਰਾਣੀ ਹੈ। ਉਸ ਨਾਲ ਰੋਗ ਜੜ੍ਹੋਂ ਹੀ ਪੁਟਿਆ ਜਾਂਦਾ ਹੈ। ਪਰਮਾਤਮਾ ਨੇ ਸਤਿਗੁਰੂ ਨਾਨਕ ਨੂੰ ਰੋਗ ਪਛਾਨਣ ਦੀ ਸੋਝੀ ਦਿਤੀ ਅਤੇ ਚਾਰ ਜੁਗਾਂ ਦੇ ਰੋਗੀਆਂ ਦਾ ਇਲਾਜ ਕਰਵਾਇਆ ਪਰਮਾਤਮਾ ਨੂੰ ਭੁਲ ਜਾਣ ਨਾਲ ਸਾਰੇ ਰੋਗ ਲਗਦੇ ਹਨ ਅਤੇ ਪ੍ਰਮਾਤਮਾ ਦੀ ਯਾਦ ਆ ਜਾਣ ਨਾਲ ਲਗੇ ਰੋਗ ਵੀ ਦੂਰ ਹੋ ਜਾਂਦੇ ਹਨ। ਜਮਣਾ ਮਰਨਾ ਵੀ ਇਕ ਰੋਗ ਹੀ ਹੈ।

22-5-72 ਅਜਬ ਤੇਰੀ ਨੀਰੀਆਂ ਗਜਬ ਤੇਰੀ ਦੁਨੀਆਂ,
ਚੰਗਿਆਂ ਲਈ ਚੰਗੀ ਤੇ ਮੰਦਿਆਂ ਲਈ ਮੰਦੀ ਏ ।

ਇਹ ਦੁਨੀਆਂ ਇਕ ਰਾਜੇ ਰਬ ਦੀ ਮਲਕੀਅਤ ਹੈ, ਪਰੰਤੂ ਕੋਈ ਹਡ, ਚੰਮ, ਲਹੂ ਦਾ ਪੁਤਲਾ, ਰਬ ਨਹੀਂ ਹੋ ਸਕਦਾ। ਹਾਂ! ਰੱਬ ਵਲੋਂ ਨੀਅਤ ਕੀਤਾ ਐਡਮਿਨਿਸਟਰੇਟਰ ਤਾਂ ਹੋ ਸਕਦਾ ਹੈ। ਐਨ ਏਸੇ ਤਰ੍ਹਾਂ ਹੀ ਇਜ ਦੁਨੀਆ ਤੇ ਹੋ ਰਿਹਾ ਹੈ। ਸਾਰੇ ਆਦਮੀ ਸੇਵਾਦਾਰ ਹਨ, ਕੋਈ ਵੱਡੀਆਂ ਪੱਦਵੀਆਂ ਵਾਲੇ ਤੇ ਕੋਈ ਛੋਟੀਆਂ ਪਦਵੀਆਂ ਵਾਲੇ। ਜਿਹੜੇ ਤਾਂ ਰਬ ਦੇ ਹੁਕਮਾਂ (Laws) ਨੂੰ ਚੰਗੀ ਤਰ੍ਹਾਂ ਸਮਝਦੇ ਹਨ ਉਹਨਾਂ ਦੇ ਅਨਕੂਲ ਚਲਦੇ ਹਨ, ਉਹ ਸ਼ਾਦਮਾਨੀਆਂ ਮਾਣਦੇ ਹਨ ਵਰਨਾ ਬਰ੍ਹਤਾਤ ਲੋਕਾਂ ਦੀ ਤਾਂ ਅਥਰੂ ਵਗਾਉਂਦੀ ਹੀ ਦਿਸਦੀ ਹੈ। ਰਬ ਦਿਲਾਂ ਦੀ ਜਾਣਦਾ ਹੈ ਤੇ 'ਕੋਈ ਨ ਪਕੜੀਐਂ ਕਿਸੇ ਥਾਇ। ਬਿਲਕੁਲ ਜੈਸੀ ਕਰਨੀ ਵੈਸੀ ਭਰਨੀ ਪੈਂਦੀ ਹੈ। ਤੁਸੀਂ ਕਿਸੇ ਨਾਲ ਹੇਰਾ ਫੇਰੀ ਦੀ ਨ ਸੋਚੋ, ਵਕਤ ਆਵੇਗਾ ਕਿ ਤੁਹਾਡੇ ਨਾਂਲ ਵੀ ਕੋਈ ਹੇਰਾ ਫੇਰੀ ਨਹੀਂ ਹੋਵੇਗੀ। ਜਦੋਂ ਰਾਮ ਤੋਂ ਸਿਵਾ ਏਥੇ ਹੈ ਹੀ ਕੁਝ ਨਹੀਂ, ਫਿਰ ਕਿਉਂ ਇਕ ਦੂਜੇ ਨਾਲ ਧੋਖਾ, ਫ਼ਰੇਬ, ਝੂਠ; ਕੁਟਿਲਤਾ ਕਰੀ ਜਾਂਦੇ ਹਾਂ ਉਹ ਇਸ ਲਈ ਕਿ ਇਹ ਬੀਮਾਰੀਆਂ ਸਾਡੀ ਆਪਣੀ ਹੀ ਰੂਹ ਨੂੰ ਗੰਦੇ ਖਿਆਲਾਤ ਤੇ ਰੂਪ ਵਿਚ ਚਿੰਬੜੀਆਂ ਹੋਈਆਂ ਹਨ। ਜਿਨ੍ਹਾਂ ਦਾ ਪ੍ਰਗਟਾਵਾ ਅਸੀਂ ਦੂਜਿਆਂ ਤੇ ਇਨ੍ਹਾਂ ਹਥਿਆਰਾਂ ਦੀ ਵਰਤੋਂ ਕਰਕੇ ਕਰਦੇ ਹਾਂ। ਜਿਹੜਾ ਆਦਮੀ ਬਹੁਤ ਕਰਕੇ ਕਾਮ ਦੀਆਂ ਗੱਲਾਂ ਕਰਦਾ ਹੈ, ਉਸ ਦੇ ਆਪਣੇ ਵਿਚ ਕਾਮ ਰੁਚੀ ਲੁਕੀ ਹੁੰਦੀ ਹੈ। ਜਿਹੜਾ ਝੂਠ, ਠੱਗੀ, ਬੇਈਮਾਨੀ ਦੰਭ ਆਦਿ ਦੀਆਂ ਗੱਲਾਂ ਕਰਦਾ ਹੈ। ਉਹਦੇ ਵਿਚ ਅਬਲ ਤਾਂ ਇਹ ਖੋਟ ਹੈਨ, ਜੇ ਨਹੀਂ ਤਾਂ ਆ ਜਾਣਗੇ, ਕਿਉਂਕਿ ਉਹ ਉਹਨਾਂ ਨੂੰ ਚੇਤੇ ਕਰ ਰਿਹਾ ਹੈ। ਜੀਵ ਦਾ ਹਰ ਬੋਲ, ਹਰ ਕੰਮ, ਇਥੋਂ ਤਕ ਕਿ ਦੇਖਿਆ, ਸੁਣਿਆ ਪੜ੍ਹਿਆ ਤੇ ਮਹਿਸੂਸ ਕੀਤਾ ਵੀ ਆਤਮਾਂ ਤੇ ਅਸਰ ਪਾਂਦੇ ਹਨ। ਜਿਥੋਂ ਅਸੀਂ ਪਛਾਣ ਕਰਕੇ ਬੁਰੇ ਖਿਆਲਾਂ ਨੂੰ ਛਡ ਕੇ ਨੇਕ ਖਿਆਲ ਅਪਨਾਉਂਦੇ ਹਾਂ। ਨਾਮ, ਬਾਣੀ ਏਸੇ ਤਰ੍ਹਾਂ ਸਾਨੂੰ ਚੰਗਿਆਈਆਂ ਦਸ ਦਸ ਕੇ ਦੇਰੀਨਾ ਬੁਰਿਆਈਆਂ ਨੂੰ ਕਢੀ ਤੁਰੇ ਜਾਂਦੇ ਹਨ। ਇਸ ਲਈ ਸਭ ਤੋਂ ਸਰੇਸ਼ਟ ਸੇਵਾ ਬਨੀ ਨੌ ਇਨਸਾਨ ਦੀ ਇਸ ਵਿਚ ਹੈ ਕਿ ਰੋਗ ਦੀ ਜੜ੍ਹ ਦਾ ਅਹਿਸਾਸ ਕਰਾਇਆ ਜਾਵੇ। ਉਹਨਾਂ ਦੀ ਆਤਮਾਂ ਦੇ ਰੋਗ ਉਘੇੜ ਕੇ ਉਨ੍ਹਾਂ ਦੇ ਸਾਹਮਣੇ ਰਖ ਦਿਤੇ ਜਾਣ ਤੇ ਇਲਾਜ ਨਾਮ ਦਾਰੂ ਦੇ ਕੇ, ਉਹਨਾਂ ਦੇ ਨਿਰਰੋਗ ਹੋਣ ਵਿਚ ਮਦਦ ਕੀਤੀ ਜਾਵੇ। ਜਿਵੇਂ ਗੁਰਬਾਣੀ ਕਰਦੀ ਹੈ।

# (ਰਾਮ ਰੱਬ ਖਾਲਸਾ) ਰਾਜ

ਸਾਰਾ ਬ੍ਰਹਮੰਡ ਅਤੇ ਸਾਡੀ ਧਰਤੀ ਅਥਵਾ ਧਰਤੀ ਉੱਤਲੇ ਜੀਵ ਜੰਤੂ, ਸਭਿ ਪ੍ਰਮਾਤਮਾ ਦੀ ਉਪਜ ਹਨ ਅਤੇ ਉਹ ਪਰਮਾਤਮਾ ਆਪ ਹੀ ਬਹੁ-ਰੂਪੀਆ ਹੋਕੇ ਵਿਚਰ ਰਿਹਾ ਹੈ। ਹਰ ਪਰਾਣੀ ਉਤੇ ਖਿਆਲ ਤਰੰਗਾਂ ਰਾਹੀਂ ਉਹ ਆਪ ਹੀ ਰਾਜ ਕਰ ਰਿਹਾ ਹੈ। ਨਾਨਾ ਪਰਕਾਰ ਦੀਆਂ ਖਿਆਲ ਤਰੰਗਾ (intutions) ਭੇਜ ਕੇ ਉਹ ਆਪ ਹੀ ਇਸ ਖੇਡ ਨੂੰ ਖੇਲ੍ਹ ਰਿਹਾ ਹੈ। ਅਸੀਂ ਇਨਸਾਨ ਉਸੇ ਮਾਲਕ ਦਾ ਹੀ ਸਰਗੁਣ ਸਰੂਪ ਹਾਂ। ਅਸੀਂ ਜੋ ਕੁਝ ਖੱਟ ਕਮਾ ਕੇ ਘਰ ਲੈ ਜਾ ਸਕਦੇ ਹਾਂ, ਤਾਂ ਉਹ ਈਸ਼ਵਰ ਦੀ ਯਾਦ ਅਤੇ ਸੇਵਾ ਹਨ। ਯਾਦ ਜਾਂ ਨਾਮ ਜਪਣਾ ਤਾਂ ਵਿਅਕਤੀਗਤ ਤੌਰ ਤੇ ਹੋ ਜਾਂਦਾ ਹੈ, ਪਰੰਤੂ ਨਾਮ ਦੀ ਵਰਤੋਂ ਸੇਵਾ ਵਿਚ ਹੁੰਦੀ ਹੈ ਬਨੀਨੌਂ ਇਨਸਾਨ ਦੀ ਸੇਵਾ, ਪਰਭੂ ਦੀ ਸੇਵਾ ਹੈ ਤੇ ਨਾਮ ਦੀ ਵਰਤੋਂ ਲਈ ਅਸਲੀ ਥਾਂ ਹੈ। ਇਸ ਲਈ ਸਾਨੂੰ ਇਨਸਾਨਾਂ ਨੂੰ ਇਕ ਐਸੇ ਸਮਾਜ ਦੀ ਰਚਨਾ ਕਰਨੀ ਚਾਹੀਦੀ ਹੈ ਜਿਸ ਵਿਚ ਹਰ ਇਨਸਾਨ ਸੁਖੀ, ਸੁਰੱਕਸ਼ਿਤ ਤੇ ਇਜ਼ਤ ਆਬਰੂ ਵਾਲਾ ਜੀਵਨ ਬਤੀਤ ਕਰ ਸਕੇ। ਸਾਡੇ ਲੀਡਰ ਸਮਾਜ ਸੇਵਕ ਹੀ ਤਾਂ ਹਨ। ਉਹਨਾਂ ਦਾ ਇਹ ਮੁਖ ਕਰਤਵ ਹੈ ਕਿ ਐਸਾ ਸਮਾਜ ਬਨਾਣ। ਪਰੰਤੂ ਉਹ ਹਾਕਮ ਬਣੇ ਬੈਠੇ ਹਨ ਤੇ ਇਨ੍ਹਾਂ ਕਾਲੇ ਅੰਗਰੇਜ਼ਾਂ ਨੇ ਭਰਸ਼ਟਾਚਾਰ ਬਹੁਤ ਬੁਰੀ ਤਰ੍ਹਾਂ ਫ਼ੈਲਾ ਰਖਿਆ ਹੈ। ਕੁਰੱਪਸ਼ਨ ਸਿਰਫ ਫੈਲੀ ਹੀ ਨਹੀਂ ਸਗੋਂ ਆਮ ਜੀਵਾਂ ਦੀ ਆਤਮਾਂ ਵਿਚ ਘਰ ਕਰ ਚੁਕੀ ਹੈ। ਦੁਨੀਆਂ, ਮਾਇਆ ਲਈ ਹਾਬੜ੍ਹੂਕ ਕਰਦੀ ਫਿਰਦੀ ਹੈ। ਗਬਨ, ਫਰੇਬ, ਲੁਟ ਘਸੁਟ ਤੇ ਹੇਰਾ ਫੇਰੀ, ਹਰ ਵਿਅਕਤੀ ਦਾ ਮੁਖ ਪਰਯੋਜਨ ਬਣ ਗਏ ਹਨ ਸਮਾਜ ਬਹੁਤ ਬੁਰੀ ਤਰ੍ਹਾਂ ਨੀਚਤਾ ਵਲ ਨੂੰ ਜਾ ਰਿਹਾ ਹੈ। ਕੌਮੀ ਕੈਰੈਕਟਰ ਤਾਂ ਕਿਧਰੇ ਰਿਹਾ, ਆਮ ਆਦਮੀ ਇਖਲਾਕੀ ਤੌਰ ਤੇ ਵੀ ਬਹੁਤ ਬੁਰੀ ਤਰਾਂ ਗਿਰ ਚੁਕਿਆ ਹੈ। ਮਜ਼ਬੀ ਮੁਤੱਸਬ, ਜਾਤ-ਪਾਤ, ਪਾਰਟੀ ਬਾਜ਼ੀ ਅਤੇ ਪਰਾਂਤੀਅਤਾ ਦਾ

ਜਨੂਨ, ਦੁਨੀਆਂ ਨੂੰ ਪੀੜ ਪੀੜ ਮਾਰ ਰਹੇ ਹਨ। ਕੂੜ ਮੱਤਿਆਂ ਦੀਆਂ ਵੋਟਾਂ ਭਲਿਆਂ ਨੂੰ ਅਗੇ ਆਉਣ ਹੀ ਨਹੀਂ ਦੇਂਦੀਆਂ ਅਤੇ ਦੁਖ ਤਕਲੀਫਾਂ ਵਿਚ ਕਮੀ ਨਹੀਂ ਹੁੰਦੀ।

ਇਸ ਦੁਰਦਸ਼ਾ ਤੋਂ ਕੱਢਣ ਲਈ ਇਕ ਮਾਤਰ ਰਾਹ ਜਿਹੜਾ ਮੈਨੂੰ ਸੁਝਦਾ ਹੈ ਉਹ ਗੁਰਮਤਿ ਮਾਰਗ ਹੀ ਹੈ। ਗੁਰਮਤਿ ਮਾਰਗ ਤੇ ਚਲਦਿਆਂ ਹੀ ਅਸੀਂ ਕਾਮ ਕਰੋਧ, ਲੋਭ, ਮੋਹ ਹੰਕਾਰ ਅਤੇ ਹਰ ਪ੍ਰਕਾਰ ਦੀ ਕੁਟਿਲਤਾ ਤੋਂ ਖਾਲੀ ਸਮਾਜ ਉਸਾਰ ਸਕਦੇ ਹਾਂ ਤੇ ਸੇਵਾ ਸਿਮਰਨ ਵਾਲਾ ਜੀਵਨ ਬਤੀਤ ਕਰ ਸਕਦੇ ਹਾਂ। ਭਾਸ਼ਣਾਂ ਦੇ ਲਾਰਿਆਂ ਨਾਲ ਇਹ ਟੀਚਾ ਪ੍ਰਾਪਤ ਨਹੀਂ ਕੀਤਾ ਜਾਂ ਸਕਦਾ। ਕੁਝ ਹਥੀਂ ਕਰਨਾ ਪਵੇਗਾ। ਹਿੰਦੂਸਤਾਨ ਦੇ ਲੋਕਾਂ ਨੇ ਪਿਛਲੇ ਬਹੁਤ ਸਮੇਂ ਤੋਂ ਖੁਸ਼ਹਾਲੀ ਨਹੀਂ ਵੇਖੀ। ਕਦੀ ਵੀ ਅਨ ਧਨ ਦੀ ਮਸਾਵੀ ਤਕਸੀਮ ਨਹੀਂ ਹੋਈ। ਕਦੀ ਵੀ ਕੁਲੀ ਗੁਲੀ ਜੁਲੀ ਦਾ ਅਟੁਟ ਪ੍ਰਬੰਬ ਨਹੀਂ ਹੋਇਆ। ਪਰੰਤੂ ਹੁਣ ਹਾਲਤ ਐਸੀ ਹੈ ਕਿ ਮਸਾਵੀ ਤਕਸੀਮ ਦੇ ਬਗੈਰ ਗੁਜ਼ਾਹਾ ਹੀ ਨਹੀਂ। ਇਸ ਲਈ ਗੁਰਮਤਿ ਮਾਰਗ ਵਿਚੋਂ ਝਲਕਦੇ ਰਾਜ ਪ੍ਰਬੰਧ ਵਿਚ ਹੀ ਛੁਟਕਾਰਾ ਹੈ।

ਇਸ ਗੁਰਮਤਿ ਰਾਜ ਪਰਨਾਲੀ ਵਿਚ. ਪਰਾਣੀ ਮਾਇਆ ਪਿਛੇ ਨਹੀਂ ਭਜਣਗੇ ਸਗੋਂ ਸ਼ਾਂਤ, ਪਵਿਤਰ ਤੇ ਸਚਾ ਸੁਚਾ ਜੀਵਨ ਬਤੀਤ ਕਰਨਗੇ। ਹਰ ਇਨਸਾਨ ਲਈ ਕੰਮ ਦੀ ਗਰੰਟੀ ਹੋਵੇਗੀ। ਬਾਲ-ਬੱਚੇ ਦੀ ਪਰਵਰਿਸ਼, ਤਾਲੀਮ ਤੇ ਕੰਮ ਦਾ ਸਰਕਾਰੀ ਪਰਬੰਧ ਹੋਵੇਗਾ। ਕਿਸੇ ਨੂੰ ਵੀ ਕਮਾਈ ਦੀ ਖਾਤਰ ਆਪਣੇ ਛੋਟੇ ਛੋਟੇ ਬਚਿਆਂ ਨੂੰ ਜਗਤ ਜਲੰਦੇ ਵਿਚ ਨਹੀਂ ਸੁਟਣਾ ਪਵੇਗਾ। ਹਰ ਇਕ ਇਨਸਾਨ ਲਈ ਕੁਲੀ; ਗੁਲੀ, ਜੁਲੀ ਦਾ ਅਟੱਲ ਪ੍ਰਬਧ ਹੋਵੇਗਾ। ਕੋਈ ਟੈਕਸ ਤਹੀਂ ਹੋਵੇਗਾ ਤੇ ਨਾ ਹੀ ਕਿਸੇ ਨੂੰ ਟੈਕਸਾਂ ਦੀ ਚੋਰੀ ਕਰਨੀ ਪਵੇਗੀ। ਹਰ ਮਾਨੁਖ ਨੂੰ ਪੂਰਨ ਸੱਚ ਉੱਤੇ ਨਿਰਭਰ ਇਨਸਾਫ ਬਿਲਕੁਲ ਮੁਫਤ ਤੇ ਘਰ ਬੈਠਿਆਂ ਹੀ ਮਿਲੇਗਾ। ਕੋਈ ਮਜ਼ਬੀ ਵਿਤਕਰਾ ਨਹੀਂ ਹੋਵੇਗਾ ਸਿਰਫ ਹਰ ਇਕ ਨੂੰ ਪਰਮਾਤਮਾ ਦੀ ਦਿਤੀ ਇਨਸਾਨੀ ਸ਼ਕਲ ਸੂਰਤ ਵਿਚ ਹੀ ਰਹਿਣਾ ਪਵੇਗਾ। ਵਾਲਾਂ ਦੀ ਕਾਂਟ ਛਾਟ ਕਰਕੇ ਕਾਮ ਚੇਸ਼ਟਾ ਆਦਿ ਦੇ ਉਭਾਰ ਦੀ ਇਜਾਜ਼ਤ ਨਹੀਂ ਹੋਵੇਗੀ। ਟੂਣੇ, ਧਾਗੇ, ਤਵੀਤ, ਵੇਹਮਾਂ, ਭਰਮਾਂ ਅਤੇ ਗੁਰੂ ਡੰਡ ਤੋਂ ਅਜ਼ਾਦ

ਸਮਾਜ ਹੋਵੇਗਾ। ਕੋਈ ਐਜੀਟੇਸ਼ਨਾਂ, ਹੜਤਾਲਾਂ ਜਾਂ ਤਨਖਾਹ ਅੰਦੋਲਨ ਨਹੀਂ ਹੋਣਗੇ। ਕਿਉਂਕਿ ਇਨ੍ਹਾਂ ਦੀ ਲੋੜ ਹੀ ਨਹੀਂ ਪਵੇਗੀ। ਪਾਨ, ਬੀੜੀ, ਸਿਗਰੇਟ ਭੰਗ, ਅਫੀਮ, ਸ਼ਰਾਬ ਆਦਿ ਦਾ ਨਾ ਹੀ ਉਤਪਾਦਨ ਹੋਵਗਾ ਅਤੇ ਨਾ ਹੀ ਵਰਤੋਂ ਦੀ ਇਜਾਜ਼ਤ। ਇਨਸਾਨ ਲਈ ਦੁਨਿਆਵੀ ਸਹੂਲਤਾਂ, ਉਸਦੀ ਆਤਮਕ ਉੱਚਤਾ ਅਤੇ ਸਮਾਜਕ ਪਦਵੀ ਉਤੇ ਨਿਰਭਰ ਹੋਣਗੀਆਂ। ਸਮਾਜ ਮੰਗਤਿਆਂ ਤੋਂ ਖਾਲੀ ਹੋਵੇਗਾ ਅਤੇ ਅੰਗਹੀਨਾਂ ਦੀ ਸਰਕਾਰੀ ਸੰਭਾਲ ਕੀਤੀ ਜਾਵੇਗੀ। ਹਰ ਮਰਜ਼ ਦਾ ਮੁਮਕਿਨ ਇਲਾਜ ਹਰ ਵਿਅਕਤੀ ਲਈ ਮੁਫਤ ਅਤੇ ਸਰਕਾਰੀ ਹੋਵੇਗਾ।

ਐਸਾ ਸਮਾਜ ਕੋਈ ਖਵਾਬੀ ਗਲ ਨਹੀਂ ਸਗੋਂ ਛੇਤੀ ਹੀ ਸਥਾਪਤ ਹੋ ਜਾਵੇਗਾ ਜਿਸ ਨੇ ਇਹ ਸਕੀਮ ਬਣਾਈ ਹੈ ਉਹ ਨੇਪੇਰੇ ਚਾੜ੍ਹਨ ਵਿਚ ਵੀ ਪੂਰਨ ਸਮਰੱਥ ਹੈ। ਸਿਰਫ ਇਨ੍ਹਾਂ ਅਖਰਾਂ ਰਾਹੀਂ ਮੌਜੂਦਾ ਸਮੇਂ ਦੇ ਰਾਜਨੀਤਗਿਆਂ ਵਜ਼ੀਰਾਂ, ਅਮੀਰਾਂ ਤੇ ਸਮਾਜ ਦੇ ਠੇਕੇਦਾਰਾਂ ਨੂੰ ਮੌਕਾ ਦਿਤਾ ਜਾਂਦਾ ਹੈ ਕਿ ਉਹ ਵਕਤ ਦੀ ਨਬਜ ਪਛਾਣ ਕੇ ਆਪਣੇ ਆਪ ਨੂੰ ਇਸ ਸੱਚੇ ਵਿਚ ਢਾਲ ਲੈਣ, ਵਰਨਾ ਜੇ ਖਾਲਸੇ ਨੂੰ ਹਰਕਤ ਵਿਚ ਆਉਣਾ ਪਿਆ ਤਾਂ ਹਰ ਪ੍ਰਕਾਰ ਦੀ ਜੰਤਕ ਪੀੜ ਅਤੇ ਖੂਨ ਖਰਾਬੇ ਲਈ ਮਾਇਆ ਦੇ ਪਹਿਲਵਾਨੋ ਤੁਸੀਂ ਹੀ ਜੁਵੇਵਾਰ ਹੋਵੇਗੇ। ਕੰਨ ਖੋਲ੍ਹ ਕੇ ਸੁਣ ਲਓ ਮੌਜੂਦਾ ਰਾਜ ਢਾਂਚੇ ਵਿਚ ਤੁਸੀਂ ਇਤਨੇ ਤੰਗ ਹੋ ਜਾਉਗੇ ਕਿ ਇਸ ਰੱਬੀ ਰਾਜ ਪ੍ਰਬੰਧ ਨੂੰ ਅਪਨੌਣ ਤੋਂ ਸਿਵਾ ਕੋਈ ਚਾਰਾ ਹੀ ਨਹੀਂ ਰਹੇਗਾ। ਸੰਭਵ ਘਲੂ ਘਾਰੇ ਦੇ ਚੱਕੀ ਵਿਚ ਪਿਸਣ ਵਾਲੇ ਭੀ ਤੁਸੀਂ ਹੀ ਹੋਵੋਗੇ। ਇਹ ਨ ਸਮਝਿਓ ਕਿ ਦਸ ਵੀਹ ਸਾਲਾਂ ਤਕ ਅਸਾਂ ਤੇ ਚਲੇ ਜਾਣਾ ਹੈ ਤੇ ਫਿਰ ਸਾਡਾ ਕਿਸ ਔਣਾ ਹੈ। ਮਾਇਆ ਦੇ ਘੋੜਿਓ ਤੁਸੀਂ ਏਸੇ ਰੱਬ ਅਗੇ ਜੋੜੇ ਜਾਓਗੇ।

ਅਨੁਮਾਨਤ ਰਾਜ ਪ੍ਰਬੰਧ ਦਾ ਮੋਟਾ ਖਾਕਾ ਇਹ ਹੈ :

1. ਸਾਰੀ ਧਰਤੀ ਸਰਕਾਰੀ ਹੋਵੇ ਤੇ ਗਰਾਫ ਪੇਪਰ ਦੇ ਖਾਨਿਆਂ ਦੀ ਤਰ੍ਹਾਂ ਵੰਡੀ ਜਾਵੇ। ਜਿਸ ਉੱਤੇ ਸਾਰੀ ਖੇਤੀ ਬਾੜੀ ਸਰਕਾਰੀ ਹੋਵੇ।

ਇਸ ਨਾਲ ਪ੍ਰਾਤੀਅਤਾ ਤੇ ਛੋਟੇ ਛੋਟੇ ਟੁਕੜਿਆਂ ਦਾ ਖਾਤਮਾ ਹੋ ਜਾਵੇਗਾ। ਪਾਣੀਆਂ ਤੇ ਵਟ ਬੰਨਿਆਂ ਦੇ ਝਗੜੇ ਮੁਕ ਜਾਣਗੇ। ਊਚ ਨੀਚ ਦਾ ਫਰਕ ਤੇ ਜਟਊ ਪੁਣੇ ਦਾ ਅਭਿਮਾਨ ਖਤਮ ਹੋ ਜਾਵੇਗਾ। ਕਾਫੀ ਜਨ ਸੰਖਿਆ ਦੀ ਖਪਤ ਇਸ ਧੰਦੇ ਵਿਚ ਹੋ ਜਾਵੇਗੀ। ਪਰਬੰਧ ਕੁਸ਼ਿਲ, ਵਾਹੀ ਮਸ਼ੀਨੀ ਤੇ ਚੰਗੇ ਟਰੇਂਡ ਵਿਅਕਤੀਆਂ ਦੀ ਦੇਖ ਰੇਖ ਵਿਚ ਉਤਪਾਦਨ ਜ਼ਿਆਦਾ ਹੋਵੇਗਾ। ਅਜ ਕਲ ਵਡੇ ਕਿਸਾਨ, ਜਮੀਨਾਂ ਦੇ ਖੁਸਣ ਤੋਂ ਡਰ ਕੇ ਪੈਲੀਆਂ ਵੇਹਲੀਆਂ ਤੇ ਰਖ ਰਹੇ ਹਨ ਪਰੰਤੂ ਕਿਸੇ ਨੂੰ ਵਾਹਣ ਲਈ ਨਹੀਂ ਦੇਂਦ। ਜਿਸ ਨਾਲ ਜਨਤਾ ਨੂੰ ਬੜਾ ਘਾਟਾ ਪੈ ਰਿਹਾ ਹੈ। ਅਨਾਜ ਉਤੇ ਸਰਕਾਰੀ ਕੰਟਰੋਲ ਹੋਣ ਕਰਕੇ ਮਹਿੰਗਾਈ ਕਾਬੂ ਵਿਚ ਰਹੇਗੀ।

2. ਸਾਰੀ ਬਿਲਡਿੰਗ ਤਥਾ ਉਸਾਰੀ ਸਰਕਾਰੀ ਹੋਵੇ। ਸਮਾਜਕ ਸਟੇਟਸ ਮੁਤਾਬਕ ਮਕਾਨ ਸਰਕਾਰੀ ਤੌਰ ਤੇ ਅਲਾਟ ਹੋਣ। ਇਸ ਪ੍ਰਬੰਧ ਨਾਲ ਸੀਮਿੰਟ, ਲੋਹੇ ਦੀ ਚੋਰੀ ਖਤਮ ਹੋਵੇਗੀ। ਕਰਾਇਆ ਤੇ ਕਰਾਏਦਾਰਾਂ ਦਾ ਟੰਟਾ ਮੁਕੇਗਾ। ਹਜ਼ਾਰ ਹਾ ਝਗੜਿਆਂ ਦੀ ਜੜ੍ਹ ਵਢੀ ਜਾਵੇਗੀ। ਤਫਰਕਾਤ ਵਧਾਊ ਮਸੀਤਾਂ ਮੰਦਰਾਂ ਦੀ ਥਾਂ ਸਕੂਲ, ਕਾਲਜ ਤੇ ਹਸਪਤਾਲ ਤਥਾ ਫੈਕਟਰੀਆਂ ਉਸਰਨਗੀਆਂ ਜਿਥੇ ਇਕ ਪਰਮਾਤਮਾ ਤੇ ਇਕ ਇਨਸਾਨੀ ਸਮਾਜ ਦੀ ਤਾਲੀਮ ਦਿਤੀ ਜਾਵੇਗੀ।

3. ਰਾਜ ਪ੍ਰਬੰਧ ਵਿਚ ਵਸਦਾ ਸਾਰਾ ਬਨੀ ਨੌ ਇਨਸਾਨ ਸਰਕਾਰੀ ਹੋਵੇ। ਗਰਭ ਪ੍ਰਵੇਸ਼ ਤੋਂ ਲਗ ਕੇ ਅੰਤਮ ਸੰਸਕਾਰ ਤਕ ਸਰਕਾਰੀ ਫਰਜ਼ ਵਿਚ ਆਵੇ। ਪਰਵਰਿਸ਼, ਤਾਲੀਮ ਅਤੇ ਕੰਮ ਦਾ ਪ੍ਰਬੰਧ ਸਰਕਾਰੀ ਹੋਵੇ। ਸਾਰੇ ਬਨੀ ਨੌ ਇਨਸਾਨ ਨੂੰ ਪ੍ਰਮਾਤਮਾ ਵਲੋਂ ਦਿਤੀ ਸ਼ਕਲ ਸੂਰਤ ਵਿਚ ਰਹਿਣਾ ਪਵੇ। ਇਸ ਨਾਲ ਜ਼ਾਤ ਪਾਤ ਤੇ ਰੰਗ ਨਸਲ ਦਾ ਵਿਤਕਰਾ ਖਤਮ

ਹੋਵੇਗਾ । ਫੈਸ਼ਨ, ਕਾਮ, ਮਜ਼੍ਹਬੀ ਵਿਤਕਰਿਆਂ ਤੋਂ ਛੁਟਕਾਰਾ ਮਿਲੇਗਾ । ਮੁਤੱਸਬ ਤੇ ਕੁਨਬਾ ਪਰਵਰੀ ਖਤਮ ਹੋਵੇਗੀ ।

4. ਸਾਰੇ ਉਤਪਾਦਨ, ਤਕਸੀਮ, ਢੋ ਢੁਆਈ ਅਤੇ ਬਿਓਪਾਰ ਉਤੇ ਸਰਕਾਰੀ ਕਾਬੂ ਹੋਵੇ । ਇਸ ਨਾਲ ਮਹਿੰਗਾਈ ਮੂੰਹ ਪਰਨੇ ਡਿਗ ਪਵੇਗੀ ਤੇ ਹਰ ਵਿਅਕਤੀ ਨੂੰ ਲੋੜੀਂਦੀ ਚੀਜ਼ ਉਪਲਭਦ ਹੋਵੇਗੀ ।

5. ਸਾਰੇ ਰਾਜ ਵਿਚ ਤਾਲੀਮ ਇਕ ਪੱਧਰ ਦੀ ਅਤੇ ਸਰਕਾਰੀ ਹੋਵੇ । ਸਾਰੀਆਂ ਭਾਸ਼ਾਵਾਂ ਵਿਚ ਇਕੋ ਤਾਲੀਮ ਦਿਤੀ ਜਾਵੇ । ਫਿਲਮਾਂ ਅਤੇ ਰੇਡੀਓ ਸਰਕਾਰੀ ਨਿਯੰਤਰਣ ਵਿਚ ਹੋਣ । ਦਸਵੀਂ ਜਮਾਤ ਤਕ ਆਮ ਪੜ੍ਹਾਈ ਕਰਵਾਈ ਜਾਵੇ ਤੇ ਧਾਰਮਕ ਤਾਲੀਮ, ਭਾਵ ਈਸ਼ਵਰੀ ਤਾਲੀਮ ਪੜ੍ਹਾਈ ਦਾ ਅਭਿਨ ਤੇ ਜ਼ਰੂਰੀ ਅੰਗ ਹੋਵੇ । ਦਸਵੀਂ ਦੀ ਪ੍ਰੀਖਿਆ ਤੋਂ ਇਹ ਪਤਾ ਲਾਇਆ ਜਾਵੇ ਕਿ ਬੱਚਾ ਸਮਾਜ ਵਿਚ ਕਿਸ ਕੰਮ ਦੇ ਫਿਟ ਹੈ । ਉਸ ਨੂੰ ਯੋਗਤਾ ਅਤੇ ਸੁਭਾਵਕ ਰੁਚੀ ਦੇ ਆਧਾਰ ਤੇ ਫਿਟ ਕੰਮ ਵਿਚ ਗਰੈਜੂਏਟ ਕੀਤਾ ਜਾਵੇ । ਇਸ ਤਰ੍ਹਾਂ ਇਨਸਾਨ ਦੀ ਜ਼ਿੰਦਗੀ ਉਸਦੀ ਪ੍ਰਭੂ ਦੇਣ ਕਾਬਲੀਅਤ ਉਤੇ ਨਿਰਭਰ ਹੋਵੇਗੀ ਅਤੇ ਉਹ ਆਪਣੇ ਪਰੋਫੈਸ਼ਨ ਦਾ ਮਾਹਿਰ ਬਣੇਗਾ । ਪੜ੍ਹਈ ਦੇ ਬਾਦ ਆਪਣੀ ਲਾਈਨ ਦੇ ਅਦਨਾਂ ਤੋਂ ਅਦਨਾ ਕੰਮਾਂ ਉਤੇ ਲਾਇਆ ਜਾਵੇ । ਇਸ ਨਾਲ ਅਫਸਰੀ ਦੀ ਬੂ ਹਟੇਗੀ ਤੇ ਹਥੀਂ ਕੰਮ ਕਰਨ ਵਿਚ ਝਿੱਜਕ ਨਹੀਂ ਰਹੇਗੀ. ਹਰ ਸਾਲ ਤਰੱਕੀ ਦਿਤੀ ਜਾਵੇ ਤੇ ਲਗ ਭਗ ਹਰ ਵਿਅਕਤੀ Ist Class G. O. ਦੇ ਸਟੇਟਸ ਤੋਂ ਪੰਜਾਹ ਸਾਲ ਦੀ ਉਮਰ ਵਿਚ ਰੀਟਾਇਰ ਕਰਕੇ ਸਮਾਜ ਦੇ ਪ੍ਰਬੰਧਕ ਢਾਂਚੇ ਵਿਚ ਸ਼ਾਮਲ ਕੀਤਾ ਜਾਵੇ । ਜਿਥੇ ਉਹ ਵੋਟਾ ਨਾਲ ਤਰੱਕੀ ਦੇ ਅਰੂਜ ਤੇ ਪਹੁੰਚ ਸਕਦਾ ਹੋਵੇ । ਇਹੋ ਹੀ ਰੀਟਾਇਰ ਕੀਤੇ ਪੰਜਾਹ ਸਾਲਾ ਆਦਮੀ ਗਲੀਆਂ ਮੁਹੱਲਿਆਂ ਦੇ ਸ਼ੇਕਸ਼ਨ ਤੇ

ਪਲਟੂਨ ਕਮਾਂਡਰਾਂ ਵਾਂਗ ਹੋਣ। ਪੰਚਾਂ ਤੇ ਸਰਪੰਚਾਂ ਦਾ ਕੰਮ ਇਹੋ ਹੀ ਸੁਲਝੇ ਹੋਏ ਲੋਕ ਚਲਾਉਣ। ਆਪਣੇ ਹਲਕੇ ਵਿਚ ਵਸਦੇ ਹਰ ਪਰਾਣੀ ਲਈ ਸਰਕਾਰੀ ਸਹੂਲਤਾਂ ਦੇ ਇਹੋ ਲੋਕ ਹੀ ਜਵਾਬਦੇਹ ਹੋਣ। ਆਮ ਛੋਟੇ ਮੋਟੇ ਝਗੜਿਆਂ ਨੂੰ ਇਹੋ ਹੀ ਸੁਲਝਾਣ। ਕਿਸੇ ਅਨਉਚਿਤ ਇਨਸਾਨ ਨੂੰ ਇਹ ਪੁਲੀਸ ਵਿਚ ਦੇ ਸਕਦੇ ਹੋਣ ਅਥਵਾ ਰਿਹਾ ਕਰਾ ਸਕਦੇ ਹੋਣ।

ਇਸ ਅਨੁਮਾਨਤ ਸਮਾਜ ਵਿਚ ਇਨਸਾਨ ਨੂੰ ਮਾਮੂਲੀ ਲੀੜੇ ਕਪੜੇ ਅਤੇ ਖਾਣ ਪੀਣ ਤੋਂ ਸਿਵਾ ਹੋਰ ਕੁਝ ਖਰੀਦਣਾ ਹੀ ਨਹੀਂ ਪਵੇਗਾ ਸੋਨੇ ਚਾਂਦੀ ਦੀ ਸਮਾਜਕ ਵਰਤੋਂ ਬੰਦ ਹੋਵੇ। ਨਸ਼ਬੋ ਨਮਾ ਲਈ ਪਹਿਨ ਕੇ, ਦੂਸਰਿਆਂ ਦੇ ਦਿਲ ਨੂੰ ਜੁਰਮ ਕਰਨ ਲਈ ਉਕਸਾਹਟ ਦੇਣ ਦੀ ਕਿਸੇ ਨੂੰ ਇਜਾਜ਼ਤ ਨਾ ਹੋਵੇ।

ਭਾਵੇਂ ਇਹ ਠੀਕ ਹੈ ਕਿ ਜਿਹੜੇ ਰੱਬ ਵਿਚ ਦੋਸ਼ ਲੱਭਦੇ ਨੇ, ਉਹਨਾਂ ਇਸ ਸ਼ਾਸਨ ਵਿਚ ਵੀ ਪ੍ਰਸੰਨ ਨਹੀਂ ਹੋਣਾ ਪਰੰਤੂ ਮੇਰਾ ਖਿਆਲ ਹੈ ਕਿ ਘਟੋ ਘਟ 75% ਦੁਖ ਲੁਕਾਈ ਦਾ ਖਤਮ ਹੋ ਸਕਦਾ ਹੈ। ਵੇਖੀਏ ਸਮਾਜ ਦੇ ਕਰਤਾ ਧਰਤਾ ਤੇ ਲੋਕਾਂ ਨੂੰ ਇਹ ਗਲ ਕਿਥੋਂ ਤਕ ਜੱਚਦੀ ਹੈ।

22-8-72

ਮੰਨ ਲੋ ਕਿ ਇਹ ਕਲਪਤ ਸ਼ਾਸਨ ਬਣ ਵੀ ਜਾਂਦਾ ਹੈ ਤਾਂ ਕੀ ਗਰੰਟੀ ਨਾਲ ਕਿਹਾ ਜਾ ਸਕਦਾ ਹੈ ਕਿ ਸਾਰੀ ਲੁਕਾਈ ਸੰਤੁਸ਼ਟ ਤੇ ਮੁਤਮਈਅਨ ਹੋਵੇਗੀ। ਬਿਲਕੁਲ ਨਹੀਂ। ਉਦੋਂ ਵੀ ਬਥੇਰੀਆਂ ਸ਼ਕਾਇਤਾਂ ਹੋਣਗੀਆਂ। ਦੋਸ਼ ਉਂਝ ਬਥੇਰੇ ਲਭੇ ਤੇ ਲਾਏ ਜਾਣਗੇ। ਇਸ ਲਈ ਅਸਲ ਸ਼ਾਂਤੀ, ਨਾਮ ਵਿਚ ਤੇ ਮਹਿਜ਼ ਨਾਮ ਵਿਚ ਹੀ ਹੈ। ਨਾਮ ਤਾਂ ਵਾਕਿਆ ਹੀ ਸ਼ਾਂਤੀ ਵਰਤਾ ਸਕਦਾ ਹੈ ਤੇ ਵਰਤਾ ਦਿੰਦਾ ਹੈ। ਹਰ ਨਾਮ ਜਪਣ ਵਾਲਾ ਵਿਅਕਤੀ ਆਖਰ ਸੁਖ ਤੇ ਸ਼ਾਂਤੀ ਨੂੰ ਪਰਾਪਤ ਹੁੰਦਾ ਹੈ ਅਤੇ ਇਹੋ ਹੀ ਪਰਮਾਤਮਾ ਦਾ ਰੂਪ ਹੈ ਸਤਿ ਚਿੱਤ ਅਨੰਦ।

15-10-72

ਸ੍ਰਿਸ਼ਟੀ ਦੀ ਰਚਨਾ ਇਕ ਪਰਮ ਪੁਰਖ ਪਰਮਾਤਮਾ ਵਹਿਗੁਰੂ ਨੇ ਕੀਤੀ ਹੈ। ਉਹ ਰੂਪ ਰੇਖ ਤੋਂ ਨਿਆਰਾ, ਤਰੈ ਗੁਣ ਅਤੀਤ ਭਾਵ ਇਕ ਨੂਰ ਹੈ।

ਉਹੋ ਨੂਰ ਹੀ ਹਰ ਜੀਵ ਅੰਦਰ, ਜੀਵਨ ਜੋਤਿਆ ਦੇ ਰੂਪ ਵਿਚ ਹੈ। ਸਾਰੇ ਜੀਵਾਂ ਵਿਚੋਂ ਸ਼ਰੋਮਣੀ ਜੀਵ ਇਨਸਾਨ ਹੈ। ਇਸ ਲਈ ਇਨਸਾਨ ਅੰਦਰ ਆਤਮਾ ਦੇ ਰੂਪ ਵਿਚ ਉਹ ਆਪ ਹੀ ਸਮਾਇਆ ਬੈਠਾ ਹੈ। ਜਿਹੜਾ ਕਿ ਹਰ ਵਿਅਕਤੀ ਦਾ ਆਪਣਾ ਗੁਰੂ ਕਹਾਉਂਦਾ ਹੈ। ਇਸ ਨੂਰ ਰੂਪੀ ਆਤਮਾ ਦਾ ਮਾਇਆ ਨਾਲ ਦੇਰੀਨਾ ਸੰਪਰਕ ਹੋਣ ਕਰਕੇ, ਇਸ ਦੇ ਸੁਭਾਵ ਵਿਚ ਪਰੀਵਰਤਨ ਆ ਜਾਂਦਾ ਹੈ। ਜਿਸ ਕਰਕੇ ਇਕ ਪੁਰਸ਼ ਦਾ ਦੂਜੇ ਨਾਲ ਸੁਭਾ ਨਹੀਂ ਮਿਲਦਾ ਅਤੇ ਸੁਭਾ ਵਿਚ ਭਿੰਨਤਾ ਹੋਣ ਕਰਕੇ ਚਿਹਰੇ ਅਤੇ ਸ਼ਰੀਰ ਵਿਚ ਭਿੰਨਤਾ ਨਮੂਦਾਰ ਹੁੰਦੀ ਹੈ। ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਇਸ ਨੂਰ ਦਾ ਹੀ ਵਰਨਣ ਕਰਦੀ ਹੈ ਅਤੇ ਅਤਿ ਪਵਿੱਤਰ ਆਤਮਾ ਦਾ ਨਿਰੂਪਣ ਕਰਦੀ ਹੈ ਜਾਂ ਇੰਜ ਕਹਿ ਲਉ ਕਿ ਸਾਡੇ ਅੰਦਰ ਜਿਹੜਾ ਨੂਰ ਹੈ, ਗੁਰਬਾਣੀ ਉਸ ਦਾ ਹੀ ਵਿਆਖਿਆਤ੍ਰ ਵਰਨਣ ਹੈ। ਹੁਣ ਅਸੀਂ ਸਾਫ਼ ਵੇਖ ਸਕਦੇ ਹਾਂ ਕਿ ਕੀ ਸਾਡੀ ਆਤਮਾ, ਗੁਰਬਾਣੀ ਵਿਚ ਦੱਸੀ ਗਈ ਉਚਤਾ ਦੇ ਅਨੁਕੂਲ ਹੈ ਕਿ ਨਹੀਂ। ਜੇ ਤਾਂ ਅਨੁਕੂਲ ਹੈ ਤਾਂ ਅਸੀਂ ਆਪ ਈਸ਼ਵਰ ਹਾਂ ਅਤੇ ਜੇ ਭਿੰਨਤਾ ਨਜ਼ਰ ਆਉਂਦੀ ਹੈ ਤਾਂ ਸਾਡੇ ਵਿਚ ਕਮੀ ਹੈ। ਜਿਸ ਦਾ ਲੱਭਣਾ ਤੇ ਦੂਰ ਕੀਤਾ ਜਾਣਾ ਜ਼ਰੂਰੀ ਹੈ। ਮੇਰੇ ਤਜਰਬੇ ਵਿਚ ਆਇਆ ਹੈ ਕਿ ਜੇ ਗੁਰਬਾਣੀ ਨੂੰ ਆਪਣੀ ਆਤਮਾ ਦਾ ਵਰਨਣ ਜਾਣ ਕੇ ਪੜ੍ਹਿਆ ਸੁਣਿਆ ਜਾਵੇ, ਤਾਂ ਆਮ ਹਾਲਤਾਂ ਨਾਲੋਂ ਬਹੁਤ ਹੀ ਜ਼ਿਆਦਾ ਲਾਭ ਪਰਾਪਤ ਹੁੰਦਾ ਹੈ, ਆਤਮਾ ਬੜੀ ਬਲਵਾਨ ਹੁੰਦੀ ਹੈ। ਆਪ ਹੀ ਗੁਰੂ ਜਾਂ ਪਪਮਾਤਮਾ ਬਣੇ ਮਹਿਸੂਸ ਹੋਈਦਾ ਹੈ ਤੇ ਪ੍ਰਮਾਤਮਾ ਦੀ ਹਰ ਪਰਕਾਰ ਬਖਸ਼ਿਸ਼ ਹੁੰਦੀ ਹੈ। ਇਸ ਲਈ ਵੀਰਨੋ ਗੁਰਬਾਣੀ ਨੂੰ ਆਪਣੀ ਆਤਮਾ ਦਾ ਵਰਨਣ ਸਮਝ ਕੇ ਪੜ੍ਹਿਆ ਤੇ ਸੁਣਿਆ ਕਰੋ। ਇਹੋ ਤੁਹਾਡੀ ਆਤਮਾ ਹੀ ਤੁਹਾਡਾ ਆਪਣਾ ਗੁਰੂ ਹੈ।

ਸੰਗਿ ਤੇਰੇ ਹਰਿ ਬਸਤ ਨੀਤ
ਨਿਸ ਬਾਸੁਰ ਭਜੁ ਤਾਹਿ ਮੀਤ
ਬਾਰ ਅੰਤ ਕੀ ਹੋਇ ਸਹਾਇ
ਕਹੁ ਨਾਨਕ ਗੁਨ ਤਾਕੇ ਗਾਇ ॥
ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ ॥

# ਆਤਮ ਪੜਚੋਲ

22-11-72

ਵਾਹਿਗੁਰ ਹਵਾ ਵਾਂਗ ਸੂਖਸ਼ਮ ਹੈ ਅਤੇ ਹਵਾ ਵਾਂਗਰ ਹੀ ਸਾਰੇ ਫੈਲਿਆ ਹੋਇਆ ਹੈ ਪਰੰਤੂ ਹਵਾ ਨਹੀਂ, ਪਵਨ ਗੁਰੂ ਜਪੁਜੀ ਸਾਹਿਬ ਦਾ ਸਲੋਕ ਏਸੇ ਗਲ ਵਲ ਇਸ਼ਾਰਾ ਕਰਦਾ ਹੈ, ਵਾਹਿਗੁਰੁ ਪਾਣੀ ਦੇ ਸਮੁੰਦਰ ਵਾਗ ਹੈ, ਅਸੀਂ ਉਸ ਦਾ ਨੂਰ ਅੰਸ਼ ਹਿਸਾ ਹਾਂ, ਅਤੇ ਉਸ ਦੇ ਵਿਚ ਹਾਂ, ਇਸ ਲਈ ਅਸੀਂ ਨੂਰ ਸਮੁਦਰ ਤੋਂ ਬਾਹਰ ਨਹੀਂ ਹਾਂ, ਉਹ ਸਮੁੰਦਰ ਹੀ ਹਾਂ, ਤਾਂਹੀਉ ਉਸ ਨੂੰ ਸਾਰੰਗ ਪਾਣੀ ਕਿਹਾ ਜਾਂਦਾ ਹੈ। ਇਹ ਨੂਰ ਐਕਸਰੇ ਦੀਆਂ ਲਹਿਰਾਂ ਵਾਂਗ ਹਰ ਚੀਜ਼ ਵਿਚੋਂ ਲੰਘ ਸਕਦਾ ਹੈ, ਕਿਉਂਕਿ ਫੰਡਾਮੈਂਟਲੀ ਸਭ ਕੁਝ ਬਣਿਆ ਹੀ ਇਸ ਦਾ ਹੈ। ਇਸ ਲਈ ਇਹ ਸਦਾ ਸਾਡੇ ਅੰਦਰ ਬਾਹਰ ਮੌਜੂਦ ਰਹਿੰਦਾ ਹੈ, ਤੇ ਹਡ ਚੰਮ ਦਾ ਸ਼ਰੀਰ ਵੀ ਇਸੇ ਨੂਰ ਦਾ ਹੀ ਸਰਗੁਣ ਸੰਗਰਹਿ ਹੈ। ਧਰਤੀ ਦੀ ਸਾਰੀ ਮੈਟਰ ਮਾਇਆ (ਠੋਸ, ਤਰਲ, ਗੈਸ) ਬਣੀ ਹੀ ਇਸ ਨੂਰ ਤੋਂ ਹੈ ਤੇ ਇਸ ਲਈ ਸਭਿ ਵਾਹਿਗੁਰੂ ਹੀ ਵ ਹਿਗੁਰੁ ਹੈ। ਗੁਰਮਤ ਵਿਚ ਇਸ ਨੂਰ ਦਾ ਨਾਉਂ ਗੁਰੂ ਜਾਂ ਵਾਹਿਗੁਰੂ ਹੈ। 'ਜੀਉ ਪਿੰਡ ਸਭ ਤੇਰਾ' ਭਾਵ ਜੀਵ ਅਤ ਪਿੰਡ ਸਭ ਉਸ ਮਾਲਕ ਦਾ ਹੈ ਬਲਕਿ ਜੀਵ ਆਤਮਾ ਹੀ ਉਹ ਅਸਲੀ ਮਾਲਕ ਹੈ। ਜਿਹੜਾ ਜੀਵ ਵਿਚ ਵੀ ਪੂਰਨ ਹੈ ਤੇ ਸਚਖੰਡ ਵਿਚ ਵੀ ਪੂਰਨ ਹੈ, ਸਚ ਤਾਂ ਇਹ ਹੈ ਕਿ ਸਚਖੰਡ ਵਾਲਾ ਮਾਲਕ ਵੀ ਜੀਵ ਹੀ ਹੈ, ਭਾਵ ਤੁਹਾਡੀ ਆਤਮਾ ਹੀ ਹੈ, ਇਸ ਲਈ ਤੁਸੀਂ ਆਪ ਵਾਹਿਗੁਰੂ ਹੋ। ਜੇ ਤਾਂ ਅਨੁਭਵ (ਰੀਆਲਾਈਜ਼) ਕਰ ਲਿਆ ਹੈ ਅਤੇ ਪੱਕ ਵਿਸ਼ਵਾਸ ਹੈ ਤਾਂ ਵਾਹ ਬੇਹਤਰ ਪਰੰਤੂ ਜੇ ਵਿਸ਼ਵਾਸ ਵਿਚ ਤਰੇੜ ਰਹਿ ਗਈ ਤਾਂ ਪੂਰਨ ਨਹੀਂ ਹੋ। ਕੋਈ ਕਮੀ ਹੈ ਜਿਹੜੀ ਲਭੋ ਤੇ ਦੂਰ ਕਰੋ ਪੂਰਨ ਵਿਸ਼ਵਾਸ ਤੁਹਾਡੇ ਮਾਰਫਤ ਈਸ਼ਵਰ ਦੀਆਂ ਹੋਈਆਂ ਕਰਾਮਾਤਾਂ ਤੋਂ ਬਝਦਾ ਹੈ। ਜਿੰਨਾ ਦ੍ਰਿੜ ਵਿਸ਼ਵਾਸ ਹੁੰਦਾ ਜਾਵੇਗਾ,

ਉਤਨੀਆਂ ਹੀ ਕਰਾਮਾਤਾਂ ਤੁਹਾਡੇ ਨਾਲ ਵਾਪਰੀਆਂ ਜਾਣਗੀਆਂ, ਇਹ ਸਾਰੀਆਂ ਖੇਡਾਂ, ਤੁਹਾਡੇ ਅੰਦਰ ਵਸਣ ਵਾਲਾ ਪਰਮਾਤਮਾ (ਆਤਮਾ) ਆਪ ਹੀ ਚਲਾ ਰਿਹਾ ਹੈ। ਉਸੇ ਜੀਵ ਆਤਮਾ ਨੂੰ ਅਸੀਂ ਲੋਕ ਤੁਸੀਂ, ਤੂੰ, ਆਪ, ਠਾਕਰ, ਹਰੀ, ਗੁਰੂ ਆਦਿ ਆਖ ਕੇ ਨਿਵਾਜਦੇ ਹਾਂ।

23-11-72

ਸਾਰੇ ਮਹਾਂ ਪੁਰਖ ਜਿੰਨੇ ਵੀ ਅਜ ਤਕ ਸਾਡੀ ਧਰਤੀ ਤੇ ਹੋਏ ਹਨ, ਸਾਡੇ ਵਾਂਗਰ ਹੀ ਹਡ, ਚੰਮ ਲਹੂ ਦੇ ਸ਼ਰੀਰ ਵਾਲੇ ਸਨ। ਉਹਨਾਂ ਪਰਮਾਤਮਾ ਨੂੰ ਇਨਾਂ ਵਧ ਰੀਆਲਾਈਜ਼ ਕੀਤਾ ਕਿ ਉਹ ਪਰਮਾਤਮਾ ਸੀ ਬਣ ਗਏ। ਇਸ ਲਈ ਉਹਨਾਂ ਦੀ ਮਿਸਾਲ ਸਾਹਮਣੇ ਰਖ ਕੇ, ਜੇ ਅਸੀਂ ਪਰਮਾਤਮਾ ਦੀ ਹਦ ਦਰਜੇ ਦੀ ਭਗਤੀ ਕਰੀਏ, ਪਰਮਾਤਮਾ ਬਾਰੇ ਸੋਚ ਵਿਚਾਰ ਕਰੀਏ, ਹਰ ਵੇਲੇ ਆਪਣੇ ਆਪ ਨੂੰ ਵਾਹਿਗੁਰੂ ਵਾਹਿਗੁਰੂ ਹੀ ਕਹਿੰਦੇ ਰਹੀਏ ਤਾਂ ਅਸੀਂ ਵੀ ਸਰਗੁਣ ਤੋਂ ਮੁੜ ਨਿਰਗੁਣ (ਤ੍ਰੈਗੁਣ ਅਤੀਤ) ਵਾਹਿਗੁਰੂ ਹੀ ਬਣ ਜਾਵਾਂਗੇ, ਤੇ ਅਸੀਂ ਭੁਲੇ ਭਟਕੇ ਜੀਵ, ਗੁਰੂ ਸਤਿਗੁਰੂ ਦੀ ਮਿਹਰ ਤੇ ਦਿਤੇ ਗਿਆਨ ਸਦਕਾ, ਮੁੜ ਆਪਣੇ ਅਸਲੀ ਕੇਂਦਰ ਵਾਹਿਗੁਰੂ ਵਿਚ ਅਭੇਦ ਹੋ ਜਾਵਾਂਗੇ, ਅਤੇ ਹੋ ਸਕਦੇ ਹਾਂ, ਇਹ ਸਾਰਾ ਗਿਆਨ ਗੁਰੂ ਨਾਨਕ ਜੀ ਦੀ ਬਖਸ਼ਿਸ਼ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚੋਂ ਮਿਲਦੀ ਹੈ ਬਾਣੀ ਨੂੰ ਜਿਤਨਾ ਧਿਆਨ ਨਾਲ ਪੜ੍ਹੀਏ ਸੁਣੀਏ ਤੇ ਸਮਝੀਏ ਉਤਨੀ ਤਰੱਕੀ ਹੁੰਦੀ ਜਾਂਦੀ ਹੈ। ਇਸ ਵਾਸਤੇ ਗੁਰਬਾਣੀ ਦਾ ਲੜ ਫੜ ਕੇ ਚੜ੍ਹਦੇ ਚਲੋ ਤਾਕਿ ਪਰਮਾਤਮਾ ਹੀ ਬਣ ਜਾਓ ਜਾਂ ਵਾਹਿਗੁਰੂ ਵਿਚ ਅਭੇਦ ਹੋ ਜਾਉ, ਜਾਂ ਆਪ ਨਾਨਕ ਰੂਪ ਹੋ ਜਾਉ, ਤੁਹਾਡੇ ਨਾਲ ਐਸੀਆਂ ਕਰਾਮਾਤਾਂ ਹੋਣਗੀਆਂ ਜਿਨ੍ਹਾਂ ਤੋਂ ਸਿਧ ਹੋਵੇਗਾ ਕਿ ਤੁਸੀਂ ਨਾਨਕ ਰੂਪ ਹੀ ਹੋ ਜਿਵੇਂ ਗੁਰੂ ਨਾਨਕ ਦੇਵ ਜੀ ਦੀ ਥਾਂ ਤੇ ਮੇਰੀ ਫੋਟੋ ਬਣ ਗਈ ਸੀ ਇਹ ਗਲ ਮੈਨੂੰ ਯਕੀਨ ਦਿਵਾਉਣ ਲਈ ਸੀ ਕਿ ਮੈਂ ਨਾਨਕ ਰੂਪ ਹੀ ਹਾਂ ਏਸੇ ਤਰ੍ਹਾਂ ਤੁਹਾਡੇ ਨਾਲ ਕਈ ਪਰਕਾਰ ਦੀਆਂ ਕਰਾਮਾਤਾਂ ਹੋਣੀਆਂ। ਇਸ ਲਈ ਵੀਰਨੋ ਦਿਸਦੇ ਪਦਾਰਥਾਂ ਵਿਚ ਖਚਤ ਨਾ ਹੋਵੋ, ਕਮਲ ਵਾਂਗ ਤੇ ਮੁਰਗਾਈ ਨੈਸਾਣੇ ਵਾਂਗ ਅਭਿਜ ਰਹੋ। ਮਾਇਆ ਤੋਂ ਨਿਰਲੇਪ ਰਹੋ। ਈਸ਼ਵਰ ਦੀ ਅਰਾਧਨਾ ਤੇ ਸਾਰਾ ਤਾਣ ਜ਼ੋਰ ਹਿੰਮਤ ਹੌਸਲਾ ਜੋ ਕੁਝ ਵੀ ਪਲੇ ਹੈ ਸਭ ਕੁਝ ਹੀ ਈਸ਼ਵਰ ਅਰਾਧਨਾ, ਚੇਤਾ ਧਿਆਨ ਉਤੇ ਲਾ

ਦਿਉ, ਨਾਮ ਜਿਤ ਲਉ ਜਿਤਨਾ ਜਿਤਿਆ ਜਾਂਦਾ ਹੈ ਲਉ ਅਜ ਤੋਂ ਸਹੁੰ ਹੈ ਜੇ ਹਉਮੇ, ਦੁਬਿਧਾ, ਤ੍ਰਿਸ਼ਨਾ, ਕਾਮ, ਕਰੋਧ, ਲੋਭ, ਮੋਹ, ਹੰਕਾਰ, ਝੂਠ, ਨਿੰਦਾ ਪਾਖੰਡ ਆਦਿ ਦੇ ਲਗਦੀ ਵਾਹ ਨੇੜੇ ਵੀ ਜਾਉ ਪਤਾ ਲਗਦਿਆਂ ਸਾਰ ਹੀ ਇਨ੍ਹਾਂ ਨਾਲ ਤੀਲੇ ਤੋੜ ਆੜੀ ਟੁਕ ਕਰ ਲਉ, ਜਿਹੜਾ ਆਦਮੀ ਇਨ੍ਹਾਂ ਦਾ ਪਰਚਾਰ ਕਰੇ ਜਾਂ ਅਪਨਾਏ, ਉਹਦੇ ਨਾਲੋਂ ਆਹੜੀ ਤੋੜ ਲਉ, ਗੁਰਮੁਖ ਇਨਸਾਨ ਨੂੰ ਲਭੋ ਜਾਂ ਗਠੋ, ਸਚੇ ਗੁਰਮੁਖ ਇਨਸਾਨਾਂ ਦਾ ਵੀ ਧਰਤੀ ਤੇ ਕੋਈ ਘਾਟਾ ਨਹੀਂ ਸਿਰਫ ਲਭਣ ਦੀ ਹੀ ਲੋੜ ਹੈ।

ਪੰ: 1002 ਰੇ ਮਨ ਵਤੁ ਬੀਜਨ ਨਾਉ
ਬੋਇ ਖੇਤੀ ਲਾਇ ਮਨੂਆ ਭਲੋ ਸਮਉ ਸੁਆਉ।

ਸਰਬ ਲੋਹ ਨਿਜ ਆਤਮ ਪਰਮਾਤਮ ਦਰਸਯੋ, ਚਾਰ ਕਲਪ ਮਹਿ ਮੰਤ੍ਰ ਸਰਸਯੋ
ਸਾਮੰਤ੍ਰ ਪ੍ਰਭ ਖਾਲਸਹ ਦੀਨਾਂ, ਵਾਹਿਗੁਰੂ ਪਦੈਪਾਵਨ ਕੀਨਾ।

1159 ਇਹੀ ਤੇਰਾ ਅਉਸਰ, ਇਹੀ ਤੇਰਾ ਬਾਰ
ਘਟ ਭੀਤਰ ਤੂੰ ਦੇਖੁ ਬਿਚਾਰਿ।

1321 ਕੇਤੀ ਮਾਂਗਨ ਮਾਗੈ, ਭਾਵਨੀਆ ਸੋ ਪਾਈਐ
ਨਾਨਕ ਤਤ ਤਤ ਸਿਉ ਮਿਲੀਐ ਹੀਰੈ ਹੀਰੁ ਬਿਧਾਈਐ

373 ਪ੍ਰਭ ਮਿਲਿਆ ਤਾਂ ਚੂਕੀ ਡੰਝਾਂ, ਨਾਨ੍ਹਕ ਲਧਾ ਮਨ ਤਨ ਮੰਝਾ।

1421 ਨਾਨਕ ਹਉ ਪਿਰ ਭਾਲੀ ਆਪਣਾ, ਸਤਿਗੁਰ ਨਾਲਿ ਦਿਖਾਲਿਆ।

1098 ਨਾਨਕ ਮਨ ਹੀ ਮੰਝਿ ਰੰਗਾਵਲਾ ਪਿਰੀ ਤਹਿਜਾ ਨਾਉ।

1273 ਗੁਰ ਪਰਸਾਦਿ ਘਰ ਹੀ ਪਿਰੁ ਪਾਇਆ,
ਤਉ ਨਾਨਕ ਤਪਤਿ ਬੁਝਾਈ।
ਜੋ ਤੁਧ ਸੇਵਹਿ ਸੋ ਤੂਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ।
ਨਾਨਕ ਕਾ ਜੀਉ ਪਿੰਡ ਗੁਰੂ ਹੈ ਗੁਰਿ ਮਿਲਿ ਤ੍ਰਿਪਤਿ ਅਘਾਈ।

700 ਨਾਨਕ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਹੁ।

1268 ਮਨਿ ਤਨਿ ਰਵਿ ਰਹਿਆ ਜਗਦੀਸੁਰ, ਪੇਖਤ ਸਦਾ ਹਜੂਰੇ ।
ਨਾਨਕ ਰਵਿ ਰਹਿਓ ਸਭ ਅੰਤਰਿ, ਸਰਬ ਰਹਿਆ ਭਰਪੂਰੇ ।

844 ਜਿਨ ਮਾਣਸ ਜਨਮਿ ਨ ਪਾਇਆ ਤਿਨ ਭਾਗੁ ਮੰਦੇਰਾ ਰਾਮ ।

24.11.72 ਪਰਮਾਤਮਾ ਆਪ ਹੀ ਜੀਆਂ ਦਾ ਰੂਪ ਧਾਰ ਕੇ, ਹਰ ਜੀਵ ਸਤਿਆ ਦੇ ਰੂਪ ਵਿਚ ਬਿਰਾਜਮਾਨ ਹੈ । ਜੀਵਾਂ ਵਿਚੋਂ ਸ਼ਰੋਮਣੀ ਜੀਵ ਇਨਸਾਨ ਹੈ, ਹਰ ਜੀਵ ਆਪਣੀ ਮਾਇਆ ਦੇ ਕਾਰਨ ਵਖਰੇ ਸੁਭਾਵ ਦਾ ਮਾਲਕ ਬਣ ਜਾਂਦਾਂ ਹੈ, ਇਸ ਸੁਭਾ ਦੀ ਬਦੌਲਤ ਦੂਜਿਆਂ ਲਈ ਮੁਸੀਬਤ ਦਾ ਕਾਰਨ ਬਣਦਾ ਹੈ । ਇਸ ਲਈ ਪਹਿਲਾਂ ਆਪ ਰਬ ਬਣਨਾ ਚਾਹੀਦਾ ਹੈ ਤੇ ਫੇਰ ਦੂਜਿਆਂ ਨੂੰ ਖਿਆਲ ਸੁਧਾਰਨ ਵਿਚ ਸਦਦ ਦੇਣੀ ਚਾਹੀਦੀ ਹੈ । ਇਸ ਧੁਨ ਵਿਚ ਕਈ ਵੇਰਾਂ ਕੁਰਬਾਨੀਆਂ ਤੇ ਲੜਾਈਆਂ ਵੀ ਕਰਨੀਆਂ ਪੈ ਜਾਂਦੀਆਂ ਹਨ ਜਿਵੇਂ, ਗੁਰੂ ਗੋਬਿੰਦ ਸਿੰਘ ਜੀ ਤਥਾ ਹੋਰ ਉਘੀਆਂ ਸ਼ਖਸੀਅਤਾਂ ਨੂੰ ਕਰਨੀਆਂ ਪਈਆਂ ।

ਪੰ: 1384 ਹਉ ਢੂਢੇਦੀ ਸਜਣਾ, ਸਜਣਾ ਮੈਡੇ ਨਾਲਿ
ਨਾਨਕ ਅਲਖੁ ਨ ਲਖੀਐ, ਗੁਰਮੁਖਿ ਦੇਇ ਦਿਖਾਲਿ

452 ਕਹੁ ਨਾਨਕ ਸਹ ਘਰ ਮਹਿ ਬੈਠਾ ਸੋਹੇ ਬੰਕ ਦੁਆਰੇ

773 ਹਰਿ ਆਤਮ ਰਾਮੁ ਪਸਾਰਿਆ ਸੁਆਮੀ, ਸਰਬ ਰਹਿਆ ਭਰਪੂਰੇ
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ, ਮਿਲਿ ਹਰਿ ਜਨ ਮੰਗਲ ਗਾਏ
ਨਾਨਕ ਸੰਤ ਸੰਤ ਹਰਿ ਏਕੋ, ਜਪਿ ਹਰਿ ਹਰਿ ਨਾਮੁ ਸੋਹੰਦੀ

452 ਕਹੁ ਨਾਨਕ ਹਰਿ ਸਿਉ ਮਨੁ ਮਾਨਿਆ, ਸੋ ਪ੍ਰਭ ਨੈਣੀ ਡੀਠਾ

1316 ਜਿਸ ਬੁਝਾਏ ਆਪਿ ਬੁਝਾਇ ਦਇ ਸੋਈ ਜਨੁ ਦਿਖਾ

907 ਏਕ ਮਹਿ ਸਰਬ, ਸਰਬ ਮਹਿ ਏਕਾ, ਏਕ ਸਤਿਗੁਰਿ ਦੇਖਿ ਦਿਖਾਈ

908 ਅੰਤਰਿ ਬਾਹਰਿ ਏਕੋ ਵੇਖੈ, ਵਿਚਹੁ ਭਰਮੁ ਚੁਕਾਏ

1108 ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ

1180 ਸਰਬ ਰੰਗ ਇਕ ਰੰਗ ਮਾਹਿ, ਸਰਬ ਸੁਖਾ ਸੁਖ ਹਰਿ ਕੈ ਨਾਇ
ਤਿਸਹਿ ਪਰਾਪਤਿ ਇਹੁ ਨਿਧਾਨੁ, ਨਾਨਕ ਗੁਰੂ ਜਿਸ ਕਰੇ ਦਾਨੁ

387 ਗੁਰੁ ਪਾਰਬ੍ਰਮੁ ਪਰਮੇਸੁਰ ਆਪਿ
ਆਠ ਪਹਰ ਨਾਨਕ ਗੁਰ ਜਾਪਿ

93 ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ
ਕਨਕ ਕਟਿਕ ਜਲ ਤਰੰਗ ਜੈਸਾ
ਪ੍ਰਭ ਤੇ ਜਨੁ ਜਾਨੀਜੈ, ਜਨ ਤੇ ਸੁਆਮੀ

1074 ਗੁਰ ਸੇਵਕ ਕਉ ਵਿਘਨੁ ਨ ਭਗਤੀ
ਹਰਿ ਪੂਰ ਦ੍ਰਿੜਾਇਆ ਗਿਆਨਾ ਹੇ

720 ਕਾਇਆ ਨਗਰਿ ਬਸਤ ਹਰਿ ਸੁਆਮੀ,
ਹਰਿ ਨਿਰਭਉ ਨਿਰਵੈਰੁ ਨਿਰੰਕਾਰਾ ।
ਹਰਿ ਨਿਕਟਿ ਬਸਤ ਕਛੁ ਨਦਰਿ ਨ ਆਵੈ,
ਹਰਿ ਲਾਧਾ ਗੁਰ ਵੀਚਾਰਾ ।
ਹਰਿ ਆਪੇ ਸਾਹੁ ਸਰਾਫ ਰਤਨੁ ਹੀਰਾ, ਹਰਿ ਆਪਿ ਕੀਆ ਪਾਸਾਰਾ
ਨਾਨਕ ਜਿਸ ਕਿਰਪਾ ਕਰੇ ਸੁ ਹਰਿਨਾਮੁ ਵਿਹਾਝੇ ਸੋ ਸਾਹੁ ਸਚਾ ਵਣਜਾਰਾ ।

1328 ਤਿਨਾ ਨਦਰੀ ਇਕੋ ਆਇਆ ਸਭ ਆਤਮ ਰਾਮੁ ਪਛਾਨੁ

28-11-72 ਦਰਸ਼ਨ

ਪਹਿਲੀ ਵਾਰ :—1965 ਸੰਗਰੂਰ ਅਤਿਅੰਤ ਲਾਈਟ ਨੂਰ ਜਿਸ ਦੀ ਰੋਸ਼ਨੀ ਨੂੰ ਮੈਂ ਸਹਾਰ ਤਕ ਨ ਸਕਿਆ

ਦੂਜੀ ਵਾਰ :—1967 ਚੰਡੀਗੜ੍ਹ ਪੂਰਾ ਸਚਖੰਡ ਦਰਬਾਰ ਤੇ ਜੋਤਿ ਨੂਰ, ਸਮੇਤ ਸਾਰੇ ਗੁਰੂ ਸਾਹਿਬਾਨ ਤੇ ਹੋਰ ਅਨੇਕ ਸੰਗਤਾਂ ਦੇ

ਤੀਜੀ ਵਾਰ :—1969 ਚੰਡੀਗੜ੍ਹ ਅਮਰਤ ਛਕਾਉਂਦੇ ਸ਼ਮੇਂ ਸੋਢੀ ਸਾਹਿਬ ਦੇ ਚਰਨਾਂ ਤੇ ਆਕੇ ਰੋਸ਼ਨੀ ਸਮਾਈ

ਚੌਥੀ ਵਾਰ :—1969 ਚੰਡੀਗੜ੍ਹ ਗੁਰਦੁਆਰੇ ਬੈਠਿਆਂ ਜੋਤਿ ਰੂਪ ਹਰਿ ਓ ਸਮੇਤ

ਪੰਜਵੀਂ ਵਾਰ :...1971 ਚੰਡੀਗੜ੍ਹ ਦਫਤਰ ਦੁਪਹਿਰੇ ਪਖੇ ਉਤੇ ਤਿੰਨ ਰੰਗਾਂ ਵਿਚ ਜੋਤਿ

ਛੇਵੀਂ ਵਾਰ :—1971 ਚੰਡੀਗੜ੍ਹ ਸਪਿਰਟ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦੇ ਉਤੇ

ਸਤਵੀਂ ਵਾਰ ਤੇ ਅਨੇਕ ਵਾਰ ਜਦ ਚਾਹਾਂ ਵੇਖ ਲਵਾਂ ਮੇਰੋ ਆਪਣੇ ਵਿਚ

ਕਰਾਮਾਤਾਂ :—

1958 ਕੈਲੌਂਗ ਮੇਹੇ ਸ਼ਾਰੇ ਸਰੀਰ ਦੇ ਰੋਮਾਂ ਵਿਚੋਂ ਵਾਂਹਿਗੁਰੂ ਸ਼ਬਦ ਦੀ ਅਵਾਜ਼ ਆਉਂਦੀ ਰਹੀ

1969 ਬੰਬਈ ਪੰਜ ਗੁਲਾਬ ਦੀਆਂ ਟਾਹਣੀਆਂ ਲਾਈਆਂ ਪੰਜੇ ਹੀ ਹਰੀਆਂ ਰਹੀਆਂ ਬਿਲਕੁਲ ਮੁਰਝਾਈਆਂ ਤਕ ਵੀ ਨਹੀਂ ਤੇ ਡੋਡੀਆਂ ਟਹਕਦੇ ਮਹਿਕਦੇ ਫੁਲ ਬਣਕੇ ਖਿੜੀਆਂ

1970 ਚੰਡੀਗੜ੍ਹ ਮਨ ਚਿਤਵਤ ਗੱਲਾਂ ਪੂਰੀਆਂ ਹੁੰਦੀਆਂ ਵੇਖੀਆਂ

1972 ਚੰਡੀਗੜ੍ਹ ਰਿਉੜੀ, ਮੂੰਗਫਲੀ ਬਣ ਗਈ

ਬੀਮਾਰੀਆਂ :—ਮੈਨੂੰ ਯਾਦ ਨਹੀਂ ਕਦੀ ਬਿਮਾਰ ਹੋਇਆ ਹੋਵਾਂ

ਸਿਵਾਇ ਪਾਗਲਪਨ ਦੇ ਇਹ ਚੰਡੀਗੜ੍ਹ ਹੋਇਆਂ 1968 ਵਿਚ ਮੇਰੇ ਤੇ ਅਸ਼ਰ ਹੋਣਾ ਸ਼ੁਰੂ ਹੋਇਆ ਅਤੇ ਜ਼ੋਰਦਾਰ ਹਮਲਾ 1968, 69, 70 ਤਕ ਰਿਹਾ। ਉਂਜ ਮੈਂ ਅਜੇ ਵੀ ਗੋਲੀਆਂ ਖਾਂਦਾ ਹਾਂ। ਇਹ ਹੋਇਆ ਇਸ ਲਈ ਕਿ ਮੈਂ ਸਿਵਾਏ ਬਾਣੀ ਪੜ੍ਹਨ ਦੇ, ਵਿਆਖਿਆ ਪੜ੍ਹਨ ਦੇ ਤੇ ਨਾਮ ਜਪਣ ਦੇ ਹੋਰ ਕੁਝ ਕਰਦਾ ਹੀ ਨਹੀਂ ਹੁੰਦਾ ਸਾਂ ਬਿਲਕੁਲ ਇਕ ਪੱਖੀ ਜੀਵਨ ਹੋ ਜਾਣ ਕਰਕੇ ਇਹ ਘਟਨਾ ਵਾਪਰੀ। ਕਿਸੇ ਅਖਬਾਰ, ਨਾਵਲ ਨਾਟਕ, ਸਿਨੇਮਾ, ਰਿਸ਼ਤੇਦਾਰ ਯਾ ਦੋਸਤਾਂ ਨਾਲ ਬਿਲਕੁਲ ਸੰਪਰਕ ਨਹੀਂ ਰਹਿ ਗਿਆ ਸੀ। ਬਸ ਮੈਂ ਤੇ ਨਾਮ ਹੀ ਬਾਕੀ ਰਹਿ ਗਏ ਸਾਂ।

ਪਰਾਪਤੀਆਂ :—1. ਵਾਹਿਗੁਰੂ, ਪਿਆਰਾ ਵਾਹਿਗੁਰੂ ਮਿਲਿਆ। ਰਜ ਕੇ ਮਿਲਿਆ, ਗਹਿ ਗਚ ਮਿਲਿਆ।

2. ਮੈਨੂੰ ਤੇ ਮੇਰੇ ਪਰਵਾਰ ਨੂੰ ਕੋਈ ਦੁਖ ਤਕਲੀਫ ਨਹੀਂ ਰਹੀ

3. ਅਨਦ, ਸੁਰਖਰੂਈ, ਸਚਾਈ ਤੇ ਵਡਿਆਈ ਮਿਲੀ।

4. ਸਾਰੇ ਕੰਮ ਸੰਪੂਰਨ, ਅਮਿਤਾ ਧਨ, ਖੁਲ੍ਹਾਂ ਖਰਚ ਪਠਾ ਕੁਦਰਤੀ ਪ੍ਰਬੰਧ, ਹਰ ਵੇਲੇ ਪ੍ਰਭੂ ਦੀ ਕਿਰਪਾਲਤਾ ਭਰੀ ਸਹਾਇਤਾ, ਜ਼ਮੀਨ, ਮਕਾਨ, ਸੰਤਾਨ, ਸਿਹਤ, ਅਰਾਮ, ਗੱਲ ਕੀ ਹਰ ਸ਼ੈ।

5. ਮੈਂ ਆਪ ਹੀ ਰਬ ਬਣ ਗਿਆ ਹਾਂ, ਮੈਂ ਨਾਨਕ ਵਿਚ ਤੇ ਨਾਨਕ ਮੇਰੇ ਵਿਚ, ਮੈਂ ਹੀ ਨਾਨਕ ਬਣ ਗਿਆ ਹਾਂ ਜਿਉ ਜਲ ਮਹਿ ਜਲ ਆਇ ਖਟਾਨਾਂ ਤਿਉ ਜੋਤੀ ਵਿਚ ਜੋਤਿ ਸਮਾਣਾਂ।

6. ਮੈਨੂੰ ਇਹ ਅਨੁਭਵ ਤੇ ਅਹਿਸਾਸ ਹੋ ਗਿਆ ਹੈ ਕਿ ਮੈਂ ਉਹ ਨੂਰ ਹੀ ਹਾਂ ਜਿਹਨੂੰ ਵਾਹਿਗੁਰੂ ਕਿਹਾ ਜਾਂਦਾ ਹੈ

ਵਾਹਿਗੁਰੂ ਪੂਰੇ ਤੌਰ ਤੇ ਮੇਰੇ ਵਿਚ ਵਿਚਰਦਾ ਹੈ ਮੈਂ
ਵਾਹਿਗੁਰੂ ਵਿਚ ਤੇ ਵਾਹਿਗੁਰੂ ਮੇਰੇ ਵਿਚ ਉਤਪੋਤ ਰਚੇ
ਹੋਏ ਹਾਂ ਤੇ ਇਕ ਰੂਪ ਹੋ ਗਏ ਹਾਂ ।

ਪੰ: 48 ਜਿਸ ਕਾਰਣਿ ਤਨੁ ਧਾਰਿਆ ਸੋ ਪ੍ਰਭੁ ਡਿਠਾ ਨਾਲਿ ।
ਜਲਿ ਥਲਿ ਮਹੀਅਲਿ ਪੂਰਿਆ ਪ੍ਰਭੁ ਆਪਣੀ ਨਦਰਿ ਨਿਹਾਲਿ ।

596 ਇਕਤੁ ਰੂਪਿ ਫਿਰਹਿ ਪਰਛੰਨਾਂ ਕੋਇ ਨ ਕਿਸ ਹੀ ਜੇਹਾ

ਲਾਰ 15 ਕਰਤਾ ਪੁਰਖੁ ਵਿਸਾਰਿ ਕੈ ਮਾਂਣਸ ਦੀ ਮਨਿ ਆਸ ਧਰੇਹੀ
ਪਸੂ ਖਰੇਤਹੁ ਬੁਰੀ ਬੁਰੇਹੀ

724 ਧਾਤੁ ਮਿਲੈ ਫੁਨਿ ਧਾਤੁ ਕਉ, ਲਿਵ ਲਿਵੈ ਕਉ ਧਾਵੈ

396 ਜੀਉ ਪ੍ਰਾਣ ਧਨ ਗੁਰੂ ਹੈ ਨਾਨਕ ਕੈ ਸੰਗੇ

621 ਪਾਰਬ੍ਰਹਮੁ ਪੂਰਾ ਮੇਰੈ ਨਾਲਿ ਗੁਰਿ ਪੂਰੈ ਪੂਰੀ ਸਭ ਰਾਖੀ ਹੋਇ ਸਰਬ
ਦਇਆਲ

212 ਜਉ ਹੋਇ ਕਿਰਪਾਲੁ ਤ ਸਤਿਗੁਰੂ ਮੇਲੈ ਸਭਿ ਸੁਖ ਹਰਿਕੇ ਨਾਏ
ਮੁਕਤੁ ਭਇਆ ਬੰਧਨ ਗੁਰਿ ਖੋਲੇ ਜਨ ਨਾਨਕ ਹਰਿ ਗੁੰਨ ਗਾਏ
ਮਨ ਹਠਿ ਕੀਚੈ ਅੰਤਿ ਵਿਗੋਵੈ

797 ਆਪੇ ਗੁਰੂ ਚੇਲਾ ਹੈ ਆਪੇ ਆਪੇ ਗੁੰਣੀ ਨਿਧਾਨਾ
ਕਹਤ ਨਾਨਕ ਤੂੰ ਸਾਚਾ ਸਾਹਿਬ ਕਉਣ ਜਾਣੇ ਤੇਰੇ ਕਾਮਾ, ਇਕਨਾਂ
ਘਰ ਮਹਿ ਦੇ ਵਡਿਆਈ ਇਕਿ ਭਰਮਿ ਭਵਹਿ ਅਭਿਮਾਨਾ
ਮ. ੧. ਸਚੁ ਤਾ ਪਰੁ ਜਾਣੀਐ ਜਾ ਆਤਮ ਤੀਰਥਿ ਕਰੈ ਨਿਵਾਸੁ
ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ
ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ
ਐਸੀ ਕਲਾ ਨਾ ਖੇਡੀਐ ਜਿਤ ਦਰਗਾਹ ਗਇਆ ਹਾਰੀਐ
ਜਿਉ ਸਾਹਿਬ ਨਾਲਿ ਨਾ ਰਾਰੀਐ ਤੇਵੇਹਾ ਪਾਸਾ ਢਾਲੀਐ
ਕਿਛੁ ਲਾਹੇ ਉਪਰਿ ਘਾਲੀਐ
ਨਾਨਕ ਸੇਵਕ ਕਾਢੀਐ ਜਿ ਸੇਤੀ ਖਸਮ ਸਮਾਇ

9-1-1972—ਜਿਨੈ ਤੋਹਿ ਧਿਆਇਓ, ਤਿਨੈ ਪੂਰਨ ਪ੍ਰਤਾਪ ਪਾਇਓ ਸਰਬ ਧਨ ਧਾਮ ਫਲ ਫੂਲ ਸੋ ਫਲਤ ਹੈ

ਪੰ: 896 ਸਰਬ ਕੀ ਰੇਣ ਹੋਵੀਜੈ ਆਪੁ ਮਿਟਾਇ ਮਿਲੀਜੈ
ਅਨ ਦਿਨੁ ਧਿਆਈਐ ਨਾਮ ਸਫਲ ਨਾਨਕ ਇਹੁ ਕਾਮ

702 ਜਹ ਦੇਖਉ ਤਹ ਨਾਲਿ ਗੁਰਿ ਦੇਖਾਲਿਆ
ਅੰਤਰਿ ਬਾਹਰਿ ਭਾਲਿ ਸਬਦਿ ਨਿਹਾਲਿਆ
ਗੁਰਮੁਖਿ ਵੇਖਿ ਹਦੂਰਿ ਅੰਤਰਿ ਭੀ ਤੂਹੈ

739 ਓਤਿ ਪੋਤਿ ਨਾਨਕ ਸੰਗਿ ਬਸੇਰਾ
ਅੰਤਰਿ ਬਾਹਰ ਸਦਾ ਸੰਗ ਪ੍ਰਭ ਤਾ ਸਿਉ ਨੇਹੁ ਨ ਲਾਵੈ

864 ਗੁਰ ਕਰਤਾ ਗੁਰੁ ਕਰਣੈ ਜੋਗੁ ਗੁਰੁ ਪਰਮੇਸਰੁ ਹੈ ਭੀ ਹੋਗੁ
ਗੁਰੁ ਪਰਮੇਸਰੁ ਏਕੋ ਜਾਣੁ ਜੋ ਤਿਸ ਭਾਵੈ ਸੋ ਪਰਵਾਣੁ
ਗੁਰ ਕੀ ਮਹਿਮਾ ਕਥਨੁ ਨ ਜਾਇ
ਪਾਰਬ੍ਰਹਮ ਗੁਰੂ ਰਹਿਆ ਸਮਾਇ
ਗੁਰੂ ਕਾ ਸਬਦੁ ਨ ਮੇਟੈ ਕੋਇ
ਗੁਰੂ ਨਾਨਕ ਨਾਨਕ ਹਰਿ ਸੋਇ

169 ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ ਕੋਈ ਲਾਗਿ ਨ ਸਕੈ ਬਿਨ ਹਰਿ ਕਾ ਲਾਇਆ। ਐਸਾ ਹਰਿ ਨਾਮੁ ਮਨਿ ਚਿਤਿ ਨਿਤਿ ਧਿਆਵਹੁ ਜਨ ਨਾਨਕ ਜੋ ਅੰਤੀ ਅਉਸਰਿ ਲਏ ਛਡਾਇਆ।

49 ਗੁਰੂ ਦਾਤਾ ਸਮਰਥ ਗੁਰੂ ਗੁਰੂ ਸਭਿ ਮਹਿ ਰਹਿਆ ਸਮਾਇ
ਗੁਰੂ ਪਰਮੇਸਰੁ ਪਾਰਬ੍ਰਹਮੁ ਗੁਰੂ ਡੁਬਦਾ ਲਏ ਤਰਾਇ

1281 ਨਾਨਕ ਗੁਰਮੁਖਿ ਨਦਰੀ ਆਇਆ ਹਰਿ ਆਤਮ ਰਾਮੁ ਮੁਰਾਰਿ

26-12-72

ਵਾਹਿਗੁਰੂ ਇਕ ਨੂਰ ਹੈ, ਧੁੰਦ ਵਰਗਾ ਤਥਾ ਬਦਲ ਵਰਗਾ ਯਾ ਛਾਂਵੇ ਪਈ ਸਨੋ (ਬਰਫ) ਵਰਗਾ, ਸਾਰੀ ਸਰਿਸ਼ਟੀ ਦੀ ਰਚਨਾ ਇਸ ਨੂਰ ਤੋਂ ਹੋਈ ਹੈ, ਇਹੋ ਨੂਰ ਹੀ ਉਪਜ, ਪ੍ਰਿਤਪਾਲਣਾਂ ਤੇ ਸੰਘਾਰ ਦਾ ਕਾਰਨ ਹੈ, ਚੰਗੇ ਅਤੇ ਮੰਦੇ

ਆਦਮੀ ਵੀ ਇਸ ਨੂਰ ਦੇ ਕਾਰਨ ਹੁੰਦੇ ਹਨ, ਜਿਸ ਇਨਸ਼ਾਨ ਦੇ ਨੂਰੀ ਕਣ ਸਾਫ ਤੇ ਰੋਸ਼ਨ ਹੋਣ ਉਥੇ ਈਸ਼ਵਰ ਪਰਗਟ ਹੋਇਆ ਹੁੰਦਾ ਹੈ ਅਤੇ ਜਿਥੇ ਨੂਰੀ ਕੰਣਾ ਦੀ ਦਮਕ ਵਿਚ ਮਾਇਆ ਦੇ ਪਰਭਾਵ ਕਰਕੇ ਕਮੀਂ ਤੇ ਧੁੰਦਲਾਪਨ ਹੋਵੇ ਉਹ ਪਰਾਣੀ ਭੁਲੜ ਤੇ ਖਿਆਲਾਤ ਦੇ ਸਾਫ ਨਹੀਂ ਹੁੰਦੇ, ਇਨਸਾਨ ਦਾ ਰੰਗ, ਕਦ, ਸੁਭਾ ਸਮਾਜਕ ਪਦਵੀ ਗਰਜ਼ ਕਿ ਇਨਸਾਨ ਦੀ ਮੌਜੂਦਾ ਹਾਲਤ ਇਨ੍ਹਾਂ ਨੂਰੀ ਕਣਾਂ ਉਤੇ ਹੀ ਨਿਰਭਰ ਕਰਦੀ ਹੈ, ਇਹਨਾ ਨੂਰੀ ਕਣਾਂ ਤੋਂ ਬਿਨਾਂ ਕੋਈ ਚੀਜ਼ ਹੋਂਦ ਵਿਚ ਹੀ ਨਹੀਂ ਆ ਸਕਦੀ। ਇਨ੍ਹਾਂ ਕਣਾਂ ਦੇ ਸੰਗਰਹਿ ਨੂੰ ਆਤਮਾ ਤਥਾ ਪਰਮਾਤਮਾ ਕਿਹਾ ਜਾਂਦਾ ਹੈ, ਆਤਮਾ ਹਰ ਇਕ ਜੀਵ ਵਿਚ ਹੈ. ਪਰੰਤੂ ਪਰਗਟ ਕਿਸੇ ਵਿਰਲੇ ਵਿਚ ਹੀ ਹੁੰਦਾ ਹੈ, ਅਸੀਂ ਲੋਕ ਪਰਮਾਤਮਾ ਵਿਚ ਹਾਂ ਤੇ ਪਰਮਾਤਮਾ ਸਾਡੇ ਵਿਚ ਹੈ, ਜਿਵੇਂ ਹਵਾ ਯਾ ਪਾਣੀ, ਉਤ ਪੋਤਿ ਸਭਿ ਪਰਮਾਤਮਾ ਹੀ ਪਰਮਾਤਮਾ ਯਾ ਗੁਰੂ ਹੀ ਗੁਰੂ ਹੈ, ਬਾਹਰ ਬਿਲਕੁਲ ਕੁਝ ਨਹੀਂ ਅਤੇ ਨਾ ਹੀ ਗੁਰੂ ਤੋਂ ਬਾਹਰੀ ਕੋਈ ਥਾਂ ਹੈ ਹਵਾ ਦੇ ਸਮੁੰਦਰ ਵਾਂਗ ਸਭ ਗੁਰੂ ਹੀ ਗੁਰੂ ਫੈਲਿਆ ਹੋਇਆ ਹੈ ਇਨਸਾਨ ਪਰਮਾਤਮਾ ਦਾ ਸਰਗੁਣ ਰੂਪ ਹੈ ਅਤੇ ਮੌਤ ਪਿਛੋਂ ਨਿਰਗੁਣ ਹੋ ਕੇ ਉਸ਼ ਵਿਚ ਸਮਾ ਜਾਈਦਾ ਹੈ, ਜੂਨਾਂ ਵਿਚ ਭੌਂਦੇ ਫਿਰਨਾ ਆਦਮੀ ਦੀ ਆਪਣੀ ਗਲਤੀ ਹੈ। ਜਿਸ ਚੀਜ਼ ਨੂੰ ਪਿਆਰ ਕਰਦਾ ਹੈ ਉਸੇ ਦਾ ਰੂਪ ਧਾਰਨ ਕਰ ਲੈਂਦਾ ਹੈ। ਇਸ ਫਾਹੀ ਵਿਚ ਫਸਿਆ ਭੌਂਦਾ ਫਿਰਦਾ ਹੈ। ਜੇ ਨਿਰਗੁਣ ਵੇਖਿਆ ਹੋਵੇ, ਨਿਰਗੁਣ ਨੂੰ ਪਿਆਰ ਕਰੇ ਅਤੇ ਪਤਾ ਹੋਵੇ ਕਿ ਨਿਰਗੁਣ ਤੋਂ ਥਲੇ ਸਭਿ ਮਾਇਆ ਹੀ ਮਾਇਆ ਹੈ ਤਾਂ ਨਿਰਗੁਣ ਹੀ ਬਣਿਆ ਰਹਿੰਦਾ ਹੈ ਅਤੇ ਪਰਮਗਤੀ ਦੀ ਹਾਲਤ ਵਿਚ ਸਤਿ ਚਿਤ ਆਨੰਦ ਨਾਲ ਮਿਲ ਕੇ ਅਨੰਦ ਵਿਭੋਰ ਹੋਇਆ ਰਹਿੰਦਾ ਹੈ। ਜੂਨਾਂ ਦੇ ਵਲਗਣ ਤੇ ਪੇਟ ਦੇ ਪੁਆੜੇ ਗਲੋਂ ਲਹਿ ਜਾਂਦੇ ਹਨ।

16-1-73

ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ
ਅੰਤਰ ਬਾਹਰਿ ਸੰਗ ਹੈ ਨਾਨਕ ਕਾਇ ਦਰਾਇ
ਘਟਿ ਘਟਿ ਵਸਹਿ ਜਾਣਹਿ ਥੋਰਾ
ਹੈ ਕੋਈ ਸਾਜਣੁ ਪਰਦਾ ਤੋਰਾ

ਆਪੇ ਨੇੜੇ ਦੂਰ ਆਪੇ ਹੀ ਆਪੇ ਮੰਝ ਮਿਆਨੁ

ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੁ

ਭਗਤ ਜਨਾਂ ਕੈ ਸੰਗਿ ਪਾਪ ਗਵਾਵਣਾ

ਜਨ ਨਾਨਕ ਸਦ ਬਲਿਹਾਰੇ ਬਲਿ ਬਲਿ ਜਾਵਣਾ

ਜੋ ਦੀਸੈ ਸੋ ਸਗਲ ਤੂ ਹੈ ਪਸਰਿਆ ਪਾਸਾਰ

ਕਹੁ ਨਾਨਕ ਗੁਰ ਭਰਮ ਕਟਿਆ ਸਗਲ ਬ੍ਰਹਮੁ ਬੀਚਾਰ

ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ

ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭੁ ਸੰਗਿ

ਰੂਪ ਨ ਰੇਖ ਨ ਪੰਚ ਤਤ ਠਾਕਰ ਅਬਿਨਾਸੁ

ਸਭੁ ਆਤਮ ਰਾਮ ਪਸਰਿਆ ਗੁਰ ਬੁਧਿ ਬੀਚਾਰੀ

ਨਾਨਕ ਭੇਟੇ ਸਾਧ ਜਬ ਹਰਿ ਪਾਇਆ ਮਨ ਮਾਹਿ

ਜਾ ਕੈ ਅੰਤਰਿ ਬਸੈ ਪ੍ਰਭੁ ਆਪਿ, ਨਾਨਕ ਤੇ ਜਨ ਸਹਜ ਸਮਾਤਿ

ਅੰਤਰਿ ਦੇਉ ਨ ਜਾਨੈ ਅੰਧ, ਭ੍ਰਮਕਾ ਮੋਇਆ ਪਾਵੈ ਫੰਧੁ

14-1-73

ਮੈਂ ਰਬ ਨਹੀਂ ਪਰੰਤੂ ਮੇਰੇ ਅੰਦਰ ਜੋ ਵਸਦਾ ਹੈ ਉਹ ਰਾਮ ਹੈ

ਯਾ ਭੀਤਰਿ ਜੋ ਰਾਮੁ ਬਸਤ ਹੈ ਸਾਚੋ ਤਾਹਿ ਪਛਾਨੋ

ਜਨ ਨਾਨਕ ਸਭਹੀ ਮੈ ਪੂਰਨ ਏਕ ਪੁਰਖ ਭਗਵਾਨੋ

17-1-73

ਪਰਮਾਤਮਾ ਸਾਡੀ ਆਪਣੀ ਆਤਮਾ ਦੇ ਰੂਪ ਵਿਚ ਹੀ ਸਾਡੇ ਵਿਚ ਰਹਿੰਦਾ ਹੈ। ਸਾਡੀ ਆਤਮਾ ਦਾ ਫੈਸਲਾ ਪਰਮਾਤਮਾ ਦਾ ਫੈਸਲਾ ਹੁੰਦਾ ਹੈ। ਚੰਗੇ ਫੈਸਲਿਆਂ ਦੇ ਚੰਗੇ ਨਤੀਜੇ ਨਿਕਲਦੇ ਹਨ। ਅਤੇ ਮੰਦੇ ਵਿਚਾਰਾਂ ਤੋਂ ਉਤਪੰਨ ਹੋਈਆਂ ਘਟਨਾਵਾਂ ਦੁਖ ਦਾ ਕਾਰਨ ਬਣਦੀਆਂ ਹਨ। ਇਸ ਲਈ ਜ਼ਰੂਰੀ ਹੈ ਕਿ ਖਿਆਲ ਨੇਕ ਤੇ ਪਵਿਤਰ ਹੋਣ, ਜਿਨ੍ਹਾਂ ਦੇ ਆਧਾਰ ਤੇ ਕੀਤੇ ਕੰਮ ਵੀ ਨੇਕ ਤੇ ਚੰਗੇ ਹੋਣਗੇ। ਆਪਣੇ ਆਤਮਾ ਵਲੋਂ ਕੀਤੇ ਗਏ ਫ਼ੈਸਲੇ ਨੂੰ ਅਮਲੀ ਜਾਮਾ ਪਾਉਣ ਲਈ ਸਚੀ ਅਤੇ ਦਰੁਸਤ ਘਾਲਣਾ ਘਾਲਣੀ ਚਾਹੀਦੀ ਹੈ। ਝੂਠੇ ਅਤੇ ਅਨਉਚਿਤ ਰਸਤੇ ਨਹੀਂ ਅਪਨਾਂਉਣੇ ਚਾਹੀਦੇ। ਨੇਕ ਅਤੇ ਚੰਗੇ ਕੰਮ ਦੇ ਨੇਪਰੇ

ਚੜ੍ਹਾਣ ਲਈ ਬੇਈਮਾਨੀ ਤੇ ਕਪਟ ਤੇ ਨਿਰਭਰ ਤਰੀਕੇ ਗਲਤ ਹਨ, ਨਹੀਂ ਅਪਨਾਉਣੇ ਚਾਹੀਦੇ। ਆਮ ਹਾਲਤਾਂ ਵਿਚ ਪਰਾਣੀ ਫੈਸਲਾ ਤੇ ਭਾਵੇਂ ਨੇਕ ਕਰੇ ਪਰੰਤੂ ਉਹਦੀ ਪੂਰਤੀ ਲਈ ਤਰੀਕੇ ਅਨਉਚਿਤ ਵੀ ਅਪਨਾ ਲੈਂਦਾ ਹੈ। ਜਿਸ ਕਰਕੇ ਸਮਾਜ ਭਰਸ਼ਟਾਚਾਰੀ ਹੁੰਦਾ ਜਾ ਰਿਹਾ ਹੈ, ਕੰਮ ਨ ਬਣੇ ਤਾਂ ਸਮਝੋ ਕਿ ਪਰਮਾਤਮਾ ਦੀ ਅਜੇ ਦਯਾ ਦ੍ਰਿਸ਼ਟੀ ਨਹੀਂ, ਸ਼ਾਇਦ ਕੁਝ ਹੋਰ ਘਾਲਣਾ ਮੰਗਦਾ ਹੈ, ਪਰੰਤੂ ਪੂਰਤੀ ਲਈ ਭਰਿਸ਼ਟਾਚਾਰੀ ਤਰੀਕੇ ਬਿਲਕੁਲ ਨ ਅਪਨਾਉ ਰਿਸ਼ਵਤ ਦੇ ਕੇ ਕੰਮ ਕਰਾਉਣਾ ਗਲਤ ਹੈ, ਜਿਸ ਨਾਲ ਸਮਾਜ ਵਿਚ ਬੁਰਿਆਈ ਫੈਲਦੀ ਹੈ। ਪਾਸ ਹੋਣ ਲਈ ਪਰਚੀਆਂ ਖੜਨਾ, ਚੰਗੇ ਕੰਮ ਲਈ ਭਰਿਸ਼ਟਾਚਾਰੀ ਤਰੀਕਾ ਹੈ।

29-4-73

ਵਾਹਿਗੁਰੂ ਜੀ ਇਕ ਜੀਉਂਦਾ ਜਾਗਦਾ ਨੂਰ ਹਨ। ਉਸ ਤੋਂ ਬਨਿਆ ਨਾਨਕ, ਉਸ ਦਾ ਗੁਰਮੁਖਿ ਰੂਪ ਹੈ, ਨਿਰਭੈ ਤੇ ਨਿਰਵੈਰ, ਉਸ ਦੀ ਮੂਰਤ ਅਕਾਲ ਹੈ, ਉਹ ਅਜੂਨੀ ਹੈ ਤਥਾ ਸੈਭੰ ਹੈ, ਉਹ ਗੁਰ ਹੈ ਤੇ ਪ੍ਰਸਾਦਿ ਉਸ ਦੀ ਖਸਲਤ ਹੈ, ਅਮੀਬਾ ਦੇ ਇਕ ਤੋਂ ਅਨੇਕ ਹੋਣ ਵਾਂਗਰ ਵਾਹਿਗੁਰੂ ਆਪਣੇ ਨੂਰ ਵਿਚੋਂ ਵਾਹਿਗੁਰੂ ਹੀ ਪੈਦਾ ਕਰਦਾ ਹੈ। ਜਿਹੋ ਜਿਹਾ ਵਡਾ ਅਕਾਰ ਤਿਹੋ ਜਿਹੇ ਛੋਟੇ ਅਕਾਰ, ਹਰ ਹਾਲਤ ਵਿਚ ਪੂਰਨ ਬ੍ਰਹਮ ਹੁੰਦਾ ਹੈ। ਇਹੇ ਛੋਟੇ ਅਕਾਰ ਆਤਮਾਵਾਂ ਅਸੀਂ ਜੀਵ ਲੋਕ ਹਾਂ, ਆਤਮਕ ਪਵਿਤਰਤਾ ਅਤੇ ਗਿਆਨ ਵਿਚ ਪਰਬੀਨ ਹੋ ਕੇ ਅਸੀਂ ਮੁੜ ਵਾਹਿਗੁਰੂ ਹੀ ਬਣ ਜਾਂਦੇ ਹਾਂ। ਗੁਰਬਾਣੀ, ਆਤਮਾ ਨੂੰ ਪਵਿਤਰ ਤੇ ਗਿਆਨ ਪਰਬੀਨ ਕਰਕੇ ਵਾਹਿਗੁਰੂ ਹੀ ਬਣਾ ਦੇਂਦੀ ਹੈ। ਵਾਹਿਗੁਰੂ ਦੇ ਦਰਸ਼ਨ ਪਰਾਣੀ ਦੇ ਆਪਣੇ ਆਤਮਾ ਦੇ ਹੀ ਦਰਸ਼ਨ ਹਨ। ਇੰਜ ਤ੍ਰੈਗੁਣ ਭਰਪੂਰ ਹਡ ਚੰਮ ਦੇ ਸਰੀਰ ਵਾਲਾ ਮਾਨੁਖ, ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ ਅਤੇ ਤ੍ਰੈਗੁਣ ਅਤੀਤ ਹੋਣ ਤੇ ਵਾਹਿਗੁਰੂ ਵਿਚ ਸਮਾ ਜਾਂਦਾ ਹੈ।

17-6-73

ਅਸੀਂ ਜੀਵ ਆਤਮਾਵਾਂ ਵਾਹਿਗੁਰੂ ਦੀ ਅੰਸ਼ ਹਾਂ ਵਾਹਿਗੁਰੂ ਹੀ ਹਾਂ, ਜਿਵੇਂ ਬਚਾ, ਬੰਦੇ ਦੀ ਅੰਸ਼ ਹੈ ਇਸ ਲਈ ਸਾਨੂੰ ਵਾਹਿਗੁਰੂ ਹੀ ਬਣ ਕੇ ਰਹਿਣਾ ਚਾਹੀਦਾ ਹੈ। ਜੋ ਗੁਣ ਵਾਹਿਗੁਰੂ ਵਿਚ ਹਨ ਉਹ ਸਾਰੇ ਸਾਡੇ ਜੀਵਾਂ ਵਿਚ ਹੋਣੇ

ਚਾਹੀਦੇ ਹਨ । ਸਾਨੂੰ ਆਪਣੇ ਆਤਮਾ ਨੂੰ ਇਹ ਵਿਸ਼ਵਾਸ਼ ਦ੍ਰਿੜ ਕਰਕੇ ਦੇਣਾ ਚਾਹੀਦਾ ਹੈ ਕਿ ਐ ਆਤਮਾ ਤੂੰ ਵਾਹਿਗੁਰੂ ਹੀ ਹੈਂ । ਜੇ ਕੋਈ ਊਨਤਾਈਆਂ ਹਨ ਤਾਂ ਉਹ ਤੇਰੇ ਵਿਚ ਮਾੜੇ ਖਿਆਲਾਂ ਦੇ ਕਾਰਣ ਹਨ । ਇਸ ਲਈ ਜਿਨੇ ਮਾੜੇ ਖਿਆਲ ਦਿਲੋਂ ਕਢੀ ਜਾਓਗੇ, ਉਤਨੇ ਹੀ ਚੰਗੇ ਤੇ ਪੂਰਨ ਕਰਾਮਾਤੀ ਵਾਹਿਗੁਰੂ ਬਣਦੇ ਜਾਉਗੇ । ਤੁਹਾਡੀਆਂ ਕਰਨੀਆਂ ਤੇ ਕਿਧਰੇ ਰਹੀਆਂ ਸੋਚੀਆਂ ਗਲਾਂ ਵੀ ਪੂਰਨ ਹੁੰਦੀਆਂ ਜਾਣਗੀਆਂ । ਅਸੀਂ ਵਾਹਿਗੁਰੂ ਵਾਹਿਗੁਰੂ ਦਿਨ ਰਾਤ ਕਰਦੇ ਹੀ ਇਸ ਵਾਸਤੇ ਹਾਂ ਕਿ ਆਤਮਾ ਨੂੰ ਦ੍ਰਿੜ ਹੋ ਜਾਵੇ ਕਿ ਉਹ ਵਾਹਿਗੁਰੂ ਹੈ ।

17-6-73

ਇਕ ਹਸਤੀ ਵਾਹਿਗੁਰੂ ਹੈ, ਇਹ ਦੂਧੀਆ ਰੰਗ ਦਾ ਗੋਲ ਅਕਾਰ ਦਾ ਨੂਰ ਜਿਹਾ ਹੈ । ਇਹ ਸਚੀਂ ਮੁਚੀਂ ਹੈਗਾਏ ਏਸੇ ਨੂਰ ਤੋਂ ਸਭਿ ਸਰਿਸ਼ਟੀ ਦੀ ਰਚਨਾ ਹੋਈ ਹੈ ਸਾਰੀ ਰਚਨਾ ਇਸ ਦੇ ਵਿਚ ਹੈ ਅਤੇ ਰਚਨਾ ਵਿਚ ਇਹ ਸਮਾਇਆ ਹੋਇਆ ਹੈ । ਇਸ ਦੇ ਨੂਰੀ ਕਣਾਂ ਦੇ ਸੰਗ੍ਰਿਹ ਨਾਲ ਆਤਮਾ ਬਣਦਾ ਹੈ । ਹਰ ਜੀਵ, ਆਤਮਾ ਹੈ, ਜਦੋਂ ਵੀ ਇਹ ਜੀਵ ਆਤਮਾ ਇਨਸਾਨੀ ਜਾਮੇਂ ਵਿਚ ਆਉਂਦਾ ਹੈ, ਉਦੋਂ ਇਸ ਦੇ ਸੰਵਰਨ ਤੇ ਬਿਗੜਨ ਦਾ ਸੁਨੈਰੀ ਮੌਕਿਆ ਹੁੰਦਾ ਹੈ । ਮਾੜੇ ਖਿਆਲ, ਮਾੜੀਆਂ ਰੁਚੀਆਂ ਅਪਨਾਉਣ ਤੇ ਮਾੜੇ ਕੰਮ ਕਰਨ ਨਾਲ ਮਾੜੀਆਂ ਜੂਨਾਂ ਭਾਵ ਪਸ਼ੂ, ਪੰਛੀ, ਤੇ ਕੀੜਿਆਂ ਆਦਿ ਦੀਆਂ ਜੂਨਾਂ ਵਲ ਚਲੇ ਜਾਂਦਾ ਹੈ, ਪਰੰਤੂ ਜੇ ਖਿਆਲਾਤ, ਸਤਿ, ਸੰਤੋਖ, ਦਯਾ, ਧਰਮ, ਧੀਰਜ, ਨੇਕੀ, ਸਚਾਈ, ਈਮਾਨਦਾਰੀ ਸਾਫਗੋਈ, ਸੁਕ੍ਰਿਤ, ਸੇਵਾ ਅਤੇ ਕੁਰਬਾਨੀ ਵਾਲੇ ਕਰ ਲਵੇ ਅਤੇ ਵਾਹਿਗੁਰੂ ਵਾਹਿਗੁਰੂ ਕਰਕੇ ਆਪਣੇ ਆਪ ਦੀ ਪਛਾਣ ਕਰ ਲਵੇ ਕਿ ਮੈਂ ਕੀ ਹਾਂ, ਤਾਂ ਮੁੜ ਵਾਹਿਗੁਰੂ ਵਿਚ ਸਮਾ ਜਾਂਦਾ ਹੈ, ਤੇ ਆਵਾ ਗੌਣ ਤੋਂ ਮੁਕਤ ਹੋ ਜਾਂਦਾ ਹੈ । ਇਸ ਲਈ ਹਰ ਇਨਸਾਨ ਆਪਣੇ ਭਵਿਖ ਦਾ ਆਪ ਮਾਲਕ ਹੈ, ਦੁਖਾਂ ਸੁਖਾਂ ਦੀ ਚੱਕੀ ਵਿਚ ਪਿਸਦੇ ਫਿਰਨਾ ਹੈ ਤਾਂ ਜੋ ਮਰਜ਼ੀ ਕਰੀ ਚਲੋ, ਪਰੰਤੂ ਜੇ ਸਥਾਈ ਅਨੰਦ ਸੁਰਖਰੂਈ ਤੇ ਸ਼ਾਂਤੀ ਪਰਾਪਤ ਕਰਨੀ ਹੈ, ਤਾਂ ਵਾਹਿਗੁਰੂ ਜਪੋ, ਤੇ ਗੁਰਬਾਣੀ ਵਿਚੋਂ ਗੁਰਮੁਖ ਬਣਨ ਦੀਆਂ ਵਿਧੀਆਂ ਪੜ੍ਹੋ ਤੇ ਉਹਨਾਂ ਤੇ ਅਮਲ ਕਰੋ ।

28-6-73

## ਹਉਮੈ ਅਤੇ ਹੁਕਮਿ

ਸਿਖ ਜਗਤ ਦੀ ਗਿਲਾਨੀ ਦਾ ਕਾਰਨ ਹਉਮੈ ਤੇ ਹੁਕਮ ਦੋ ਅਖਰਾਂ ਦਾ ਗਲਤ ਮਤਲਬ ਕਰਨ ਦੇ ਕਾਰਨ ਹੈ, ਆਮ ਪਰਚਾਰਕਾਂ ਨੇ ਨਾਮ ਦੀ ਕਮਾਈ ਤੇ ਕੀਤੀ ਨਹੀਂ ਹੁੰਦੀ, ਏਵੇਂ ਸੁਣੀਆਂ ਸੁਣਾਈਆਂ ਗਲਾਂ ਯਾ ਕਿਤਾਬਾਂ ਦੇ ਪੜ੍ਹਨ ਤੇ ਉਹਨਾਂ ਦਾ ਸਾਰਾ ਗਿਆਨ ਨਿਰਭਰ ਹੁੰਦਾ ਹੈ, ਜਿਹੜਾ ਕਿ ਪਈਆਂ ਪਰਪਾਟੀਆਂ ਅਨੁਸਾਰ ਚਲਦਾ ਜਾਂਦਾ ਹੈ। ਮੰਦ ਭਾਗਾਂ ਨੂੰ ਇਨ੍ਹਾਂ ਦੋ ਅਖਰਾਂ ਦੇ ਮਤਲਬ ਦੀ ਪਰਪਾਟੀ ਗਲਤ ਪੈ ਗਈ ਹੈ ਜਿਸ ਕਰਕੇ ਦਿਨ ਪਰਤੀ ਦਿਨ ਗਿਰਾਵਟ ਵਲ ਜਾ ਰਹੇ ਹਨ ਹਉਮੈ, ਹੰਕਾਰ ਯਾ ਘੁਮੰਡ ਨਹੀਂ ਹੈ, ਹਉਮੈ ਹੈ ਆਪਣੀ ਹਸਤੀ ਦੀ ਵਖਰੀ ਹੋਂਦ ਮੰਨਣਾ, ਕੋਈ ਵਖਰੀ ਅਡਰੀ ਹਸਤੀ ਸਮਝਣਾ ਅਸਲ ਗਲ ਇਹ ਹੈ ਕਿ ਜੀਵ ਵਾਹਿਗੁਰੂ ਹੈ ਅਤੇ ਵਾਹਿਗੁਰੂ ਜੀਵਾਂ ਦਾ ਸੰਗਰਹਿ ਹੈ, ਇਸ ਲਈ ਜੀਵ ਵਾਹਿਗੁਰੂ ਤੋਂ ਆਡਰੇ ਯਾ ਵਖਰੇ ਯਾ ਘਟੀਆਂ ਨਹੀਂ ਹਨ, ਬਿਲਕੁਲ ਪਕੇ ਵਟੇ ਵਾਹਿਗੁਰੂ ਹਨ। ਵਾਹਿਗੁਰ ਹੀ ਇਕ ਤੋਂ ਅਨੇਕ ਬਣਿਆ ਹੈ, ਇਸ ਵਾਸਤੇ ਮਾਨੁਖ ਅਸਲ ਵਿਚ ਵਾਹਿਗੁਰੂ ਦਾ ਸਰਗੁਣ ਰੂਪ ਹੈ ਤੇ ਵਾਹਿਗੁਰੂ ਹੀ ਹੈ। ਵਾਹਿਗੁਰੂ ਤੋਂ ਆਪਣੀ ਹੋਂਦ ਨੂੰ ਵਖਰਾ ਸਮਝਣ ਵਾਲਾ ਵਿਅਕਤੀ ਕਦੀ ਵਾਹਿਗੁਰੂ ਨਹੀਂ ਬਣ ਸਕਦਾ, ਇਹੋ ਹੀ ਹਉਮੈ ਦੀ ਕੰਧ ਹੈ ਤੇ ਸਾਰਿਆਂ ਤੋਂ ਵਡਾ ਕਿਲ੍ਹਾ ਹੈ ਅਗਿਆਨਤਾ ਦਾ। ਜਿਸ ਦੇ ਟੁਟਦਿਆਂ ਸਾਰ ਹੀ ਇਨਸਾਨ, ਵਾਹਿਗੁਰੂ ਬਣ ਜਾਂਦਾ ਹੈ। ਆਪਣੀ ਹਸਤੀ ਨੂੰ ਮਿਟਾਣਾ ਇਥੋਂ ਤਕ ਕਿ ਵਾਹਿਗੁਰੂ ਹੀ ਨਜ਼ਰ ਆਵੇ, ਆਪਣਾ ਆਪ ਵਾਹਿਗੁਰੂ ਹੀ ਦਿਸੈ। ਵੈਸੇ ਆਪਣੇ ਗੌਰਵ ਨੂੰ ਕੁਚਲਨਾ ਨਹੀਂ, ਅਣਖ ਆਬਰੂ ਨੂੰ ਕੁਚਲਣਾ ਨਹੀਂ। ਝੁਕ ਝੁਕ ਕੇ ਅਗਲੇ ਦੇ ਪੈਰੀਂ ਪੈਣਾ, ਆਪਣੀ ਹਉਮੈ ਨੂੰ ਮਾਰਨਾ ਨਹੀਂ, ਆਪਣੀ ਗੈਰਤ ਤੇ ਗੌਰਵ ਨੂੰ ਕੁਚਲਨਾ ਗਲਤੀ ਹੈ ਜਿਸ ਦੇ ਕਾਰਨ ਸਾਰਾ ਸਿਖ ਜਗਤ ਗਿਲਾਨੀ ਵਲ ਤੇ ਹੀਣਤਾ ਵਲ ਤੁਰਿਆ ਜਾ ਰਿਹਾ ਹੈ। ਭਗਤਾਂ, ਸੰਤਾਂ ਦੀ ਇਜ਼ਤ ਕਰਨੀ ਚਾਹੀਦੀ ਹੈ ਪਰੰਤੂ ਠੀਕ ਤਰੀਕਾ ਵਾਹਿਗੁਰੂ ਜੀ ਕੀ ਫਤਿਹ ਬੁਲਾ ਕੇ ਹੈ। ਅਪਰਾਧੀ ਦੂਣਾ ਨਿਵੇ ਜੋ ਹੰਤਾਂ ਮਿਰਗਾਹਿ ਵਾਂਗੂ ਨਹੀਂ ਤੇ ਆਪਣੀ ਗੈਰਤ ਨੂੰ ਮਿਟੀ ਵਿਚ ਮਿਲਾ ਕੇ ਨਹੀਂ ਸਗੋਂ ਇਨ੍ਹਾਂ ਉਪਰ ਉਠਾਣਾ ਕਿ ਆਪਣੇ ਆਪ ਨੂੰ ਵਾਹਿਗੁਰੂ ਹੀ ਸਮਝਣਾ, ਕਹਿਣਾ ਤੇ

ਵਰਤਣਾ, ਹਉਮੈ ਭੀਤ ਕਰਾਰੀ ਦਾ ਸਹੀ ਤੋੜਨਾ ਹੈ । ਵਾਹਿਗੁਰੂ ਮਥੇ ਟਿਕਵਾ ਕੇ ਖੁਸ਼ ਨਹੀਂ ਹੁੰਦਾ, ਸਗੋਂ ਉਹਦੇ ਦੈਵੀ ਅਸੂਲਾਂ ਨੂੰ ਮੰਨਣ ਤੇ ਅਪਨਾਉਣ ਨਾਲ ਖੁਸ਼ ਹੁੰਦਾ ਹੈ । ਕੋਈ ਪਰਾਣੀ ਜਿਸ ਕਿਸੇ ਨੇ ਵਾਹਿਗੁਰੂ ਨੂੰ ਵੇਖਿਆ ਹੋਵੇ ਇਹ ਨਹੀਂ ਕਹਿ ਸਕਦਾ ਕਿ ਵਾਰਿਗੁਰੂ ਮੈਥੋਂ ਮਥਾ ਟਿਕਵਾ ਤੇ ਨਕ ਰਗੜਾ ਕੇ ਖੁਸ਼ ਹੋਇਆ ਸੀ । ਰਿਧੇ ਤੋਂ ਕਸੁਦੇ ਜਾ ਕੇ ਭਾਵੇਂ ਲੱਖ ਮਥੇ ਟੇਕੀ ਜਾਈਏ ਕੁਛ ਨਹੀਂ ਬਣਦਾ । ਰਿਧੇ ਤੋਂ ਸਿਧੇ ਹੋਈਏ ਤੇ ਫਤਿਹ ਲਈ ਮਾੜਾ ਜਿਹਾ ਝੁਕਣਾ ਹੀ ਮਥਾ ਟੇਕਣ ਦੇ ਬਰਾਬਰ ਹੈ, ਤੇ ਪੂਰਨ ਪਿਆਰ ਅਥਵਾ ਸਤਿਕਾਰ ਦਾ ਪ੍ਰਤੀਕ ਹੈ, ਆਪਣੇ ਆਤਮਾ ਨੂੰ ਗਿਰਾਉਣਾ ਤੇ ਕੁਚਲਣਾ, ਹਉਮੈ ਤੋੜਨਾ ਨਹੀਂ, ਜਿਵੇਂ ਕਿ ਪਰੰਪਰਾ ਚਲ ਪਈ ਹੈ ਸਗੋਂ ਇਸ ਦੇ ਉਲਟ ਆਪਣੇ ਆਤਮਾ ਨੂੰ ਉਚਾ ਸੁਚਾ ਕਰਕੇ ਵਾਹਿਗੁਰੂ ਹੀ ਬਨਾਣ ਤੇ ਮੰਨਣ ਨਾਲ ਹਉਮੈ (ਵਖਰੀ ਹੋਂਦ) ਟੁਟਦੀ ਹੈ, ਵਾਹਿਗੁਰੂ ਅਜੂਨੀ ਹੈ, ਚਰਨੀ ਲਾ ਲਾ ਕੇ ਥਾਪੜੇ ਦੇਈ ਜਾਣ ਵਾਲੇ ਗੁਰੂ, ਸਭਿ ਕਲਜੁਗੀ ਜੀਵ ਹਨ । ਨਾਨਾ ਪਰਕਾਰ ਨਾਲ ਜਗਿਆਸੂਆਂ ਨੂੰ ਬਲੈਕ ਮੇਲ ਕਰਦੇ ਹਨ, ਪਾਖੰਡ ਜਾਲਾਂ ਤੋਂ ਆਪ ਬਚੋ ਤੇ ਆਪਣੇ ਬਾਲ ਬਚਿਆਂ ਨੂੰ ਬਚਾਉ ।

## ਹੁਕਮਿ

ਹਉਮੈ ਵਾਂਗਰ ਮੇਰੀ ਹੁਕਮਿ ਦੀ ਵਿਆਖਿਆ ਵੀ ਵਚਿੱਤਰ ਹੈ, ਆਮ ਪਰਚਲਤ ਖਿਆਲਾਂ ਨਾਲ ਨਹੀਂ ਮਿਲਦੀ, ਸਗੋਂ ਬਿਲਕੁਲ ਵਿਪ੍ਰੀਤ ਹੈ, ਆਮ ਤੌਰ ਤੇ ਹੁਕਮਿ ਦਾ ਮਤਲਬ ਰਬੀ ਰਜਾ ਯਾ ਮਰਜੀ ਮਿਥਿਆ ਜਾਂਦਾ ਹੈ । ਜਿਸ ਕਰਕੇ ਆਮ ਲੋਕੀ ਸਭ ਕੁਝ ਰੱਬ ਤੇ ਸੁਟ ਛਡਦੇ ਹਨ ਕਿ ਜਦੋਂ ਮਾਲਕ ਦਾ ਹੁਕਮ ਹੋਵੇਗਾ ਕੰਮ ਹੋ ਜਾਵੇਗਾ । ਇਸ ਨਾਲ ਸਮਾਜ ਵਿਚ ਸਿਥਲਤਾ ਤੇ ਬੇਹਿਮਤਗੀ ਫੈਲ ਰਹੀ ਹੈ । ਮਾਨੁਖ ਢੌਂਹਦੀਆਂ ਕਲਾਂ ਨੂੰ ਜਾਂਦਾ ਹੈ । ਅਸਲੀਅਤ ਇਹ ਹੈ ਕਿ ਰਬ ਸਾਡੇ ਅੰਦਰ ਸਾਡੇ ਆਪਣੇ ਆਤਮਾ ਦੇ ਰੂਪ ਵਿਚ ਬਿਰਾਜਮਾਨ ਹੈ, ਸਾਡੇ ਆਤਮਾ ਦੀ Intuition (ਖਿਆਲ ਤਰੰਗ) ਹੀ ਰਬੀ ਹੁਕਮ ਹੁੰਦਾ ਹੈ, ਏਥੋਂ ਤਕ ਵੀ ਕਿਹਾ ਜਾ ਸਕਦਾ ਹੈ ਕਿ ਪਵਿਤਰ ਦਿਲ ਦਾ ਫੈਸਲਾ ਹੀ ਰੱਬੀ ਹੁਕਮ ਹੁੰਦਾ ਹੈ, ਉਸੇ ਸੋਚੇ ਸਮਝੇ ਦਰੁਸ਼ਤ ਕੰਮ ਦੇ ਪੂਰਾ ਕਰਨ ਉਤੇ ਸਾਰਾ ਤਾਣ ਲਾਣਾ, ਰਬੀ ਹੁਕਮ ਉਤ ਫੁਲ ਚੜ੍ਹਾਉਣਾ ਹੈ ।

ਉਪਰ ਦੀ ਵਿਆਖਿਆ ਤੋਂ ਉਪਰੰਤ ਹੁਕਮਿ ਦਾ ਅਰਥ ਹੈ ਕੁਦਰਤ ਦੇ ਕਾਇਦੇ, ਕਾਨੂੰਨ, ਅਸੂਲ, ਜਿਹਨਾਂ ਰਾਹੀਂ ਸ਼ਰਿਸ਼ਟੀ ਦਾ ਸ਼ਾਸਨ ਚਲ ਰਿਹਾ ਹੈ । ਇਹ ਕਾਨੂੰਨ ਬਿਲਕੁਲ ਪੱਕੇ ਹਨ, ਜਿਹਨਾਂ ਦੇ ਅਨੁਕੂਲ ਚਲਣ ਵਾਲਾ ਭਾਵ ਹੁਕਮਿ ਰਜ਼ਾ ਵਿਚ ਰਹਿਣ ਵਾਲਾ ਵਿਅਕਤੀ ਸੁਖ ਪਾਉਂਦਾ ਹੈ, ਐਪਰ ਵਿਪ੍ਰੀਤ ਚਲਣ ਵਾਲੇ ਨੂੰ ਦੁਖ ਹੁੰਦਾ ਹੈ ਇਹਨਾਂ ਹੁਕਮਾਂ ਨਾਲ ਗਰਬਾਣੀ ਭਰੀ ਪਈ ਹੈ, ਜਿਨ੍ਹਾਂ ਨੂੰ ਲਭਣਾ ਪਛਾਨਣਾ ਤੇ ਉਹਨਾਂ ਦੇ ਅਨੁਕੂਲ ਚਲਣ ਵਿਚ ਕਲਿਆਣ ਹੈ । ਮੈਂ ਐਸੇ ਹੁਕਮਾਂ ਦੀਆਂ ਸੈਂਕੜੇ ਮਿਸਾਲਾਂ ਗੁਰਬਾਣੀ ਦੀ ਮਦਦ ਨਾਲ ਦੇ ਸਕਦਾ ਹਾਂ । ਪਰੰਤੂ ਬਹੁਤਾ ਵਿਸਥਾਰ ਵਿਚ ਨਾ ਜਾਂਦਾ ਹੋਇਆ ਕੁਝ ਕੁ ਉਧਾਰਣਾ ਦੇਂਦਾ ਹਾਂ ਬਾਕੀ ਤੁਸੀਂ ਆਪ ਗੁਰਬਾਣੀ ਵਿਚੋਂ ਲਭ ਲੈਣਾ ।

1. ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਵੀ ਸਚੁ ।
   ਵਾਹਿਗੁਰੂ ਹੈਗਾ ਸੀ. ਹੁਣ ਹੈ, ਆਇੰਦਾ ਭੀ ਰਹੇਗਾ ਦਾ ਯਕੀਨ
2. ਸੋਚੈ ਸੋਚਿ ਨ ਹੋਵਈ
   ਮਹਿਜ਼ ਸੋਚਾਂ ਸੋਚਣ ਨਾਲ ਪਰਮਾਤਮਾਂ ਦਾ ਪੂਰਾ ਪਤਾ ਨਹੀਂ ਲਗਦਾ
3. ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ।
   ਗਲਾਂ ਤਾਂ ਹਰ ਕੋਈ ਕਰ ਲੈਂਦਾ ਹੈ ਪਰੰਤੂ ਜੇ ਹਡੀਂ ਅਜ਼ਮਾ ਕੇ ਵੇਖਿਆ ਹੋਵੇ ਕਿ ਸਿਆਣਪਾਂ ਦੀ ਪੇਸ਼ ਨਹੀਂ ਜਾਂਦੀ ਤਾਂ ਪਤਾ ਲਗਦਾ ਹੈ ।
4. ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ।
   ਕੁਦਰਤੀ ਅਸੂਲਾਂ ਦੇ ਅਨੁਕੂਲ ਚਲਣ ਨਾਲ ਸੁਖ ਹੈ ।
5. ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ।
   ਸਭ ਕੁਝ ਕੁਦਰਤੀ ਨਿਯਮਾਂ ਦੇ ਅੰਦਰ ਹੈ ਵਸ ਹੈ ।
6. ਅੰਮ੍ਰਿਤ ਵੇਲਾ ਸਚੁ ਨਾਉਂ ਵਡਿਆਈ ਵੀਚਾਰੁ
   ਸੁਭਾ ਸੁਵੇਰੇ ਵਾਹਿਗੁਰੂ ਬਾਰੇ ਵੀਚਾਰ ਕਰਨੀ ਉਚਿਤ ਹੈ
7. ਦੁਖੁ ਪਰ ਹਰਿ ਸੁਖੁ ਘਰਿ ਲੈ ਜਾਇ
   ਵਾਹਿਗੁਰੂ ਦਾ ਚਿੰਤਨ ਕਰਨ ਨਾਲ ਦੁਖ ਦੂਰ ਹੁੰਦੇ ਹਨ ਤੇ ਸੁਖ ਬਣਦਾ ਹੈ

8. ਵਿਣੁ ਭਾਣੇ ਕਿ ਨਾਇ ਕਰੀ ॥
ਜੇ ਰੂਹ ਨੂੰ ਪਸੰਦ ਨਹੀਂ ਤਾਂ ਤੀਰਥ ਨਹਾਉਣ ਦਾ ਕੋਈ ਲਾਭ ਨਹੀਂ

9. ਨਾਨਕ ਭਗਤਾਂ ਸਦਾ ਵਿਗਾਸੁ ॥
ਜਿਸ ਦੀ ਜ਼ਿੰਦਗੀ ਵਿਚ ਨਾਮ ਨਾਲ ਵਿਗਾਸ ਆ ਗਿਆ ਹੈ ਉਹ ਧਨ ਹੈ

10. ਮੰਨੈ ਪਾਵਹਿ ਮੋਖੁ ਦੁਆਰ ਮੰਨੈ ਪਰਵਾਰੈ ਸਾਧਾਰੁ ॥
ਇਸ ਹੁਕਮ ਦੇ ਤਹਿਤ ਜਿਹੜਾ ਜੀਉਂਦਾ ਮੁਕਤ ਹੋ ਗਿਆ ਤੇ ਪਰਵਾਰ ਨੂੰ ਭੀ ਤਾਰ ਗਿਆ ਉਹ ਧਨਤਾ ਯੋਗ ਹੈ।

11. ਜਿਵ ਫੁਰਮਾਏ ਤਿਵ ਤਿਵ ਪਾਹਿ ॥
ਵਾਹਿਗੁਰੂ ਜੋ ਚਿਤਵਦਾ ਹੈ ਸੋਈ ਹੋਈ ਜਾਂਦਾ ਹੈ

12. ਜੇਤਾ ਕੀਤਾ ਤੇਤਾ ਨਾਉ ॥
ਸਭਿ ਵਾਹਿਗੁਰੂ ਹੀ ਵਾਹਿਗੁਰੂ ਹੈ ਕੀ ਮਾਨੁਖ (ਜੀਵ) ਤੇ ਕੀ ਧਰਤੀ ਆਦਿ

13. ਓਹੁ ਧੋਪੈ ਨਾਵੈ ਕੈ ਰੰਗਿ ॥
ਖਿਆਲਾਤ ਦੀ ਮਲੀਨਤਾ ਨਾਮ ਨਾਲ ਹੀ ਉਤਰ ਸਕਦੀ ਹੈ

14. ਆਪੇ ਬੀਜਿ ਆਪੇ ਹੀ ਖਾਹੁ ॥
ਆਪਣਾ ਕੀਤਾ ਪਾਉਣਾ ਪੈਂਦਾ ਹੈ

15. ਨਾਨਕ ਹੁਕਮੀ ਆਵਹੁ ਜਾਹੁ ॥
ਅਸੂਲਾਂ ਵਿਚ ਬਧੀ ਦੁਨੀਆਂ ਆਉਂਦੀ ਜਾਂਦੀ ਹੈ

16. ਜੇ ਕੋ ਆਖੈ ਬੋਲੁ ਵਿਗਾੜੁ ਤਾਂ ਲਿਖੀਐ ਸਿਰਿ ਗਵਾਰਾ ਗਵਾਰ ॥
ਪਰਮਾਤਮਾ ਬਾਰੇ ਬੋਲ ਫਰੋਜ਼ੀ ਕਰਨ ਵਾਲਾ ਅਤਿ ਗਵਾਰ ਹੈ

17. ਮਨਿ ਜੀਤੈ ਜਗੁ ਜੀਤੁ ॥
ਮਨਿ ਦਾ ਸਾਧਾਰਨਾ ਜਗਤ ਦੀ ਫਤੇਹਿ ਹੈ

18, ਨਦਰੀ ਕਰਮਿ ਪਵੈ ਨੀਸਾਣੁ ।
ਕਿਤੇ ਰਹਿਮਤ ਨਾਲ ਹੀ ਉਹ ਦਰਬਾਰ ਦਿਸਦਾ ਹੈ ਯਾ ਉਸ ਦਾ ਪਤਾ ਲਗਦਾ ਹੈ ।

19. ਸਚ ਖੰਡਿ ਵਸੈ ਨਿਰੰਕਾਰੁ ॥

ਕਿਡੀ ਸਚਾਈ ਭਰੀ ਗਲ ਹੈ ਪਰੰਤੂ ਉਹੋ ਹੀ ਇਸ ਨੂੰ ਸਚ ਮੰਨੇਗਾ ਜਿਨ੍ਹੇ ਆਪ ਨਿਰੰਕਾਰ ਨੂੰ ਸਚ ਖੰਡਿ ਵਿਚ ਵੇਖਿਆ ਹੋਵੇ

20. ਪਵਣ ਗੁਰੂ ॥

ਗੁਰੂ ਪਵਣ ਵਾਂਗ ਸੂਖਸ਼ਮ ਤੇ ਅੰਦਰ ਬਾਹਰ ਚਾਰ ਚੁਫੇਰੇ ਫੈਲਿਆ ਹੋਇਆ ਹੈ ।

21. ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ।

ਵਾਹਿਗੁਰੂ ਹਿਰਦੈ ਵਿਚੋਂ ਆਪਣੇ ਆਤਮਾ ਦੇ ਰੂਪ ਵਿਚ ਮਿਲਿਆ

22. ਸੇਵੀ ਸਾਹਿਬ ਆਪਨਾ ।

ਆਪਣੇ ਪਵਿਤਰ ਹਿਰਦੈ ਦੀਆਂ ਤਰੰਗਾਂ ਮਗਰ ਚਲੋ । ਏਵੇਂ ਨਾ ਲੋਕਾਂ ਨੂੰ ਮਥੇ ਟੇਕੀ ਜਾਉ ।

23. ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥

ਵਾਹਿਗੁਰੂ ਤਾਂ ਅੰਦਰ ਆਤਮਾ ਦੇ ਰੂਪ ਵਿਚ ਤੂੰ ਬਾਹਰ ਕੀ ਲਭਦਾ ਹੈਂ

24. ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥

ਐ ਮੇਰੇ ਆਤਮਾ ਰੂਪੀ ਵਾਹਿਗੁਰੂ ਤੂੰ ਬੇਅੰਤ ਹੈ

25. ਸਿਖ ਮਤਿ ਸਭ ਬੁਧਿ ਤੁਮਾਰੀ ਮੰਦਰਿ ਛਾਵਾ ਤੇਰੇ ॥
ਤੁਝ ਬਿਨੁ ਅਵਰੁ ਨਾ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ ।
ਜੀਅ ਜੰਤ ਸਭਿ ਸਰਣਿ ਤੁਮਾਰੀ ਸਰਬ ਚਿੰਤ ਤੁਧੁ ਪਾਸੇ ।
ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥

26. ਗਿਆਨ ਗੁਰੂ ਆਤਮ ਉਪਦੇਸਹੁ ।

ਗਿਆਨ ਨੂੰ ਗੁਰੂ ਜਾਣ ਕੇ ਆਪਣੇ ਆਪ ਨੂੰ ਉਪਦੇਸ ਕਰੋ

27. ਕਾਮ ਕਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਿਆਵੈ ।
ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ ॥

28. ਕੇਵਲ ਕਰਮ ਧਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ ॥

ਵਹਿਮਾਂ ਭਰਮਾਂ ਨੂੰ ਛਡ ਕੇ ਧਰਮ ਦੇ ਕੰਮ ਕਰੋ ।

29. ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ ॥
ਅਬਿਨਾਸੀ ਤੇ ਅਜੂਨੀ ਵਾਹਿਗੁਰੂ ਹੀ ਪਰਮੇਸਰ ਮਨੋ

30. ਕੈਸੇ ਤੋਹਿ ਤਾਰਿਹੈ ਸੁਨਿ ਜੜ ਆਪ ਡੁਬਿਯੋ ਭਵ ਸਾਗਰ ॥
ਆਪ ਡੁਬ ਜਾਣ ਵਾਲਾ ਪੱਥਰ ਤੈਨੂੰ ਕੀ ਤਾਰੇਗਾ. ਚੇਤਨ ਹੋ ਕੇ ਜੜ ਵਸਤੂਆਂ ਵਿਚੋਂ ਰਬ ਨਾ ਭਾਲਦਾ ਫਿਰ ।

31. ਯਾਰੜੇ ਦਾ ਸਾਨੂੰ ਸੱਥਰੁ ਚੰਗਾ ॥
ਵਾਹਿਗੁਰੂ ਨਾਲ ਰਹਿ ਆਵੇ ਮੁਸੀਬਤਾਂ ਵੀ ਚੰਗੀਆਂ

32. ਪ੍ਰਾਨ ਥਕਿਓ ਪਾਹਿਨ ਕਹ ਪਰਸਤ ਕਛੁ ਕਰ ਸਿਧ ਨ ਆਈ ॥
ਪੱਥਰ ਪੂਜਣ ਨਾਲ ਕੋਈ ਸਿਧੀ ਨਹੀਂ ਮਿਲਦੀ ਸਗੋਂ ਪੱਥਰ ਵਰਗੇ ਕਠੋਰ ਦਿਲ ਹੋ ਜਾਈਦਾ ਹੈ

33. ਸ੍ਰੀ ਭਗਵਾਨ ਭਜੇ ਬਿਨੁ ਭੂਪਤਿ ਏਕ ਰਤੀ ਬਿਨੁ ਏਕ ਨੇ ਲੇਖੇ ॥
ਵਾਹਿਗੁਰੂ ਨਾਲ ਰਤੇ ਜਾਣ ਤੋਂ ਬਿਨਾ ਰਾਜੇ ਵੀ ਕੁਝ ਨਹੀਂ ਹਨ ਤੇ ਰਾਜ ਭਾਗ ਵੀ ਕਿਸੇ ਗਿਣਤੀ ਵਿਚ ਨਹੀਂ ਹਨ ।

34. ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁਭਾਂਤਿ ਬਚਾਵੈ ।
ਹਰ ਪਰਕਾਰ ਦੇ ਦੁਖ ਤਕਲੀਫ਼ ਤੋਂ ਵਾਹਿਗੁਰੂ ਬਚਾਉਂਦਾ ਹੈ

35. ਹਸਤ ਕੀਟ ਕੇ ਬੀਚ ਸਮਾਨਾ ॥
ਹਰ ਜੀਵ ਕੀ ਵਡਾ ਤੇ ਕੀ ਛੋਟਾ ਵਿਚ ਪ੍ਰਭੂ ਸਮਾਇਆ ਹੋਇਆ ਹੈ

36. ਜਲ ਥਲ ਮਹੀਅਲਿ ਜਾਹਿ ਬਸੇਰਾ ॥
ਜਲ ਥਲ ਅਕਾਸ਼ ਹਰ ਥਾਂ ਵਾਹਿਗੁਰੂ ਮੌਜੂਦ ਹੈ

37. ਏਕ ਚਿਤ ਜਿਹ ਇਕ ਛਿਨ ਧਿਆਇਓ ॥
ਕਾਲ ਫਾਸ ਕੇ ਬੀਚ ਨ ਆਇਓ ॥

38. ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈਂ ਪਾਇਆ ॥
ਆਪਣੇ ਪ੍ਰਭੂ ਨੂੰ ਪਾ ਲੈਣ ਦਾ ਇਤਨਾ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਛਾਤੀ ਠੋਕ ਕੇ ਕਹਿ ਸਕੇ ਕਿ ਹਾਂ ਮੈਂ ਪਾਇਆ ਹੈ

39. ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥
ਚਤਰਾਈਆਂ ਨਾਲ ਕਿਸੇ ਨ ਪਾਇਆ ਇਹ ਛਡੀਆ ਹੀ ਭਲੀਆਂ

40. ਸਤਿਗੁਰ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ।
ਸਤਿਗੁਰ ਦੇ ਉਪਦੇਸੁ ਤੇਰੇ ਖਿਆਲਾਤ ਦੇ ਰੂਪ ਵਿਚ ਤੇਰੇ ਨਾਲ ਜਾਣਗੇ

41. ਗਲੀਂ ਕਿਨੈ ਨ ਪਾਇਆ ॥
ਗਲੀਂ ਬਾਤੀਂ ਰਬ ਕਿਸੇ ਨੂੰ ਨਹੀਂ ਮਿਲਦਾ

42. ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥
ਨਿਰਸੰਦੇਹ ਸਤਿਗੁਰ ਨਾਨਕ ਦੀ ਬਾਣੀ ਤੋਂ ਬਿਨਾ ਹੋਰ ਸਭ ਕੂੜ ਕੁਸਤ ਦਾ ਸੰਗਰਹਿ ਹੈ । ਨਾਨਕ ਤੋਂ ਭਾਵ ਨਾਨਕ ਜੋਤਿ ।

43. ਕੇਵਡ ਵਡਾ ਡੀਠਾ ਹੋਇ ॥
ਵੇਖਿਆਂ ਪਤਾ ਲਗਦਾ ਹੈ ਕਿ ਵਾਹਿਗੁਰੂ ਕਿਡਾ ਕੁ ਵਡਾ ਹੈ

44. ਖਸਮੁ ਵਿਸਾਰਹਿ ਤੇ ਕਮਜਾਤਿ ॥
ਵਾਹਿਗੁਰੂ ਨੂੰ ਵਿਸਾਰਨ ਵਾਲੇ ਕਮਜਾਤ ਹਨ

45. ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਮਾਨੁਖ ਦੇਹੀ ਹੀ ਵਾਹਿਗੁਰੂ ਨੂੰ ਪਰਾਪਤ ਕਰਨ ਦਾ ਸੁਨੈਹਰੀ ਮੌਕਿਆ ਹੈ

46: ਖੜਗ ਕੇਤ ਮੈ ਸਰਣਿ ਤਿਹਾਰੀ, ਆਪ ਹਾਥ ਦੇ ਲੇਹੁ ਉਬਾਰੀ ॥
ਸਰਬ ਠੌਰ ਮੋ ਹੋਹੁ ਸਹਾਈ ਦੁਸਟ ਦੋਖ ਤੇ ਲੇਹੁ ਬਚਾਈ ।

47. ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਉ ਆਂਖ ਤਰੇ ਨਹੀਂ ਆਨਯੋ ॥
ਕੀ ਤੁਸੀਂ ਵੀ ਜਦੋਂ ਦਾ ਅੰਮ੍ਰਿਤ ਛਕਿਆ ਹੈ ਕਿਸੇ ਨੂੰ ਅੱਖ ਥਲੇ ਨਹੀਂ ਲਿਆਂਦਾ ?

48. ਗੁਰ ਸਾਖੀ ਜੋਤਿ ਪਰਗਟੁ ਹੋਇ ॥
ਗੁਰੂ ਨਾਨਕ ਦੇਵ ਜੀ ਦੀ ਮੌਜੂਦਗੀ ਵਿਚ ਜਿਹੜੀ ਜੋਤਿ ਪਰਗਟ ਹੁੰਦੀ ਹੈ ਅਸਲ ਜੋਤਿ ਉਹੋ ਹੀ ਹੈ

49. ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥

50. ਜਾ ਕਉ ਆਏ ਸੋਈ ਬਿਹਾਝਹੁ ॥
ਜਿਸ ਕੰਮ ਲਈ ਦੁਨੀਆਂ ਤੇ ਆਏ ਹੋ ਉਹੋ ਹੀ ਸੰਗਰਹਿ ਕਰੋ ਤੇ ਖਟੋ ।

-1. ਕਿਰਤਿ ਕਰਮ ਕੇ ਵੀਛੁੜੇ ॥
ਕੀਤੇ ਮਾੜੇ ਕੰਮਾ ਅਤੇ ਖਿਆਲਾਂ ਦ ਕਾਰਨ ਅਸੀਂ ਵਾਹਿਗੁਰੂ ਤੋਂ ਦੂਰ ਹੋਏ ਹਾਂ ।

52. ਜਿਨੀ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾਂ ॥
ਜਗ ਤੇ ਆਇਆ ਸੁਫਲਾ ਹੀ ਉਸ ਦਾ ਹੈ ਜਿਸ ਆਪਣੇ ਇਸ਼ਟ ਨੂੰ ਪਾ ਲਿਆ ।

53. ਮਾਣਕ ਮੋਤੀ ਨਾਮ ਪ੍ਰਭੁ ਉਨ ਲਗੈ ਨਾਹੀ ਸੰਨਿ ॥
ਵਾਹਿਗੁਰੂ ਦੇ ਨਾਮ ਮੋਤੀਆਂ ਨੂੰ ਕੋਈ ਘੁੰਣ ਮੱਖੀ ਨਹੀਂ ਲਗਦੀ

54. ਹਰਿ ਦਰਸਨਿ ਸਾਂਤਿ ਸਰੀਰ ॥
ਹਰੀ ਦਰਸ਼ਣਾਂ ਨਾਲ ਮਨ ਤਨ ਵਿਚ ਸ਼ਾਂਤੀ ਆ ਜਾਂਦੀ ਹੈ

55. ਜੋ ਮਰਿ ਜੰਮੇ ਸੁ ਕਚੁ ਨਿਕਚੁ ॥
ਮਰ ਕੇ ਮੁੜ ਜੰਮਣ ਵਾਲੇ ਸਭ ਕਚੇ ਹਨ !

56. ਵਡੀ ਵਡਿਆਈ ਜਾ ਸਚੁ ਨਿਆਉ ॥
ਵਾਹਿਗੁਰੁ ਹਰ ਇਕ ਨਾਲ ਸਚ ਤੇ ਨਿਆਉ ਕਰਦਾ ਹੈ ।

57. ਵੇਖੁ ਵਿਡਾਣ ਰਹਿਆ ਵਿਸਮਾਦੁ ॥
ਪਰਮਾਤਮਾ ਦੀਆਂ ਵਡਿਆਈਆਂ ਵੇਖ ਕੇ ਹੈਰਾਨ ਹੋਣ ਦਾ ਮੌਕਾ ਕਿਸੇ ਵਿਰਲੇ ਭਾਗਾਂ ਵਾਲੇ ਨੂੰ ਹੀ ਮਿਲਦਾ ਹੈ

58. ਅਗੈ ਕਰਣੀ ਕੀਰਤਿ ਵਾਚੀਐ ।
ਆਤਮਾ ਕੀਤੇ ਹੋਏ ਕੰਮਾਂ ਦਾ ਚੇਤਾ ਰਖਦਾ ਹੈ ਤੇ ਐਨ ਚਿਤਾਰ ਦੇਂਦਾ ਹੈ

59. ਹਉਮੈ ਬੂਝੈ ਤਾਂ ਦਰ ਸੂਝੈ ॥
ਆਪਣੀ ਵੱਖਰੀ ਹੋਂਦ ਖਤਮ ਕਰਨ ਨਾਲ ਪਰਮਾਤਮਾ ਮਿਲਦਾ ਹੈ ।

60. ਜੇਹਾ ਵੇਖਹਿ ਤੇਹਾ ਵੇਖੁ ॥
ਜਿਹੋ ਜਿਹਾ ਵਾਹਿਗੁਰੂ ਨੂੰ ਜਾਣੋਗੇ ਉਹੋ ਜਿਹਾ ਫਲ ਪਾਉਗੇ ।

61. ਵਡਿਆਈ ਵਡਾ ਪਾਇਆ ॥
ਵਾਹਿਗੁਰੂ ਦੀ ਵਡਿਆਈ ਕਰਨ ਨਾਲ ਆਪ ਉਹੋ ਕੁਝ ਹੋ ਜਾਈਦਾ ਹੈ

62. ਨਾਨਕ ਹਰਿ ਇਕੇ ॥
ਆਦਮੀ ਹਰੀ ਦਾ ਰੂਪ ਹੀ ਹੋ ਜਾਂਦਾ ਹੈ

63. ਜੀਉ ਪਿੰਡੁ ਸਭੁ ਤਿਸਦਾ ਸਭੁ ਕਿਛੁ ਹੈ ਤੇਰਾ ॥
ਜੀਵ, ਸਰੀਰ ਤਥਾ ਸਭ ਕੁਝ ਹੀ ਵਾਹਿਗੁਰੂ ਦਾ ਹੈ

64. ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
ਦਿਲੋਂ ਸਚੇ ਹੋਇਆਂ ਹੀ ਸਚੇ ਗਿਣੇ ਜਾ ਸਕਦੇ ਹਾਂ

65. ਜੋਤੀ ਜੋਤਿ ਮਿਲਾਇ ਜੋਤਿ ਰਲਿ ਜਾਵਹਗੇ ॥
ਇਹੋ ਮਾਨੁਖ ਦਾ ਮਨੋਰਥ ਹੈ ਕਿ ਵਾਹਿਗੁਰੂ ਦੀ ਜੋਤਿ ਨਾਲ ਜੋਤਿ ਜਾ ਮਿਲੇ

66. ਦੁਖ ਦਾਰੂ ਸੁਖ ਰੋਗੁ ਭਇਆ ॥
ਸੁਖਾਂ ਵਿਚ ਪ੍ਰਭੂ ਵਿਸਰਦਾ ਤੇ ਦੁਖਾਂ ਵਿਚ ਚੇਤੇ ਆਉਂਦਾ ਹੈ ।

67. ਦੇਵ ਦੇਵਾਤ ਆਤਮਾ ॥
ਆਤਮਾ ਹੀ ਦੇਵਾਂ ਦਾ ਦੇਵ ਭਾਵ ਵਾਹਿਗੁਰੂ ਹੈ

68. ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ
ਐਸਾ ਕੰਮ ਕਰਨਾ ਅਛਾ ਨਹੀਂ ਜਿਸ ਨੂੰ ਆਤਮਾ ਨ ਮੰਨੇ ਤੇ ਦਰਗਹ ਵਿਚ ਨਮੋਸ਼ੀ ਹੋਵੇ ।

69. ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ।
ਆਪਣਾ ਕੀਤਾ ਆਪੇ ਪਾਉਣਾ ਪੈਂਦਾ ਹੈ ।

70. ਦਿਲਹੁ ਮੁਹਬਤਿ ਜਿਨ ਸੇਈ ਸਚਿਆ

71. ਮਨ ਕਾ ਸੂਤਕ ਲੋਭ ਹੈ ਜਿਹਵਾ ਸੂਤਕ ਕੂੜ ।

72. ਆਪਣ ਹਥੀ ਆਪਣਾ ਆਪੇ ਹੀ ਕਾਜ ਸਵਾਰੀਐ ।

73. ਹਰਿ ਕਾ ਚਿਹਨੁ ਸੋਈ ਹਰਿ ਜਨ ਕਾ ।

74. ਸੋ ਭਗਤ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ॥

75. ਧਾਤੁ ਮਿਲੈ ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ ॥

ਬੰਦਾ ਜੇਸਾ ਪਰਭੂ ਸਿਮਰੇ ਵੈਸਾ ਹੋ ਜਾਂਦਾ ਹੈ। ਮਾਨੁਖ ਧਿਆਨ ਤੇ ਚੇਤਾ ਰਖਣ ਨਾਲ ਆਪਣੇ ਪਰਮਾਤਮਾ ਵਰਗਾ ਹੋ ਜਾਂਦਾ ਹੈ।

ਵੀਰ ਜੀ ਕੁਦਰਤ ਦੇ ਹੁਕਮ ਅਸੂਲ ਤਾਂ ਗੁਰਬਾਣੀ ਵਿਚ ਅਨੇਕਾਂ ਹੀ ਹਨ। ਮੈਨੂੰ ਤੇ ਇਕ ਇਕ ਸੱਤਰ ਹੁਕਮ ਨਜ਼ਰ ਆਉਂਦੀ ਹੈ । ਉਪਰ ਤਾਂ ਏਵੇਂ ਨਮੂਨਾ ਮਾਤਰ ਦਰਜ ਕੀਤੇ ਹਨ ਵਿਸਥਾਰ ਆਪ ਬਾਣੀ ਵਿਚੋਂ ਪੜ੍ਹ ਸਕਦੇ ਹੋ । ਇਨ੍ਹਾਂ ਅਸੂਲਾਂ ਦੇ ਅਨੁਕੂਲ ਜਿੰਦਗੀ ਜੀਵੀਏ ਤਾਂ ਸੁਖ ਹੁੰਦਾ ਹੈ ਵਰਨਾ ਦੁਖ ਤਕਲੀਫਾਂ ਪੇਸ਼ ਆਉਂਦੀਆਂ ਹਨ ।

7-7-1973 :—

ਸੋਢੀ ਸਾਹਿਬ ਦਾ ਹੁਕਮ

ਮੈਂ God ਕਹਿਣਾ ਗਲਤ ਹੈ

15-8-1973 :—

ਮੈਂ ਸੋਢੀ ਸਾਹਿਬ ਦੇ ਉਪਰਲੇ ਹੁਕਮ ਨਾਲ ਸਹਿਮਤ ਨਹੀਂ ਹਾਂ ਸਗੋਂ ਐਨੇ ਦਿਨਾਂ ਦੀ ਸੋਚ ਵਿਚਾਰ ਤੇ ਖੋਜ ਦੇ ਬਾਦ ਇਸ ਨਤੀਜੇ ਤੇ ਹੀ ਅਪੜਿਆ ਹਾਂ ਕਿ ਮਾਨੁਖ ਪੂਰਨ ਪਰਮੇਸ਼ਰ ਹੈ ਮਾਨੁਖ ਦੀ ਜੋਤਿ ਵੀ ਪੂਰਨ ਵਾਹਿਗੁਰੂ ਦੀ ਜੋਤਿ ਹੀ ਹੈ ਬਿਲਕੁਲ ਕੋਈ ਫਰਕ ਨਹੀਂ ਹੈ । ਸਗੋਂ ਸਚ ਤਾਂ ਇਹ ਹੈ ਕਿ ਵਾਹਿਗੂਰੂ ਦੀ ਜੋਤਿ ਹੈ ਹੀ ਉਥੇ, ਜਿਥੇ ਉਸ ਦੀ ਹੋਂਦ ਦਾ ਪੂਰਨ ਵਿਸ਼ਵਾਸ ਅਤੇ ਯਾਦ ਹੈ । ਪੱਥਰਾਂ ਤਥਾ ਜੜ ਵਸਤੂਆਂ ਨਾਲੋਂ ਪੌਦਿਆਂ ਵਿਚ ਜੋਤਿ ਦਾ ਪਰਕਾਸ਼ ਵਧੇਰੇ ਹੈ । ਪੌਦਿਆਂ ਨਾਲੋਂ ਜਾਨਵਰਾਂ ਵਿਚ ਵਧੇਰੇ ਚੇਤਨ ਸ਼ਕਤੀ ਹੈ ਜਾਨਵਰਾਂ ਨਾਲੋਂ ਆਦਮੀ ਵਿਚ ਕਿਤੇ ਵਧ ਪਰਬਲ ਰੂਪ ਵਿਚ ਹੈ । ਆਦਮੀਆਂ ਵਿਚੋਂ ਉਹਨਾਂ ਆਦਮੀਆਂ ਵਿਚ ਵਧੀਕ ਹੈ ਜਿਹੜੇ ਉਸ ਬਾਰੇ ਵਧੀਕ ਜਾਣਕਾਰੀ ਰਖਦੇ ਹਨ ਅਤੇ ਜਿਨ੍ਹਾਂ ਨੂੰ ਉਸ ਦੇ ਆਪਣੇ ਅੰਦਰ ਹੋਣ ਦਾ ਪੂਰਨ

ਵਿਸ਼ਵਾਸ ਤੇ ਇਤਬਾਰ ਹੈ ਪਰੰਤੂ ਉਹ ਲਿਪਾਇਮਾਨ ਕਿਤੇ ਵੀ ਨਹੀਂ, ਪੂਰਨ ਸਵਤੰਤਰ ਹੈ ਆਪਣੇ ਕਾਇਦੇ ਕਾਨੂੰਨ ਬਣਾ ਕੇ 'ਬੈਠਾ ਵੇਖੇ ਵਖ ਇਕੇਲਾ' ਅਨੰਦ ਵਿਭੋਰ ਹੈ, ਬਾਹਰਲਾ ਤੇ ਅੰਦਰਲਾ ਜਦ ਤਕ ਇਕ ਜੋਤਿ ਨਜ਼ਰ ਨਹੀਂ ਆਵੇਗਾ, ਜੋਤੀ ਜੋਤਿ ਮਿਲੀ ਨਹੀਂ ਕਹੀ ਜਾ ਸਕਦੀ। ਉਹੋ ਨੂਰ ਬਾਹਰ ਹੈ ਉਹੋ ਨੂਰ ਅੰਦਰ ਹੈ ਪਰੰਤੂ ਸਾਰੀ ਸਰਿਸ਼ਟੀ ਦਾ ਨੂਰ ਸਿਮਟ ਕੇ ਸਾਡੇ ਅੰਦਰ ਹੀ ਨਹੀਂ ਬੈਠ ਗਿਆ। ਇਕ ਜਾਨ ਇਕ ਸ਼ੈ ਜ਼ਰੂਰ ਹਾਂ ਪਰੰਤੂ ਸਾਰਾ ਕੁਝ ਇਨਸਾਨ ਹੀ ਨਹੀਂ ਹੈ ਤੇ ਨਾ ਕੋਈ ਇਨਸਾਨ ਹੋ ਸਕਦਾ ਹੈ ਵਧ ਤੋਂ ਵਧ ਤੇ ਭਾਵੇਂ ਕੋਈ ਕਿਨਾ ਵੀ ਹੋਵੇ ਪਰੰਤੂ ਸਮੂਲਚਾ ਪ੍ਰਭੂ ਇਨਸਾਨ ਨਹੀਂ ਹੈ। ਉਸ ਨੂਰ ਦਾ ਕੋਈ ਮੇਚ ਬਨਾ ਨਹੀਂ ਪੂਰਨ ਥੌਹ ਪਤਾ ਨਹੀਂ ਲਗਦਾ ਬੇਬਹ, ਬੇਸ਼ੁਮਾਰ ਪਰੇ ਤੋਂ ਪਰੇ ਖੰਡਾਂ ਬ੍ਰਹਮੰਡਾਂ ਤੋਂ ਵੀ ਪਰੇ ਜਿਥੇ ਤਕ ਆਹੀ, ਸਭ ਨੂਰ ਹੀ ਨੂਰ, ਵਾਹਿਗੁ ਹੀ ਵਾਹਿਗੁਰੂ ਫੈਲਿਆ ਹੋਇਆ ਹੈ ਇਹ ਸਿਮਟ ਕੇ ਇਨਸਾਨ ਅੰਦਰ ਵੀ ਸਮਾ ਜਾਂਦਾ ਹੈ ਤੇ ਫੈਲ ਕੇ ਸਾਰੇ ਖੰਡ ਬ੍ਰਹਮੰਡ ਵੀ ਘੇਰੇ ਵਿਚ ਲੈ ਜਾਂਦਾ ਹੈ। ਇਹ ਹੈ ਸਾਡਾ ਆਪਣਾ ਆਤਮਾ ਸਾਡਾ ਆਪਣਾ ਵਾਹਿਗੁਰੂ : ਹਰ ਘੜੀ ਹਰ ਵੇਲੇ ਹਰ ਥਾਂ ਹਰ ਹਾਲਤ ਵਿਚ ਸਚਾ ਹਮਦਰਦ ਤੇ ਸਾਥੀ, ਬਸ਼ਰਤੇ ਕਿ ਇਸ ਦੇ ਖਿਆਲਾਤ ਗੁਰਮਤਿ ਰਾਹੀਂ ਪਾਕ ਪਵਿਤਰ ਕਰ ਲਏ ਗਏ ਹੋਣ। ਜਨਮ ਜਨਮਾਤਰਾਂ ਦੇ ਗੰਦੇ ਖਿਆਲਾਤ ਨਾਲ ਨ ਲਦਿਆ ਪਥਿਆ ਹੋਵੇ, ਜਿਸ ਸੂਰਤ ਵਿਚ ਇਹੋ ਅੰਮ੍ਰਿਤ ਜ਼ੇਹਰ ਬਣ ਜਾਂਦਾ ਹੈ, ਤੇ ਪਰਲੇ ਦਰਜੇ ਦੇ ਉਪਦਰ ਕਰਵਾਂਦਾ ਹੈ, ਤਦ ਤਕ ਵਾਹਿਗੁਰੂ ਵਾਹਿਗੁਰੂ ਕਰਦੇ ਰਹੋ ਜਦ ਤਕ ਆਤਮਾ ਇਹ ਬਾਵਰ ਨਹੀਂ ਕਰ ਲੈਂਦਾ, ਮੰਨ ਨਹੀਂ ਲੈਂਦਾ ਕਿ ਮੈਂ ਤਾਂ ਵਾਹਿਗੁਰੂ ਹੀ ਹਾਂ, ਅਤੇ ਵਾਹਿਗੁਰੂ ਵਾਂਗ ਬੀਹੇਵ ਤੇ ਐਕਟ ਨਹੀਂ ਕਰਨ ਲਗ

ਪੈਂਦਾ, ਤਾਂ ਹੀ ਜੋਤੀ ਜੋਤਿ ਸਮਾਉਣ ਦਾ ਫਾਇਦਾ ਤੇ ਸਵਾਦ ਹੈ। ਜੇ god, ਵਾਹਿਗੁਰੂ ਕਹਿਣਾ ਹੀ ਨਹੀਂ ਤਾਂ ਬਣ ਵੀ ਕਦੀ ਨਹੀਂ ਸਕਦੇ। ਜੋ ਚਿਤਵੋਗੇ ਸੋਈ ਹੋਵੇਗਾ। ਆਪਣੇ ਆਪ ਨੂੰ ਵਾਹਿਗੁਰੂ ਕਹਿਣਾ, ਸਿਮਰਨ ਦਾ ਇਕ ਆਖਰੀ ਤਰੀਕਾ ਹੈ। ਗਲਤੀ, ਬਰਾਬਰੀ, ਯਾ ਹੰਕਾਰ ਨਹੀਂ, ਪਹਿਲੇ ਪਹਿਲ ਆਪਾਂ ਜਬਾਨ ਨਾਲ ਬੋਲ ਕੇ ਵਾਹਿਗੁਰੂ ਵਾਹਿਗੁਰੂ ਕਰਦੇ ਹੁੰਦੇ ਸਾਂ। ਫੇਰ ਸਵਾਸਾਂ ਨਾਲ ਯਾ ਦਿਲ ਦੀ ਧੜਕਨ ਨਾਲ ਧੜਕਨ ਦੇ ਬਾਦ ਦਰਸ਼ਨ ਹੋ ਗਏ ਤੇ ਦੇਖ ਦੇਖ ਕੇ ਉਸ ਨੂੰ ਵਾਹਿਗੁਰੂ ਕਹਿੰਦੇ ਰਹੇ। ਫੇਰ ਸਮਦਰਸੀ ਹੋ ਗਏ ਤੇ ਮਹਿਜ ਚੇਤਾ ਮਾਤਰ ਹੀ ਰਹਿ ਗਿਆ ਕਿ ਵਾਹਿਗੁਰੂ ਕਿਸ ਨੂੰ ਕਹਿੰਦੇ ਹਾਂ ਤੇ ਕੀ ਹੈ। ਅਜਪਾ ਜਾਪ, ਜਪਣ ਤੋਂ ਬਗੈਰ ਜਾਪ, ਸਿਰਫ਼ ਸੁਰਤ ਵਿਚ ਹੀ ਹੁੰਦਾ ਰਿਹਾ। ਫੇਰ ਆਪ ਹੀ ਉਹੋ ਰੂਪ ਹੋ ਗਏ, ਆਪ ਹੀ ਵਾਹਿਗੁਰੂ ਬਣ ਗਏ ਤੇ ਆਪਣੇ ਆਪ ਨੂੰ ਵਾਹਿਗੁਰੂ ਕਹਿਣਾ ਮੰਨਣਾ ਬੀਹੇਵ ਕਰਨਾ ਸ਼ੁਰੂ ਕਰ ਦਿਤਾ, ਇਹੋ ਹੀ ਉਹ ਸਟੇਜ ਹੈ ਜਦੋਂ ਬੰਦਾ ਆਪਣੇ ਆਪ ਨੂੰ ਵਾਹਿਗੁਰੂ ਕਹਿੰਦਾ ਹੈ। ਇਸ ਤੋਂ ਅਗੇ ਪਤਾ ਲਗਦਾ ਹੈ ਕਿ ਮੈਂ ਤਾਂ ਆਪਣਾ ਪਸਾਰਾ ਆਪ ਹੀ ਕਰਕੇ ਆਪ ਹੀ ਆਵਾਗਵਣ ਵਿਚ ਫਸਿਆ ਹੋਇਆ ਹਾਂ ਕਿਸੇ ਨੇ ਮੈਨੂੰ ਬਿਲਕੁਲ ਨਹੀਂ ਪਾਇਆ। ਵਾਹਿਗੁਰੂ ਬਹੁਤ ਵਡਾ ਨੂਰ ਹੈ। ਉਸ ਵਿਚੋਂ ਜਿਸ ਨੇ ਰਚਨਾ ਰਚ ਲਈ ਉਹ ਆਵਾ ਗੌਣ ਵਿਚ ਪੈ ਗਿਆ ਜਿਸ ਨੇ ਰਚਨਾ ਨਾ ਰਚੀ ਉਹ ਨਿਰਗੁਣ ਰੂਪ ਵਿਚ ਹੀ ਰਹਿ ਗਿਆ ਫਰਕ ਕੋਈ ਨਹੀਂ ਕੁਝ ਸਰਗੁਣ ਵਾਹਿਗੁਰੂ ਬਣ ਗਿਆ ਕੁਝ ਹਿਸਾ ਨਿਰਗੁਣ ਹੀ ਰਹਿ ਗਿਆ। ਜਿਨਿ ਰਚਿ ਰਚਿਆ ਪੁਰਖਿ ਬਿਧਾਤੇ ਨਾਲੇ ਹਉਮੈ ਪਾਈ, ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ। ਇਸ ਤੋਂ ਪਿਛੋਂ ਜਦ ਆਪਣੇ ਖੇਲ ਨੂੰ ਉਜਾੜੋਗੇ ਭਾਵ ਮੌਤ ਹੋਵੇਗੀ ਦੁਨਿਆਵੀ ਤੌਰ ਤੇ, ਤਾਂ ਜੋਤਿ

ਨਾਲ ਜ਼ੋਤਿ ਮਿਲ ਕੇ ਏਕੋ ਨਿਰੰਕਾਰ ਹੋ ਜਾਉਗੇ ਇਸ ਲਈ ਮੈਂ ਗੁਰੂ ਹਾਂ ਵਾਹਿਗੁਰੂ ਹਾਂ ਕਹਿਣਾ ਕੋਈ ਗ਼ਲਤੀ ਨਹੀਂ ਸਗੋਂ ਨਾਮ ਜਪਣ ਦੀ ਇਕ ਸਟੇਜ ਹੀ ਹੈ । ਨਾਲੇ ਜਿਹੜਾ ਆਪਣੇ ਆਪ ਨੂੰ ਇੰਝ ਸਮਝੇਗਾ ਉਹ ਕਿਰਦਾਰ ਵੀ ਤੇ ਉਹੋ ਜਿਹਾ ਹੀ ਅਪਨਾਏਗਾ, ਜਿਸ ਨਾਲ ਲੁਕਾਈ ਨੂੰ ਫਾਇਦਾ ਹੀ ਫਾਇਦਾ ਹੈ ਘਾਟਾ ਤਾਂ ਕੋਈ ਨਹੀਂ, ਇਸ ਲਈ ਆਪਣੇ ਆਪ ਨੂੰ God ਕਹਿਣਾ ਇਕ ਅਮਰ ਸਚਾਈ ਦਾ ਅਹਿਸਾਸ ਹੈ ।

3-9-73 ਸੋਢੀ ਸਾਹਿਬ ਜੀ ਦੇ ਹੁਕਮ ਦੀ ਸਚਾਈ ਤੇ ਗਹਿਰਾਈ ਨੂੰ ਘੋਖਣ ਲਈ ਇਕ ਪਾਠ ਕੀਤਾ ਸੀ, ਉਸ ਵਿਚੋਂ ਕੁਝ ਚੋਣਵੀਆਂ ਗਲਾਂ ਤਥਾ ਹੁਕਮ ਕਾਨੂੰਨ ਜਿਨ੍ਹਾਂ ਨੇ ਮਨ ਨੂੰ ਵਧੇਰੇ ਟੁੰਬਿਆ ਯਾਂ ਜਗਾਇਆ ਦੀ ਸੂਚੀ ਬਣਾਈ ਸੀ ਜਿਹੜੀ ਕਿ ਏਥੇ ਅੰਕਿਤ ਕਰ ਰਿਹਾ ਹਾਂ ਸ਼ਾਇਦ ਇਹ ਪਰਯੋਜਨ ਮੈਨੂੰ ਤਥਾ ਪੜ੍ਹਨ ਵਾਲਿਆਂ ਨੂੰ ਪਰਮਾਤਮਾ ਦੇ ਲਭਣ ਤੇ ਸਮਝਣ ਵਿਚ ਵਧੀਕ ਲਾਹੇਵੰਦਾ ਸਿਧ ਹੋਵੇ ।

354 ਸੋ ਪ੍ਰਭ ਦੂਰਿ ਨਾਹੀ ਪ੍ਰਭੁ ਤੂੰ ਹੈ
ਭਾਵ ਆਤਮਾ ਹੀ ਵਾਹਿਗੁਰੁ ਹੈ

391 ਹਮ ਕਿਛ ਨਾਹੀ ਏਕੈ ਓਹੀ
ਆਗੇ ਪਾਛੇ ਏਕੋ ਸੋਈ
ਨਾਨਕ ਗੁਰਿ ਖੋਏ ਭ੍ਰਮ ਭੰਗਾ
ਹਮ ਓਇ ਮਿਲ ਹੋਏ ਇਕ ਰੰਗਾ

395 ਗੁਰੁ ਮੇਰੈ ਸੰਗਿ ਸਦਾ ਹੈ ਨਾਲੇ
ਸਿਮਰਿ ਸਿਮਰਿ ਤਿਸੁ ਸਦਾ ਸਮਾਲੇ

397 ਜੀਉ ਪ੍ਰਾਣ ਧੰਨੁ ਗੁਰੂ ਹੈ ਨਾਨਕ ਕੈ ਸੰਗੇ

407 ਅਲਖੁ ਲਖਾਇਆ ਗੁਰ ਤੇ ਪਾਇਆ, ਨਾਨਕ ਇਹ ਹਰਿ ਕਾ ਚੋਲਾ

415 ਗੁਰਮੁਖਿ ਚੀਨੈ ਹਰਿ ਪ੍ਰਭੁ ਆਪੈ

421 ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ

ਏਕੋ ਅਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤ ਹੋਈ

425 ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ

ਜਿਨ੍ਹੀ ਘਰੁ ਜਾਤਾ ਆਪਣਾ ਸੇ ਸੁਖੀਏ ਭਾਈ

ਅੰਤਰਿ ਬ੍ਰਹਮ ਪਛਾਨਿਆ ਗੁਰ ਕੀ ਵਡਿਆਈ

441 ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ

442 ਸਮੁੰਦੁ ਵਿਰੋਲਿ ਸ਼ਰੀਰੁ ਹਮ ਦੇਖਿਆ ਇਕ ਵਸਤ ਅਨੂਪ ਦਿਖਾਈ

ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ

444 ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ

444 ਹਰਿ ਹਰਿ ਕਿਰਪਾ ਧਾਰਹੁ ਠਾਕੁਰ ਹਰਿ ਜਪੀਐ ਆਤਮਰਾਮ ਜੀਉ

447 ਹਰਿ ਜਨ ਪ੍ਰਭ ਰਲਿ ਏਕੋ ਹੋਏ ਹਰਿ ਜਨ ਪ੍ਰਭ ਏਕ ਸਮਾਨਿ ਜੀਉ

449 ਹਰਿ ਜਨੁ ਹਰਿ ਹਰਿ ਹੋਇਆ ਨਾਨਕ ਹਰਿ ਇਕੋ

461 ਸਭ ਕਿਛੁ ਵਸਿ ਜਿਸੈ ਸੋ ਪ੍ਰਭੁ ਅਸਾੜਾ

461 ਸੁਕ੍ਰਿਤ ਕੀਜੈ ਨਾਮੁ ਲੀਜੈ ਨਰਕਿ ਮੂਲਿ ਨ ਜਾਈਐ

469 ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰ ਰਹਿਆ

474 ਜੋ ਜੀਏ ਹੋਇ ਸੁ ਉਗਵੈ ਮੂਹ ਕਾ ਕਹਿਆ ਵਾਉ

476 ਕਹੁ ਕਬੀਰ ਜਨਿ ਏਕੋ ਬੂਝਿਆ ਗੁਰ ਪ੍ਰਸਾਦਿ ਮੈ ਸਭੁ ਕਿਛੁ ਸੂਝਿਆ

482 ਤੁਮ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ

482 ਮੇਰੀ ਜਿਹਬਾ ਬਿਸਨੁ ਨੈਨ ਨਾਰਾਇਨ ਹਿਰਦੈ ਬਸਹਿ ਗੋਬਿੰਦਾ

486 ਸੰਤ ਅਨੰਤਹਿ ਅੰਤਰੁ ਨਾਹੀ

496 ਪੂਰਨ ਪੂਰਿ ਰਹਿਉ ਸ੍ਰਬ ਥਾਈ ਆਨ ਨ ਕਤਹੂੰ ਜਾਤਾ

505. ਤੂੰ ਵਡਾ ਪੁਰਖ ਅਗੰਮ ਤਰੋਵਰੁ ਹਮ ਪੰਖੀ ਤੁਝ ਮਾਹੀ

516. ਨਾਨਕ ਜੇ ਕੋ ਆਪ ਗਣਾਇਦਾ ਸੋ ਮੂਰਖ ਗਵਾਰੁ

517. ਨਾਨਕ ਤਿਨ ਬਲਿਹਾਰਣੈ ਜਿਨ ਗੁਰਮੁਖਿ ਪਾਇਆ ਮਨ ਮਾਹਿ

517. ਆਪੇ ਗੁਰੁ ਚੇਲਾ ਹੈ ਆਪੇ ਆਪੇ ਦਸੇ ਘਾਟੁ

524. ਸਾਹਿਬ ਸੇਵਕ ਇਕੁ ਇਕੁ ਦ੍ਰਿਸ਼ਟਾਇਆ ਗੁਰ ਪ੍ਰਸਾਦਿ ਨਾਨਕ ਸਚਿ ਸਮਾਇਆ

554. ਸਾਹਿਬ ਸਦਾ ਹਜੂਰਿ ਹੈ ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ
ਨਾਨਕ ਐਥੇ ਸੁਖ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ

555. ਆਪੇ ਸਭ ਘਟ ਅੰਦਰੇ ਆਪੇ ਹੀ ਬਾਹਰਿ
ਆਪੇ ਗੁਪਤੁ ਵਰਤਦਾ ਆਪੇ ਹੀ ਜਾਹਰਿ
ਜੁਗ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾ ਹਰਿ
ਓਥੇ ਵੇਦ ਪੁਰਾਨ ਨ ਸਾਸਤਾ ਆਪੇ ਹਰਿ ਨਰ ਹਰਿ
ਬੈਠਾ ਤਾੜੀ ਲਾਇ ਆਪਿ ਸਭਦੂ ਹੀ ਬਾਹਰਿ
ਆਪਣੀ ਮਿਤਿ ਆਪ ਜਾਣਦਾ ਆਪੇ ਹੀ ਗਉਹਰੁ

564. ਜਿਚਰੁ ਦੂਜਾ ਭਰਮੁ ਸਾ ਮੰਮਾਲੀ ਤਿਚੁਰ ਮੈਂ ਜਾਣਿਆ ਪ੍ਰਭੁ ਦੂਰੇ

565. ਗੁਰਮਤੀ ਆਪੈ ਆਪੁ ਪਛਾਣੈ ਤਾਂ ਨਿਜ ਘਰਿ ਵਾਸਾ ਪਾਵੈ

565, ਮੁਖਹੁ ਹਰਿ ਹਰਿ ਸਭੁ ਕੋ ਕਹੈ ਵਿਰਲੈ ਹਿਰਦੈ ਵਸਾਇਆ
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨੁ ਪਾਇਆ

566. ਲਿਖੇ ਬਾਝਹੁ ਸੁਰਤਿ ਨਾਂਹੀ ਬੋਲਿ ਬੋਲਿ ਗਵਾਈਐ

572. ਜਿਸ ਕਾਰਣਿ ਹਉ ਢੂੰਢਿ ਢੂਢੇਦੀ ਸੋ ਸਜਣ ਹਰਿ ਘਰਿ ਪਾਇਆ
ਏਕ ਦ੍ਰਿਸ਼ਟਿ ਹਰਿ ਏਕੰ ਜਾਤਾ ਹਰਿ ਆਤਮ ਰਾਮੁ ਪਛਾਣੀ

573. ਹਰਿ ਆਪੇ ਹਰਿ ਆਪੇ ਪੁਰਖੁ ਨਿਰੰਜਨੁ ਸੋਈ

583. ਪਿਰੁ ਅੰਤਰਿ ਸਮਾਲੇ ਸਦਾ ਹੈ ਨਾਲੇ ਮਨਮੁਖਿ ਜਾਤਾ ਹੈ ਦੂਰੇ
ਇਹ ਤਨ ਰੁਲੈ ਰੁਲਾਇਆ ਕੰਮਿ ਨ ਆਇਆ ਜਿਨਿ ਖਸਮੁ ਨ ਜਾਤਾ ਹਦੂਰੇ

589. ਸਭੁ ਆਤਮਰਾਮੁ ਪਸਾਰਿਆ ਗੁਰ ਬੁਧਿ ਬੀਚਾਰੀ

590. ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ

591- ਮਨਮੁਖ ਕਾਇਰੁ ਕਰੂਪੁ ਹੈ ਬਿਨ ਨਾਵੈ ਨਕੁ ਨਾਹਿ

592. ਪੁਰਖੈ ਸੇਵਹਿ ਸੇ ਪੁਰਖੁ ਹੋਵਹਿ ਜਿਨ੍ਹ ਹਉਮੈ ਸਬਦਿ ਜਲਾਈ

592. ਕੁਲ ਉਧਾਰਹਿ ਆਪਣਾ ਮੋਖ ਪਦਵੀ ਆਪੇ ਪਾਹਿ
ਪਾਰਬ੍ਰਹਮੁ ਤਿਨ ਕਉ ਸੰਤੁਸਟ ਭਇਆ ਜੋ ਗੁਰ ਚਰਨੀ ਪਾਹਿ

594. ਤੂ ਆਪੇ ਆਪਿ ਆਪਿ ਸਭੁ ਕਰਤਾ ਕੋਈ ਦੂਜਾਂ ਹੋਇ ਸੁ ਅਵਰੋ ਕਹੀਐ
ਹਰਿ ਆਪੇ ਬੋਲੈ ਆਪਿ ਬੁਲਾਵੈ ਹਰਿ ਆਪੇ ਜਲਿ ਥਲਿ ਰਵਿ ਰਹੀਐ
ਹਰਿ ਆਪੇ ਮਾਰੇ ਹਰਿ ਆਪੇ ਛੋਡੈ ਮਨ ਹਰਿ ਸਰਣੀ ਪੜਿ ਰਹੀਐ
ਹਰਿ ਬਿਨ ਕੋਈ ਮਾਰਿ ਜਿਵਾਲਿ ਨ ਸਕੈ ਮਨ ਹੋਇ ਨਿਚਿੰਦ ਨਿਸਲ ਹੋਇ ਰਹੀਐ

ਉਠਦਿਆਂ ਬਹਦਿਆਂ ਸੁਤਿਆਂ ਸਦਾ ਸਦਾ ਹਰਿ ਨਾਮੁ ਧਿਆਈਐ
ਜਦ ਨਾਨਕ ਗੁਰਮੁਖਿ ਹਰਿ ਲਹੀਐ

595. ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ

599. ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ

612. ਪੇਖਤ ਸੁਨਤ ਸਦਾ ਹੈ ਸੰਗੇ ਮੈਂ ਮੂਰਖ ਜਾਣਿਆ ਦੂਰੀ ਰੇ

612. ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ

616: ਕਰਿ ਕਿਰਪਾ ਅਪਨੋ ਕਰਿ ਲੀਨਾ ਮਨ ਵਸਿਆ ਅਬਿਨਾਸੀ

621. ਪਾਰਬ੍ਰਹਬ ਪੂਰਾ ਮੇਰੈ ਨਾਲਿ

621. ਉਹਾ ਸਮ ਠਾਕੁਰੁ ਸਮ ਚੇਰਾ

621. ਨਾਨਕ ਪ੍ਰਭੁ ਮੇਰੈ ਸਾਥੇ, ਜਨਮ ਮਰਣ ਭੈ ਲਾਥੇ

630. ਨਾਲਿ ਨਾਰਾਇਣੁ ਮੇਰੈ, ਜਮਦੂਤ ਨ ਆਵੈ ਨੇਰੈ

632. ਘਟ ਹੀ ਮਹਿ ਨਿਰੰਜਨ ਤੇਰੈ ਤੈ ਖੋਜਤ ਉਦਿਆਨਾ

632. ਸੁਖ ਦੁਖ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ।
ਸੋ ਤੁਮਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ।

646. ਹਰਿ ਇਕੋ ਵਰਤੈ ਇਕੁ ਇਕੋ ਉਤਪਤਿਆ !
ਜੋ ਹਰਿ ਨਾਮੁ ਧਿਆਵਹਿ ਤਿਨ ਡਰ ਸਟਿ ਘਤਿਆ।

646. ਵਿਣੁ ਡਿਠਾ ਕਿਆ ਸਲਾਹੀਐ ਅੰਧਾ ਅੰਧੁ ਕਮਾਇ।
ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ।

647. ਜਿਨ ਕਉ ਮਨ ਕੀ ਪਰਤੀਤ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ

656. ਬਸਤੁ ਅਗੋਚਰ ਪਾਈ, ਘਟਿ ਦੀਪਕੁ ਰਹਿਆ ਸਮਾਈ।

657. ਨੇਰੈ ਨਾਹੀ ਦੂਰਿ, ਨਿਜ ਆਤਮੈ ਰਹਿਆ ਭਰਪੂਰਿ।

661. ਆਤਮਾ ਪਰਮਾਤਮਾ ਏਕੋ ਕਰੈ, ਅੰਤਰਿ ਕੀ ਦੁਬਿਧਾ ਅੰਤਰਿ ਮਰੈ।

663. ਸਭ ਮਹਿ ਵਸੈ ਪ੍ਰਭੁ ਏਕੋ ਸੋਇ, ਗੁਰਮਤੀ ਘਟਿ ਪਰਗਟੁ ਹੋਇ।

667. ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕਲਾਲੀ।

695. ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ।

703. ਘਟ ਹੀ ਭੀਤਰਿ ਬਸੈ ਨਿਰੰਜਨੁ ਤਾਕੋ ਮਰਮੁ ਨ ਪਾਇਆ।

706. ਹਰਿ ਏਕੁ ਨਿਰੰਜਨੁ ਗਾਈਐ ਸਭ ਅੰਤਰਿ ਸੋਈ।
ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ।
ਖਿਨ ਮਹਿ ਥਾਪਿ ਉਥਾਪਦਾ ਤਿਸ ਬਿਨੁ ਨਹੀਂ ਕੋਈ।
ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ।
ਜਿਸੁ ਆਪਿ ਬੁਝਾਏ ਸੁ ਬੁਝਸੀ ਨਿਰਮਲ ਜਨੁ ਸੋਈ।

716. ਤਿਸ ਹੀ ਕੇ ਗ੍ਰਿਹ ਸੋਈ ਪ੍ਰਭੁ ਨਾਨਕ ਸੋ ਠਾਕੁਰੁ ਤਿਸਹੀ ਕੋ ਧੀਨ।

718. ਜੋ ਜਨ ਪਾਰਬ੍ਰਹਮਿ ਅਪਨੇ ਕੀਤੇ ਤਿਨ ਕਾ ਬਾਹੁਰਿ ਕਛੁ ਨ ਬੀਚਾਰੇ।

728. ਅੰਤਰਿ ਵਸੈ ਨ ਬਾਹਰਿ ਜਾਇ।

730. ਜੈਸਾ ਬੀਜੈ ਸੋ ਲੁਣੇ ਜੋ ਖਟੇ ਸੋ ਖਾਇ।
ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ।

730. ਮੇਰੇ ਲਾਲ ਜੀਉ ਤੇਰਾ ਅੰਤ ਨ ਜਾਣਾ ।
ਤੂੰ ਜਲ ਥਲਿ ਮਹੀਅਲਿ ਭਰਪੂਰਿ ਲੀਣਾ ਤੂੰ ਆਪੇ ਸਰਬ ਸਮਾਣਾ ।

731. ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ ।
ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ ।

729. ਜਾ ਕਉ ਮਹਲ ਹਜੂਰਿ ਦੂਜੇ ਨਿਵੈ ਕਿਸੁ ।

730. ਜੇਹੇ ਕਰਮ ਕਮਾਇ ਤੇਹਾ ਹੋਇਸੀ ।

734. ਜਿਸ ਨੋ ਪਰਤੀਤ ਹੋਵੈ ਤਿਸ ਦਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹਿ ਮਾਨੁ ।
ਜੇਤਾ ਜੀਉ ਪਿੰਡ ਸਭੁ ਤੇਰਾ ਤੂੰ ਅੰਤਰਜਾਮੀ ਪੁਰਖੁ ਭਗਵਾਨੁ ।

737. ਸਭ ਊਚਾ ਮੰਦਰੁ ਮੇਰਾ ਸਭ ਕਾਮਣਿ ਤਿਆਗੀ ਪ੍ਰਿਉ ਪ੍ਰੀਤਮ ਮੇਰਾ ।

738. ਘਰ ਮਹਿ ਠਾਕੁਰ ਨਦਰਿ ਨ ਆਵੈ ।

739, ਓਤਿ ਪੋਤਿ ਨਾਨਕ ਸੰਗਿ ਬਸੇਰਾ ।
ਸੂਖ ਮਹਲ ਜਾਕੇ ਊਚ ਦੁਆਰੇ ।
ਤਾ ਮਹਿ ਵਾਸਹਿ ਭਗਤ ਪਿਆਰੇ ।
ਸਹਜ ਕਥਾ ਪ੍ਰਭ ਕੀ ਅਤਿ ਮੀਠੀ ।
ਵਿਰਲੈ ਕਾਹੂ ਨੇਤ੍ਰਹੁ ਡੀਠੀ ।
ਤਹ ਗੀਤ ਨਾਦ ਅਖਾਰੇ ਸੰਗਾ ।
ਊਹਾ ਸੰਤ ਕਰਹਿ ਹਰਿ ਰੰਗਾ ।
ਤਹ ਮਰਣੁ ਨ ਜੀਵਣੁ ਸੋਗ ਨ ਹਰਖਾ ।
ਸਾਚ ਨਾਮ ਕੀ ਅੰਮਰਿਤ ਵਰਖਾ ।

740. ਦੂਸਰ ਹੋਆ ਨਾਕੋ ਹੋਈ ।
ਜਪਿ ਨਾਨਕ ਪ੍ਰਭੁ ਏਕੋ ਸੋਈ ।

741. ਨਿਕਟ ਵਸਤੁ ਕਉ ਜਾਣੈ ਦੂਰੇ ਪਾਪੀ ਪਾਪ ਕਮਾਹੀ ।

741. ਸਿਮਰਉ ਸੋ ਪ੍ਰਭੁ ਅਪਨਾ ਸੁਆਮੀ ।
ਸਗਲ ਘਟਾ ਕਾ ਅੰਤਰਜਾਮੀ ।

753. ਆਪੇ ਰਹਿਆ ਸਮਾਇ ਸੋ ਵਿਸਮਾਦੁ ਭਇਆ ।
ਤੂੰ ਨਾਹੀ ਪ੍ਰਭ ਦੂਰਿ ਜਾਣਹਿ ਸਭ ਤੂੰ ਹੈ ।
ਗੁਰਮੁਖਿ ਵੇਖਿ ਹਦੂਰਿ ਅੰਤਰਿ ਭੀ ਤੂ ਹੈ

754. ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ ।
ਕਾਇਆ ਅੰਦਰਿ ਜਗ ਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਿਤਪਾਲਾ ।
ਕਾਇਆ ਅੰਦਰਿ ਆਪੇ ਵਸੇ ਅਲਖੁ ਨ ਲੱਖਿਆ ਜਾਈ ।
ਮਨਮੁਖ ਮੁਗਧ ਬੂਝੈ ਨਾਹੀ ਬਾਹਰਿ ਭਾਲਣ ਜਾਈ ।
ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ ।
ਜਿਸ ਨੋਂ ਦੇਇ ਸੋਈ ਜਨ ਪਾਵੈ ਹੋਰ ਕਿਆ ਕੋ ਕਰੇ ਚਤੁਰਾਈ ।
ਕਾਇਆ ਅੰਦਰਿ ਬ੍ਰਹਮ ਬਿਸਨ ਮਹੇਸਾ ਸਭ ਉਪਤਿ ਜਿਤੁ ਸੰਸਾਰਾ ।
ਸਚੈ ਆਪਣਾ ਖੇਲੁ ਰਚਾਇਆ ਆਵਾ ਗਉਣ ਪਸਾਰਾ ।
ਪੂਰੇ ਸਤਿਗੁਰ ਆਪਿ ਦਿਖਾਇਆ ਸਚਿ ਨਾਮਿ ਨਿਸਤਾਰਾ ।

755. ਦੁਨੀਆਂ ਨਾਂ ਸਾਲਾਹਿ ਜੋ ਮਰਿ ਵੰਞਸੀ ।
ਲੋਕਾ ਨਾ ਸਾਲਾਹਿ ਜੋ ਮਰਿ ਖਾਕੁ ਥੀਈ ।
ਦੁਨੀਆਂ ਕੇਰੀ ਦੋਸਤੀ ਮਨ ਮੁਖ ਦਝ ਮਰੰਨ ।
ਆਤਮਰਾਮ ਪ੍ਰਗਾਸਿਆ ਸਹਜੇ ਸੁਖ ਰਹੰਨਿ ।

755. ਦੇਸੀ ਰਿਜਕੁ ਸੰਬਾਹਿ ਜਿਨਿ ਉਪਾਈ ਮੇਦਨੀ ।
ਏਕੋ ਹੈ ਦਾਤਾਰ ਸਚਾ ਆਪਿ ਧਣੀ ।

757. ਗੁਰਿ ਪੂਰੇ ਵੇਖਾਲਿਆ ਪ੍ਰਭੁ ਆਤਮਰਾਮੁ ਪਛਾਨ ।
ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ ਵਿਚ ਦੇ ਤੁਝਹਿ ਧਿਆਈ ।
ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ ।
ਸਿਮਰਿ ਸਿਮਰਿ ਸਿਮਰਿ ਗੁਰੂ ਅਪਨਾ ਸੋਇਆ ਮਨ ਜਾਗਾਈ ।
ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤ ਅਘਾਈ ।

759. ਉਹ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ।

760. ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ ।
ਆਪਨੜੇ ਪ੍ਰਭ ਭਾਣਿਆ ਦਰਗਹ ਪੈਧਾ ਜਾਇ ਜੀਉ ।

761. ਤੂੰ ਕਰਤਾ ਤੂੰ ਕਰਨਹਾਰੁ ਤੂਹੈ ਏਕੁ ਅਨੇਕ ਜੀਉ ।
ਸਜਣੁ ਤੂ ਹੈ ਸੈਣ ਤੂ ਹੈ ਮੈ ਤੁਝ ਉਪਰਿ ਬਹੁ ਮਾਣੀਆ ।
ਜਾ ਤੂੰ ਅੰਦਰਿ ਤਾ ਸੁਖੇ ਤੂੰ ਨਿਮਾਣੀ ਮਾਣੀਆ ।

763. ਜੈਸੀ ਆਸਾ ਤੈਸੀ ਮਨਸਾ ।

764, ਹਮ ਘਰਿ ਸਾਜਨ ਆਏ ।
ਅੰਤਰਿ ਰਤਨੁ ਪਦਾਰਥ ਮੇਰੈ ਪਰਮ ਤਤੁ ਵੀਚਾਰੋ ।
ਆਤਮਰਾਮ ਸੰਸਾਰਾ, ਸਾਚਾ ਖੇਲੁ ਤੁਮਾਰਾ ।

765. ਨਾਨਕ ਗੁਰਮੁਖਿ ਆਪੁ ਪਛਾਣੈ ਪ੍ਰਭ ਜੈਸੇ ਅਵਿਨਾਸੀ ।

766. ਸਾਜਨ ਹੋਵਨਿ ਆਪਣੇ ਕਿਉ ਪਰ ਘਰ ਜਾਹੀ ।
ਸਾਜਨ ਰਾਤੇ ਸਚ ਕੇ ਸੰਗੇ ਮਨ ਆਹੀ ।

767. ਸਬਦੇ ਪਤੀਜੈ ਅੰਕੁ ਭੀਜੈ ਸੁ ਮਹਲੁ ਮਹਲਾ ਅੰਤਰੇ ।
ਨਾਨਕ ਜਿਨਿ ਕਰਿ ਦੇਖਿਆ ਦੇਵੈ ਮਤਿ ਸਾਈ ।

768. ਸਾਜਨ ਆਇ ਵੁਠੇ ਘਰ ਮਾਹੀ ।

769. ਤਨੁ ਮਨੁ ਸਾਚਾ ਪੁਰਖ ਪ੍ਰਭ ਸੋਈ ਰਾਮ ।

772. ਇਕਨਾ ਪ੍ਰਭੁ ਦੂਰਿ ਵਸੈ ਇਕਨਾ ਮਨਿ ਅਧਾਰੋ ਰਾਮ ।

785, ਪਿਰੁ ਛੋਡਿਆ ਘਰਿ ਆਪਣੈ ਮੋਹੀ ਦੂਜੈ ਭਾਇ ।

788. ਤਿਨ ਜਰੁ ਵੈਰੀ ਨਾਨਕਾ ਜਿ ਬੂਢੇ ਥੀਇ ਮਰੰਨਿ ।

790. ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਾਇਆ ।

791. ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ ।

793, ਸੰਤਾ ਕਉ ਮਤਿ ਕੋਈ ਨਿੰਦਹੁ ਸੰਤੁ ਰਾਮੁ ਹੈ ਏਕੋ ।

800. ਹਰਿ ਜਨ ਦੇਖਹੁ ਸਤਿਗੁਰੁ ਨੈਨੀ ।
ਅਪਨਾ ਭਲਾ ਸਭੁ ਕੋਈ ਬਾਛੈ ਸੋ ਕਰੇ ਜਿ ਮੇਰੈ ਚਿਤ ਨ ਚਿਤੈਨੀ ॥

801. ਹਰਿਕਾ ਮੰਦਰੁ ਤਿਸੁ ਮਹਿ ਲਾਲ, ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥

801. ਪਾਰਬ੍ਰਹਮ ਪ੍ਰਭ ਭਏ ਰਖਵਾਲੇ ਜਿਥੈ ਕਿਥੈ ਦੀਸਹਿ ਨਾਲੇ ।

802. ਹਰਿ ਬਿਸਰਤ ਸਭ ਕਾ ਮੁਹਤਾਜ ।

803. ਏਕ ਰੂਪ ਸਗਲੋ ਪਾਸਾਰਾ, ਆਪੇ ਬਨਜੁ ਆਪਿ ਬਿਉਹਾਰਾ ।

805. ਪਤਿਤ ਪਾਵਨ ਪ੍ਰਭ ਬਿਰਦੁ ਬੇਦਿ ਲੇਖਿਆ ।
ਪਾਰਬ੍ਰਹਮੁ ਸੋ ਨੈਨਹੁ ਪੇਖਿਆ ।
ਸਾਧ ਸੰਗਿ ਪ੍ਰਗਟੇ ਨਾਰਾਇਣ ।
ਨਾਨਕ ਦਾਸ ਸਭਿ ਦੂਖ ਪਲਾਇਣ ।

809. ਦੋਸ ਨ ਕਾਹੂ ਦੀਜੀਐ ਪ੍ਰਭੁ ਅਪਨਾ ਧਿਆਈਐ ।

812. ਸਰਣਿ ਪਰੇ ਕੀ ਰਾਖਤਾ ਨਾਹੀ ਸਹਸਾਇਆ ।
ਕਰਮ ਭੂਮਿ ਹਰਿ ਨਾਮੁ ਬੋਇ ਅਉਸਰੁ ਦੁਲਭਾਇਆ ॥

813, ਬਸਤ ਸੰਗਿ ਹਰਿ ਸ਼ਾਧ ਕੈ ਪੂਰਨ ਆਸਾਇ ।
ਭੈ ਬਿਨਸੇ ਤਿਹੁ ਲੋਕ ਕੇ ਪਾਏ ਸੁਖ ਥਾਨ ।
ਦਇਆ ਕਰੀ ਸਮਰਥ ਗੁਰਿ ਬਸਿਆ ਮਨ ਨਾਮ ।
ਨਾਨਕ ਕੀ ਤੂ ਟੇਕ ਪ੍ਰਭ ਤੇਰਾ ਆਧਾਰ ।
ਕਰਣ ਕਾਰਣ ਸਮਰਥ ਪ੍ਰਭ ਹਰਿ ਅਗਮ ਅਪਾਰ ॥

813. ਕਰਨੈਹਾਰੁ ਨ ਬੂਝਈ ਆਪੁ ਗਨੈ ਬਿਗਾਨਾ ।

813. ਸੁਪਨੇ ਕਾ ਸੁਪਨਾ ਭਇਆ ਸੰਗਿ ਚਲਿਆ ਕਮਾਇਆ ।

823. ਪੇਖਿਉ ਮੋਹਨ ਸਭ ਕੈ ਸੰਗੇ ਊਨ ਨ ਕਾਹੂ ਸਗਲ ਭਰੀ ।
ਪੂਰਨ ਪੂਰਿ ਰਹਿਉ ਕਿਰਪਾ ਨਿਧਿ ਕਹੁ ਨਾਨਕ ਮੇਰੀ ਪੂਰੀ ਪਰੀ ।

824. ਮਨ ਤਨ ਅੰਤਰਿ ਪ੍ਰਭ ਆਹੀ ।

824. ਤੂਹੀ ਸੁਆਮੀ ਅੰਤਰਜਾਮੀ ਤੂਹੀ ਵਸਹਿ ਸਾਧ ਕੈ ਸੰਗਾ ।

825. ਜਿਸਤੇ ਉਪਜਿਆ ਤਿਸਹਿ ਪਛਾਨੁ ।

843. ਘਰ ਹੀ ਅੰਦਰਿ ਸਚੁ ਮਹਲੁ ਪਾਏ ।

861. ਜਿਸਦੈ ਵਸਿ ਸਭੁ ਕਿਛੁ ਸੋ ਸਭਦੂ ਵਡਾ ਸੋ ਮੇਰੇ ਮਨ ਸਦਾ ਧਿਆਈਐ।

ਜਨ ਨਾਨਕ ਸੋ ਹਰਿ ਨਾਲ ਹੈ ਤੇਰੈ ਹਰਿ ਸਦਾ ਧਿਆਇ ਤੂੰ ਤੁਧੁ ਲਏ ਛਡਾਈਐ ।

863. ਮਨ ਕਾ ਇਸਟੁ ਗੁਰ ਸੰਗਿ ਧਿਆਨੁ ।

865. ਗੁਰੁ ਨਾਨਕ ਹਰਿ ਸੋਇ ।

866. ਜਾਕੈ ਅੰਤਰਿ ਵਸੈ ਪ੍ਰਭੁ ਆਪਿ ਤਾ ਕੈ ਹਿਰਦੈ ਹੋਇ ਪ੍ਰਗਾਸੁ ।

866. ਤਜਿ ਅਭਿਮਾਨੁ ਜਾਨ ਪ੍ਰਭੁ ਸੰਗਿ ।

870. ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ ।

882. ਨਾਨਕ ਗੁਰੂ ਗੁਰੂ ਹੈ ਪੂਰਾ ਮਿਲਿ ਸਤਿਗੁਰ ਨਾਮ ਧਿਆਇਆ ॥

916. ਨ ਕੋਈ ਸੂਰੁ ਨ ਕੋਈ ਹੀਣਾ ਸਭ ਪ੍ਰਗਟੀ ਜੋਤਿ ਤੁਮਾਰੀ ।

921. ਜਿਸਦਾ ਜੀਓ ਤਿਸ ਮਿਲਿ ਰਹੈ ਹਰਿ ਵਸੈ ਮਨਿਆਇ ।

931. ਜਿਨਿ ਜਾਤਾ ਸੋ ਤਿਸਹੀ ਜੇਹਾ ।

943. ਆਪੇ ਪਾਰਿ ਉਤਾਰਣ ਹਾਰਾ ।

943. ਅਨਹਤ ਸੁਨਿ ਰਤੇ ਸੇ ਕੈਸੇ ਜਿਸਤੇ ਉਪਜੇ ਤਿਸਹੀ ਜੈਸੇ ।

952. ਕਰਣੀ ਬਾਝਹੁ ਤਰੈ ਨ ਕੋਇ ।

952. ਹਰਿ ਕਾ ਮੰਦਰ ਸਰੀਰੁ ਅਤਿ ਸੋਹਣਾ ।

953. ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ।
ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥

953. ਹਰਿ ਕਾ ਸਭੁ ਸਰੀਰ ਹੈ ਹਰਿ ਰਵਿ ਰਹਿਆ ਸਭੁ ਆਪੇ ।

954. ਸਭ ਮਹਿ ਗੁਪਤੁ ਵਰਤਦਾ ਗੁਰਮੁਖਿ ਪ੍ਰਗਟਾਇਆ ।

969. ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ।

970. ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ ।
ਅੰਤਰਿ ਜੋਤਿ ਰਾਮ ਪਰਗਾਸਾ ਗੁਰਮੁਖਿ ਬਿਰਲੈ ਜਾਨੀ ।

1006. ਪੁਰਖਿ ਪੂਰਨ ਸੁਖਹ ਦਾਤਾ ਸੰਗਿ ਬਸਤੋ ਨੀਤ ।
ਨਵਲ ਨਵਤਨ ਚਤੁਰ ਸੁੰਦਰ ਮਨ ਨਾਨਕ ਤਿਸੁ ਸੰਗਿ ਬੀਧ ।

1007. ਜੀਓ ਮਨੁ ਤਨੁ ਪ੍ਰਾਣ ਪ੍ਰਭ ਕੇ ਤੂ ਆਪਨ ਆਪੁ ਨਿਵਾਰਿ ।

1030. ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵਿਚਾਰਾ ਹੇ ।

1031. ਅਕਥੁ ਕਥਹੁ ਮਨੁ ਮਨਹਿ ਸਮਾਈ ।
ਤੇਰੇ ਚੋਜ ਨ ਜਾਣੈ ਕੋਈ ਤੂ ਪੂਰਾ ਪੁਰਖ ਬਿਧਾਤਾ ਹੇ ।
ਤੂੰ ਆਦਿ ਜੁਗਾਦਿ ਕਰਹਿ ਪ੍ਰਿਤਪਾਲਾ ।

1032. ਭੂਲੇ ਸਿਖ ਗੁਰੂ ਸਮਝਾਏ, ਉਝੜ ਜਾਂਦੇ ਮਾਰਗਿ ਪਾਏ ।

1032. ਸੁਣਿ ਕਹੀਐ ਕੋ ਅੰਤੁ ਨ ਜਾਣੀ ।
ਜਾ ਕਉ ਅਲਖ ਲਖਾਏ ਆਪੇ ਅਕਥ ਕਥਾ ਬੁਧਿ ਤਾਹਾ ਹੇ ।

1033. ਕਾਇਆ ਨਗਰੁ ਨਗਰ ਗੜ ਅੰਦਰਿ ।
ਸਾਚਾ ਵਾਸਾ ਪੁਰਿ ਗਗਨੰਦਰਿ ।
ਅਸਥਿਰੁ ਥਾਨ ਸਦਾ ਨਿਰਮਾਇਲੁ, ਆਪੇ ਆਪ ਉਪਾਇਦਾ ।
ਨਉ ਘਰ ਥਾਪੇ ਹੁਕਮਿ ਰਜਾਈ, ਦਸਵੈ ਪੁਰਖੁ ਅਲੇਖੁ ਅਪਾਰੀ ।

1038. ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਖਤ ਰਚਾਇਆ ।

1056. ਸਭਿ ਰਸ ਦੇਹੀ ਅੰਤਰਿ ਪਾਏ, ਵਿਰਲੇ ਕਉ ਗੁਰੁ ਸਬਦ ਬੁਝਾਏ ।
ਅੰਦਰੁ ਖੋਜੇ ਸਬਦ ਸਲਾਹੇ, ਬਾਹਰਿ ਕਾਹੇ ਜਾਹਾ ਹੇ ।

1060. ਕਾਇਆ ਕੰਚਨੁ ਸਬਦੁ ਵੀਚਾਰਾ ।
ਤਿਥੈ ਹਰਿ ਵਸੈ ਜਿਸ ਦਾ ਅੰਤੁ ਨ ਪਾਰਾਵਾਰਾ ।

1103. ਸੁੰਨਹਿ ਸੁੰਨੁ ਮਿਲਿਆ ਸਮਦਰਸੀ ਪਵਨ ਰੂਪ ਹੋਇ ਜਾਵਹਿਗੇ ।
ਬਹੁਰਿ ਹਮ ਕਾਹੇ ਆਵਹਿਗੇ ।
ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ ।
ਦਰਸਨ ਛੋਡਿ ਭਏ ਸਮਦਰਸੀ ਏਕੋ ਨਾਮ ਧਿਆਵਹਿਗੇ ।

1104. ਤਾਰਨ ਤਰਨ ਤਬੈ ਲਗ ਕਹੀਐ ਜਬ ਲਗੁ ਤਤੁ ਨ ਜਾਨਿਆ ।
ਅਬ ਤਉ ਬਿਮਲ ਭਏ ਘਟ ਹੀ ਮਹਿ ਕਹਿ ਕਬੀਰ ਮਨੁ ਮਾਨਿਆ ।

1104. ਕਹੈ ਕਬੀਰ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ ।
ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ ।

1108. ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ।

1111. ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨ ਮੁਖਿ ਭਰਮਿ ਭੁਲਾਣੀ ।

1111. ਅਉਗੁਣ ਵੀਸਰਿਆ ਗੁਣੀ ਘਰੁ ਕੀਆ ਰਾਮ ।
ਏਕੋ ਰਵਿ ਰਹਿਆ ਅਵਰੁ ਨ ਬੀਆ ਰਾਮ ।
ਰਵਿ ਰਹਿਆ ਸੋਈ ਅਵਰ ਨ ਕੋਈ ਮਨ ਹੀ ਤੇ ਮਨੁ ਮਾਨਿਆ ।
ਜਿਨ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ ਸੋ ਪ੍ਰਭੁ ਗੁਰਮੁਖਿ ਜਾਨਿਆ ।
ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੇ ॥

1116. ਬਿਨ ਭੈ ਕਿਨੈ ਪ੍ਰੇਮ ਪਾਇਆ ਬਿਨ ਭੈ ਪਾਰਿ ਨ ਉਤਰਿਆ ਕੋਈ ।

1127. ਅੰਤਰਿ ਬਾਹਰਿ ਪੁਰਖੁ ਨਿਰੰਜਨੁ ਆਦਿ ਪੁਰਖ ਆਦੇਸੋ ।

1134. ਵਿਚ ਕਾਇਆ ਨਗਰ ਲਧਾ ਹਰਿ ਭਾਲੀ ।

1134. ਜਨ ਨਾਨਕ ਹਰਿ ਜਪਿ ਹਾਜਰਾ ਹਜੂਰਿ ।

1134. ਜਿਨ ਕਾ ਹਰਿ ਸੇਤੀ ਮਨੁ ਮਾਨਿਆ ਤਿਨ ਕਾਰਜ ਹਰਿ ਆਪਿ ਸਵਾਰ ।
ਤਿਨ ਚੂਕੀ ਮੁਹਤਾਜੀ ਲੋਕਨ ਕੀ ਹਰਿ ਅੰਗੀਕਾਰੁ ਕੀਆ ਕਰਤਾਰਿ ।
ਮਤਾ ਮਸੂਰਤਿ ਤਾ ਕਿਛੁ ਕੀਜੈ ਜੇ ਕਿਛੁ ਹੋਵੈ ਹਰਿ ਬਾਹਰਿ ।
ਜੋ ਕਿਛੁ ਕਰੇ ਸੋਈ ਭਲ ਹੋਸੀ ਹਰਿ ਧਿਆਵਹੁ ਅਨਦਿਨੁ ਨਾਮ ਮੁਰਾਰਿ ।
ਹਰਿ ਜੋ ਕਿਛੁ ਕਰੇ ਸੁ ਆਪੇ ਆਪੇ ਓਹ ਪੂਛਿ ਨ ਕਿਸੈ ਕਰੇ ਬੀਚਾਰਿ ।
ਨਾਨਕ ਸੋ ਪ੍ਰਭੁ ਸਦਾ ਧਿਆਈਐ ਜਿਨ ਮੇਲਿਆ ਸਤਿਗੁਰੁ ਕਿਰਪਾ ਧਾਰਿ ।

1139. ਉਭ ਪਇਆਲ ਸਰਬ ਮਹਿਪੂਰਨ ਰਸਿ ਮੰਗਲ ਗੁਣ ਗਾਏ ।

1139. ਨੇੜੈ ਨੇੜੈ ਸਭ ਕੋ ਕਹੈ, ਗੁਰਮੁਖਿ ਭੇਦੁ ਵਿਰਲਾ ਕੋ ਲਹੈ ।
ਨਿਕਟਿ ਨ ਦੇਖੈ ਪਰਗ੍ਰਿਹ ਜਾਹਿ, ਦਰਬੁ ਹਿਰੈ ਮਿਥਿਆ ਕਰਿ ਖਾਹਿ ।
ਪਈ ਠਗਉਰੀ ਹਰਿ ਸੰਗਿ ਨ ਜਾਨਿਆ,
ਬਾਝੁ ਗੁਰੂ ਹੈ ਭਰਮਿ ਭੁਲਾਨਿਆ ।
ਨਿਕਟਿ ਨ ਜਾਨੈ ਬੋਲੈ ਕੂੜ, ਮਾਇਆ ਮੋਹਿ ਮੂਠਾ ਹੈ ਮੂੜ ।
ਅੰਤਰਿ ਵਸਤੁ ਦਿਸੰਤਰਿ ਜਾਇ, ਬਾਝੁ ਗੁਰੂ ਹੈ ਭਰਮਿ ਭੁਲਾਇ ॥

1140. ਤਉ ਕੜੀਐ ਜੇ ਹੋਵੈ ਬਾਹਰਿ, ਤਉ ਕੜੀਐ ਜੇ ਵਿਸਰੈ ਨਰ ਹਰਿ ।
ਤਉ ਕੜੀਐ ਜੇ ਦੂਜਾ ਭਾਏ, ਕਿਆ ਕੜੀਐ ਜਾ ਰਹਿਆ ਸਮਾਇ ।
ਕਿਆ ਕੜੀਐ ਜਾ ਭਰਪੁਰਿ ਸਮਾਹੀ ॥

1141. ਮੰਦਰ ਮੇਰੇ ਸਭ ਤੇ ਊਚੇ, ਦੇਸ ਮੇਰੇ ਬੇਅੰਤ ਅਪੂਛੇ ।
ਰਾਜ ਹਮਾਰਾ ਸਦ ਹੀ ਨਿਹਚਲ ਮਾਲ ਹਮਾਰਾ ਅਖੂਟੁ ਅਬੇਚਲ ।
ਸੋਭਾ ਮੇਰੀ ਸਭ ਜੁਗ ਅੰਤਰਿ, ਬਾਝ ਹਮਾਰੀ ਥਾਨ ਧਨੰਤਰਿ ।
ਕੀਰਤ ਹਮਾਰੀ ਘਰ ਘਰ ਹੋਈ ਭਗਤਿ ਹਮਾਰੀ ਸਭਨੀ ਲੋਈ ।
ਪਿਤਾ ਹਮਾਰੇ ਪ੍ਰਗਟੇ ਮਾਝ, ਪਿਤਾ ਪੂਤ ਰਲਿ ਕੀਨੀ ਸਾਂਝ ।
ਕਹੁ ਨਾਨਕ ਜਉ ਪਿਤਾ ਪਤੀਨੇ, ਪਿਤਾ ਪੂਤ ਏਕੈ ਰੰਗਿ ਲੀਨੇ ।

1142. ਨਾਨਕ ਸੋਧੇ ਸਿਮ੍ਰਿਤ ਬੇਦ, ਪਾਰ ਬਰਹਮ ਗੁਰ ਨਾਹੀ ਭੇਦ ।
ਐਸੋ ਹੀਰਾ ਨਿਰਮਲ ਨਾਮ, ਜਾਸ ਜਪਤ ਪੂਰਨ ਸਭਿ ਕਾਮ ।

1144. ਤੇਰੇ ਭਗਤ ਭਗਤਨ ਕਾ ਆਪਿ, ਅਪਣੀ ਮਹਿਮਾ ਆਪੇ ਜਾਪਿ ।
ਜੀਅ ਜੰਤ ਸਭਿ ਤੇਰੈ ਹਾਥਿ, ਨਾਨਕ ਕੇ ਪ੍ਰਭ ਸਦਹੀ ਸਾਥ ।

1 48. ਦੁਲਭ ਦੇਹ ਆਈ ਪਰਵਾਨ, ਸਫਲ ਹੋਈ ਜਪਿ ਹਰਿ ਹਰਿ ਨਾਮੁ ।

1150. ਹਰਿ ਸਿਮਰਨ ਕੀ ਸਗਲੀ ਬੇਲਾ, ਹਰਿ ਸਿਮਰਨ ਬਹੁ ਮਾਹਿ ਇਕੇਲਾ ।

1150. ਜੋਤਿ ਸਰੂਪ ਜਾਕੀ ਸਭ ਵਥ, ਕਰਣ ਕਾਰਣ ਪੂਰਨ ਸਮਰਥੁ ।
ਆਪੇ ਵਣੁ ਤ੍ਰਿਣ ਤ੍ਰਿਭਵਣ ਸਾਰ, ਜਾਕੈ ਸੂਤਿ ਪਰੋਰਿਆ ਸੰਸਾਰੁ ।

1153. ਆਤਮ ਮਹਿ ਰਾਮੁ ਰਾਮ ਮਹਿ ਆਤਮੁ ।

1154. ਕੀਤਾ ਹੋਵੈ ਸਰੀਕੀ ਕਰੈ ਅਨਹੋਂਦਾ ਨਾਉ ਧਰਾਇਆ ।

1158. ਬੋਲਣਹਾਰੁ ਪਰਮ ਗੁਰ ਏਹੀ ।

1160: ਅੰਤਰਿ ਦੇਉ ਨ ਜਾਨੈ ਅੰਧੁ ।
ਭ੍ਰਮ ਕਾ ਮੋਹਿਆ ਪਾਵੈ ਫੰਧ ।
ਕਹਿ ਕਬੀਰ ਜਿਸੁ ਉਦਰੁ ਤਿਸ ਮਾਇਆ ।

1162. ਸੋ ਬ੍ਰਮੰਡਿ ਪਿੰਡ ਸੋ ਜਾਨ, ਮਾਨ ਸਰੋਵਰਿ ਕਰਿ ਇਨਸਾਨੁ ।
ਮਨ ਮਧੇ ਜਾਨੈ ਜੇ ਕੋਇ, ਜੋ ਬੋਲੈ ਸੋ ਆਪੇ ਹੋਇ ।

1163. ਜਿਨ ਕੈ ਭੀਤਰਿ ਹੈ ਅੰਤਰਾ, ਜੈਸੇ ਪਸੁ ਤੈਸੇ ਉਇ ਨਰਾ ।

1166. ਨਾਮੇ ਨਾਰਾਇਨ ਨਾਹੀ ਭੇਦੁ ।

1173. ਇਸ ਭਗਤੀ ਕਾ ਕੋਈ ਜਾਣੈ ਭੇਉ, ਸਭ ਮੇਰਾ ਪ੍ਰਭੁ ਆਤਮ ਦੇਉ ।

1176. ਹਿਰਦੈ ਵਸਿਆ ਸੋ ਬਾਹਰ ਪਸਾਰਾ ।

1178. ਹਰਿ ਕੀਓ ਸਗਲ ਭਵਨ ਤੇ ਊਪਰਿ ਹਰਿ ਸੋਭਾ ਹਰਿਪ੍ਰਭ ਦਿਨ ਛੇ ।

1179. ਵਡੈ ਭਾਗ ਗੁਰੁ ਸਤਿਗੁਰੁ ਪਾਇਆ ਵਿਚ ਕਾਇਆ ਨਗਰ ਹਰਿ ਸੀਧੇ ।

1182. ਮਾਣਸ ਕੀ ਸੇਵਾ ਖਰੀ ਦੁਹੇਲੀ, ਸਾਧ ਕੀ ਸੇਵਾ ਸਦਾ ਸੁਹੇਲੀ ।

1183. ਮਨ ਪਾਪ ਕਰਤ ਤੂੰ ਸਦਾ ਸੰਗੁ ।
ਜਪਿ ਨਾਨਕ ਸੁਆਮੀ ਸਦ ਹਜੂਰਿ ।

1186. ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ।
ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ ।

1187. ਸਰਬ ਜੋਤਿ ਨਾਮੈ ਕੀ ਚੇਰਿ ।

1191. ਬਾਹਰੁ ਖੋਜਿ ਮੁਇ ਸਭਿ ਸਾਕਤ ਹਰਿ ਗੁਰਮਤੀ ਘਰਿ ਪਾਇਆ ।

1192. ਈਠ ਮੀਤ ਕੋਊ ਸਖਾ ਨਾਹਿ, ਆਪਿ ਬੀਜਿ ਆਪੇ ਹੀ ਖਾਹਿ ।

1195. ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ।

1198. ਆਤਮ ਜੋਤਿ ਭਈ ਪਰਫੁਲਿਤ ਪੁਰਖੁ ਨਿਰੰਜਨੁ ਦੇਖਿਆ ਹਜੂਰਿ ।

1209. ਜਿਉ ਜਲ ਤਰੰਗ ਫੇਨੁ ਜਲ ਹੋਈ ਹੈ ਸੇਵਕ ਠਾਕਰ ਭਏ ਏਕਾ ।
ਜਹ ਤੇ ਉਠਿਓ ਤਹ ਹੀ ਆਇਓ ਸਭ ਹੀ ਏਕੈ ਏਕਾ ।

1211. ਗ੍ਰਿਹ ਤੇਰਾ ਤੂ ਠਾਕੁਰ ਮੇਰਾ ਗੁਰਿ ਹਉ ਖੋਈ ਪ੍ਰਭੁ ਦੀਨਾ ।
ਕਹੁ ਨਾਨਕ ਮੈ ਸਹਜ ਘਰੁ ਪਾਇਆ ਹਰਿ ਭਗਤਿ ਭੰਡਾਰ ਖਜੀਨਾ ।

1215 ਜਾਹੂ ਕਾਹੂ ਅਪਨੇ ਹੀ ਚਿਤਿ ਆਵੈ ।
ਜੋ ਕਾਹੂ ਕੋ ਚੇਰੋ ਹੋਵਤ ਠਾਕੁਰ ਹੀ ਪਹਿ ਜਾਵੈ ।
ਅਪਨੇ ਪਹਿ ਦੂਖ ਆਪਨੇ ਪਹਿ ਸੂਖਾ ਅਪਨੇ ਹੀ ਪਹਿ ਬਿਰਥਾ ।
ਅਪਨੇ ਪਹਿ ਮਾਨੁ ਅਪਨੇ ਪਹਿਤਾਨਾ ਅਪਨੇ ਹੀ ਪਹਿ ਅਰਥਾ ।

1216. ਜੋਤਿ ਪ੍ਰਗਾਸ ਭਈ ਮਾਟੀ ਸੰਗਿ ਦੁਲਭ ਦੇਹ ਬਖਾਨਿਓ ।

1216. ਮਾਨਸੁ ਕਾ ਕੋ ਬਪੁਰੋ ਭਾਈ ਜਾਕੈ ਰਾਖਾ ਰਾਮ ।

1220. ਜਹਤੇ ਉਪਜਿਓ ਤਹੀ ਸਮਾਨੋ ਸਾਈ ਬਸਤ ਆਹੀ ।

1236. ਸਭ ਤੇ ਊਚ ਭਗਤ ਜਾਕੈ ਸੰਗਿ, ਆਠ ਪਹਰ ਗੁਨ ਗਾਵਹਿ ਰੰਗਿ ।

1237. ਕਹੁ ਨਾਨਕ ਮੈ ਪੂਰਾ ਪਾਇਆ ਕਰਿ ਕਿਰਪਾ ਅਪੁਨੇ ਪਹਿ ਆਇਆ ।

1239. ਆਖਣਿ ਆਉਖਾ ਨਾਨਕਾ ਆਖਿ ਨ ਜਾਪੈ ਆਖਿ ।

1254. ਤੂ ਦਾਤਾ ਜੀਆ ਸਭਨਾ ਕਾ ਜੀਆ ਅੰਦਰਿ ਜੀਉ ਤੁਹੀ ।
ਜੇਹੀ ਰੁਤਿ ਕਾਇਆ ਸੁਖ ਤੇਹਾ ਤੇਹੋ ਜੇਹੀ ਦੇਹੀ ।

1255. ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ ।
ਹਮ ਨੀਚ ਹੋਤੇ ਹੀਣ ਮਤਿ ਝੂਠੇ ਤੂ ਸਬਦਿ ਸਵਾਰਣਹਾਰਾ ।
ਦੁਸਟ ਭਾਉ ਤਜਿ ਨਿੰਦ ਪਰਾਈ ਕਾਮ ਕਰੋਧੁ ਚੰਡਾਰ ।
ਮਹਲ ਮਹਿ ਬੈਠੇ ਅਗਮ ਅਪਾਰ ।

1256. ਕਾਇਆ ਮਹਲੁ ਮੰਦਰੁ ਘਰ ਹਰਿ ਕਾ ਤਿਸ ਮਹਿ ਰਾਖੀ ਜੋਤਿ ਅਪਾਰ ।
ਨਾਨਕ ਗੁਰਮੁਖਿ ਮਹਲ ਬੁਲਾਈਐ ਹਰਿ ਮੇਲੇ ਮੇਲਣਹਾਰ ।

1256. ਮਨ ਅੰਧ ਕਉ ਮਿਲੈ ਸਜਾਇ ।

1259. ਏਕੋ ਏਕੁ ਵਸੈ ਮਨਿ ਸੁਆਮੀ ਦੂਜਾ ਅਵਰੁ ਨਾ ਕੋਈ ।
ਏਕੋ ਪੁਰਖੁ ਏਕੋ ਪ੍ਰਭ ਜਾਤਾ ਦੂਜਾ ਅਵਰੁ ਨਾ ਕੋਈ ।

1264. ਹਰਿ ਕਾ ਚਿਹਨੁ ਸੋਈ ਹਰਿ ਜਨਕਾ ਹਰਿ ਆਪੇ ਜਨ ਮਹਿ ਆਪੁ ਰਖਾਤਿ.।
ਤੁਧੁ ਆਪੇ ਆਪਿ ਉਪਾਇਆ ਸਭੁ ਜਗੁ ਤੁਧੁ ਆਪੇ ਵਸਿ ਕਰਿ ਲਇਆ ।

1265. ਜਿਸ ਤੇ ਉਪਜੇ ਤਿਸਹਿ ਨ ਚੇਤਹਿ ਧ੍ਰਿਗ ਜੀਵਣ ਧ੍ਰਿਗ ਖਾਈ ।

1269. ਅੰਤਰਜਾਮੀ ਸਭਿ ਮਹਿ ਵਰਤੈ ਤਾ ਭਉ ਕੈਸਾ ਭਾਈ ।
ਸੰਗਿ ਸਹਾਈ ਛੋਡਿ ਨ ਜਾਈ ਪ੍ਰਭ ਦੀਸੈ ਸਭਨੀ ਠਾਈ ।

1270. ਨਾਨਕ ਗੁਰੁ ਪਾਰਬ੍ਰਹਮ ਜਾਕੀ ਕੀਮ ਨ ਪਾਈ ।

1271. ਜਨਮ ਮਰਣ ਦੂਖ ਤੇ ਰਾਖੈ :
ਮਾਇਆ ਬਿਖ ਫਿਰਿ ਬਹੁੜਿ ਨਾ ਚਾਖੈ ।
ਗੁਰ ਕੀ ਮਹਿਮਾ ਕਥਨੁ ਨ ਜਾਇ ।
ਗੁਰੁ ਪਰਮੇਸਰੁ ਸਾਚੈ ਨਾਇ ।

1273. ਸਭਿ ਮਹਿ ਜਿਉ ਜੀਉ ਹੈ ਸੋਈ ਘਟਿ ਘਟਿ ਰਹਿਆ ਸਮਾਈ ।
ਗੁਰ ਪਰਸਾਦਿ ਘਰ ਹੀ ਪਰਗਾਸਿਆ ਸਹਜੇ ਸਹਜਿ ਸਮਾਈ ।
ਗੁਰ ਪ੍ਰਸਾਦਿ ਘਰ ਹੀ ਪਿਰੁ ਪਾਇਆ ਤਉ ਨਾਨਕ ਤਪਤਿ ਬੁਝਾਈ ।

1278. ਆਪਸ ਕਉ ਆਪੁ ਮਿਲਾਇਆ ਭ੍ਰਮ ਭੰਜਨ ਹਰਿ ਰਾਇਆ ।

1279. ਆਪੀਨੈ ਆਪੁ ਸਾਜਿ ਆਪੁ ਪਛਾਣਿਆ।
ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ ।
ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ ।
ਨਾ ਤਿਸੁ ਰੂਪ ਨ ਰੇਖ ਵਰਨ ਸਬਾਇਆ ।
ਨਾ ਤਿਸੁ ਭੁਖ ਪਿਆਸ ਰਜਾ ਧਾਇਆ ।
ਗੁਰ ਮਹਿ ਆਪ ਸਮੋਇ ਸਬਦੁ ਵਰਤਾਇਆ ।
ਸਚੇ ਹੀ ਪਤੀਆਇ ਸਚਿ ਸਮਾਇਆ ।

1279. ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ।

1280. ਦੁਨੀਆਂ ਧੰਧੇ ਲਾਇ ਆਪੁ ਛਪਾਇਆ ।
ਧਰਮੁ ਕਰਾਏ ਕਰਮ ਧੁਰਹੁ ਫੁਰਮਾਇਆ ।

1281. ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ ।
ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ ।

1282. ਬਾਬੀਹਾ ਜਲ ਮਹਿ ਤੇਰਾ ਵਾਸੁ ਹੈ ਜਲ ਹੀ ਮਾਹਿ ਫਿਰਾਹਿ ।
ਜਲ ਕੀ ਸਾਰ ਨ ਜਾਣਈ ਤਾਂ ਤੂੰ ਕੂਕਣ ਪਾਹਿ ।

1283. ਅੰਤਰਿ ਤੇਰੈ ਹਰਿ ਵਸੈ ਗੁਰਮੁਖਿ ਸਦਾ ਹਜੂਰਿ ।

1284. ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ ।
ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ ।

1287. ਸਤਿਗੁਰੁ ਸੇਵਹਿ ਸੇ ਪਰਵਾਣ ਜਿਨ ਜੋਤੀ ਜੋਤਿ ਮਿਲਾਈ ।

1308. ਸਤਿਗੁਰੁ ਬਾਣੀ ਪੁਰਖੁ ਪੁਰਖੋਤਮ ਬਾਣੀ ਸਿਉ ਚਿਤੁ ਲਾਵੈਗੇ ।

1313. ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ ।
ਤੂੰ ਆਪੇ ਹੀ ਰਸ ਰਸੀਅੜਾ ਤੂ ਆਪੇ ਹੀ ਭੋਗ ਭੋਗੀਆ
ਤੂ ਆਪੇ ਆਪਿ ਵਰਤਦਾ ਤੂ ਆਪੇ ਕਰਹਿ ਸੁ ਹੋਗੀਆ ।

1314. ਸਭਿ ਤੇਰੀ ਜੋਤਿ ਜੋਤੀ ਵਿਚ ਵਰਤਹਿ ਗੁਰਮਤੀ ਤੁਧੈ ਲਾਵਣੀ ।

1316. ਜਿਸ ਬੁਝਾਇ ਆਪਿ ਬੁਝਾਇ ਦੇਇ ਸੋਈ ਜਨੁ ਦਿਖਾ ।

1316. ਘਟਿ ਘਟਿ ਆਤਮ ਰਾਮੁ ਹੈ ਪ੍ਰਭ ਖੇਲ ਕੀਓ ਰੰਗਿ ਰੀਤਿ ।

1317. ਮੈਂ ਪ੍ਰਭ ਸਜਣੁ ਪਾਇਆ ਜਨ ਨਾਨਕ ਸਹਜਿ ਮਿਲੇਇ ।

1318. ਜਲਿ ਥਲਿ ਮਹੀਅਲਿ ਪੂਰਨੋ ਅਪਰੰਪਰ ਸੋਈ ।
ਜੀਅ ਜੰਤ ਪ੍ਰਿਤਪਾਲਦਾ ਜੋ ਕਰੇ ਸੁ ਹੋਈ ।
ਮਾਤ ਪਿਤਾ ਸੁਤ ਭ੍ਰਾਤ ਮੀਤ ਤਿਸ ਬਿਨੁ ਨਹੀ ਕੋਈ ।
ਘਟਿ ਘਟਿ ਅੰਤਰਿ ਰਵਿ ਰਹਿਆ ਜਪਿਅਹੁ ਜਨ ਕੋਈ ।

1318. ਹਉ ਢੂਢੇਦੀ ਸਜਨਾ ਸਜਣ ਮੈਡੇ ਨਾਲਿ ।
ਜਨ ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਹਿ ਦਿਖਾਲਿ ।
ਕੋਈ ਗਾਵੈ ਕੋ ਸੁਣੈ ਕੋ ਉਚਰਿ ਸੁਨਾਵੈ ।
ਜਨਮ ਜਨਮ ਕੀ ਮਲੁ ਉਤਰੈ ਮਨ ਚਿੰਦਿਆ ਪਾਵੈ ।
ਆਵਣ ਜਾਣਾ ਮੇਟੀਐ ਹਰਿ ਕੇ ਗੁਣ ਗਾਵੈ ।
ਆਪਿ ਤਰਹਿ ਸੰਗੀ ਤਰਾਹਿ ਸਭ ਕੁਟੰਬੁ ਤਰਾਵੈ ।
ਜਨ ਨਾਨਕ ਤਿਸੁ ਬਲਿਹਾਰਣੈ ਜੋ ਮੇਰੇ ਹਰਿ ਪ੍ਰਭ ਭਾਵੈ ।

1318. ਪਾਨੀ ਮਾਹਿ ਦੇਖੁ ਮੁਖ ਜੈਸਾ, ਨਾਮੇ ਕੋ ਸੁਆਮੀ ਬੀਠਲ ਐਸਾ ।

1323. ਕਾਸਟ ਮਹਿ ਜਿਉ ਹੈ ਬੈਸੰਤਰੁ ਮਥਿ ਸੰਜਮਿ ਕਾਢਿ ਕਢੀਜੈ ।
ਰਾਮ ਨਾਮ ਹੈ ਜੋਤਿ ਸਬਾਈ ਤਤੁ ਗੁਰਮਤਿ ਕਾਢ ਲਈਜੈ ।

1325. ਆਤਮ ਦੇਉ ਦੇਉ ਹੈ ਆਤਮ ਰਸਿ ਲਾਗੈ ਪੂਜ ਕਰੀਜੈ ।

1334. ਗੁਰ ਤੇ ਮੁਹੁ ਫੇਰੇ ਜੋ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ।
ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ।
ਏਕੋ ਸਬਦ ਏਕੋ ਪ੍ਰਭ ਵਰਤੈ ਸਭ ਏਕਸ ਤੇ ਉਤਪਤਿ ਚਲੈ ।
ਨਾਨਕ ਗੁਰਮੁਖਿ ਮੇਲਿ ਮਿਲਾਏ ਗੁਰਮੁਖਿ ਹਰਿ ਹਰਿ ਜਾਇ ਰਲੈ ।

1342. ਜਿਉ ਮਨ ਦੇਖਹਿ ਪਰਮਨ ਤੈਸਾ ।
ਜੈਸੀ ਮਨਸਾ ਤੈਸੀ ਦਸਾ ।
ਜੈਸਾ ਕਰਮੁ ਤੈਸੀ ਲਿਵ ਲਾਵੈ ।
ਸਤਿਗੁਰੁ ਪੂਛਿ ਸਹਜ ਘਰੁ ਪਾਵੈ ।

1343. ਏਕੋ ਜਾਣੈ ਅਵਰੁ ਨ ਕੋਇ, ਸੁਖਦਾਤਾ ਸੇਵੇ ਨਿਰਮਲੁ ਹੋਇ ।

1343. ਦੁਬਿਧਾ ਚੂਕੈ ਤਾ ਸਬਦੁ ਪਛਾਣ ।
ਘਰਿ ਬਾਹਰਿ ਏਕੋ ਕਰਿ ਜਾਣੁ ।

1344. ਸਚੁ ਬੋਲੈ ਬੋਲਾਵੈ ਪਿਆਰ ।
ਗੁਰ ਕਾ ਸਬਦੁ ਕਰਣੀ ਹੈ ਸਾਰੁ ।

1346. ਹਰਿ ਮੰਦਰੁ ਇਹ ਸਰੀਰ ਹੈ ਗਿਆਨਿ ਰਤਨਿ ਪ੍ਰਗਟੁ ਹੋਇ ।
ਮਨਮੁਖ ਮੂਲ ਨਾ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ।

1346. ਹਰਿ ਮੰਦਰੁ ਮਹਿ ਨਾਮ ਨਿਧਾਨੁ ਹੈ ਨ ਬੂਝਹਿ ਮੁਗਧਿ ਗਵਾਰ ।
ਗੁਰ ਪਰਸਾਦੀ ਚੀਨਿਆ ਹਰਿ ਰਖਿਆ ਉਰਿਧਾਰਿ ।

1346. ਹਰਿ ਮੰਦਰੁ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ ।
ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ ।

1349. ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮਕਾਮਾ ।
ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਇ ।

1349. ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭਿ ਬੰਦੇ ।
ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ ।
ਲੋਗਾ ਭਰਮਿ ਨ ਭੂਲਹੁ ਭਾਈ ।
ਖਾਲਿਕ ਖਲਕ ਖਲਕ ਮਹਿ ਖਾਲਕੁ ਪੂਰਿ ਰਹਿਓ ਸ੍ਰਬ ਠਾਈ ।

1350. ਬੇਦ ਕਤੇਬ ਕਹੁਹ ਮਤ ਝੂਠੇ ਝੂਠਾ ਜੋ ਨ ਬਿਚਾਰੈ

1351. ਆਦਿ ਜੁਗਾਦਿ ਜੁਗਾਦਿ ਜੁਗੋ ਜੁਗੁ ਤਾਕਾ ਅੰਤੁ ਨ ਜਾਨਿਆ ।
ਸਰਬ ਨਿਰੰਤਰਿ ਰਾਮੁ ਰਹਿਆ ਰਵਿ ਐਸਾ ਰੂਪੁ ਬਖਾਨਿਆ ।

135 . ਜਿਨਿ ਆਤਮ ਤਤ ਨ ਚੀਨਿਆ ਸਭ ਫੋਕਟ ਧਰਮ ਅਬੀਨਿਆ ।

1353. ਆਤਮੰ ਸ੍ਰੀ ਬਾਸੁਦੇਵਸ ਜੇ ਕੋਈ ਜਾਨਸਿ ਭੇਵ
ਨਾਨਕ ਤਾਕਾ ਦਾਸੁ ਹੈ ਸੋਈ ਨਿਰੰਜਨ ਦੇਵ ।

1356. ਘਟਿ ਘਟਿ ਬਸੰਤ ਬਾਸਦੇਵਹ ਪਾਰਬ੍ਰਹਮ ਪਰਮੇਸੁਰਹ ।

1367. ਕਬੀਰ ਸੁਪਨੈ ਹੂ ਬਰੜਾਇਕੈ ਜਿਹ ਮੁਖ ਨਿਕਸੈ ਰਾਮੁ ।
ਤਾਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ ।

1369. ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲ ਖਾਇ ।
ਕਬੀਰ ਜਾਕਉ ਖੋਜਤੇ ਪਾਇਓ ਸੋਈ ਠਉਰੁ ।
ਸੋਇ ਫਿਰਿ ਕੈ ਤੂ ਭਇਆ ਜਾਚਉ ਕਹਤਾ ਅਉਰੁ ।

1369. ਕਬੀਰ ਮਨੁ ਮੂੰਡਿਅ ਨਹੀ ਕੇਸ ਮੁਡਾਏ ਕਾਇ ।
ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡ ਅਜਾਇ ।

1370. ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾਤੇ ਭਰਮੁ ਨ ਜਾਇ ।
ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ।

1371. ਕਬੀਰ ਠਾਕੁਰ ਪੂਜਹਿ ਮੋਲਿ ਲੇ ਮਨ ਹਠ ਤੀਰਥ ਜਾਹਿ ।
ਦੇਖਾ ਦੇਖੀ ਸ੍ਵਾਂਗ ਧਰਿ ਭੂਲੇ ਭਟਕਾ ਖਾਹਿ ।
ਕਬੀਰ ਪਾਹਨ ਪਰਮਸੁਰ ਕੀਆ ਪੂਜੈ ਸਭੁ ਸੰਸਾਰ ।
ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ ।

1375. ਕਬੀਰ ਤੂੰ ਤੂੰ ਕਰਤਾ ਤੂੰ ਹੂਆ ਮੁਝ ਮਹਿ ਰਹਾ ਨ ਹੂੰ ।
ਜਬ ਆਪਾ ਪਰਕਾ ਮਿਟਿ ਗਇਆ ਜਤ ਦੇਖਉ ਤਤ ਤੂੰ ।

1376. ਕਬੀਰ ਜੋ ਮੈ ਚਿਤਵਉ ਨਾ ਕਰੈ ਕਿਆ ਮੇਰੇ ਚਿਤਵੇ ਹੋਇ ।
ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤ ਨ ਹੋਇ ।

1381. ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ।
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ।

1386. ਜਿਹ ਕ੍ਰਿਪਾਲ ਹੋਯਉ ਗੋਬਿੰਦੁ ਸਰਬ ਸੁਖ ਤਿਨਹੂ ਪਾਏ ।
ਹਰਿ ਗੁਰੂ ਨਾਨਕ ਜਿਨ ਪਰਸਿਓ ਤੇ ਬਹੁੜਿ ਫਿਰਿ ਜੋਨਿ ਨ ਆਏ ।
ਜਿਹ ਕਾਟੀ ਸਿਲਕ ਦਯਾਲ ਪ੍ਰਭਿ ਸੇਇ ਜਨ ਲਗੇ ਭਗਤੇ ।
ਹਰਿ ਗੁਰੂ ਨਾਨਕ ਜਿਨ ਪਰਸਿਓ ਤੇ ਇਤ ਉਤ ਸਦਾ ਮੁਕਤੇ ।
ਪਰਗਟੁ ਸਗਲ ਹਰਿ ਭਵਨ ਮਹਿ ਜਨ ਨਾਨਕੁ ਗੁਰ ਪਾਰਬਰਹਮ ।

1408. ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ ।

1412. ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ।
ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਹਿ ਸਮਾਂਹੀ ।

1417. ਖੇਤਿ ਸਰੀਰ ਜੋ ਬੀਜੀਐ ਸੋ ਅੰਤਿ ਖਲੋਆ ਆਇ ।
ਨਾਨਕ ਕੀ ਪ੍ਰਭ ਬੇਨਤੀ ਹਰਿ ਭਾਵੈ ਬਖਸਿ ਮਿਲਾਇ ।

1418. ਜਿਨਾ ਸਤਿਗੁਰ ਪੁਰਖੁ ਨ ਸੇਵਿਓ ਸਬਦੁ ਨ ਕੀਤੋ ਵੀਚਾਰੁ ।
ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਵਾਰ ।

1424. ਗੁਰ ਸਿਖਾਂ ਕੀ ਹਰਿ ਧੂੜਿ ਦੇਹ ਹਮ ਪਾਪੀ ਭੀ ਗਤਿ ਪਾਂਹਿ ।

1426. ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ ।
ਕਹੁ ਨਾਨਕ ਤਿਹ ਜਾਨੀਐ ਸਦਾ ਬਸਤ ਤੁਮ ਸਾਥ ।

12 9, 73 ਮਨੁਖ ਯਾ ਜੀਵ ਅੰਦਰ ਜੀਵ ਆਤਮਾ ਹੀ ਪਰਮਾਤਮਾ ਹੈ । ਪਰੰਤੂ ਇਹ ਗਲ ਨਸਲ ਮਾਤਰ ਵਜੋਂ ਠੀਕ ਹੈ । ਜੇ ਕਰ ਤਾਂ ਜੀਵ ਆਤਮਾ ਦੇ ਖਿਆਲਾਤ ਗੰਦੇ ਹੋਣ ਤਾਂ ਇਹ ਗਵਾਰ ਪਸ਼ੂ ਭੰਗਰ ਅਥਵਾ ਮਨੁਖ ਵਗੈਰਾ ਬਣਦਾ ਫਿਰਦਾ ਹੈ, ਅਤੇ ਜੇ ਕਰ ਇਸ ਜੀਵ ਆਤਮਾ ਵਿਚ ਸੱਚੀ ਸੋਝੀ ਆ ਜਾਵੇ. ਸਚ ਦਾ ਚਾਨਣਾ ਆ ਜਾਵੇ, ਇਸ ਨੂੰ ਆਪਣੇ ਆਪ ਦੀ ਸੂਝ ਹੋ ਆਵੇ, ਤਾਂ ਇਹੋ ਜੀਵ ਆਤਮਾ ਪਰਮਾਤਮਾ (ਪਵਿਤਰਤਾ ਦਾ

ਸੋਮਾ) ਬਣ ਜਾਂਦਾ ਹੈ। ਗਲ ਸਾਰੀ ਮਲੀਨ ਤੇ ਗੰਦੇ ਵਿਚਾਰਾਂ, ਥਿਆਲਾਂ ਨੂੰ ਕਢਣ ਤੇ ਬਦਲਣ ਦੀ ਹੈ, ਸੁਚੱਜੇ ਸੁੰਦਰ ਖਿਆਲਾਤ ਵਾਲਾ ਮਨੁਖ ਪੂਰਨ ਤੌਰ ਤੇ ਰਬ ਰੂਪ ਹੈ। ਰਬ ਉਸ ਮਨੁਖ ਵਿਚ ਆ ਵਾਸਾ ਕਰਦਾ ਹੈ, ਤੇ ਗੰਦਗੀ ਉਥੋਂ ਖਤਮ ਹੋ ਜਾਂਦੀ ਹੈ। ਵਾਹਿਗੁਰੂ ਨਾਲ ਮਿਲ ਕੇ ਆਤਮਾ, ਵਾਹਿਗੁਰੂ ਰੂਪ ਹੀ ਹੋ ਜਾਂਦਾ ਹੈ। ਇਹੋ ਆਤਮਾ ਜਿਹੜਾ ਅਗਿਆਨਤਾ ਵੌਲੇ ਦੁਨਿਆ ਭਰ ਦਾ ਮੁਥਾਜ ਸੀ, ਵਾਹਿਗੁਰੂ ਬਣਕੇ ਦੁਨਿਆਂ ਭਰ ਦਾ ਮਾਲਕ ਬਣ ਜਾਂਦਾ ਹੈ, ਸਾਰੀਆ ਸਤਿਗੁਰੂ ਜੀ ਦੀਆਂ ਤਾਂਕਤਾਂ ਇਸ ਵਿਚ ਆ ਜਾਂਦੀਆਂ ਹਨ, ਸਾਰੀ ਸਰਿਸ਼ਟਿ ਤੇ ਰਾਜ ਇਸਦਾ ਹੋ ਜਾਂਦਾ ਹੈ। ਸਾਰੀ ਸਰਿਸ਼ਟੀ ਦੀਆਂ ਜੋਤਾਂ ਇਸ ਦੀਆਂ ਪਾਨੀਹਾਰ ਹੁੰਦੀਆਂ ਹਨ, ਸਭ ਸਰਿਸ਼ਟੀ ਤੇ ਹੁਕਮ ਇਸ ਦਾ ਚਲਦਾ ਹੈ। ਸਾਰਿਆਂ ਨਾਲੋਂ ਪਰਬਲ ਆਤਮਾ ਬਣ ਜਾਂਦਾ ਹੈ, ਇਹੋ ਹੀ ਆਤਮਾ ਗੁਰਿ ਸਤਿਗੁਰ ਸੰਗ ਕੀਰੇ ਹਮ ਥਾਪੇ ਹੋ ਜਾਂਦਾ ਹੈ ਤੇ ਕਹਿੰਦਾ ਹੈ।

1141. ਮੰਦਰ ਮੇਰੇ ਸਭ ਤੇ ਊਚੇ, ਦੇਸ ਮੇਰੇ ਬੇਅੰਤ ਅਪੂਛੇ।
ਰਾਜ ਹਮਾਰਾ ਸਦਹੀ ਨਿਹਚਲ ਮਾਲ ਹਮਾਰਾ ਅਖੂਟੁ ਅਬੇਚਲ।
ਸੋਭਾ ਮੇਰੀ ਸਭ ਜੁਗ ਅੰਤਰਿ, ਬਾਜ ਹਮਾਰੀ ਥਾਨ ਥਨੰਤਰਿ।
ਕੀਰਤਿ ਹਮਾਰੀ ਘਰਿ ਘਰਿ ਹੋਈ, ਭਗਤ ਹਮਾਰੀ ਸ਼ਭਨੀ ਲੋਈ।
ਪਿਤਾ ਹਮਾਰੇ ਪ੍ਰਗਟੇ ਮਾਂਝ, ਪਿਤਾ ਪੂਤ ਰਲਿ ਕੀਨੀ ਸਾਂਝ।
ਕਹੁ ਨਾਨਕ ਜਿਉ ਪਿਤਾ ਪਤੀਨੇ, ਪਿਤਾ ਪੂਤ ਏਕੈ ਰੰਗਿ ਲੀਨੇ।

ਪਰੰਤੂ ਉਸ ਹਾਲਤ ਵਿਚ ਨਾ ਇਹ ਰਾਜਾਂ ਦਾ ਭੁਖਾ ਰਹਿੰਦਾ ਹੈ, ਨਾ ਘਰਿ ਘਰਿ ਕੀਰਤ ਦਾ ਅਭਿਲਾਸ਼ੀ ਰਹਿੰਦਾ ਹੈ, ਸਗੋਂ ਨਿਰਗੁਣ ਨਿਰੰਕਾਰ ਰੂਪ ਵਿਚ ਸਥਿੱਤ ਆਪਣੇ ਅਨੰਦ ਮੰਗਲ ਚੈਨ ਵਿਚ ਅਨੰਦ ਵਿਭੋਰ ਹੋਇਆ, ਜਿਨ ਉਪਾਈ ਰੰਗ ਰਵਾਈ ਬੈਠਾ ਵੇਖੇ ਵੱਖ ਇਕੇਲਾ ਹੋ ਜਾਂਦਾ ਹੈ। ਕਾਨੂੰਨ ਕੁਦਰਤ ਬਣਾਏ ਹੋਏ ਹਨ, ਕਾਰੋਬਾਰ ਸੁਤੇ ਸਿਧ ਚਲ ਰਿਹਾ

ਹੈ, ਜਿਹੜਾ ਪਰਾਣੀ ਆਸਰਾ ਤਕੇਂਦਾ ਹੈ ਉਸ ਦੀ ਇਮਦਾਦ ਕਰ ਦਿਤੀ ਜਾਂਦੀ ਹੈ ਵਰਨਾ ਬਾਕੀ ਜੀਵ ਵੀ ਤਾਂ ਸਾਰੇ ਪਰਮਾਤਮਾ ਹੀ ਹਨ ਪਏ ਆਪਣੀ ਆਪਣੀ ਰੁਚੀ ਅਨੁਸਾਰ ਭਟਕਦੇ ਤੇ ਔਖਿਆਈਆਂ ਭੋਗਦੇ ਫਿਰਨ ਇਹਨਾਂ ਦੀਆਂ ਤਕਲੀਫਾਂ ਦਾ ਉਹ ਜੁਮੇਵਾਰ ਨਹੀਂ ਹੈ। ਇਹ ਆਪ ਹੀ ਆਪਣੀ ਹਉਮੈ ਤੇ ਚੰਚਲਤਾ ਕਰਕੇ ਵਿਛੜੇ ਹਨ, ਤੇ ਆਪ ਹੀ ਆਪਣੀਆਂ ਕੀਤੀਆਂ ਭਰਦੇ ਫਿਰਦੇ ਹਨ, ਕੋਈ ਮਿਲਣਾ ਚਾਹੁੰਦਾ ਹੈ ਤਾਂ ਮਿਲਾ ਲੀਤਾ ਜਾਂਦਾ ਹੈ ਵਰਨਾ ਪਰਾਣੀ ਦੀ ਮੌਜ ਜੋ ਜੀਆ ਚਾਹੇ ਕਰਦਾ ਫਿਰੇ, ਤੇ ਨਤੀਜੇ ਭਰਦਾ ਫਿਰੇ, ਹਰ ਪਰਾਣੀ ਨੂੰ ਪੂਰਨ ਆਜ਼ਾਦੀ ਤੇ ਖੁਲ੍ਹ ਹੈ ਕਿ ਉਹ ਆਪਣੇ ਲਈ ਜੈਸਾ ਜੀਵਨ ਚਾਹੇ, ਚੁਣੇ ਤੇ ਉਸ ਉਤੇ ਚਲੇ, ਮਾੜੇ ਕਿਰਦਾਰ ਅਪਨਾਉਗੇ ਤਾਂ ਮਾੜੇ ਤੋਂ ਮਾੜੇ ਹੁੰਦੇ ਜਾਉਗੇ, ਚੰਗਾ ਤੇ ਸਚਾ ਕਿਰਦਾਰ ਅਪਨਾਉਣ ਵਾਲਾ ਅੰਤਿ ਰਬ, ਵਾਹਿਗੁਰੂ, ਪਰਮਾਤਮਾ ਗੁਰਮੁਖਿ ਨਾਨਕ ਰੂਪ ਹੋ ਜਾਵੇਗਾ ਤੇ ਨਿਰਸੰਦੇਹ ਹੋ ਜ਼ਾਂਦਾ ਹੈ।

22-9-73 ਬਾਵਜੂਦ ਪਰਮਾਤਮਾ ਰੂਪ ਹੋਣ ਦੇ ਮੇਰੇ ਮਨ ਦੀ ਉਤਸੁਕਤਾ ਅਜੇ ਖਤਮ ਨਹੀਂ ਹੋਈ। ਊਠ ਨੂੰ ਮੀਂਹ ਵਿਚੋਂ ਬਚਣ ਲਈ ਕਿਸੇ ਨੇ ਝੁਗੀ ਵਿਚ ਮਹਜ਼ ਸਿਰ ਲੁਕਾਉਣ ਲਈ ਜਗਾਹ ਦਿਤੀ ਸੀ, ਪਰੰਤੂ ਸਹਿਜੇ ਸਹਿਜੇ ਊਠ ਸਾਰਾ ਹੀ ਝੁਗੀ ਵਿਚ ਵੜ ਗਿਆ ਤੇ ਮਾਲਕ ਨੂੰ ਬਾਹਰ ਨਿਕਲਣਾ ਪਿਆ, ਉਹੋ ਗਲ ਮੇਰੀ ਹੈ, ਵਾਹਿਗੁਰੂ ਜੀ ਨੇ ਮੈਨੂੰ ਥੋੜੀ ਜਿਹੀ ਥਾਂ ਸੱਚ ਖੰਡ ਵਿਚ ਦਿਤੀ ਸੀ, ਪਰੰਤੂ ਮੈਂ ਸੱਚ ਖੰਡ ਤੇ ਹੀ ਕਬਜਾ ਜਮਾ ਲਿਆ ਹੈ, ਸਤਿਗੁਰ ਧਨਾਂ ਜੀ ਨੇ ਉਂਞ ਰਬ ਨੂੰ ਮਾੜੀ ਜਿਹੀ ਸਿਖਿਆ ਦਿਤੀ ਸੀ, ਗਊਆਂ ਚਰਵਾ ਕੇ, ਕਿ ਜੱਟਾਂ ਦੀ ਆਹੜੀ ਮਹਿੰਗੀ ਪੈਂਦੀ ਹੈ ਪਰ ਹੁਣ ਤਾਂ ਰਬ ਦੇ ਕਪਾਟ ਹੀ ਖੁਲ੍ਹ ਜਾਣਗੇ ਉਹ ਮੇਰੇ ਵਿਚ ਵੜਦਾ ਫਿਰਦਾ ਹੈ ਤੇ ਮੈਂ ਉਹਦੇ

ਵਿਚ ਘੁਸਿਆ ਬੈਠਾ ਹਾਂ। ਇਸ ਜਟ ਜਫੇ ਵਿਚ ਕੁਝ ਨਹੀਂ ਪਤਾ ਲਗਦਾ, ਮੈਂ ਕਿਹੜਾ ਹਾਂ ਤੇ ਰੱਬ ਕਿਥੇ ਹੈ, ਕਿਸੇ ਪਾਸਿਉਂ ਵੇਖ ਲਉ ਸਭ ਰਬ ਹੀ ਰਬ ਹੈ। ਜੇ ਰਬ ਵਲੋਂ ਵੇਖਦਾ ਹਾਂ ਤਾਂ ਸਾਰਾ ਰਬ ਹੀ ਰਬ ਹੈ, ਮੇਰੀ ਕੋਈ ਹਸਤੀ ਹੀ ਨਹੀਂ, ਜੇ ਆਪਣੇ ਵਲੋਂ ਸੋਚਦਾ ਹਾਂ ਤਾਂ ਰਬ ਹੀ ਮੇਰਾ ਰੂਪ ਧਾਰੀ ਫਿਰਦਾ ਨਜ਼ਰ ਆਉਂਦਾ ਹੈ।

ਬਸ ਇਹੋ ਰਾਮ ਕਹਾਣੀ ਹੈ, ਕਿ ਆਤਮਾ ਹੀ ਪਰਮਾਤਮਾ ਹੈ, ਜੇ ਆਤਮਾ ਪਵਿਤਰ ਹੋ ਗਿਆ ਤਾਂ ਸਚਾ ਰਬ, ਨਹੀਂ ਤੇ ਭੁਲੜ ਰਬ। ਭੁਲੜ ਹੋਣ ਦੀ ਹੈਸੀਅਤ ਵਿਚ ਭਟਕਦਾ ਫਿਰਦਾ ਹੈ ਤੇ ਸਚਾ ਸੁਚਾ ਪਵਿਤਰ ਹੋਣ ਦੀ ਹੈਸੀਅਤ ਵਿਚ ਸਚਾ ਤੇ ਅਸਲੀ ਰਬ ਬਣ ਜਾਂਦਾ ਹੈ, ਅਜੇ ਜ਼ਿੰਦਗੀ ਦੇ ਦਸ ਸਾਲ ਬਾਕੀ ਨੇ, ਵੇਖੀ ਚਲੋ ਕੀ ਬਣਦਾ ਹੈ। ਮੇਰੇ ਹੱਥ ਵੀ ਅੰਮ੍ਰਿਤ ਦਾ ਕਟੋਰਾ ਆਇਆ ਹੈ, ਛਡਦਾ ਮੈਂ ਵੀ ਨਹੀਂ ਇਹਨੂੰ ਭਾਵੇਂ ਪਾਗਲ ਤੇ ਮੂਰਖ ਕਹਾਵਾਂ, ਹਟਣਾ ਮੈਂ ਵੀ ਨਹੀਂ ਇਸ ਪਾਸਿਉਂ ਤੇ ਮੁਕਦਾ ਰਬ ਵੀ ਨਹੀਂ।

23-9-73

ਫੜਿਉ ਫੜਿਉ ਬਚਾਇਉ ਮੈਂ ਗਿਆ, ਇਹ ਅਵਾਜ਼ ਸੁਣ ਕੇ ਘਰਦੇ ਬਾਹਰਦੇ ਸਨੇਹੀ ਭਜੇ ਆਏ। ਕੋਈ ਕੁਝ ਉਪਾ ਦਸੇ ਤੇ ਕਿਸੇ ਧਰਮ ਪੁਸਤਕਾਂ ਹੀ ਖੋਹ ਕੇ ਲੁਕਾ ਦਿਤੀਆਂ, ਪਰੰਤੂ ਸਾਰੀਆਂ ਹਿਕਮਤਾਂ ਨਾਲੋਂ (ਅਮਲ ਨੀਂਦ ਦਾ) ਲਾਰਜੇਕਟਲ ਤੇ ਟੋਫਰਨੈਲ ਦੇ ਰੂਪ ਵਿਚ ਗੁਣਕਾਰੀ ਸਿਧ ਹੋਇਆ, ਜਿਹੜਾ ਛੇ ਸਾਲ ਹੋਣ ਲਗੇ ਹਨ ਅਜੇ ਜਾਰੀ ਹੈ, ਮੈਂ ਸਮਝਿਆ ਸੀ ਮਨ ਕਿਹੜਾ ਬਲਵਾਨ ਹੈ ਮਾਰੂੰਗਾ ਦੋ ਗੁਲਥੇ ਤੇ ਸਿਧਾ ਕਰ ਦੇਊਂਗਾ, ਪਰੰਤ ਹਥ ਵੇਖਿਆਂ ਹੀ ਪਤਾ ਲਗਾ, ਪੀਰ ਐਡਾ ਉਸਤਾਦ ਨਿਕਲਿਆ ਕਿ ਮੈਨੂੰ ਹੀ ਖਾ ਗਿਆ, ਦੁਨੀਆਂ ਤੇ ਕਿਧਰੇ ਰਹੀ, ਪੀਰ ਸਰੀਰ ਤੋਂ ਵੀ ਕਢੂ ਹੋ ਗਿਆ, ਭੁਖੇ ਸ਼ੇਰ ਵਾਂਗੂ ਆਖੇ ਹਥ, ਪੈਰ, ਲਤਾ, ਬਾਹਵਾਂ ਅੱਖਾਂ ਕਨ ਏਥੋਂ ਤਕ ਕਿ

ਸਰੀਰ ਹੀ ਨਾਲ ਨਹੀਂ ਰਹਿਣ ਦੇਣਾ, ਬਸ ਜਿਸ ਤਰ੍ਹਾਂ ਦਾ ਮੈਂ ਹਾਂ ਉਤਰਾਂ ਦਾ ਹੀ ਤੈਨੂੰ ਕਰ ਦੇਣਾ ਹੈ, ਭਾਵੇਂ ਮੈਂ ਜਾਣਦਾ ਜ਼ਰੂਰ ਸਾਂ ਕਿ ਇਸ ਪੀਰ ਦਾ ਕੋਈ ਸਰੀਰ ਨਹੀਂ, ਨਾ ਇਹ ਸਾਹ ਦਾ ਮੁਥਾਜ ਹੈ ਤੇ ਨਾ ਖਾਂਦਾ ਪੀਂਦਾ ਹੀ ਹੈ, ਸਿਰਫ ਸਪਿਰਟ, ਰੂਹ ਰੂਪ ਹੀ ਹੈ, ਪਰੰਤੂ ਮੈਂ ਗਿਆ ਸਾ ਦੁਧ ਪੀਂਦਾ ਫਲ ਫਰੂਟ ਖਾਂਦਾ, ਤੇ ਅਨੰਦ ਮਾਣਦਾ, ਮੈਂ ਐਥੇ ਤੰਗ ਹੁੰਦਾ ਤਾਂ ਕਹਿੰਦਾ ਚਲ ਸੁਨ ਅਵਸਥਾ ਹੀ ਠੀਕ ਹੈ ਐਪਰ ਮੈਂ ਤਾਂ ਰਾਜ ਭੋਗਦਾ ਗਿਆ ਸਾਂ । ਮੈਂ ਉਹਦੇ ਦਬਕਿਆਂ ਤੋਂ ਵਾਕਿਆ ਹੀ ਕੁਝ ਯਰਕ ਗਿਆ ਤੇ ਬਚਾਉ ਬਚਾਉ ਦਾ ਰੌਲਾ ਪਾ ਦਿਤਾ ਪਰੰਤੂ ਹੁਣ ਪਤਾ ਲਗਾ ਹੈ ਕਿ ਉਹਨੇ ਵੀ ਯਰਕਾਨਵੇ ਦਫਾ ਹੀ ਲਾਈ ਸੀ ਹੋਣਾ ਹਵਾਣਾ ਕੁਝ ਵੀ ਅਲੋਕਾਰ ਨਹੀਂ ਸੀ । ਉਹ ਮੇਰਾ ਹੀ ਅਸਲੀ ਰੂਪ ਸੀ ਮੈਂ ਅਗੇ ਹੀ ਇਹੋ ਕੁਝ ਹਾਂ, ਏਵੇਂ ਡਰ ਗਿਆ ਮਸਾ ਅਜੇ ਲਤਾਂ ਬਾਹਵਾਂ ਦੋ ਘੁੰਡ ਹੀ ਮੁੜੇ ਸਨ ਕਿ ਮੈਂ ਘਬਰਾ ਗਿਆ । ਖੈਰ ਹੁਣ ਕਿਹੜਾ ਵੇਲਾ ਬੀਤ ਗਿਆ ਹੈ, ਐਤਕੀ ਦੀ ਸਹੀ ਇਉਂ ਤੇ ਇਉਂ ਹੀ ਸਹੀ, ਮੇਰੇ ਕਿਹੜੇ ਛਾਗੇ ਮਾਂਗੇ ਹੋਰੀਂ ਰੋਣੇ ਨੇ ਇਹ ਜੀਵ ਤੇਰੇ ਤੇ ਤੂੰ ਇਹਨਾਂ ਦਾ ਹੁਆ ਚਾਹੇ ਹਸਾ । ਮੈਂ ਤਾਂ ਤੇਰੇ ਵਿਚ ਸਮਾ ਕੇ ਹੀ ਰਹੂੰਗਾ । ਉਰੇ ਪਰੇ ਮੈਂ ਵੀ ਨਹੀਂ ਖਲੋਣਾ, ਵੇਖੀ ਜਾਊਗੀ ਜਿਹੜੀ ਹੋਊਗੀ, ਏਥੇ ਕੋਈ ਚਿੜੀਆਂ ਨੇ ਜਿਹਨਾਂ ਨੂੰ ਮਰ ਜਾਉ ਤੇ ਜੀਅ ਪਉ ਕਹਿ ਕੇ ਖੇਡਾਂ ਖੇਡਦਾ ਰਹਵੇਂਗਾ, ਬਥੇਰਾ ਚਿਰ ਮੂਰਖ ਬਣੇ ਆਵਾਗੌਣ ਵਿਚ ਭੌਂਦੇ ਰਹੇ ਹਾਂ ਹੁਣ ਤੇ ਰਬ ਬਣ ਕੇ ਹੀ ਸਾਹ ਲੈਣਾ ਹੈ ।

24-9-73 ਮੋਤੀ ਤਾਂ ਇਸ ਮਨ ਖਜਾਂਨੇ ਵਿਚ ਬਹੁਤ ਹਨ ਪਰੰਤੂ ਕਾਗਜ਼ ਦੀ ਥਾਲੀ ਤੇ ਸਜਾ ਕੇ ਪੇਸ਼ ਕਰਨ ਦੇ ਹੁਨਰ ਦੀ ਕੁਝ ਘਾਟ ਹੈ, ਪਵਿਤਰ ਤੇ ਸ਼ੁਧ ਆਤਮਾ ਹੀ ਪਰਮਾਤਮਾ ਹੈ, ਪਰਮਾਂਤਮਾ ਆਤਮਾਂ ਤੋਂ ਕੋਈ ਵਖਰੀ ਸ਼ੈ ਨਹੀਂ ਰਬ ਵੀ ਸਪਿਰਟ ਰੂਪ

ਨੂਰ ਹੈ ਤੇ ਆਤਮਾ ਵੀ ਰੂਹ ਰੂਪ ਨੂਰ ਹੈ, ਦੋਨਾਂ ਵਿਚ ਇਕ ਰਾਈ ਵੀ ਫਰਕ ਨਹੀਂ । ਜਿਸ ਤਰ੍ਹਾਂ ਦਾ ਪਰਮਾਤਮਾ ਸਰਬ ਸ਼ਕਤੀਮਾਨ, ਉਪਜਾਣ, ਪਾਲਣਾ ਤੇ ਸੰਘਾਰ ਦਾ ਜ਼ੁੰਮੇਵਾਰ ਹੈ ਆਤਮਾ ਵੀ ਐਨ ਉਹੋ ਚੀਜ਼ ਹੈ, ਪਰਮਾਤਮਾ ਦੇ ਪੂਰਨ ਗੁਣ ਆਤਮਾ ਵਿਚ ਹਨ, ਸਿਰਫ ਸਮਝਣ ਸਮਝਾਣ ਲਈ ਦੋ ਨਾਮ ਦੇ ਦਿਤੇ ਗਏ ਹਨ । ਚੀਜ਼ ਇਕੋ ਹੈ, ਸਗੋਂ ਸਚ ਇਹ ਹੈ ਕਿ ਪਰਮਾਤਮਾ ਵਸਦਾ ਹੀ ਪੂਰਨ ਆਤਮਾ ਵਿਚ ਹੈ, ਪੂਰਨ ਆਤਮਾ ਹੀ ਪੂਰਨ ਪਰਮਾਤਮਾ ਹੈ, ਇਸ ਲਈ ਮੋਕਸ਼ ਹੋਣਾ ਯਾ ਜਨਮ ਲਏ ਕੇ ਘੁਮਦੇ ਫਿਰਨਾ ਤੁਹਾਡੀ ਆਪਣੀ ਹੀ ਪਸੰਦ ਹੈ, ਜੀ ਚਾਹੇ ਮੋਕਸ਼ ਹੋ ਜਾਉ ਜੀ ਚਾਹੇ ਸਵਰਗ ਮਾਣੋ ਪਰੰਤੂ ਸਵਰਗ ਦੀ ਸਥਿਤੀ ਸਥਾਈ ਨਹੀਂ ਕਿਉਂਕਿ ਮਾਇਆ ਦੇ ਮੌਜ ਮੇਲੇ ਨਾਲ ਰਬ ਭੁਲ ਜਾਂਦਾ ਹੈ ਤੇ ਉਪਦਰ ਦੀਆਂ ਹਰਕਤਾਂ ਹੋਣ ਲਗ ਪੈਂਦੀਆਂ ਹਨ ਜਿਸ਼ ਕਰਕੇ ਦੁਖ ਤੇ ਨਰਕ ਦਾ ਫੇਰਾ ਆ ਜਾਂਦਾ ਹੈ, ਇਸ ਲਈ ਜੇ ਸਦੀਵ ਸੁਖ ਅਰਾਮ ਚਾਹੀਦਾ ਹੈ ਤਾਂ ਮੋਕਸ਼ ਹੋਣਾ ਚੰਗਾ ਹੈ, ਮਹਿਜ਼ ਨਾਮ ਅਧਾਰੀ ਹੋਏ, ਅਨੰਦ ਮਾਣਦੇ ਰਹੋ, ਪਰੰਤੂ ਮੋਕਸ਼ ਤਦ ਹੀ ਹੋਇਆ ਜਾ ਸਕਦਾ ਹੈ ਜੇ ਜੀਉਂਦੇ ਹੀ ਮੋਕਸ਼ ਹੋ ਕੇ ਰਹੀਏ, ਮੁਕਤ ਅਵਸਥਾ ਦਾ ਅਭਿਆਸ ਦੁਨੀਆਂ ਤੇ ਹੀ ਪਕਾ ਕਰ ਜਾਈਏ, ਮੋਕਸ਼ ਹੋਣ ਦਾ ਫੈਸਲਾ ਐਨ ਧੁਰ ਆਤਮਾ ਦਾ ਹੀ ਹੋਵੇ, ਦੁਨੀਆਂ ਦੀਆਂ ਮਾਇਕ ਰੁਚੀਆਂ, ਧੀਆਂ, ਪੁਤ, ਇਸਤ੍ਰੀ ਮਕਾਨ, ਜ਼ਮੀਨਾ ਖਾਣ ਪੀਣ ਤਥਾ ਇਜ਼ਤ ਆਬਰੂ ਦੇ ਹੁਟੇ ਤੇ ਅਫਸਰੀਆ ਮਨ ਨੂੰ ਫੁਸਲਾ ਨਾ ਸਕਣ, ਇਹਨਾਂ ਦੀ ਅੰਦਰੂਨੀ ਤਹਿ ਵਿਚ ਲੁਕੇ ਦੁਖ ਜੰਜਾਲਾਂ ਦਾ ਆਤਮਾਂ ਨੂੰ ਚੰਗੀ ਤਰ੍ਹਾਂ ਪਤਾ ਹੋਵੇ ਇਹਨਾਂ ਖੰਡ ਲਿਬੜੀਆਂ ਵਿਸ ਗੰਦਲਾਂ ਦੀ ਹਕੀਕਤ ਦਾ ਪੂਰਨ ਗਿਆਨ ਹੋਵੇ 'ਚਾਰ ਦਿਨ ਦੀ ਚਾਨਣੀ ਫਿਰ ਔਧਿਆਰੀ ਰਾਤ' ਵਾਲੀਆਂ ਚੀਜ਼ਾਂ ਦਾ ਪੂਰਨ ਪਤਾ

ਹੋਵੇ ਇਸ ਲਈ ਰਬ ਤੋਂ, ਦੁਨੀਆਂ ਤੋਂ ਤੇ ਆਪਣੇ ਆਪ ਤੋਂ ਪੂਰੀ ਤਰ੍ਹਾਂ ਗਿਆਨਵਾਨ ਹੋਣਾ ਅਤੀ ਜ਼ਰੂਰੀ ਹੈ, ਗਿਆਨ ਹੀ ਵਾਹਿਗੁਰੂ ਜ਼ੀ ਦਾਂ ਨੂਰੀ ਚਾਨਣ ਹੈ ਜੋ ਆਦਮੀ ਅੰਦਰ ਸਮਾਉਂਦਾ ਹੈ ਇਸ ਨੂੰ ਵਧ ਤੋਂ ਵਧ ਸੰਗਰਹਿ ਕਰਨਾ ਉਚਿਤ ਹੈ, ਮੂਲ ਰੂਪ ਵਿਚ ਆਤਮਾ ਅਤੇ ਪਰਮਾਤਮਾ ਇਕ ਜੋਤਿ ਹਨ, ਸਿਰਫ ਆਂਤਮਾ ਦੁਆਲੇ ਮੰਦੇ ਵਿਚਾਰਾਂ ਦਾ ਗੁਬਾਰ ਹੋਣ ਕਰਕੇ ਭਿੰਨ ਮਹਸੂਸ ਹੁੰਦਾ ਹੈ ਇਸੇ ਗੁਬਾਰ ਨੂੰ ਹੀ ਗਿਆਨਵਾਨ ਹੋ ਕੇ ਦੂਰ ਕਰਨਾ ਹੈ ਤੇ ਪਾਕ ਪਵਿਤਰ ਇਨਸਾਨ ਬਣਨਾ ਹੈ।

25-9-73 ਭਈ ਰੱਬ ਡਾਹਡਾ ਹੈ, ਜੇ ਕਹੀਏ ਝੂਠ ਨਹੀਂ ਬੋਲਣਾ ਤੇ ਇਹ ਭੁਲਾ ਕੇ ਛਡਦਾ ਹੈ, ਐਸੇ ਹਾਲਾਤ ਬਣਾ ਕੇ ਸਾਹਮਣੇ ਲੈ ਆਉਂਦਾ ਹੈ ਕਿ ਬਿਲਕੁਲ ਮਜਬੂਰਨ ਅਣਚਾਹਿਆ ਕੰਮ ਕਰਨਾ ਪੈਂਦਾ ਹੈ, ਬੰਦਾ ਉਹਦੇ ਸਾਹਮਣੇ ਮਹਿਜ਼ ਪੁਤਲੀ ਹੈ, ਬੰਦਾ ਉਹਦੇ ਇਸ਼ਾਰਿਆਂ ਤੇ ਕੀ ਨਹੀਂ ਕਰਦਾ ? ਗੰਦੇ ਤੋਂ ਗੰਦੇ ਬਈਦ ਅਜ਼ ਇਖਲਾਕ ਕੰਮ ਇਨਸਾਨ ਕਰਦਾ ਹੈ ਤੇ ਚੰਗੇ ਤੋਂ ਚੰਗੇ ਮਹਾਂਪੁਰਖਾਂ ਵਾਲੇ ਕੰਮ ਵੀ ਇਨਸਾਨ ਤੋਂ ਕਰਵਾ ਲੈਂਦਾ ਹੈ, ਮੈਂ ਤਾਂ ਇਸ ਨਤੀਜੇ ਤੇ ਅਪੜਿਆ ਹਾਂ ਕਿ ਈਸ਼ਵਰ ਜੋ ਚਾਹੇ ਇਨਸਾਨ ਕੋਲੋਂ ਕਰਵਾ ਸਕਦਾ ਹੈ, ਬਸ ਖਿਆਲ ਤਰੰਗਾ ਦੇਂਦਾ ਹੈ ਤੇ ਨਚਾਈ ਫਿਰਦਾ ਹੈ, ਹੋਰ ਕੋਈ ਰਸੀ ਡੋਰ ਧਾਗਾ ਪੁਤਲੀ ਵਾਂਗ ਨਹੀਂ ਪਾਇਆ ਹੋਇਆ, ਏਹੋ ਹੀ ਹਉਮੈ, ਦੁਬਿਧਾ, ਤ੍ਰਿਸ਼ਨਾ, ਕਾਮ, ਕਰੋਧ, ਲੋਭ- ਮੋਹ, ਹੰਕਾਰ, ਝੂਠ. ਪਾਖੰਡ, ਕੁਟਿਲਤਾ, ਆਦਿ ਹੀ ਤਣਾਵਾਂ ਹਨ, ਇਨ੍ਹਾਂ ਦੇ ਬਲ ਤੇ ਹੀ ਸਾਰੇ ਭੈੜੇ ਕਰਮ ਕਰਵਾਂਦਾ ਹੈ। ਅਤੇ ਸਤਿ, ਸੰਤੋਖ, ਦਯਾ, ਧਰਮ, ਧੀਰਜ, ਨੇਕੀ, ਸਾਫਗੋਈ. ਨਿਮਰਤਾ ਆਦਿ ਚੰਗੇ ਕੰਮ ਕਰਾਉਣ ਦੀਆਂ ਤਣਾਵਾਂ ਹਨ, ਵੀਰਨੋ ਇਹੋ ਹੀ ਬਿਨੈ ਕੀਤਾ ਕਰੋ ਕਿ ਨੇਕ ਭਲਾ ਕਿਰਦਾਰ ਹੀ ਬਖਸ਼ੇ, ਨਾਮ ਹੀ ਬਖਸ਼ੇ ਤਾਕਿ ਚੰਗੇ ਕਿਰਦਾਰ ਦੀ ਘਾਸੀ

ਮਨ ਨੂੰ ਪੈ ਜਾਵੇ ਜਿਥੇ ਬੁਰੇ ਜੀਵਾਂ ਦਾ ਪਤਾ ਲਗੇ, ਝਟ ਕੰਨੀ, ਕਤਰਾ ਜਾਇਆ ਕਰੋ ਜੇ ਮਜਬੂਰਨ ਉਹਨਾਂ ਦੀ ਸੁਸਾਇਟੀ ਕਰਨੀ ਹੀ ਪਵੇ ਤਾਂ ਮਨ ਵਿਚ ਵਾਹਿਗੁਰੂ ਵਾਹਿਗੁਰੂ ਕਰੀ ਜਾਇਆ ਕਰੋ ਤੇ ਉਹਨਾਂ ਦੀਆਂ ਕਰਨੀਆਂ ਕਰਤੂਤਾਂ ਤੋਂ ਉਪਰਾਮਤਾ ਧਾਰ ਲਿਆ ਕਰੋ, ਭਾਵ ਧਿਆਨ ਗਹਿਰਾਈ ਠਾਲ ਨ ਦਿਆ ਕਰੋ, ਉਹਨਾਂ ਨਾਲ ਹੂੰ ਹਾਂ ਏਵੇਂ ਚਾਵੇਂ ਚੂਹਲੇ ਵਾਲੀ ਹੀ ਰਖਿਣੀ ਚਾਹੀਦੀ ਹੈ ਮੌਕਾ ਮਿਲ ਤਾ ਬੇਸ਼ਕ ਆਹੜੀ ਤੋੜ ਜਾਓ ਇਹ ਗਲ ਤੁਹਾਡੇ ਫਾਇਦੇ ਵਿਚ ਹੋਵੇਗੀ, ਮੈਨੂੰ ਆਪਣੀ ਜ਼ਿੰਦਗੀ ਦੇ ਤਿੰਨ ਡੰਭ ਤਾਂ ਨਮਾਇਆਂ ਤੌਰ ਤੇ ਯਾਦ ਹਨ ਜਿਰਨਾਂ ਵਿਚੋਂ ਮੈਂ ਇਸੇ ਅਸੂਲ ਦੀ ਵਰਤੋਂ ਕਰਕੇ ਨਿਕਲਣ ਵਿਚ ਸਫਲ ਹੋਇਆ, ਵਰਨਾ ਅਜ ਨੂੰ ਖੌਰਿਆ ਕਿਸ ਨੀਚਤਾ ਵਿਚ ਫਸਿਆ ਹੁੰਦਾ। 'ਸਾਕਤ ਸੰਗੁ ਨ ਕੀਜਈ ਪਿਆਰੇ ਜੇ ਕਾ ਪਾਰਿ ਵਸਾਇ।'

6-10-73 ਪੰ: 317. ਤੂੰ ਸਚਾ ਸਾਹਿਬੁ ਅਤਿ ਵਡਾ ਤੁਹਿ ਜੇਵਡੁ ਤੂੰ ਵਡ ਵਡੇ।
ਜਿਸ ਨੂੰ ਤੂੰ ਮੇਲਹਿ ਸੋ ਤੁਧ ਮਿਲੈ ਤੂੰ ਆਪੇ ਬਖਸਿ ਲੈਹਿ ਲੇਖਾ ਛਡ।

ਜਿਸ ਨੂੰ ਤੂੰ ਆਪਿ ਮਿਲਾਇਦਾ ਸੋ ਸਤਿਗੁਰ ਸੇਵੇ ਮਨ ਗਡ ਗਡੇ।

ਤੂੰ ਸਚਾ ਸਾਹਿਬ ਸਚੁ ਤੂ ਸਭ ਜੀਉ ਪਿੰਡ ਚੰਮ ਤੇਰਾ ਹਡੇ
ਜਿਉ ਭਾਵੈ ਤਿਉ ਰਖੁ ਤੂੰ ਸਚਿਆ ਨਾਨਕ ਮਨਿ ਆਸ ਤੇਰੀ ਵਡ ਵਡ।

ਕੁਝ ਸਿਆਣੇ ਲੋਕ ਤਾਂ ਦਿਲ ਦਾ ਭੇਦ ਛੁਪਾ ਕੇ ਵੀ ਰਖ ਲੈਂਦੇ ਹਨ ਪਰੰਤੂ ਮੇਰੇ ਜਿਹੇ ਮੂਰਖਾਂ ਲਈ ਭੇਦ ਛੁਪਾ ਰਖਣਾ ਅਸੰਭਵ ਹੈ। ਮਨ ਚਿਤ ਦੀ ਗਲ, ਗਲਾ ਫਾੜ ਫਾੜ ਜ਼ਬਾਨ ਤੇ ਆਉਂਦੀ ਹੈ, ਕਾਫੀ ਸਮੇਂ ਤੋਂ ਇਸ ਜਦੋ ਜਹਿਦ ਵਿਚ ਲਗਾ ਹੋਇਆ ਸਾਂ. ਪਰਤੂ ਹਾਰ ਹੁੰਦੀ ਦਿਸਦੀ ਹੈ, ਮੂੰਹ

ਆਈ ਬਾਤ ਨ ਰਹਿੰਦੀ ਏ । ਗਲ ਇਹ ਹੈ ਕਿ ਇਕ ਪਰਮ ਪੁਰਖ ਪਰਮਾਤਮਾ ਹੈ ਉਹਦਾ ਕੋਈ ਰੂਪ ਰੇਖ ਰੰਗ ਆਦਿ ਕੁਝ ਨਹੀਂ ਉਹ ਸਪਿਰਟ ਰੂਪ ਹੈ, ਪਰੰਤੂ ਜੀ ਚਾਹੇ ਤਾਂ ਗੁਰਮੁਖਿ ਮਾਨੁਖ ਰੂਪ ਧਾਰ ਲੈਂਦਾ ਹੈ, ਤੇ ਉਹਨੇ ਧਾਰਿਆ ਹੋਇਆ ਵੀ ਹੈ, ਉਹ ਪਰਮਾਤਮਾ ਹਰ ਪਰਾਣੀ ਦੇ ਅੰਦਰ ਉਸ ਦੀ ਜੀਵ ਆਤਮਾ ਦੇ ਰੂਪ ਵਿਚ ਬਿਰਾਜਮਾਨ ਹੈ, ਪਰਾਣੀ ਆਪ ਹੀ ਉਸ ਦਾ ਹਡ ਚੰਮ ਦੇ ਪੁਤਲੇ ਦਾ ਪ੍ਰਤੀਨਿਧਤਵ ਕਰਦਾ ਹੈ ਭਾਵ ਹਰ ਪਰਾਣੀ ਬਜ਼ਾਤੇਖੁਦ ਆਪਣੇ ਪਰਮਾਤਮਾ ਦਾ ਸਰਗੁਣ ਵਜੂਦ ਹੈ ਯਾ ਇੰਜ ਕਹਿ ਲਉ ਕਿ ਹਰ ਪਰਾਣੀ ਪਰਮਾਤਮਾ ਹੈ, ਇਸ ਲਈ ਅਸਲ ਗੁਰੂ ਸਾਡੇ ਅੰਦਰ ਸਾਡਾ ਆਤਮਾ ਹੀ ਹੈ, ਆਮ ਪਰਚੱਲਤ ਗਲ ਇਹ ਹੈ ਕਿ ਮਨੁਖ ਗੁਰਬਾਣੀ ਪੜ੍ਹ ਕੇ ਕਹਿ ਦੇਂਦਾ ਹੈ ਕਿ ਮੈਂ ਗੁਰੂ ਦਾ ਜਸ ਸੁਣਿਆ ਯਾ ਪੜ੍ਹਿਆ ਹੈ ਪਰੰਤੂ ਇਹ ਕੋਈ ਨਹੀਂ ਕਹਿੰਦਾ ਕਿ ਮੈਂ ਆਪਣੇ ਆਤਮਾ ਦਾ ਜਸ ਪੜ੍ਹਿਆ ਸੁਣਿਆ ਹੈ, ਜਿਸ ਕਰਕੇ ਕੋਈ ਵੀ ਰਬ ਨੂੰ ਪਾਉਣ ਵਿਚ ਸਫਲ ਨਹੀਂ ਹੋ ਰਿਹਾ ਇਹ ਤਾਂ ਕਹਿੰਦੇ ਹਨ ਕਿ ਗੁਰੂ ਦਾ ਜਸ ਸੁਣਿਆ ਹੈ ਇਹ ਨਹੀਂ ਕਹਿੰਦੇ ਕਿ ਮੈਂ ਆਪਣਾ ਵਰਣਨ ਤੇ ਜਸ ਸੁਣਿਆ ਹੈ । ਏਸੇ ਲਈ ਉਹਨਾਂ ਦੇ ਆਤਮਾ ਵਿਚ ਵਿਸ਼ੇਸ਼ ਉਭਾਰ ਤੇ ਉਚਾਈ ਨਹੀਂ ਆਉਂਦੀ, ਜਦ ਤਕ ਗੁਰੂ ਦਾ ਜਸ ਆਪਣੇ ਆਤਮਾ ਦਾ ਜਸ ਨ ਜਾਪੇ, ਮਨੁਖ ਵਿਚ ਪੂਰਨਤਾ ਦਾ ਅਹਿਸਾਸ ਹੀ ਨਹੀਂ ਜਾਗਦਾ, ਏਸੇ ਘਾਟ ਕਰਕੇ ਬਾਵਜੂਦ ਪੰਥ ਵਿਚ ਰਾਤ ਦਿਨ ਕੀਰਤਨ ਦੇ ਕੋਈ ਨਿਹਕਲੰਕ ਪੈਦਾ ਨਹੀਂ ਹੋਇਆ । ਅਸਲ ਵਿਚ ਆਪ ਆਪਣਾ ਜਸ ਆਪੇ ਪੜ੍ਹਦਾ ਸੁਣਦਾ ਤੇ ਗਾਉਂਦਾਂ ਫਿਰਦਾ ਹੈ । ਸਿਵਾਏ ਪਰਮਾਤਮਾ ਦੇ ਇਸ ਧਰਤੀ ਤੇ ਹੋਰ ਕੁਝ ਹੈ ਹੀ ਨਹੀਂ ਕਿਸੇ ਦੂਸਰੀ ਕਹੇ ਜਾਣ ਵਾਲੀ ਹਸਤੀ ਦਾ ਬਿਲਕੁਲ ਜਨਮ ਹੀ ਨਹੀਂ ਹੈ, ਵਜੂਦ ਹੀ ਨਹੀਂ ਹੈ । ਇਸ ਲਈ ਵੀਰਨੋ ਤੁਸੀਂ ਰੱਬ ਹੋ ਤੇ ਗੁਰਬਾਣੀ ਨੂੰ ਆਪਣੇ ਆਤਮਾ

ਦੀ ਵਿਆਖਿਆ ਤੇ ਜਸ ਕਰਕੇ ਗਰਹਿਣ ਕੀਤਾ ਕਰੋ । ਇਹੋ ਹੀ ਹਜ਼ੂਰੀ ਪਾਠ ਹੁੰਦਾ ਹੈ. ਮਨ ਨੂੰ ਹਾਜ਼ਰ ਰਖਕੇ ਪੜ੍ਹਨਾ ਸੁਣਨਾ ਇਹੋ ਹੈ, ਇਹ ਬਹੁਤ ਸਲਿਪਰੀ ਪੜਾ ਹੈ ਕੋਈ ਸੂਰਾ ਹੀ ਏਥੇ ਟਿਕ ਸਕੇਗਾ ।

7-10-73 ਰਬ ਤੇ ਆਦਮੀ ਦਾ ਫਰਕ ਜਾਨਣ ਲਈ ਮੈਂ ਕਾਫੀ ਸੋਚ ਵਿਚਾਰ ਕੀਤੀ ਹੈ ਤੇ ਬੜੇ ਸਿਆਣਿਆਂ ਤੋਂ ਪੁਛ ਪੜਤਾਲ ਵੀ ਕੀਤੀ ਹੈ, ਮੈਨੂੰ ਤੇ ਬਹੁਤਾ ਫਰਕ ਬਿਲਕੁਲ ਨਹੀਂ ਜਾਪਿਆ ਯਾ ਦਿਸਿਆ, ਪਰਮਾਤਮਾ ਰੂਹ ਰੂਪ ਹੈ, ਤ੍ਰੈਗੁਣ ਅਤੀਤ ਹੈ । ਮਾਇਆ ਤੋਂ ਉਪਰ ਅਜੂਨੀ, ਸਦੀਵ ਹਸਤੀ ਤੇ ਇਕੋ ਇਕ ਜੀਵਨ ਜੋਤਿ ਇਸ ਸੰਸਾਰ ਅਤੇ ਰਚਨਾ ਵਿਚ ਹੈ, ਉਹੋ ਹੀ ਰਹਿਬਰ, ਗੁਰੂ ਹੈ ਤੇ ਬਖਸ਼ਿਸ਼ ਦਾ ਸਰਚਾਰ ਮੁਜੱਸਮਾ ਹੈ, ਕਿਸੇ ਨਾਲ ਵੈਰ ਵਿਰੋਧ ਦਾ ਸਵਾਲ ਹੀ ਨਹੀਂ ਕਿਉਂਕਿ ਹੋਰ ਹਸਤੀ ਹੋਵੇ ਤਾਂ ਵੈਰ ਵਿਰੋਧ ਦੀ ਗਲ ਛਿੜੇ, ਏਸੇ ਵਾਸਤੇ ਨਿਡਰ ਤੇ ਨਿਰਭਉ ਹੈ, ਕਦੀ ਮਾਇਕ ਸਰੀਰ ਨਹੀਂ ਧਾਰਦਾ, ਇਸ ਲਈ ਆਵਾ ਗਵਣ ਦਾ ਸਵਾਲ ਹੀ ਨਹੀਂ ਪੈਂਦਾ, ਸਭ ਸ੍ਰਿਸ਼ਟੀ ਦਾ ਰਚੇਤਾ, ਪ੍ਰਿਤਪਾਲਕ ਤੇ ਸੰਘਾਰ ਕਰਤਾ ਹੈ । ਅੰਤਰਯਾਮੀ ਤੇ ਘਟ ਘਟ ਦੀ ਜਾਨਣਹਾਰ ਹੈ, ਸਰਬ ਕਲਾ ਸ਼ਮਰੱਥ ਸਰਬ ਸੁਖ ਦਾਤਾ ਹੈ ਦੂਜੇ ਬੰਨੇ ਜੇ ਆਮ ਆਦਮੀ ਦੀ ਗਲ ਲਈਏ ਤਾਂ ਚਾਰੇ ਕੰਨੀਆਂ ਚਿਕੜ ਲਿਬੜੀਆਂ ਕੋਈ ਕਲ ਵੀ ਸਿਧੀ ਨਹੀਂ, ਪਰੰਤੂ ਜੇ ਭਗਤਾਂ ਦੀ ਗਲ ਲਈਏ ਤਾਂ ਫਰਕ ਸਿਰਫ ਇਕ ਆਂਈਟਮ ਵਿਚ ਹੀ ਰਹਿ ਜਾਂਦਾ ਹੈ । ਪਰਮਾਤਮਾ ਤ੍ਰੈਗੁਣ ਅਤੀਤ ਹੁੰਦਾ ਹੈ ਤੇ ਭਗਤ ਤ੍ਰੈਗੁਣੀ ਸਰੀਰ ਵਿਚ ਪਰਮਾਤਮਾ ਹੁੰਦਾ ਹੈ । ਇਹ ਕਸਰ ਵੀ ਭਗਤ ਨੂੰ ਮਾਇਆ ਦਾ ਪਤਾ ਲਗਣ ਤੇ ਬੇਅਸਰ ਅਤੇ ineffective ਹੋ ਜਾਂਦੀ ਹੈ ਇਸ ਤਰ੍ਹਾਂ ਭਗਤ ਜੀਉਂਦੇ ਜੀ

ਮਨੁਖ ਰੂਪ ਵਿਚ ਹੀ ਮਾਇਆ ਤੋਂ ਨਿਰਲੇਪ ਹੋਇਆ ਰਹਿੰਦਾ ਹੈ ਤੇ ਪੂਰਨ ਪਰਮਾਤਮਾ ਬਣਿਆ ਰਹਿੰਦਾ ਹੈ, ਜੇ ਉਹ ਆਪਣੇ ਅਪ ਨੂੰ ਗਰੂ, ਵਾਹਿਗੁਰੂ, ਪਰਮਾਤਮਾ, ਯਾ God ਕਹੇ ਤਾਂ ਕੋਈ ਅਤਿਕਥਨੀ ਨਹੀਂ, ਇਹ ਉਹ ਕੋਈ ਪੂਜਾ ਪਰਤਿਸ਼ਟਤਾ ਲਈ ਨਹੀਂ ਕਹਿੰਦਾ ਰੱਬ ਦੀ ਬਰਾਬਰੀ ਨਹੀਂ ਕਰਦਾ ਸਗੋਂ ਮਨ ਹੀ ਮਨ ਆਪਣੇ ਨਿਸ਼ਾਨੇ ਤੇ ਯਕੀਨ ਨੂੰ ਦ੍ਰਿੜ ਕਰਨ ਲਈ ਵਾਹਿਗੁਰੂ ਵਾਹਿਗੁਰੂ ਕਰਦ ਰਹਿੰਦਾ ਹੈ ਤੇ ਨਿਰਗਣ ਪਰਮਾਤਮਾ ਵਿਚ ਅਭੇਦ ਹੋਣਾ ਆਪਣਾ ਨਿਸ਼ਾਨਾਂ ਤੇ ਟੀਕਾ ਬਣਾ ਲੈਂਦਾ ਹੈ, ਵ-ਹਿਗੁਰੂ ਵਾਹਿਗੁਰੂ ਜਾਂ God, God ਨ ਕਹਿਣਾ ਭੁਲੜਾਂ ਦਾ ਨਾਹਰਾ ਏ । ਜਦੋਂ ਹਾਂ ਹਾਂ ਵਾਹਿਗੁਰੂ, ਫਿਰ ਕਹਿਣ ਵਿਚ ਕੀ ਦੋਸ਼ ਹੈ, ਕੀ ਹੋਇਆ ਜੇ ਅਜੇ ਤ੍ਰੈਗੁਣੀ ਮਾਇਆ ਦੇ ਚਰਖੜੇ ਸਰੀਰ ਵਿਚ ਹਾਂ, ਇਹ ਕੋਈ ਸਦਾ ਤੇ ਚਿੰਬੜਿਆ ਨਹੀਂ ਰਹਿਣਾ, ਅੰਤ ਗਲੋਂ ਲਹਿ ਹੀ ਜਾਣਾ ਹੈ, ਅੰਤ ਅਸਾਂ ਉਹੋ ਵਾਹਿਗੁਰੂ ਹੋ ਜਾਣਾ ਹੈ, ਬਣ ਜਾਣਾ ਹੈ, ਇਸ ਲਈ ਆਪਣੀ ਸਦੀਵੀ ਤੇ ਸਚੀ ਹਸਤੀ ਦਾ ਧਿਆਨ ਕਿਉਂ ਨ ਧਰੀਐ, ਵੀਰੋ ਏਵੇਂ, ਦਾਖਾਂ ਕੌੜੀਆਂ ਦਾਖਾਂ ਕੌੜੀਆਂ ਦਾ ਟਪਲਾ ਨ ਪਾਉ, ਮੈਂ ਤਾ ਖਾ ਕੇ ਵੇਖਾਂਗਾ ਜੇ ਕੌੜੀਆਂ ਹੋਣਗੀਆਂ ਤਾਂ ਹੀ ਕੌੜੀਆਂ ਕਹਾਂਗਾ । ਆਪ ਅਜਮਾਏ ਬਿਨਾਂ ਮੈਂ ਨਹੀਂ ਜੇ ਮੰਨਣਾ ਅਜੇ ਤਕ ਮੈਨੂੰ ਕੋਈ ਕੁੜਤਣ ਨਜ਼ਰ ਨਹੀਂ ਆਈ । ਮੈਨੂੰ ਤੇ ਇਹ ਮਿਠੀਆਂ ਹੀ ਮਿਠੀਆਂ ਨਜ਼ਰ ਆ ਰਹੀਆਂ ਹਨ, ਇਸ ਵਾਸਤੇ ਆਪਣੇ ਆਤਮਾ ਨੂੰ ਵਾਹਿਗੁਰੂ ਕਹਿਣਾ ਮੰਨਣਾ ਉਚਿਤ ਹੈ ਭਗਤੀ ਦੀ ਇਕ ਸਟੇਜ ਹੀ ਹੈ ਭਗਤੀ ਦਾ ਸਭ ਤੋਂ ਉਤਮ ਢੰਗ ਦਿਸਦਾ ਹੈ । ਗਲਤੀ, ਹਉਮੈ ਯਾ ਹੰਕਾਰ ਨਹੀਂ ਅਮਰ ਸਚਾਈ ਹੈ ।

14-10-73 ਮੈਂ ਦਿਲੀਓਂ ਮੁੜਿਆ ਹਾਂ, ਉਥੇ ਨਿਰੰਕਾਰੀ ਮਿਸ਼ਨ ਦੇ ਮਖੀਆਂ ਵਿਰੁਧ ਇਸ਼ਤਿਹਾਰ ਲਗੇ ਸਨ, ਕਿ ਉਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਨ ਵਿਚ ਕੁਛ ਅਨਉਚਿਤ ਗਲਾਂ ਕਹੀਆਂ ਹਨ, ਉਹਨਾਂ ਗਲਾਂ ਦਾ ਤੇ ਮੈਨੂੰ ਪਤਾ ਨਹੀਂ, ਪਰੰਤੂ ਮੈਂ ਇਹ ਜਾਣਦਾ ਹਾਂ ਕਿ ਸੂਰਜ ਨੂੰ ਕੋਈ ਦਾਗ ਨਹੀਂ ਲਾ ਸਕਦਾ। ਵਿਅਰਥ ਭਾਵੇਂ ਕਿਨਾ ਖਪ ਲਵੇ। ਪਰਭੂ ਭਗਤ ਕਿਸੇ ਵੀ ਦੂਸਰੇ ਭਗਤ ਬਾਰੇ ਮਾੜੀਆਂ ਗਲਾਂ ਨਹੀਂ ਕਰ ਸਕਦਾ, ਆਪਣੇ ਆਪਣੇ ਤਰੀਕੇ ਨੂੰ ਚੰਗਾ ਸਮਝਿਆ ਜਾ ਸਕਦਾ ਹੈ, ਦੂਜੇ ਦੇ ਤਰੀਕੇ ਨੂੰ ਆਪਣੇ ਲਈ ਅਨਫਿਟ ਸਮਝਿਆ ਜਾ ਸਕਦਾ ਹੈ ਪਰੰਤੂ ਦੂਜੇ ਲਈ ਨਹੀਂ, ਇਹ ਨਾਹਰੇ ਕਿ ਫਲਾਂ ਗੁਰਸਿਖੀ ਦੇ ਵਿਰੁਧ ਬੋਲਿਆ ਹੈ ਕੁਚਲ ਦਿਓ, ਗੁਰਸਿਖੀ ਦੇ ਵਿਰੁਧ ਪਰਚਾਰ ਕਰਦਾ ਹੈ ਮਾਰ ਦਿਉ, ਇਹ ਚੰਗੀਆਂ ਗਲਾਂ ਨਹੀਂ ਕੀਹਨੂੰ ਕੀਹਨੂੰ ਮਾਰੋਗੇ, ਕੀਹਦੇ ਕੀਹਦੇ ਨਾਲ ਲੜੋਗੇ, ਇਸ ਦਾ ਸਹੀ ਇਲਾਜ ਲੜਾਈ ਝਗੜੇ ਨਹੀਂ, ਇਸ ਦਾ ਸਹੀ ਇਲਾਜ ਗਿਆਨ ਹੈ, ਤੁਸੀਂ ਲੋਕਾਂ ਨੂੰ ਚੰਗੀ ਤਰ੍ਹਾਂ ਸਮਝਾ ਦਿਉ ਕਿ ਗੁਰੂ ਕੀ ਸ਼ੈ ਹੈ ਅਤੇ ਕਿਥੇ ਹੈ। ਇਹ ਤਾਂ ਨਾ ਤੁਹਾਡੇ ਗਿਆਨੀ ਜਾਣਦੇ ਹਨ ਤੇ ਨਾ ਦਸ ਸਕਦੇ ਹਨ। ਤੁਹਾਡਾ ਪਰਚਾਰ ਇਥੋਂ ਤਕ ਹੀ ਮਹਿਦੂਦ ਹੈ ਕਿ ਸਾਡੇ ਗੁਰੂ ਨੇ ਆਹ ਕੀਤਾ ਉਹ ਕੀਤਾ, ਬੜਾ ਚੰਗਾ ਕੀਤਾ, ਪਿਦਰਮ ਸੁਲਤਾਨ ਬੂਦ, ਪਿਦਰਮ ਸੁਲਤਾਨ ਬੂਦ, ਇਹਨਾ ਗਲਾਂ ਨਾਲ ਸਿਖੀ ਨਹੀਂ ਫੈਲ ਸਕਦੀ। ਲੋਕ, ਕਲਜੁਗ ਦੇ ਚਾਨਣੇ ਵਿਚ ਉਘੜੀਆਂ ਅੱਖਾਂ ਵਾਲੇ ਹਨ। ਮੁਕੰਮਲ ਸਾਂਇਟਿਫਿਕ ਧਰਮ ਚਾਹੁੰਦੇ ਹਨ। ਦੁਨੀਆ ਤਾਂ ਵੇਖਦੀ ਹੈ ਕਿ ਤੁਸੀਂ ਕੀ ਹੋ, ਕੀ ਤੁਸੀਂ ਆਪਣੇ ਗੁਰੂ ਦਾ 1973 ਮਾਡਲ ਹੋ, ਬੀਤੇ ਢਾਈ ਤਿੰਨ ਸੌ ਸਾਲ ਵਿਚ ਤੁਸਾਂ ਕੀ ਤਰੱਕੀ ਕੀਤੀ ਹੈ, ਤੁਹਾਡੀ ਇਨਸਾਨੀਅਤ ਵਿਚ ਕਿਨਾ ਕੁ ਪਰੀਵਰਤਨ ਆਇਆ ਹੈ,

ਕੀ ਤੁਸੀਂ ਆਪਣੇ ਗੁਰੂ ਨੂੰ ਵੇਖਿਆ ਪਛਾਣਿਆ ਹੈ ਤੇ ਹੋਰਨਾਂ ਨੂੰ ਜਾਣ ਪਛਾਣ ਕਰਵਾ ਸਕਦੇ ਹੋ, ਤੁਹਾਡੇ ਵਿਚੋਂ ਬਹੁਤੇ ਤਾਂ ਆਪ ਹੀ ਗੁਰੂ ਬਾਰੇ ਕੁਝ ਨਹੀਂ ਜਾਣਦੇ, ਕਿਸੇ ਨੂੰ ਕੀ ਦਸ ਸਕਦੇ ਹੋ, ਗੁਰੂ ਨਿਰਗੁਣ ਸਰੂਪ ਵਾਹਿਗੁ ਹੈ, ਇਕ ਜੀਉਂਦਾ ਜਾਗਦਾ ਨੂਰ ਹੈ, ਇਕੋ ਇਕ ਜੀਵਨ ਸੱਤਿਆ ਹੈ, ਉਹ ਹਰ ਆਦਮੀ ਵਿਚ ਹੈ, ਹਰ ਆਦਮੀ ਵਿਚ ਜੀਵਨ ਸੱਤਿਆ, ਰੂਹ, ਆਤਮਾ ਉਸ ਦਾ ਗੁਰੂ ਹੈ, ਅਤੇ ਸਦਾ ਉਸ ਦੇ ਨਾਲ ਹੈ, ਦੂਜੇ ਮਨੁਖਾਂ ਨੂੰ ਗੁਰੂ ਕਹਿ ਕਹਿ ਮਥੇ ਟੇਕੀ ਜਾਣ ਵਾਲੇ ਸਭ ਭੁਲੜ ਹਨ, ਆਪਣੇ ਅੰਦਰਲੇ ਸਚੇ ਗੁਰੂ ਨੂੰ ਤਾਂ ਵੇਖਦੇ ਨਹੀਂ ਬਾਹਰ ਮੁਖੀ ਹੋਏ ਭੌਲ ਵਿਚ ਫਸੇ ਹੋਏ ਹਨ, ਜਦ ਤਕ ਕੋਈ ਆਪਣੇ ਅੰਦਰਲੇ ਗਰੂ ਨੂੰ ਪਛਾਣ ਨਹੀਂ ਲੈਂਦਾ ਤਦ ਕ ਉਹ ਬਾਹਰਮੁਖੀ ਹੋਇਆ ਦੂਜਿਆਂ ਨੂੰ ਗੁਰੂ ਕਹਿੰਦਾ ਰਹਿੰਦਾ ਹੈ, ਡੰਭੀ ਵੀ ਉਹਨੂੰ ਇਹ ਗਲ ਨਹੀਂ ਚਿਤਾਰਦੇ ਸਗੋਂ ਉਹਦੀ ਸਾਦਗੀ ਤੇ ਅਗਿਆਨਤਾ ਦਾ ਨਜਾਂਇਜ਼ ਫਾਇਦਾ ਉਠਾਉਂਦੇ. ਉਹਦੀ ਲੁਟਾਈ ਤੇ ਬਲੈਕਮੇਲ ਕਰਦੇ ਹਨ। ਵਿਰਲਾ ਕੋਈ ਸੱਚਾ ਸੰਤ ਭਗਤ ਉਹਨੂੰ ਆਪਣੇ ਅੰਦਰਲੇ ਗੁਰੂ ਦੀ ਜਾਣ ਪਛਾਣ ਕਰਵਾ ਦਿੰਦਾ ਹੈ ਤੇ ਜੀਵ ਨੂੰ ਮੁੜ ਵਾਹਿਗੁਰੂ ਬਣਨ ਵਿਚ ਮਦਦ ਕਰਦਾ ਹੈ, ਕੋਈ ਸੰਤ ਕਿਸੇ ਤਰੀਕੇ ਨਾਲ ਇਹ ਕੰਮ ਕਰਦਾ ਹੈ ਕੋਈ ਕਿਸੇ ਨਾਲ, ਪਰੰਤੂ ਟੀਚਾ ਇਕੋ ਹੈ ਕਿ ਜੀਵ ਆਤਮਾ ਨੂੰ ਮੁੜ ਪਰਮਾਤਮਾ ਬਣਨ ਵਿਚ ਸਹਾਇਤਾ ਕੀਤੀ ਜਾਂਦੀ ਹੈ। ਇਸ ਲਈ ਕਿਸੇ ਸੰਤ ਨਾਲ ਵੈਰ ਵਿਰੋਧ ਉਚਿਤ ਨਹੀਂ ਜੇ ਨਿਰੰਕਾਰੀ ਯਾਂ ਹੋਰ ਮਿਸ਼ਨਾਂ ਨਾਲ ਟਾਕਰਾ ਕਰਨਾ ਹੈ ਤਾਂ ਘਰ ਘਰ ਸਚੇ ਗੁਰੂ ਪੈਦਾ ਕਰ ਦਿਉ, ਬਚੇ ਬਚੇ ਨੂੰ ਸਚੇ ਗੁਰੂ ਦੀ ਪਛਾਣ ਹੋਵੇ, ਪਤਾ ਹੋਵੇ ਕਿ ਉਹਦਾ ਆਪਣਾ ਆਤਮਾ ਹੀ ਉਸ ਦਾ ਸੱਚਾ ਗੁਰੂ ਹੈ, ਮਨੁਖ ਗੁਰੂ ਨਹੀਂ ਹੁੰਦੇ, ਸਚੇ ਸੁਚੇ ਤੇ ਪਵਿਤਰ ਆਤਮਾ ਵਿਚ ਗੁਰੂ ਵਸਦਾ ਹੈ। ਲੋਕੀ ਡੰਭੀਆਂ

ਵਿਚ ਊਣਤਾਈਆਂ ਵੇਖ ਕੇ ਆਪੇ ਕਨਾਰਾਕਸ਼ੀ ਕਰ ਜਾਣਗੇ ਤੇ ਡੰਭ ਨਹੀਂ ਚਲਣਗੇ, ਪਰੰਤੂ ਲੜਨਾ ਝਗੜਨਾ ਯਾ ਕੂੜਵਾਹਟ ਪੈਦਾ ਕਰਨੀ, ਆਪਣੇ ਪੈਰੀਂ ਆਪ ਕੁਹਾੜਾ ਮਾਰਨ ਦੇ ਬਰਾਬਰ ਹੈ, ਪ੍ਰਭੂ ਦੀ ਯਾ ਜੀਵ ਮਾਤਰ ਦੀ ਸੇਵਾ ਨਹੀਂ ਹਰ ਪਰਾਣੀ ਮਨੁਖ ਨੂੰ ਇਹ ਪਤਾ ਹੋਵੇ ਕਿ ਉਸ ਦਾ ਪਵਿੱਤਰ ਆਤਮਾ ਹੀ ਗੁਰੂ ਤੇ ਸਚਾ ਗੁਰੂ ਹੈ, ਹਰ ਵੇਲੇ ਨਾਲ ਤੇ ਸਦਾ ਸਹਾਇਕ ਹੈ- ਸਚੇ ਸੁਚੇ ਤੇ ਪਵਿਤਰ ਜੀਵਨ ਵਾਲਾ ਆਦਮੀ ਆਪ ਹੀ ਗੁਰੂ ਹੈ, ਕਿਸੇ ਨੂੰ ਗੁਰੂ ਮੰਨਣ ਦੀ ਥਾਂ ਆਪਣੇ ਆਪ ਵਿਚ ਗੁਰੂ ਸੱਤਿਆ ਨੂੰ ਪਰਗਟ ਕਰੋ, ਆਪ ਗੁਰੂ ਬਣੋ ਤਦ ਹੀ ਜ਼ਿੰਦਗੀ ਦਾ ਸਵਾਦ ਹੈ ਕਿਸੇ ਨੂੰ ਗੁਰੂ ਮੰਨਣਾ ਮਹਿਜ਼ ਇਕ ਪੜਾ ਹੈ, ਪੂਰਨਤਾ ਨਹੀਂ, ਪੂਰਨਤਾ ਆਪ ਗੁਰੂ ਬਣਿਆ ਹੀ ਆਉਂਦੀ ਹੈ, ਤੱਤ ਨਾਲ ਤੱਤ ਮਿਲਿਆਂ ਹੀ ਸਰਦੀ ਹੈ, ਆਪ ਗੁਰੂ ਵਰਗੇ ਹੋਵੋ ਤਦ ਹੀ ਗਲ ਫਬਦੀ ਹੈ ।

ਬਚਾ ਪਹਿਲੇ ਸਾਲ ਹੀ ਯੂਨੀਵਰਸਟੀ ਵਿਚ ਦਾਖਲ ਨਹੀਂ ਹੋ ਜਾਂਦਾ ਉਹਨੂੰ ਕਈ ਪਰਾਈਵੇਟ ਸਕੂਲਾਂ ਤੇ ਨਰਸਰੀਆਂ ਵਿਚ ਦੀ ਗੁਜ਼ਰਨਾ ਪੈਂਦਾ ਹੈ, ਜੀਵ ਧਰਤੀ ਉਤੇ ਆਉਂਦਿਆਂ ਹੀ ਸਿੰਘ ਨਹੀਂ ਬਣ ਜਾਂਦਾ, ਸਤਯੁਗ ਵਿਚ ਖਿਆਲ ਹੋਰ ਸਨ, ਤਰੇਤੇ ਤੇ ਦੁਆਪਰ ਵਿਚ ਹੋਰ, ਹੁਣ ਕਲਜੁਗ ਵਿਚ ਬਿਲਕੁਲ ਹੋਰ ਹਨ, ਕਲਜੁਗ ਦੇ ਚਾਨਣੇ ਵਿਚ ਸਿਖੀ ਦੀ ਲਹਿਰ ਉਪਜੀ ਹੈ ਹੁਣ ਜੀਵ ਸਿੰਘ ਬਣਨੇ ਸ਼ੁਰੂ ਹੋਏ ਹਨ, ਹੁਣ ਦੁਨੀਆਂ ਨੂੰ ਪਤਾ ਲਗਾ ਕਿ ਭੋਲਿਉ ਆਪਾਂ ਤੇ ਪਰਮਾਤਮਾ ਹਾਂ ਵਾਹਿਗੁਰੂ ਹਾਂ, ਕਿਉਂ ਆਵਾਗਵਣ ਦੇ ਚਕਰ ਵਿਚ ਪਏ ਫਿਰਦੇ ਹਾਂ ਹੁਣ ਹੋਸ਼ ਆਈ ਹੈ ਤੇ ਹੁਣ ਨਾਮ ਜਪਣਾ ਸਹੀ ਮਹਿਨਿਆਂ ਵਿਚ ਸ਼ੁਰੂ ਹੋਇਆ ਹੈ, ਪਰੰਤੂ ਸਾਰੀ ਸ੍ਰਿਸ਼ਟੀ ਦੇ ਜੀਵ ਇਕੋ ਦਿਨ ਤਾਂ ਸਿੰਘ ਬਣਾਏ ਨਹੀਂ ਜਾ ਸਕਦੇ,

ਨਾ ਬਣ ਸਕਦੇ ਹਨ, ਸਹਿਜੇ ਸਹਿਜੇ ਜਿਵੇਂ ਜਿਵੇਂ ਵਾਰੀ ਆਉਂਦੀ ਜਾਂਦੀ ਹੈ ਸਤਿਗੁਰ ਪਿਆਰੇ ਆਪਣਾ ਆਪਣਾ ਵਤਰ ਵਾਹ ਕੇ, ਵਾਹਿਗੁਰੂ ਵਿਚ ਸਮਾਈ ਤੁਰੇ ਜਾਂਦੇ ਹਨ, ਕੋਈ ਅਜੇ ਪਹਿਲੀ ਜਮਾਤ ਵਿਚ ਹੈ, ਕੋਈ ਦੂਜੀ ਵਿਚ ਕਈ ਸਕੂਲੇ ਆਉਣਾ ਹੀ ਸਿਖਦੇ ਹਨ, ਕਈ ਕਾਇਦੇ ਹੀ ਪਾੜੀ ਜਾਂਦੇ ਹਨ। ਕਈ ਪਰਾਈਵੇਟ ਸਕੂਲਾ ਤੇ ਨਰਸਰੀਆਂ ਵਿਚ ਖੂਬ ਲੁਟਾਈ ਖਾ ਰਹੇ ਹਨ ਕਈਆਂ ਦੀ ਅਜੇ ਕੁਟਾਈ ਹੋ ਰਹੀ ਹੈ ਕਿ ਉਹ ਸਕੂਲੇ ਜਾਂਦੇ ਹੀ ਕਿਉਂ ਨਹੀਂ ਵੀਰਨੋ ਇਹ ਕਾਰਖਾਨਾ ਚਲਦਾ ਰਹਿਣ ਦਿਉ, ਨਰਸਰੀਆਂ ਅਤੇ ਪਰਾਈਵੇਟ ਸਕੂਲਾਂ ਨੂੰ ਅਨਯ ਮਤਾਂ ਅਤੇ ਮਿਸ਼ਨਾਂ ਦੇ ਰੂਪ ਵਿਚ ਚਾਲੂ ਰਹਿਣ ਦਿਉ, ਇਹ ਸਿਖੀ ਨੂੰ ਖੂਬ ਸੋਧੇ ਹੋਏ ਬਚੇ ਦੇ ਕੇ ਫੀਡ ਬੈਕ ਕਰਦੀਆਂ ਹਨ ਤੇ ਯੂਨੀਵਰਸਿਟੀ ਚਲਦੀ ਹੈ ਏਵੇਂ ਨਾ ਨਿਰੰਕਾਰੀਆਂ ਤੇ ਦੂਜੇ ਤੀਜਿਆਂ ਦੇ ਦੁਆਲੇ ਹੋਏ ਫਿਰੋ, ਉਹਨਾਂ ਦੀਆਂ ਆਸਾਮੀਆਂ ਨੂੰ ਪਹਿਲਾਂ ਉਹਨਾਂ ਨਾਲ ਹਿਸਾਬ ਕਿਤਾਬ ਮੁਕਾਉਣ ਦਿਉ, ਜਦੋਂ ਹਾਰ ਹੰਭ ਕੇ ਤੇ ਖੱਟੇ ਹੋ ਕੇ ਆਉਣਗੇ ਉਦੋਂ ਨਾਨਕ ਮਤੀਏ ਬਣਾ ਲਿਉ, ਅਤੇ ਉਦੋਂ ਬਣਨਗੇ ਵੀ ਚੰਗੇ, ਏਵੇਂ ਨ ਕਾਹਲੇ ਪਉ, ਲੇਖ ਸਾਸ਼ ਗਿਰਾਸ ਵਾਲੇ ਦੇ ਪੁਤਰ ਹੋ ਕੇ ਤੁਸੀਂ ਅਜੇ ਵੀ ਨਹੀਂ ਸਮਝੇ ਕਿ ਸਿਖੀ ਦਾਤ ਪਰਮਾਤਮਾ ਦੀ ਹੈ, ਜਿਸ ਦੇ ਨਸੀਬ ਅਤਿ ਚੰਗੇ ਹੋਣ, ਉਹ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਦਾ ਹੈ, ਇਹ ਅੰਮ੍ਰਿਤ ਕਈ ਬਜ਼ਾਰਾਂ ਵਿਜ ਵਿਕਦਾ ਫਿਰਦਾ ਹੈ ਕਿ ਹਰ ਕੋਈ ਲੈ ਲਊ, ਜੀਵ ਤਾਂ ਪੰਛੀ ਵੀ ਹਨ, ਜਾਨਵਰ ਤੇ ਪੰਛੀ ਵੀ ਜੀਵ ਹਨ, ਉਹਨਾਂ ਨੂੰ ਕਿਉਂ ਨਹੀਂ ਪਹਿਲਾਂ ਅੰਮ੍ਰਿਤ ਛਕਾ ਲੈਂਦੇ, ਕੀ ਉਹਨਾਂ ਦੇ ਕਲਿਆਣ ਦੀ ਤੁਹਾਨੂੰ ਕੋਈ ਚਿੰਤਾ ਨਹੀਂ ਤੇ ਨਿਰੰਕਾਰੀਆਂ ਦੀ ਬਹੁਤ ਚਿੰਤਾ ਏ । ਵੀਰਨੋ ਹਫੜਾ ਦਫੜੀ ਨ ਮਚਾਉ ਵਾਰੀ ਸਿਰ ਸਭ

ਆ ਜਾਣਗੇ. ਦਨੀਆਂ ਉਤੇ ਇਕੋ ਇਕ ਜੀਵਨ ਜੋਤਿ ਹੈ, ਉਸੇ ਵਿਚੋਂ ਅਸੀਂ ਨਿਕਲੇ ਹਾਂ ਮੁੜ ਉਸੇ ਵਿਚ ਸਮਾਏ ਬਿਨਾ ਚੈਨ ਨਹੀਂ ਮਿਲਣੀ, ਸਚ ਤਾਂ ਇਹ ਹੈ ਕਿ ਹਾਂ ਹੀ ਓਸਦੇ ਵਿਚ ਬਾਹਰ ਕਿਤੇ ਨਹੀਂ ਹਾਂ, ਸਿਰਫ ਪਵਿਤਰਤਾ ਉਹਦੇ ਵਰਗੀ ਬਣਾ ਕੇ ਉਸ ਵਿਚ ਅਭੇਦ ਹੋਣਾ ਹੈ, ਇਸ ਲਈ ਕਾਹਲੀ ਨ ਮਚਾਉ, ਭੀੜ ਨ ਕਰੋ, ਸਭ ਨੂੰ ਜਗਾਹ ਅਗੇ ਹੀ ਮਿਲੀ ਹੋਈ ਹੈ, ਜ਼ਰਾ ਧੀਰਜ ਕਰੋ, ਮੈਂ ਮੰਨਦਾ ਹਾਂ ਕਿ ਤੁਸੀਂ ਆਪਣੇ ਰਿਸ਼ਤੇਦਾਂਰਾਂ ਤੇ ਭਾਈਆਂ ਨੂੰ ਆਨਯ ਮਤਾਂ ਦੇ ਡੰਭ ਵਿਚ ਪੀੜੀਂਦੇ ਵੇਖ ਕੇ ਕਾਹਲੇ ਪੈਂਦੇ ਹੋ, ਪਰੰਤੂ ਕੀਤਾ ਨੀ ਜਾਵੇ ਉਹਨਾਂ ਦਾ ਲੇਖਾ ਇਸ ਤਰਾਂ ਦਾ ਹੈ, ਜੇ ਤਸੀਂ ਕਚਿਆ ਪਿਲਿਆਂ ਨੂੰ ਧੂਹ ਘਸੀਟ ਕੇ ਸਿਖੀ ਵਿਚ ਲਿਆਂਉਗੇ ਤਾਂ ਓਹਨਾਂ ਦੇ ਖਿਆਲ ਤਾਂ ਪਕੇ ਨਹੀਂ ਹੋਣੇ ਮੁੜ ਪਤਿਤ ਹੁੰਦੇ ਫਿਰਨਗੇ, ਤੁਸੀਂ ਛੇਤੀ ਛੇਤੀ ਗਿਣਤੀ ਵਧਾਉਣਾ ਚਾਹੁੰਦੇ ਹੋ ਰਾਜ ਗੱਦੀਆਂ ਤੇ ਵੋਟਾਂ ਦੀ ਖਾਤਰ ਇਸ ਵਿਚ ਬਨੀ ਨੌ ਇਨਸਾਨ ਦੀ ਸੇਵਾ ਮਖ ਪਰਯੋਜਨ ਨਹੀਂ ਚਿੰਤਾ ਨ ਕਰੋ ਤੁਹਾਡੇ ਰਾਜ ਦਾ ਬਾਹਨਣੂ ਬੰਨ੍ਹ ਦਿਤਾ ਜਾ ਚੁਕਿਆ ਹੈ, ਸਰਿਸ਼ਟੀ ਦਾ ਆਦਿ ਸਿਖੀ ਤੋਂ ਸ਼ੁਰੂ ਹੁੰਦਾ ਹੈ ਅਤੇ ਅੰਤਿ ਸਿਖੀ ਵਿਚ ਹੋਵੇਗਾ ਮੱਧ ਤਾਂ ਏਵੇਂ ਸੰਸਾਰ ਮਲੇ ਦੇ ਰੰਗ ਤਮਾਸ਼ ਵੇਖ ਰਿਹਾ ਹੈ ਰਜ ਲੈਣ ਦਿਉ ਸੁ ਫਿਤ ਤਰ ਕੇ, ਲਾਹ ਲੈਣ ਦਿਉ ਸੁ ਮਨ ਦੇ ਚਾਅ, ਹਾਰ ਹੰਬ ਕੇ ਆਇਆ ਪਰਾਣੀ ਦਰਬਾਰ ਵਿਚ ਟਿਕ ਕੇ ਬੈਠੇਗਾ, ਇਸ ਲਈ ਕਿਸੇ ਨਾਲ ਵੈਰ ਭਾਵਨਾ ਨਾ ਬਣਾਓ, ਸਾਰੇ ਵੀਰ ਭਰਾ ਹਾਂ ਦੂਜੇ ਆਪਣੀ ਵਾਰੀ ਸਿਰ ਆ ਜਾਣਗੇ ਤੁਸੀਂ ਆਪਣੀ ਵਤਰ ਸਾਂਭੋ ਯਾਦ ਕਰੋ ਜੀਵਨ ਜੋਤਿ ਵਾਹਿਗੁਰੂ ਨੂੰ ਤੇ ਹੋਰਨਾ ਨੂੰ ਦਸ ਪਾਈ ਜਾਉ, ਤੁਸਾਂ ਸਿਰਫ ਦਸ ਪਾਉਣੀ ਹੈ ਧੂਹ ਘਸੀਟ ਨਹੀਂ ਕਰਨੀ, ਹਰ ਜੀਵ ਪਰਮਾਤਮਾ ਹੈ ਜੋਰ ਜਬਰਦਸਤੀ ਬਿਲਕੁਲ ਨਹੀਂ ਕਰਨੀ, ਰੱਬ ਨਹੀਂ ਜੋਰ ਜਬਰਦਸਤੀ ਕਰਦਾ ਜੇ ਉਹ ਚਾਹੇ ਤਾ

ਇਕੋ ਦਿਨ ਵਿਚ ਹੀ ਸ੍ਰਿਸ਼ਟੀ ਖਤਮ ਕਰ ਸਕਦਾ ਹੈ ਪਰੰਤੂ ਇਹ ਉਹਦੀ ਰਜ਼ਾ ਨਹੀਂ, ਹੁਕਮ ਨਹੀਂ।

16-10-73 ਅਜ ਤਕ ਜੋ ਕੁਝ ਮੈਥੋਂ ਲਿਖਿਆ ਗਿਆ ਹੈ, ਉਹ ਸਿਖਰ ਨਹੀਂ ਸਗੋਂ ਆਤਮ ਕਹਾਣੀ ਦੀ ਮਹਿਜ਼ ਤਮਹੀਦ ਮਾਤਰ ਹੀ ਹੈ। ਆਤਮ ਕਹਾਣੀ ਇਸ ਤੋਂ ਅਜੇ ਸ਼ੁਰੂ ਹੁੰਦੀ ਹੈ ਪਿਛਲੀਆਂ ਲਿਖਤਾਂ ਤੋਂ ਇਹ ਸਿਧ ਹੋ ਚੁਕਾ ਹੈ, ਕਿ ਵਾਹਿਗੁਰੂ ਇਕ ਰੂਹ ਰੂਪ ਨੂਰ ਹੈ ਪੂਰਨ ਤੌਰ ਤੇ ਜਿੰਦਗੀ ਭਰਪੂਰ ਸਾਰੀ ਸ੍ਰਿਸ਼ਟੀ ਦਾ ਰਚੇਤਾ ਪ੍ਰਿਤਪਾਲਕ ਤੇ ਸੰਘਾਰ ਕਰਤਾ, ਸਰਬ ਸੁਖ ਦਾਤਾ, ਗਹਿਰ ਗੰਭੀਰ, ਚਤੁੱਰ ਨਿਹਕਲੰਕ ਹੈ। ਉਸੇ ਤੋਂ ਸਾਰੀ ਰਚਨਾ ਬਣੀ ਹੈ, ਹਰ ਪਰਾਣੀ ਉਹੋ ਕੁਝ ਹੈ, ਪਰਾਣੀਆਂ ਅੰਦਰ ਆਤਮਾ ਦੇ ਰੂਪ ਵਿਚ ਬਿਰਾਜਮਾਨ ਹੈ, ਹਰ ਪਰਾਣੀ ਆਪਣੇ ਪਰਮਾਤਮਾ ਦਾ ਸਾਕਸ਼ਾਤ ਨਮੂਨਾ ਹੈ, ਸਰਗੁਣ ਮੁਜਸਮਾ ਹੈ, ਜਿਤਨੀ ਦੇਰ ਮਾਇਆ ਦੇ ਪਰਭਾਵ ਹੇਠ ਰਹਿੰਦਾ ਹੈ ਉਤਨੀ ਦੇਰ ਮੰਨ ਬਾਂਛਤ ਰੂਪ ਧਾਰਦਾ ਫਿਰਦਾ ਹੈ, ਮਾਇਆ ਦਾ ਪਰਭਾਵ ਘਟਨ ਨਾਲ ਪਵਿਤਰਤਾ ਵਧਣੀ ਸ਼ੁਰੂ ਹੋ ਜਾਂਦੀ ਹੈ। ਇਕ ਦਿਨ ਜੀਵ ਨੂੰ ਆਪਣੀ ਸਦੀਵੀ ਹਸਤੀ ਦਾ ਪਤਾ ਲਗ ਜਾਂਦਾ ਹੈ ਭਾਵ ਦਰਸ਼ਨ ਹੋ ਜਾਂਦੇ ਹਨ ਤੇ ਉਹ ਮੁੜ ਉਹੋ ਕੁਝ ਬਣਨ ਲਈ ਉਪਰਾਲੇ ਸ਼ੁਰੂ ਕਰ ਦਿੰਦਾ ਹੈ। ਭਾਵ ਵਾਹਿਗੁਰੂ ਨੂੰ ਪਤਾ ਲਗ ਜਾਂਦਾ ਹੈ ਕਿ ਮੈਂ ਤਾਂ ਵਾਹਿਗੁਰੂ ਹਾਂ ਤੇ ਮੁੜ ਉਹੋ ਵਾਹਿਗੁਰੂ ਹੀ ਬਣਨ ਦੀ ਘਾਲਣਾ ਕਰਦਾ ਹੈ, ਤਰੀਕਾ ਇਸ ਘਾਟੀ ਤੇ ਚੜ੍ਹਨ ਦਾ ਆਦਿ ਤੋਂ ਅੰਤਿ ਤਕ ਇਕੋ ਹੈ, ਉਹ ਵਾਹਿਗੁਰੂ ਤਥਾ ਆਤਮਾ ਦੇ ਗੁਣ ਗਾਉਣਾ ਤੇ ਮੰਜ਼ਲ ਖਿਆਲੋਂ ਉਹਲੇ ਨਾ ਹੋਣ ਦੇਣੀ : ਵੇਖੀਏ ਕਿੰਨੀਆਂ ਕੁ ਜੀਵ ਆਤਮਾਵਾਂ ਮੁੜ ਵਾਹਿਗੁਰੂ ਬਣਨ ਵਿਚ ਸਫਲ ਹੁੰਦੀਆਂ ਹਨ। ਸਤਿਗੁਰ ਨਾਨਕ ਸਹਾਈ ਹੋਵੇ।


2-12-73

ਤੁਹਾਡਾ ਆਪਣਾ ਆਤਮਾ, ਦੂਧੀਆ ਰੂਪ ਦਾ ਨੂਰ, ਜ਼ਿੰਦਗੀ ਦਾ ਤੱਤ ਵਾਹਿਗੁਰੂ ਹੈ, ਤੁਹਾਡੇ ਵਿਚ ਐਉਂ ਸਮਾਇਆ ਹੋਇਆ ਹੈ, ਜਿਵੇਂ ਗੁੜ ਆਟੇ ਵਿਚ ਪਾਣੀ, ਪਰੰਤੂ ਹੈਡਕੁਆਟਰ, ਦਸਵੇਂ ਦੁਆਰ ਦਿਮਾਗ ਵਿਚ ਹੈ, ਇਸ ਦੀ ਚਮਕ ਮਾਂਦ ਪਈ ਹੋਈ ਹੈ, ਕਿਉਂਕਿ ਇਸ ਦ ਗਿਰਦ ਹਉਮੈ, ਦੁਬਿਧਾ, ਤ੍ਰਿਸ਼ਨਾ, ਕਾਮ, ਕਰੋਧ, ਲੋਭ, ਮੋਹ, ਹੰਕਾਰ, ਨਿੰਦਾ ਝੂਠ, ਪਖੰਡ ਕੁਟਿਲਤਾ, ਬੇਇਨਸਾਫੀ ਅਤੇ ਨਿਰਦੈਤਾ ਦੀ ਧੂਲ ਦਾ ਬਦਲ ਮੰਦ ਖਿਆਲਾਂ ਦੇ ਰੂਪ ਵਿਚ ਛਾਇਆ ਹੋਇਆ ਹੈ, ਜਦ ਤਕ ਮੰਦ ਖਿਆਲਾਂ ਦੀ ਧੂਲ ਦੂਰ ਨਹੀਂ ਹੋਵੇਗੀ ਤਦ ਤਕ ਤੁਹਾਨੂੰ ਆਪਣੇ ਆਪ ਦਾ ਪਤਾ ਹੀ ਨਹੀਂ ਲਗੇਗਾ, ਨਾਹੀ ਤਸੀਂ ਮਹਿਸੂਸ ਕਰ ਸਕਦੇ ਹੋ ਕਿ ਤੁਸੀਂ ਪਰਮਾਤਮਾ ਹੋ ਤੇ ਨ ਬਣ ਸਕਦੇ ਹੋ, ਉਸ ਸੂਰਤ ਵਿਚ ਰਬ ਦਾ ਪਾਉਣਾ ਮਿਲਾਪ, ਯਾ ਦਰਸ਼ਨ ਸੰਭਵ ਹੀ ਨਹੀਂ ਹਨ ।

ਤੁਸੀਂ ਮੂਲ ਰੂਪ ਵਿਚ ਰੱਬ ਹੋਂਣ ਕਰਕੇ, ਜਿਸ ਵੀ ਖਿਆਲ ਮਗਰ ਪੈਂਦੇ ਹੋ, ਉਸ ਦਾ ਰੂਪ ਧਾਰਨ ਕਰ ਲੈਂਦੇ ਹੋ, ਇਹੋ ਕਾਰਨ ਹੈ ਤੁਹਾਡੀ ਆਵਾਜਾਈ ਦਾ, ਤੇ ਜੂਨਾਂ ਵਿਚ ਭਟਕਦੇ ਫਿਰਨ ਦਾ ।

ਮਾਇਆ ਦੇ ਖਿਆਲਾ ਤੋਂ ਇਥੋਂ ਤਕ ਨਿਰਲੇਪਤਾ ਧਾਰਨ ਕਰਨੀ ਕਿ ਸਰੀਰ ਵੀ ਵਾਧੂ ਭਾਰ ਜਾਪੇ ਹਵਾ, ਪਾਣੀ ਮਿੱਟੀ ਆਦਿ ਦੀ ਮੁਥਾਜੀ ਵੀ ਨ ਸੁਖਾਵੇ, ਤਦ ਤੁਸੀਂ ਨਿਰਗੁਣ ਦੇ ਨਿਰਗੁਣ ਭਾਵ ਨਿਰ ਅਕਾਰ ਦੇ ਨਿਰੰਕਾਰ ਹੀ ਰਹਿ ਸਕੋਗੇ, ਤੇ ਸਦੀਵੀ ਹਸਤੀ ਦਾ ਸੁਖ ਦਾ ਅਨੰਦ ਮਾਣ ਸਕੋਗੇ, ਉਹ ਹੈ ਵਾਹਿਗੁਰੂ ਦਾ ਰੂਪ, ਗੁਰਮੁਖ ਨਾਨਕ ਦਾ ਰੂਪ ਪਰਮ-ਜੋਤਿ ਪਰਮਾਤਮਾ ਦਾ ਰੂਪ ।

ਜੀਵ ਦੀ ਜ਼ਿੰਦਗੀ ਦਾ ਟੀਚਾ ਤੇ ਮਨੋਰਥ, ਭਾਵ ਤੁਹਾਡਾ ਤੇ ਮਰਾ ਮੰਜ਼ਲੇ ਮਕਸੂਦ ਆਤਮ ਤੱਤ ਰੂਪ ਵਿਚ ਹੀ ਬਦਲ ਕੇ ਰਹਿ ਜਾਣਾ, ਆਪਣੀ ਸਦੀਵੀ ਹਸਤੀ ਦੀ ਯਾਦ ਨਾਮ ਵਾਹਿਗੁਰੂ ਫੜਕੇ ਜਪਣ, ਸਿਮਰਨ ਨਾਲ ਅਤੇ ਗੁਰਬਾਣੀ ਤੋਂ ਉਹਦੇ ਵਿਚਾਰ ਪੜ੍ਹ ਕੇ, ਸਤਿ, ਸੰਤੋਖ,




ਦਯਾ, ਧਰਮ, ਧੀਰਜ, ਨੇਕੀ, ਸਚਾਈ, ਨਿਮਰਤਾ, ਸਾਫਗੋਈ, ਇਮਾਨਦਾਰੀ, ਸੁਕ੍ਰਿਤ, ਸੇਵਾ ਅਤੇ ਕੁਰਬਾਨੀ ਦੇ ਗੁਣ ਅਪਨਾ ਕੇ ਆਪਣੇ ਜੀਵਨ ਤੱਤ ਨੂੰ ਜਾ ਮਿਲਣਾ, ਗੁਰਮੁਖ ਗੁਰੂ ਨਾਨਕ ਸਾਹਿਬ ਨੂੰ ਜਾ ਮਿਲਣਾ। ਉਹੋ ਰੂਪ ਹੋ ਜਾਣਾ ਸੰਭਵ ਹੈ ਅਤੇ ਬੜੀ ਦੁਨੀਆਂ ਆਵਾਜਾਈ ਤੋਂ ਖਹਿੜਾ ਛੁਡਾ ਹਵਾ, ਪਾਣੀ, ਮਿਟੀ ਆਦਿ ਦੀ ਮੁਥਾਜੀ ਤੋਂ ਆਜ਼ਾਦ ਹੋਈ ਮੁੜ ਵਾਹਿਗੁਰੂ ਦੇ ਵਾਹਿਗੁਰੂ ਹੀ ਬਣੀ ਜਾ ਰਹੀ ਹੈ। ਵੀਰ ਜੀ ਤੁਸੀਂ ਵੀ ਵਤੱਰ ਵਾਹ ਲਉ ਤੇ ਕਿਸੇ ਤੋਂ ਪਿਛੇ ਨ ਰਹਿ ਜਾਣਾ।

ਇਹ ਜੇ ਖੂਬੀਆਂ ਤੁਹਾਡੇ ਜੀਵਨ ਦੀਆਂ।

ਪੰ. 1142 ਭੈਰਉ ਮਹਲਾ 5

ਸਤਿਗੁਰੁ ਮੇਰਾ ਬੇਮੁਹਤਾਜੁ ।
ਸਤਿਗੁਰ ਮੇਰੇ ਸਚਾ ਸਾਜੁ ।
ਸਤਿਗੁਰੁ ਮੇਰਾ ਸਭਸ ਕਾ ਦਾਤਾ ।
ਸਤਿਗੁਰੁ ਮੇਰਾ ਪੁਰਖੁ ਬਿਧਾਤਾ ।
ਗੁਰ ਜੈਸਾ ਨਾਹੀ ਕੋ ਦੇਵ,
ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ। (ਰਹਾਉ)
ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ।
ਸਤਿਗੁਰ ਮੇਰਾ ਮਾਰਿ ਜੀਵਾਲੈ।
ਸਤਿਗੁਰ ਮੇਰੇ ਕੀ ਵਡਿਆਈ ।
ਪ੍ਰਗਟੁ ਭਇਆ ਹੈ ਸਭਨੀ ਥਾਈ।
ਸਤਿਗੁਰੁ ਮੇਰਾ ਤਾਣੁ ਨਿਤਾਣੁ।
ਸਤਿਗੁਰੁ ਮੇਰਾ ਘਰਿ ਦੀਬਾਣੁ।
ਸਤਿਗੁਰ ਕੈ ਹਉ ਸਦ ਬਲਿ ਜਾਇਆ।
ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ।
ਜਿਨਿ ਗੁਰੁ ਸੇਵਿਆ ਤਿਸੁ ਭਉ ਨ ਬਿਆਪੈ।
ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ ।
ਨਾਨਕ ਸੋਧੇ ਸਿਮ੍ਰਿਤਿ ਬੇਦ।
ਪਾਰਬ੍ਰਹਮ ਗੁਰ ਨਾਹੀ ਭੇਦ।

107 ਤੋਂ 110

H

EMPTY

110

# ਆਤਮ ਤੱਤ

11.12.73

ਐ ਮੇਰੇ ਆਤਮਾ ਤੇਰੀ ਇਹ ਡੈਫੀਨੇਸ਼ਨ ਹੈ ਤੇਰਾ ਇਹ ਰੂਪ ਹੈ ।

ੴ

ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪਰਸਾਦਿ ॥

ਇਸ ਉਪਰਲੇ ਸਰੂਪ ਦੀ ਗਵਾਹੀ ਤੇ ਸਚਾਈ ਦੀ ਦ੍ਰਿੜਤਾ ਆ ਤੈਨੂੰ ਅਤਿਅੰਤ ਮਹਾਪੁਰਖ, ਇਥੇ ਤਕ ਕਿ ਜਿਹੜਾ ਆਪ ਵਾਹਿਗੁਰੂ ਹੈ, ਉਸਦੇ ਪਾਸੋਂ ਦਿਵਾਈਏ, ਕਹਿੰਦੇ ਹਨ ।

ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ, ਗੁਆਹੀਆਂ ਤਾਂ ਮੇਰੇ ਪਾਸ ਹਜ਼ਾਰਾਂ ਹਨ ਪਰੰਤੂ ਤੇਰਾ ਸੁਭਾ ਸ਼ਕੀ ਹੋਣ ਕਰਕੇ ਮੈਂ ਤੈਨੂੰ ਵਾਹਿਗੁਰੂ ਦੀ ਗਵਾਹੀ ਹੀ ਦਿਤੀ ਹੈ, ਏਦੂੰ ਉਤੇ ਹੋਰ ਅਥਾਰਟੀ ਨਹੀਂ, ਅਤੇ ਇਸ ਤੋਂ ਥਲੇ ਤੂੰ ਮੰਨਣ ਵਾਲਾ ਨਹੀਂ ਹੈਂ । ਇਸ ਲਈ ਅਗੋਂ ਆਉਣ ਵਾਲੇ ਸਬੂਤ ਸਭ ਇਹਨਾਂ ਮਹਾਂਪੁਰਖਾਂ ਦੇ ਹੋਣਗੇ ਯਾ ਜਿਹੜੇ ਇਹਨਾਂ ਨੇ ਪਰਵਾਣ ਕੀਤੇ ਹਨ, ਉਹਨਾਂ ਮਹਾਂਪੁਰਖਾਂ ਦੇ ਹੋਣਗੇ, ਵਿਸ਼ਵਾਸ ਕਰ, ਆਤਮਾਂ ਤੂੰ ਵਾਹਿਗੁਰੂ ਹੀ ਹੈ, ਉਪਰਲਾ ਰੂਪ ਤੇਰਾ ਹੀ ਹੈ, ਪਰੰਤੂ ਤੂੰ ਕਹਿੰਦਾ ਹੈ ਕਿ ਜੇ ਮੈਂ ਵਾਹਿਗੁਰੂ ਹਾਂ ਤਾਂ ਫਿਰ ਮੈਂ ਸਰਬ ਸ਼ਕਤੀਮਾਨ ਕਿਉਂ ਨਹੀਂ ਮੇਰੀ ਇਛਾ ਹੀ ਦੁਨੀਆਂ ਤੇ ਕਿਉਂ ਨਹੀਂ ਹੁੰਦੀ, ਰਾਤੋ ਰਾਤ ਸਭ ਕੁਝ ਢਾਹ ਕੇ ਨਿਰਕਲੰਕ ਦਾ ਰਾਜ ਅਸਥਾਪਨ ਕਿਉਂ ਨਹੀਂ ਕੀਤਾ ਜਾਂਦਾ ਜਿਸਦੀ ਰੂਪ ਰੇਖਾ ਰਾਮ, ਰਬ, ਖਾਲਸਾ ਰਾਜ ਵਿਚ ਵਰਣਨ ਹੈ, ਇਸ ਗਲ ਦਾ ਜਵਾਬ ਮੇਰੇ ਪਾਸ ਇਹ ਹੈ, ਕਿ ਆਦਮੀ ਜੰਮਦਿਆਂ ਸਾਰ ਹੀ ਘੋੜੇ

ਨਹੀਂ ਭਜੌਣ ਲਗ ਜਾਂਦਾ, ਬਹਿਣਾ ਸਿਖਦਾ ਹੈ, ਰਿੜਦਾ ਹੈ, ਤੁਰਦਾ ਹੈ, ਭਜਦਾ ਹੈ, ਜਵਾਨ ਹੁੰਦਾ ਹੈ ਤਾਂ ਸ਼ਾਹ ਸਵਾਰ ਬਣਦਾ ਹੈ, ਤੂੰ ਲਾ ਪਾ ਕੇ ਮਹਸੇ ਮਹਸੇ ਅਜੇ ਵਾਹਿਗੁਰੂ ਦੇ ਘਰ ਜੰਮਿਆ ਹੀ ਹੈ. ਦੁਨੀਆਂ ਅਜੇ ਹੀ ਪਲਟਣੀ ਚਾਹੁੰਦਾ ਹੈ. ਕੁਝ ਸਬਰ ਕਰ, ਕੁਝ ਸਿਖ, ਕੁਝ ਆਪਣੇ ਵਿਚ ਵਾਹਿਗੁਰੂ ਪੁਣੇ ਦੀਆਂ ਖਸਲਤਾਂ ਪੈਦਾ ਕਰ, ਬਚਿਆਂ ਵਾਂਗ ਮਿਟੀ ਦੇ ਘਰੌਂਡੇ ਤੇ ਨਹੀਂ ਢਾਉਣੇ ਬਨਾਉਣੇ, ਪਕੇ ਪੀਡੇ ਦੁਨੀਆਂ ਦੇ ਖਿਆਲ ਬਦਲਣੇ ਹਨ, ਦੁਨੀਆਂ ਬਦਲਣੀ ਹੈ, ਜਿਡਾ ਵਡਾ ਕੰਮ ਹੈ ਸਾਹਮਣੇ, ਉਹਦੇ ਲਈ ਉਡਾ ਵਡਾ ਤਿਆਰਾ ਵੀ ਤੇ ਹੋਣਾ ਚਾਹੀਦਾ ਹੈ, ਇਸ ਲਈ ਆ ਪਹਿਲਾਂ ਵਾਹਿਗੁਰੂ ਦੇ, ਆਤਮਾ ਦੇ, ਭਾਵ ਤੇਰੇ ਗੁਣਾਂ ਦਾ ਵੇਰਵਾ ਤੈਨੂੰ ਸਮਝਾ ਲਈਏ, ਤੈਨੂੰ ਅਜੇ ਆਪਣੇ ਆਪ ਦਾ ਹੀ ਪੂਰਾ ਪਤਾ ਨਹੀਂ, ਅਗਾਂਹ ਤੂੰ ਕੀ ਪੂਰੀਆਂ ਪਾਵੇਂਗਾ ਇਸ ਲਈ ਆ ਇਕ ਪਾਠ ਕਰੀਏ, ਇਸ ਨਾਲ ਤੈਨੂੰ ਤੇਰਾ ਪਤਾ ਲਗੂ, ਤੈਨੂੰ ਆਪਣੇ ਆਪ ਦੀ ਸੋਝੀ ਆਵੇਗੀ, ਕਰ ਯਾਦ ਆਪਣੇ ਆਪ ਨੂੰ ਆਤਮ ਤੱਤ ਨੂੰ ਬੋਲ ਵਾਹਿਗੁਰੂ.........

ਪੰਨਾ 8. ਸੋ ਦਰ ਤੇਰਾ ਕੇਹਾ ਸੋ ਘਰ ਕੇਹਾ ਜਿਤੁ ਬਹਿ ਸਰਬ ਸਮਾਲੇ ।

ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ।
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ।
ਗਾਵਨਿ ਤੁਧਨੋ ਪਵਣ ਪਾਨੀ ਬੈਸੰਤਰ ਗਾਵੈ ਰਾਜਾ ਧਰਮ ਦੁਆਰੇ ।
ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮ ਬੀਚਾਰੇ ।
ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ।
ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣ ਬੈਠੇ ਦੇਵਤਿਆਂ ਦਰਿ ਨਾਲੇ ।
ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ।
ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ।
ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ, ਜੁਗੁ ਜੁਗੁ ਵੇਦਾ ਨਾਲੇ ।
ਗਾਵਨ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ।
ਗਾਵਨ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ।
ਗਾਵਨ ਤੁਧਨੋ ਜੋਧ ਮਹਾਬਲਸੂਰਾ ਗਾਵਨਿ ਤੁਧਨੋ ਖਾਣੀ ਚਾਰੇ ।
ਗਾਵਨ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ।

ਸੋਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ।

ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕ ਕਿਆ ਬੀਚਾਰੇ ।

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ।

ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ।

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ।

ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸਦੀ ਵਡਿਆਈ ।

ਜੋ ਤਿਸਿ ਭਾਵੈ ਸੋਈ ਕਰਸੀ ਫਿਰਿ ਹੁਕਮ ਨ ਕਰਣਾ ਜਾਈ ।

ਸੋ ਪਾਤਿਸਾਹੁ ਸਾਹਾ ਪਤਿ ਸਾਹਬ ਨਾਨਕ ਰਹਣ ਰਜਾਈ ।

ਪੰਨਾ 11 ਤੂੰ ਆਦਿ ਪੁਰਖ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ

ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ।

ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ।

ਤੁਧੁ ਆਪੇ ਸ੍ਰਿਸਟਿ ਉਪਾਈ ਜੀ ਤੁਧੁ ਆਪੇ ਸਿਰਿਜਿ ਸਭ ਗੋਈ ।

ਜਨ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ ।

ਪੰਨਾ 15 ਨਿਰਮਲ਼ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ ।

ਪੰਨਾ 25 ਜਹ ਕਰਣੀ ਤਹ ਪੂਰੀ ਮਤਿ ਕਰਣੀ ਬਾਝਹੁ ਘਟੇ ਘਟਿ ।

ਪੰਨਾ 30 ਜੇਹਾ ਸਤਿਗੁਰ ਕਰਿ ਜਾਣਿਆ ਤੇਹੋ ਜੇਹਾ ਸੁਖ ਹੋਇ ।

ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨ ਕੋਇ ।

ਨਾਨਕ ਏਕ ਜੋਤਿ ਦੋਇ ਮੂਰਤੀ ਸਬਦਿ ਮਿਲਾਵਾ ਹੋਇ ।

ਪੰਨਾ 34 ਜਿਨੀ ਪੁਰਖੀ ਸਤਗੁਰ ਨ ਸੇਵਿਓ ਸੇ ਦੁਖੀਏ ਜੁਗ ਚਾਰਿ ।

ਘਰਿ ਹੋਦਾ ਪੁਰਖੁ ਨ ਪਛਾਣਿਆ ਅਭਿਮਾਨ ਮੁਠੇ ਅਹੰਕਾਰਿ ।

ਪੰਨਾ 34 ਸਤਿਗੁਰ ਦਾ ਭਾਣਾ ਮਨਿ ਲਈ ਵਿਚਹੁ ਆਪੁ ਗਵਾਇ ।

ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ।

ਪੰਨਾ 38 ਧਰਮਰਾਇ ਨੋ ਹੁਕਮੁ ਹੈ ਬਹਿ ਸਚਾ ਧਰਮ ਬੀਚਾਰਿ ।

ਦੂਜੈ ਭਇ ਦੁਸ਼ਟੁ ਆਤਮਾ ਓਹ ਤੇਰੀ ਸਰਕਾਰ ।

ਪੰਨਾ 60 ਸਹ ਆਪ ਪਛਾਣਿਆ ਸਬਦਿ ਭੇਦਿ ਪਤੀਆਇ ।
ਗੁਰਮੁਖਿ ਆਪੁ ਪਛਾਣੀਐ ਅਵਰ ਕਿ ਕਰੇ ਕਰਾਇ ।

ਪੰਨਾ 88 ਦੂਜੈ ਭਾਇ ਅਗਿਆਨੀ ਪੂਜਦੇ ਦਰਗਹ ਮਿਲੈ ਸਜਾਇ ।
ਆਤਮ ਦੇਉ ਪੂਜੀਐ ਬਿਨ ਸਤਿਗੁਰ ਬੂਝ ਨ ਪਾਇ ।

ਪੰਨਾ 89 ਨਾਨਕ ਨਾਮੁ ਅਰਾਧਿ ਸਭਨਾ ਤੇ ਵਡਾ ਸਭਿ ਨਾਵੈ ਅਗੈ ਆਣਿ ਨਿਵਾਏ ।

ਪੰਨਾ 90 ਕਾੜ੍ਹਾ ਅੰਦੇਸਾ ਕਿਉ ਕੀਜੈ ਜਾ ਨਾਹੀ ਅਧਰਮਿ ਮਾਰਦਾ ।

ਪੰਨਾ 124 ਸਰੀਰਹੁ ਭਾਲਣਿ ਕੋ ਬਾਹਰਿ ਜਾਏ ।
ਨਾਮੁ ਨ ਲਹੈ ਬਹੁਤ ਵੇਗਾਰਿ ਦੁਖੁ ਪਾਏ ।

ਪੰਨਾ 133 ਨਾਨਕ ਰਤਾ ਸਚਿ ਨਾਇ ਹਰਿ ਵੇਖੈ ਸਦਾ ਹਜੂਰੇ ।

ਪੰਨਾ 136 ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ ।

ਪੰਨਾ 137 ਜਿਸੁ ਮਨਿ ਵਸੈ ਨਰਾਇਣੋ ਸੋ ਕਹੀਐ ਭਗਵੰਤ ।

ਪੰਨਾ 144 ਸੀਹਾ ਬਾਜਾ ਚਰਗਾਂ ਕੁਹੀਆ ਏਨਾ ਖਵਾਲੇ ਘਾਹ ।
ਘਾਹ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ।
ਨਦੀਆਂ ਵਿਚ ਟਿਬੇ ਦੇਖਾਲੇ ਥਲੀ ਕਰੇ ਅਸਗਾਹ ।
ਕੀੜਾ ਥਾਪਿ ਦੇਇ ਪਾਤਸਾਹੀ ਲਸਕਰ ਕਰੇ ਸੁਆਹ ।
ਜੇਤੇ ਜੀਅ ਜੀਵਹਿ ਲੈ ਸਾਹਾ ਸਾਹਾ ਜੀਵਾਲੇ ਤਾ ਕਿ ਅਸਾਹ ।
ਨਾਨਕ ਜਿਉ ਜਿਉ ਸਚ ਭਾਵੈ ਤਿਓ ਤਿਉ ਦੇਇ ਗਿਰਾਹ ।

ਪੰਨਾ 159 ਸਚੀ ਭਗਤਿ ਵਿਚਹੁ ਆਪੁ ਖੋਇ ।

ਪੰਨਾ 184 ਸੋਈ ਪਛਾਤਾ ਜਿਹਿਨ ਉਪਾਇਆ ।
ਕਰੀ ਕ੍ਰਿਪਾ ਪ੍ਰਭ ਆਪਿ ਮਿਲਾਇਆ ।

ਪੰਨਾ 185 ਉਧਰਹਿ ਆਪਿ ਤਰੇ ਸੰਸਾਰ ।
ਰਾਮੁ ਨਾਮ ਜਪਿ ਏਕੰਕਾਰ ।
ਆਪਿ ਕਮਾਉ ਅਵਰਾ ਉਪਦੇਸ ।
ਰਾਮ ਨਾਮ ਹਿਰਦੈ ਪਰਵੇਸ਼ ।

ਪੰਨਾ 186 ਖਾਵਹਿ ਖਰਚਹਿ ਰਲਿ ਮਿਲਿ ਭਾਈ ।
ਤੋਟਿ ਨ ਆਵੈ ਵਧਦੋ ਜਾਈ।
ਕਹੁ ਨਾਨਕ ਜਿਨਿ ਮਸਤਕਿ ਲੇਖੁ ਲਿਖਾਇ ।
ਸੁ ਏਤੁ ਖਜਾਨੈ ਲਇਆ ਰਲਾਇ ।

ਪੰਨਾ 188 ਜਾਕੈ ਅਚਿੰਤ ਵਸੈ ਮਨਿ ਆਇ ।
ਤਾ ਕਉ ਚਿੰਤਾ ਕਤ ਹੁ ਨਾਹਿ ।
ਜਾਕੈ ਬਿਨਸਿਓ ਮਨ ਤੇ ਭਰਮਾ ।
ਤਾਕੈ ਕਛੂ ਨਾਹੀ ਡਰ ਜਮਾ ।
ਜਾਕੈ ਹਿਰਦੈ ਦੀਓ ਗੁਰਿ ਨਾਮਾ ।
ਕਹੁ ਨਾਨਕ ਤਾਕੈ ਸਗਲ ਨਿਧਾਨਾ ।
ਅਗਮ ਰੂਪ ਕਾ ਮਨ ਮਹਿ ਥਾਨਾ ।
ਗੁਰ ਪਰਸਾਦਿ ਕਿਨੈ ਵਿਰਲੈ ਜਾਨਾ ।
ਸਹਜ ਕਥਾ ਕੇ ਅੰਮ੍ਰਿਤ ਕੁੰਟਾ ।
ਜਿਸਹਿ ਪਰਾਪਤਿ ਤਿਸ ਲੈ ਭੁੰਚਾ ।
ਅਨਹਤ ਬਾਣੀ ਥਾਨੁ ਨਿਰਾਲਾ।
ਤਾਕੀ ਧੁਨਿ ਮੋਹੇ ਗੋਪਾਲਾ ।
ਤਹ ਸਹਜ ਅਖਾਰੇ ਅਨੇਕ ਅਨੰਤਾ ।
ਪਾਰ ਬ੍ਰਹਮ ਕੇ ਸੰਗੀ ਸੰਤਾ ।
ਹਰਖ ਅਨੰਤ ਸੋਗ ਨਹੀ ਬੀਆ ।
ਸੋ ਘਰੁ ਗੁਰਿ ਨਾਨਕ ਕਉ ਦੀਆ ।

ਪੰਨਾ 192 ਬਿਨ ਭਗਵੰਤ ਨਾਹੀ ਆਨ ਕੋਇ ।
ਮਾਰੈ ਰਾਖੈ ਏਕੋ ਸੋਇ ।
ਤੁਝ ਬਿਨ ਪਾਰਬ੍ਰਹਮ ਨਹੀ ਕੋਇ ।
ਤੁਮਰੀ ਕਿਰਪਾ ਤੇ ਸਦਾ ਸੁਖੁ ਹੋਇ ।

ਪੰਨਾ 199 ਜੀਵਤ ਛਾਡਿ ਜਾਹਿ ਦੇਵਾਨੇ ਮੁਇਆ ਉਨਤੇ ਕੋ ਵਰਸਾਨੇ
ਕਬਰਾਂ ਤੇ ਮੁਰਦੇ ਨ ਪੂਜਦੇ ਫਿਰੋ ।

ਪੰਨਾ 211 ਰਾਜ ਜੋਬਨ ਪ੍ਰਭ ਤੂੰ ਧਨੀ ਤੂੰ ਨਿਰਗੁਣ ਤੂੰ ਸਰਗੁਣੀ
ਈਹਾ ਊਹਾ ਤੁਮ ਰਖੇ ਗੁਰ ਕਿਰਪਾ ਤੇ ਕੋ ਲਖੇ ।

ਪੰਨਾ 224 ਜੈਸਾ ਸੇਵੈ ਤੈਸੋ ਹੋਇ ।

ਪੰਨਾ 249 ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰੁ ਮਿਲਿਆ ।

ਪੰਨਾ 259 ਹਰਿ ਅਉਖਧੁ ਸਭ ਘਟ ਹੈ ਭਾਈ ਗੁਰ ਪੂਰੇ ਬਿਨ ਬਿਧਿ ਨ ਬਨਾਈ ।

ਪੰਨਾ 273 ਨਾਨਕ ਬ੍ਰਹਮ ਗਿਆਨੀ ਆਪ ਪਰਮੇਸਰ ।

ਪੰਨਾ 281 ਗੁਰਪ੍ਰਸਾਦਿ ਆਪਨ ਆਪੁ ਸੁਝੈ ਤਿਸਕੀ ਜਾਨਹੁ ਤ੍ਰਿਸ਼ਨਾ ਬੁਝੈ ।

ਪੰਨਾ 309 ਇਹ ਸਰੀਰੁ ਸਭੁ ਧਰਮ ਹੈ ਜਿਸ ਅੰਦਰਿ ਸਚੇ ਕੀ ਵਿਚਿ ਜੋਤਿ ।

ਪੰਨਾ 349 ਜਾ ਤੂੰ ਕਰਣਹਾਰ ਕਰਤਾਰ, ਕਿਆ ਮੁਹਤਾਜੀ ਕਿਆ ਸੰਸਾਰ ।

ਪੰਨਾ 390 ਕਛੂ ਨ ਥੋਰਾ ਹਰਿ ਭਗਵਨ ਕਉ, ਖਾਤ ਖਰਚਤ ਬਿਲਛਤ ਦੇਵਨ ਕਉ ।

ਪੰਨਾ 391 ਨਾਂ ਓਹ ਮਰਤਾ ਨਾਂ ਹਮ ਡਰਿਆ ।
ਨਾਂ ਓਹ ਬਿਨਸੈ ਨਾਂ ਹਮ ਕੜਿਆ ।
ਨਾਂ ਓਹ ਨਿਰਧਨੁ ਨਾਂ ਹਮ ਭੂਖੇ ।
ਨਾਂ ਓਸ ਦੂਖੁ ਨਾਂ ਹਮ ਕਉ ਦੂਖੇ ।
ਹਮ ਕਿਛ ਨਾਹੀ ਏਕੈ ਓਹੀ ।
ਆਗੈ ਪਾਛੈ ਏਕੋ ਸੋਈ ।
ਨਾਨਕ ਗੁਰਿ ਖੋਇ ਭ੍ਰਮ ਭੰਗਾ ।
ਹਮ ਓਇ ਮਿਲਿ ਹੋਏ ਇਕ ਰੰਗਾ ।

ਪੰਨਾ 397 ਬੇਦ ਕਤੇਬ ਸੰਸਾਰ ਹਭਾਹੂ ਬਾਹਰਾ ।
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ।

ਪੰਨਾ 401 ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸ ਚੀਤਿ ਨ ਆਵੈ ।
ਤਿਸ ਜਮੁ ਨੇੜਿ ਨਾ ਆਵਈ ਜੋ ਹਰਿ ਪ੍ਰਭਿ ਭਾਵੈ ।
ਪੁੰਨ ਦਾਨ ਜਪ ਤਪ ਜੇਤੇ ਸਭ ਊਪਰ ਨਾਮੁ ।
ਹਰਿ ਹਰਿ ਰਸਨਾਂ ਜੋ ਜਪੈ ਤਿਸੁ ਪੂਰਨ ਕਾਮੁ ।

ਪੰਨਾ 407 ਅਲਖੁ ਲਖਾਇਆ ਗੁਰ ਤੇ ਪਾਇਆ ਨਾਨਕ ਇਹੁ ਹਰਿਕਾ ਚੋਲਾ ।

ਪੰਨਾ 425 ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ।
ਗੁਰਪ੍ਰਸਾਦੀ ਪਾਈਐ ਅੰਤਰਿ ਕਪਟ ਖੁਲਾਈ ।

ਪੰਨਾ 425 ਘਰੁ ਦਰੁ ਛੋਡੇ ਆਪਣਾ ਪਰ ਘਰਿ ਝੂਠਾ ਜਾਈ ।
ਚੋਰੈ ਵਾਂਗੂ ਪਕੜੀਐ ਬਿਨੁ ਨਾਵੈ ਚੋਟਾ ਖਾਈ।

ਪੰਨਾ 429 ਸਬਦੋ ਹੀ ਭਗਤ ਜਾਪਦੇ ਜਿਨ੍ ਕੀ ਬਾਣੀ ਸਚੀ ਹੋਇ ।

ਪੰਨਾ 444 ਸਫਲੁ ਜਨਮੁ ਸਰੀਰ ਸਭੁ ਹੋਆ ਜਿਤੁ ਰਾਮ ਨਾਮੁ ਪਰਗਾਸਿਆ ।

ਪੰਨਾ 444 ਗੁਰੂ ਸਿਖੁ ਸਿਖੁ ਗੁਰੂ ਏਕੋ ਗੁਰੂ ਉਪਦੇਸੁ ਚਲਾਏ ।

ਪੰਨਾ 448 ਵਡਾ ਮੇਰਾ ਗੋਵਿੰਦ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰ ਜੀਉ
ਤਾਕੀ ਗਤਿ ਕਹੀ ਨ ਜਾਈ ਅਮਿਤਿ ਵਡਿਆਈ ਮੇਰਾ ਗੋਵਿਦੁ
ਅਲਖ ਅਪਾਰ ਜੀਉ ।

ਗੋਵਿੰਦੁ ਅਲਖ ਅਪਾਰੁ ਅਪਰੰਪਰੁ ਆਪੁ ਆਪਣਾ ਜਾਣੈ ।
ਕਿਆ ਏਹ ਜੰਤ ਵਿਚਾਰੇ ਕਹੀਅਹਿ ਜੋ ਤੁਧੁ ਆਖਿ ਵਖਾਣੈ ।
ਜਿਸਨੋ ਨਦਰਿ ਕਰਹਿ ਤੂੰ ਆਪਣੀ ਸੋ ਗੁਰਮੁਖਿ ਕਰੇ ਵੀਚਾਰੁ ਜੀਉ ।
ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨ ਨਿਰੰਕਾਰ ਜੀਉ ।

ਪੰਨਾ 453 ਅਨੰਦੋ ਅਨਦੁ ਘਣਾਂ ਮੈਂ ਸੋ ਪ੍ਰਭੁ ਡੀਠਾ ਰਾਮ ।
ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ ।
ਕਹੁ ਨਾਨਕ ਸਚੁ ਘਰ ਮਹਿ ਬੈਠਾ ਸੋਹੇ ਬੰਕ ਦੁਆਰੇ ।
ਨਵਨਿਧੇ ਨਉਨਿਧੇ ਮੇਰੇ ਘਰ ਮਹਿਆਈ ਰਾਮ ।
ਸਭ ਕਿਛ ਮੈ ਸਭ ਕਿਛ ਪਾਇਆ ਨਾਮ ਧਿਆਈ ਰਾਮ ।
ਕਹੁ ਨਾਨਕ ਪਿਰੁ ਮੇਰੈ ਸੰਗੇ ਤਾ ਮੈ ਨਵਨਿਧ ਪਾਈ ।

ਪੰਨਾ 468 ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ

ਪੰਨਾ 473 ਨਾਨਕ ਭੰਡੇ ਬਾਹਰਾ ਏਕੋ ਸਚਾ ਸੋਇ

ਪੰਨਾ 509 ਨਿਹਫਲੁ ਤਿਨਕਾ ਜੀਵਿਆ ਜਿ ਖਸਮ ਨ ਜਾਣਹਿ ਆਪਣਾ ਅਵਰੀ
ਕਉ ਚਿਤੁ ਲਾਇ

514 ਕਾਇਆ ਅੰਦਰਿ ਆਪਿ ਵਸਿ ਰਹਿਆ ਆਪ ਰਸ ਭੋਗੀ

560 ਹਉਮੈ ਸਭੁ ਸਰੀਰੁ ਹੈ ਹਉਮੈ ਉਪਤਿ ਹੋਇ

588 ਨਾਨਕ ਗੁਰਮੁਖਿ ਜਮੁ ਸੇਵਾ ਕਰੇ ਜਿਨ ਮਨਿ ਸਚਾ ਹੋਇ

592 ਕੁਲੁ ਉਧਾਰਹਿ ਆਪਣਾ ਮੋਖ ਪਦਵੀ ਆਪੇ ਪਾਹਿ

594 ਮਿਲਦਿਆਂ ਢਿਲ ਨਾ ਹੋਵਈ ਜੇ ਨਾਅਤ ਰਾਸਿ ਕਰੇ

594 ਹਰਿ ਬਿਨੁ ਕੋਇ ਮਾਰਿ ਜੀਵਾਲਿ ਨ ਸਕੈ ਮਨ ਹੋਇ ਨਚਿੰਦ ਨਿਸਲੁ ਹੋਇ ਰਹੀਐ

595 ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ
ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ

613 ਜੈਸੀ ਭੂਖ ਤੈਸੀ ਕਾ ਪੂਰਕ ਸਗਲ ਘਟਾ ਕਾ ਸੁਆਮੀ

601 ਆਤਮਾ ਪਰਮਾਤਮਾ ਏਕੋ ਕਰੈ ਅੰਤਰ ਕੀ ਦੁਬਿਧਾ ਅੰਤਰਿ ਮਰੈ

680 ਜਬ ਲਗੁ ਤੂਟੈ ਨਾਹੀ ਮਨ ਭਰਮਾ ਤਬ ਲਗੁ ਮੁਕਤ ਨ ਕੋਈ

693 ਮਾਇਆ ਨਾਮੁ ਗਰਬ ਜੋਨਿਕਾ ਤਿਹ ਤਜਿ ਦਰਸਨੁ ਪਾਵਉ ।

706 ਈਧਣੁ ਕੀਤੋਮੂ ਘਣਾ ਭੋਰੀ ਦਿਤੀਮੁ ਭਾਹਿ ।
ਮਨਿ ਵਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ ।

707 ਕੋਟਿ ਅਘਾ ਸਭਿ ਨਾਸ ਹੋਇ ਸਿਮਰਤ ਹਰਿ ਨਾਉ ।
ਮਨ ਚਿੰਦੇ ਫਲ ਪਾਈਆਹਿ ਹਰਿ ਕੇ ਗੁਣ ਗਾਉ ।

18-1-74 ਆਤਮਾ ਹੀ ਪਰਮਾਤਮਾ ਹੈ । ਆਤਮਰਾਮ ਨੂੰ ਪਰਸੰਨ ਰਖਣਾ, ਪ੍ਰਮਾਤਮਾ ਨੂੰ ਰਿਝਾਉਣਾ ਹੈ, ਪਰੰਤੂ ਇਸ ਪੜਾ ਤੋਂ ਰਾਹ ਦੋ ਹੋ ਜਾਂਦੇ ਹਨ । ਇਕ ਤੇ ਉਹ ਰਾਹ ਹੈ ਜਿਸ ਨੂੰ ਤਕਰੀਬਨ ਸਾਰੀ ਸਰਿਸ਼ਟੀ ਨੇ ਅਪਨਾ ਰਖਿਆ ਹੈ ਅਤੇ ਉਹ ਇਹ ਹੈ ਕਿ ਆਪਣੇ ਆਤਮਾ ਨੂੰ ਖੁਸ਼ ਰਖੋ ਭਾਵੇਂ ਕੁਝ ਵੀ ਕਿਉਂ ਨਾ ਕਰਨਾ ਪਵੇ । ਕੁਝ ਪੁੰਨ ਨਹੀਂ, ਕੋਈ ਪਾਪ ਨਹੀਂ, ਝੂਠ, ਹੇਰਾ ਫੇਰੀ, ਕੁਟਿਲਤਾ, ਠੱਗੀ, ਧੋਖਾ, ਧਰੋਹ,

ਚਲਾਕੀ ਗਰਜਿਕਿ ਹਰ ਬੁਰੇ ਤੋਂ ਬੁਰਾ ਹਰਬਾ ਜੋ ਕੁਝ ਵੀ ਵਰਤ ਸਕੋ ਵਰਤ ਲਉ, ਪਰੰਤੂ ਆਪਣੇ ਆਪ ਨੂੰ ਸੁਖੀ ਤੇ ਸਮਰਿਧ ਬਨਾਉ ਅਨੰਦ ਲੁਟੋ ਤੇ ਮੌਜਾਂ ਮਾਣੋਂ । ਬਲੈਕ, ਮਿਲਾਵਟ, ਸਮਗਲ, ਗਬਨ, ਲੁਟ ਘਸੁਟ ਸਭ ਵਰਤੋਂ ਵਿਚ ਲਿਆਉ । ਵਜ਼ੀਰੀਆਂ ਤੇ ਸਰਕਾਰੀ ਨੌਕਰੀਆਂ ਇਸ ਵਾਸਤੇ ਜ਼ਰੂਰੀ ਹਨ ਕਿ ਸਾਨੂੰ ਇੰਜ ਕਰਦਿਆਂ ਨੂੰ ਕੋਈ ਪੁਛੇ ਫੜੇ ਨ । ਵੇਖਣ ਨੂੰ ਤਾਂ ਕਾਨੂੰਨ ਚੰਗੇ ਘੜੇ ਹੋਏ ਹਨ ਪਰੰਤੂ ਵਰਤੋਂ ਬਿਲਕੁਲ ਉਲਟ । ਮੋਮ ਦੀ ਨਕ ਵਾਂਗ ਮਰੋੜ ਕੇ ਆਪਣ ਫਾਇਦੇ ਦੇ ਬਣਾ ਲੈਣੇ । ਕਹਿਣ ਨੂੰ ਜੰਤਾ ਦੇ ਸੇਵਕ, ਲੀਡਰ ਤੇ ਵਜ਼ੀਰ ਪਰੰਤੂ ਕੰਮ ਲੱਖਾਂ ਦੀਆਂ ਥੈਲੀਆਂ ਲੈਣ ਦੇ ਲਾਇਕ ਬਣਨਾ, ਪਾਰਟੀਆਂ ਤੇ ਕੁਣਬੇ ਨੂੰ ਜਿਤਾਉਣਾ ਤੇ ਫਾਇਦਾ ਪਹੁੰਚਾਉਣਾ । ਹਥ ਨੂੰ ਹਥ, ਤੂੰ ਮੈਨੂੰ ਫਾਇਦਾ ਦੇਹ ਤੇ ਮੇਥੋਂ ਲੈ, ਆਪ ਰਿਸ਼ਵਤ ਲੈਣੀ ਤੇ ਅਗੇ ਦੇਣੀ, ਹਰ ਹੀਲੇ ਬਹਾਨੇ ਆਪਣੇ ਵੈਰੀ ਨੂੰ ਕੁਚਲਣਾ, ਆਪ ਵੱਡੇ ਤੋਂ ਵੱਡੇ ਬਣਨਾ, ਰੰਨ ਧਨ ਦੇ ਖੁਬ ਮੌਜ ਮੇਲੇ ਕਰਨੇ, ਰਿਸ਼ਤੇਦਾਰੀਆਂ ਤੇ ਭਾਈਬੰਦੀਆਂ ਗੰਡਣੀਆਂ ਹਾਂ ਇਸ ਵਾਸਤੇ ਤੇ ਮਨੋਰਥ ਨਾਲ ਕਿ ਇਹਨਾ ਤੋਂ ਮੈਨੂੰ ਕੀ ਫਾਇਦਾ ਪਹੁੰਚ ਸਕਦਾ ਹੈ । ਗਰੀਬ ਨੂੰ ਬਕਰ ਵਾਂਗ ਕੋਹਣਾਂ, ਤਰਸ, ਹੈਯਾ ਤੇ ਦਯਾ ਦੇ ਨਾਮ ਇਹਨਾਂ ਦੀ ਡਿਕਸ਼ਨਰੀ ਵਿਚ ਉਕੇ ਹੀ ਨਹੀਂ ਹਨ । ਤਾਲੀਮ ਤੇ ਦਿਮਾਗ ਦੀ ਵਰਤੋਂ ਹੀ ਲੋਕਾਂ ਨੂੰ ਬਧੂ ਬਨਾਣ ਤੇ ਲੁਟਣ ਵਿਚ ਕਰਨੀ ਖਾ ਖਾ, ਕੇ ਗਲਿਆੜੀ ਜਾਣਾ, ਗਜ ਗਜ ਚੌੜੀ ਛਾਤੀ ਤੇ ਮੂੰਹ ਗਰੀਬਾਂ ਦੇ ਲਹੂ ਨਾਲ ਲਾਲ ਕਰਕੇ ਸਰਦਾਰ ਜੀ ਸਰਦਾਰ ਜੀ ਅਖਵਾਉਂਦੇ ਫਿਰਨਾ, ਇਹਨਾਂ ਲੋਕਾਂ ਦੀ ਸਹੀ ਤਸਵੀਰ ਹੈ । ਇਹ ਲੋਕੀਂ ਸਮਾਜ ਵਿਚ ਐਉਂ ਫਿਰਦੇ ਹਨ ਜਿਵੇਂ ਸਾਗਰ ਵਿਚ ਵੇਲ ਮੱਛੀ, ਕਈ ਪਸਤੌਲ ਬਰਦਾਰ, ਡਰਾਈਵਰ, ਨੌਕਰ ਚਾਕਰ, ਝੋਲੀ ਚੁਕ ਕੰਮਾਂ ਕਾਰਾਂ ਵਾਲੇ ਇਹਨਾਂ ਦੇ ਆਲੇ ਦੁਆਲੇ ਮੰਡਲਾਂ ਦੇ ਨਜ਼ਰ ਆਉਂਦੇ ਹਨ ਕਿ ਸੇਰ ਕੋਈ ਸ਼ਿਕਾਰ ਮਾਰੇ ਤੇ ਗਿਦੜਾਂ ਨੂੰ ਵੀ ਬੁਰਕੀ ਦਾ ਮੌਕਿਆ ਮਿਲ ਜਾਵੇ, ਦਸ ਦਸ ਹਜ਼ਾਰ ਰੁਪਿਆ ਇਹਨਾਂ ਦੀ ਇਕ

ਡੰਗ ਦੀ ਰੋਟੀ ਦਾ ਖਰਚ ਹੈ । ਸਮਾਜ ਦੇ ਸਾਰੇ ਚੌਧਰੀ ਇਸ ਸ਼ਰੇਣੀ ਵਿਚ ਆਉਂਦੇ ਹਨ ।

ਅੰਤ ਇਹਨਾਂ ਦਾ ਹਾਲ ਇਹੋ ਹੀ ਹੁੰਦਾ ਹੈ ਜਿਹੜਾ ਹੋਣਾ ਚਾਹੀਦਾ ਹੈ । ਕਮਾਈ ਅਤੇ ਹਿਸਾਬ ਇਹਨਾਂ ਦਾ, ਖਾਪੀ ਗਿੱਦੜ ਤੇ ਲੂੰਬੜ ਹੋਰੀਂ ਜਾਂਦੇ ਹਨ, ਭੁਗਤਾਨ ਜੁਗੋ ਜੁਗ ਇਹ ਕਟਦੇ ਫਿਰਦੇ ਹਨ, ਆਤਮਾਂ ਤੇ ਪਏ ਕੀਤੇ ਕੰਮ ਦੇ ਇਮਪਰੈਸ਼ਨ ਇਹਨਾਂ ਨੂੰ ਧੂਹ ਕੇ ਉਸੇ ਮਾਹੌਲ ਵਿਚ ਲਏ ਜਾਂਦੇ ਹਨ ਜਿਹੜੇ ਇਹਨਾਂ ਦੀਆਂ ਅਸਾਮੀਆਂ ਦੇ ਹੁੰਦੇ ਹਨ । ਫਿਰ ਇਹ ਕਿਸੇ ਕੋਲੋਂ ਬਕਰਾ ਬਣੇ ਆਪਾ ਕੁਹਾ ਰਹੇ ਹਨ । ਕਿਤੇ ਬੈਲ ਬਣੇ ਹਲ ਖਿਚ ਰਹੇ ਹਨ । ਕਿਤੇ ਘੋੜੇ ਦੇ ਰੂਪ ਵਿਚ ਤਾਂਗੇ ਤੇ ਰੇਹੜੇ ਅਗੇ ਜੁਤੇ ਹਨ । ਰਬ ਹੀ ਜਾਣੇ ਕਿਸ ਕਿਸ ਤਰ੍ਹਾਂ ਇਹ ਉਸ ਲੇਖੇ ਨੂੰ ਪੂਰਾ ਕਰਦੇ ਹਨ । ਲੱਪ ਲੱਪ ਦਾ ਗਲੇਡੂ ਇਹਨਾਂ ਦੀ ਅੱਖ ਵਿਚ ਹੁੰਦਾ ਹੈ ਤੇ ਉਮਰਾਂ ਭਰ ਦੇ ਰੋਣੇ ਗਲੇ ਪਏ ਹੁੰਦੇ ਹਨ. ਨ ਗੰਦੀ ਮਲੀਨ ਆਤਮਾ ਮਰੇ ਨਾਂ ਇਹਨਾਂ ਦਾਂ ਖੈਹੜਾ ਛੁਟੇ, ਲੂਲੇ, ਲੰਗੜੇ ਅੰਧੇ ਤੇ ਕਦੀਮੀ ਰੋਗੀਆਂ ਦੀ ਹਾਲਤ ਵਿਚ ਤੜਫਦੇ, ਨ ਮਰਦੇ ਨੇ ਜੀਉਂਦੇ ਦੀ ਹਾਲਤ ਵਿਚ ਅਨੇਕਾਂ ਜੀਵਨ ਬਤੀਤ ਕਰਦੇ ਹਨ । ਇਕ ਜਨਮ ਦਾ ਖਾਧਾ; ਕਈ ਜਨਮਾਂ ਦੀ ਤਕਲੀਫ ਨਾਲ ਨਿਬੇੜਨਾ ਪੈਂਦਾ ਹੈ । ਅਗੇ ਰੁਪਿਆ ਪੈਸਾ ਕਰੰਸੀ ਤਾਂ ਹੁੰਦੀ ਨਹੀਂ, ਸਭ ਸ਼ਰੀਰਕ ਪਰੀਸ਼ਰਮ ਰਾਹੀਂ ਨਿਬੇੜਨਾ ਪੈਂਦਾ ਹੈ । ਪਏ ਜਮਾ ਦੇ ਧਕੇ ਧੁਸੇ ਸਹਿੰਦੇ ਹਨ । ਰਬ ਬਚਾਏ ਇਹਨਾਂ ਦੀਆਂ ਪਾਰਟੀਆਂ ਤੇ ਦਾਹਵਤਾਂ ਤੋਂ ਖਾਂਦਿਆਂ ਨੂੰ ਵੇਖ ਕੇ ਤਾਂ ਇਕ ਵਾਰੀ ਜੀਭ ਲਲਚਾ ਆਉਂਦੀ ਹੈ ਪਰੰਤੂ ਕੁਟੀਦਿਆਂ ਤੇ ਰੋਂਦਿਆਂ ਨੂੰ ਕੋਈ ਦਿਭਦ੍ਰਿਸ਼ਟ ਅਖ ਹੀ ਵੇਖ ਸਕਦੀ ਹੈ ।

ਦੂਜਾ ਰਾਹ ਆਤਮਾ ਨੂੰ ਪਰਸੰਨ ਕਰਨ ਦਾ ਉਹ ਹੈ ਜਿਹੜਾ ਮਹਾਂਪੁਰਖਾਂ ਨੇ ਈਜਾਦ ਕੀਤਾ ਅਪਨਾਇਆ, ਪਰਚਾਰਿਆ ਤ ਫੈਲਾਇਆ ਉਹ ਇਹ ਰਾਹ ਹੈ ਕਿ ਆਪਣੇ ਆਪ ਨੂੰ ਪਛਾਣੋ, ਇਹ ਪਛਾਣ ਜਿਸ ਨੂੰ ਹੋ ਗਈ ਉਹ ਬਹੁਤ ਕੁਝ ਖਟ ਗਿਆ, ਉਹਨੂੰ ਆਪਣੇ

ਅਸਲੇ ਤੇ ਮੂਲ ਰੂਪ ਦਾ ਪਤਾ ਲਗ ਜਾਂਦਾ ਹੈ ਕਿ ਮੈਂ ਤਾਂ ਪਰਮਾਤਮਾਂ ਹਾਂ, ਤਥਾ ਪਰਮਾਤਮਾਂ ਬਣ ਕੇ ਰਹਿਣਾ ਮੇਰਾ ਧਰਮ ਹੈ, ਫੇਰ ਉਹ ਪਰਮਾਤਮਾ ਦੀਆਂ ਖੂਬੀਆਂ ਖਸਲਤਾਂ ਵੇਖਦਾ ਹੈ ਕਿ ਪਰਮਾਤਮਾ ਵਿਚ ਕੀ ਗੁਣ ਹੋਣੇ ਚਾਹੀਦੇ ਹਨ, ਤੇ ਉਹਣਾਂ ਗੁਣਾਂ ਨੂੰ ਆਪਣੇ ਵਿਚ ਧਾਰਦਾ ਹੈ ਉਹਨੂੰ ਪਤਾ ਲਗਦਾ ਹੈ ਕਿ ਹਉਮੈ, ਦੁਬਿਧਾ, ਤ੍ਰਿਸ਼ਨਾਂ, ਕਾਮ, ਕਰੋਧ, ਲੋਭ, ਮੋਹ, ਹੰਕਾਰ, ਝੂਠ ਠੱਗੀ, ਧੋਖਾ, ਧਰੋਹ, ਹੇਰਾ ਫੇਰੀ, ਕੁਟਿਲਤਾ ਆਦਿ ਛਡਣੀਆਂ ਉਚਿਤ ਹਨ ਕਿਉਂਕਿ ਇਨ੍ਹਾਂ ਦਾ ਪਰਮਾਤਮਾਂ ਵਿਚ ਨਾਮ ਨਿਸ਼ਾਨ ਵੀ ਨਹੀਂ ਸਗੋਂ ਇਹ ਮਾਇਆ ਦੀਆਂ ਖਸਲਤਾਂ ਹਨ ਪਰਮਾਤਮਾਂ ਦੀਆਂ ਨਹੀਂ ਅਤੇ ਇਸ ਦੇ ਉਲਟ ਸਤਿ, ਸੰਤੋਖ, ਦਯਾ, ਧਰਮ, ਧੀਰਜ, ਨੇਕੀ, ਸਚਾਈ, ਸਾਫਗੋਈ, ਈਮਾਨਦਾਰੀ, ਨਿਮਹਤਾ, ਸੁਕ੍ਰਿਤ, ਸੇਵਾ ਤੇ ਕੁਰਬਾਨੀ ਦੇ ਜਜ਼ਬੇ ਨੂੰ ਅਪਨਾਉਂਦਾ ਹੈ। ਦਮ ਬਦਮ ਆਪਣੇ ਅਸਲ ਰੂਪ ਨੂੰ ਯਾਦ ਕਰਦਾ ਤੇ ਚਿਤਾਰਦਾ ਰਹਿੰਦਾ ਹੈ, ਗੁਣ ਅਪਨਾਉਣ ਨਾਲ ਅਵਗੁਣਾਂ ਦੀ ਮੈਲ ਧੁਲ ਜਾਂਦੀ ਹੈ ਤੇ ਵਾਹਿਗੁਰੂ ਦੀ ਯਾਦ ਦਾ ਸਦਕਾ ਆਪਣੇ ਜੀਵਨ ਤੱਤ ਵਾਹਿਗੁਰੂ ਵਿਚ ਅਭੇਦ ਹੋ ਜਾਂਦਾ ਹੈ, ਦੁਨੀਆਂ ਉਤੇ ਜਦ ਤਕ ਜੀਉਂਦਾ ਹੈ ਖਾਣ ਪੀਣ ਤੇ ਹੋਰ ਕੰਮ ਕਾਰ ਸੁਤੇ ਸਿਧ ਦਰੁਸਤ ਦਰਮਿਆਨੇ ਤਬਕੇ ਦੇ ਆਦਮੀ ਵਰਗੇ ਚਲਦੇ ਰਹਿੰਦੇ ਹਨ, ਜੀਵਨ ਪਰਯੰਤ ਸੁਖ ਸ਼ਾਂਤੀ ਤੇ ਸਹਿਜ ਅਨੰਦ ਦੇ ਹੂਟੇ ਲੈਂਦਾ ਹੈ, ਆਪ ਤਰਦਾ ਹੈ ਤੇ ਸੈਂਕੜੇ ਹੋਰਨਾਂ ਨੂੰ ਤਾਰੀ ਜਾਂਦਾ ਹੈ, ਇਹੋ ਮਾਹਣੂ ਖਾਣਿਆਂ ਦੀ ਧਰਤੀ, ਉਹਦੇ ਲਈ ਰਬ ਦਾ ਰਾਜ ਬਣ ਜਾਂਦੀ ਹੈ, ਜਿਥੇ ਕੋਈ ਨ ਪਕੜੀਏ ਕਿਸੇ ਥਾਂਵੇ ਦਾ ਅਸੂਲ ਕੰਮ ਕਰਦਾ ਹੈ ਤੇ ਰਬੀ ਆਤਮਾ ਦੇ ਗੁਣਾਂ ਦਾ ਜਸ ਹਰ ਵੇਲੇ ਹੁੰਦਾ ਰਹਿੰਦਾ ਹੈ, ਪਵਿੱਤਰ ਆਤਮਾਵਾਂ ਨਾਲ ਸੁਸਾਇਟੀ ਹੁੰਦੀ ਹੈ, ਅਨੰਦ ਮਈ ਜ਼ਿੰਦਗੀ ਬਤੀਤ ਹੁੰਦੀ ਹੈ, ਇਹੋ ਜੀਵਨ ਦਾ ਸਹੀ ਸਚਾ ਤੇ ਦਰੁਸਤ ਰਾਹ ਹੈ ਅਤੇ ਇੰਜ ਹੀ ਜ਼ਿੰਦਗੀ ਬਤੀਤ ਕਰਨੀ ਚਾਹੀਦੀ ਹੈ, ਡੀਲ ਡਾਕਟਰ ਵੀ ਅਪਵਿਤਰ ਆਤਮਾ ਨੂੰ ਕਰਦਾ ਹੈ ਪਰੰਤੂ ਨਜ਼ਾਰਾ

ਘਿਰਣਾ ਯੋਗ ਹੁੰਦਾ ਹੈ ਪਰੋਫੈਸਰ ਵੀ ਗੰਦੀਆਂ ਆਤਮਾਵਾਂ ਨੂੰ ਪਵਿਤਰ ਤੇ ਸੁਧ ਕਰਦਾ ਹੈ ਪਰੰਤੂ ਵਾਤਾਵਰਨ ਖੁਸ਼ੀਆਂ ਤੇ ਚਾਵਾਂ ਭਰਿਆ, ਰਿਸ਼ਤਾ ਗੁਰੂ ਚੇਲੇ ਦਾ ਹੁੰਦਾ ਹੈ, ਇਸ ਲਈ ਆਪਣਾ ਪਰੋਫੈਸ਼ਨ ਵੀ ਆਪਣੀ ਆਤਮਾਂ ਦੇ ਅਨੁਕੂਲ ਬਣਦਾ ਹੈ ਤੇ ਬਣਾਇਆ ਕਰੋ ਉਹ ਕੰਮ ਕਰਨਾ ਜਿਹੜਾ ਅੰਤਰ ਆਤਮੇ ਪਸੰਦ ਕੀਤਾ ਜਾਵੇ Object ਕਿਤਨਾ ਵੀ ਪਵਿਤਰ ਕਿਉਂ ਨ ਹੋਵੇ ਜੇ Means ਗੰਦੇ ਹਨ ਤਾਂ ਗੰਦ ਤੇ ਹੀ ਅਪੜਿਆ ਜਾਵੇਗਾ ਪਵਿਤਰਤਾ ਤੇ ਨਹੀਂ ।

19-1-74 ਇਹ ਦੁਨੀਆਂ ਬੇਵਕੂਫ਼ਾਂ ਦਾ ਸਵਰਗ ਹੈ, ਮੂਰਖਾਂ ਦਾ ਰਾਜ ਹੈ ਸਿਆਣੇ ਬੁਕਲਾਂ ਵਿਚ ਮੂੰਹ ਪਾਈ ਬੈਠੇ ਹਨ, ਪਰੰਤੂ ਇਹ ਵਿਧੀ ਹੈ ਸੌ ਫੀ ਸਦੀ ਦਰੁਸਤ ਅਤੇ ਏਦਾਂ ਹੀ ਹੋਣਾ ਚਾਹੀਦਾ ਸੀ ਕਿਉਂਕਿ ਸਿਆਣਿਆਂ ਨੂੰ ਤਾਂ ਰਬ ਨੇ ਜੀਵਨ ਵਿਚੋਂ ਹੀ ਕਢਣਾ ਹੁੰਦਾ ਹੈ ਜੇ ਉਹਨਾਂ ਨੂੰ ਗਵਾਰਾਂ ਦੇ ਸਰਦਾਰ ਵਗਾਰੀ ਨ ਲਾਇਆ ਜਾਵੇ ਤਾਂ ਉਹ ਜੀਵਨ ਨੂੰ ਹੀ ਆਖਰੀ ਪੜਾ ਮੰਨ ਲੈਣ ਅਤੇ ਜੀਵਨ ਨੂੰ ਹੀ ਪਰਮਾਤਮਾ ਦਾ ਦਰਬਾਰ ਬਣਾ ਲੈਣ ਇਸ ਲਈ ਮੂਰਖਾਂ ਅਗੇ ਸਿਆਣਿਆਂ ਨੂੰ ਵਗਾਰੀ ਲਗੇ ਵਖ ਕੇ ਘਬਰਾ ਨਾ ਜਾਇਆ ਕਰੋ ਸਗੋਂ ਸੋਚਿਆ ਕਰੋ ਕਿ ਪਰਮਾਤਮਾ ਦਾ ਐਸਾ ਕਰਨ ਦਾ ਕੀ ਮਤਲਬ ਹੈ ਸਿਰਫ ਐਨੀ ਗਲ ਤੁਹਾਨੂੰ ਅਨੁਭਵ ਕਰਾਣੀ ਹੁੰਦੀ ਹੈ ਕਿ ਅਸਲੀ ਸਵਰਗ ਏਥੇ ਨਹੀਂ ਭਾਵੇਂ ਤੁਹਾਨੂੰ ਸਵਰਗ ਵਰਗਾ ਨਜ਼ਾਰਾ ਏਥੇ ਹੀ ਬਣਾ ਕੇ ਦਿਤਾ ਹੋਇਆ ਹੈ ਪਰੰਤੂ ਇਹ ਮਿਥਿਆ ਹੈ ਸਥਾਈ ਕਤਈ ਹਾਲਤ ਨਹੀਂ ਨਿਰਗੁਣ ਤ੍ਰੈਗੁਣ ਅਤੀਤ, ਹਰ ਪਰਕਾਰ ਦੀ ਮਾਇਆ ਤੋਂ ਉਪਰ ਹੈ ਉਹ ਬਣਦੀ ਹੀ ਮਰਨ ਮਗਰੋਂ ਹੈ ਤਾਹੀਓਂ ਤੇ ਮਹਾਂਪੁਰਖਾਂ ਨੇ ਕਿਹਾ ਹੈ ਮਰਨੇ ਹੀ ਤੇ ਪਾਈਏ ਪੂਰਨ ਪਰਮਾਨੰਦ, ਮੂਰਖ ਮਰਨੋਂ ਡਰਦੇ ਹਨ ਤੇ ਸਿਆਣੇ ਤਾਹਉਂ ਹਸ ਹਸ ਕੁਰਬਾਨੀਆਂ ਦਿੰਦੇ ਹਨ, ਕਿਉਂਕਿ ਆਪਣੇ ਅਸਲੀ ਰੂਪ ਵਿਚ ਵਟੀਜਣ ਲਈ ਇਹੋ ਆਖਰੀ ਹੰਭਲਾ ਹੈ, ਮੂਰਖ ਤੇ ਮਨ ਦੇ ਮਗਰ ਲਗੇ ਜੂਣਾਂ ਵਿਚ ਚਲੇ ਜਾਂਦੇ ਹਨ ਪਰੰਤੂ ਸਿਆਣੇ ਮਨ ਦੇ ਮਗਰ

ਲਗੇ ਆਤਮ ਤਤ ਵਿਚ ਘੁਲ ਮਿਲ ਜਾਂਦੇ ਹਨ ਤੇ ਇਕ ਪਰਮਜੋਤਿ ਬਣ ਜਾਂਦੇ ਹਨ ਵਾਹਿਗੁਰੂ ਬਣ ਜਾਂਦੇ ਹਨ ।

20-1-74 ਮਾਂ ਨਾਲੋਂ ਹੇਜਲੀ ਸੋ ਫਫੇਕੁਟਣ ਇਹ ਅਖਾਂਣ ਜੀਵਨ ਵਿਚ ਕਈ ਵੇਰਾਂ ਸੁਣਿਆ ਸੀ ਅਰਥ ਇਹੋ ਹੀ ਕਰਿਆ ਕਰਦੇ ਸਾਂ ਕਿ ਮਾਂ ਤੋਂ ਵਧ ਪਿਆਰ ਕਰਨ ਵਾਲਾ ਕੋਈ ਹੋ ਹੀ ਨਹੀਂ ਸਕਦਾ ਪਰੰਤੂ ਮਾਂ ਦੁਨੀਆਂ ਉਤੇ ਜਨਮ ਦੇਣ ਵਾਲੀ ਮਾਂ ਨੂੰ ਹੀ ਮਿਥਦੇ ਹੁੰਦੇ ਸਾਂ ਫਿਰ ਕਈ ਕਹਾਣੀਆਂ ਸੁਣਨ ਵਿਚ ਆਈਆਂ ਕਿ ਫਲਾਂ ਮਾਂ ਨੇ ਆਪਣੇ ਪੁਤ ਜਾਂ ਧੀ ਨੂੰ ਮਾਰਿਆ । ਇਕ ਅਸਲੀ ਮਾਂ ਤਥ ਪਿਉ ਹੁਣ ਲਭਾ ਹੈ ਜਿਹੜਾ ਕਿਸੇ ਵੀ ਸੂਰਤ ਤੇ ਕਦੀ ਵੀ ਆਪਣੇ ਬਚੇ ਨੂੰ ਨਹੀਂ ਮਾਰਦਾ ਸਦਾ ਹਰ ਹਾਲਤ ਵਿਚ ਬਚੇ ਦੀ ਭਲਾਈ ਤੇ ਬਹਿਬੂਦੀ ਹੀ ਮਦੇਨਜ਼ਰ ਰਖਦਾ ਹੈ ਮਾੜਾ ਮੋਟਾ ਦੁਖ ਸੁਖ ਵੀ ਬਚੇ ਦੀ ਭਲਾਈ ਨੂੰ ਹਿਤ ਵਿਚ ਰਖਕੇ ਦੇਂਦਾ ਹੈ ਉਹ ਵੀ ਇਤਨਾ ਜਿਤਨਾ ਕਿ ਬਚੇ ਨੂੰ ਸੁਧਾਰਨ ਲਈ ਘਟ ਤੋਂ ਘਟ ਜ਼ਰੂਰੀ ਹੋਵੇ ਸਜ਼ਾ ਦੇਣ ਦੀ ਨੀਅਤ ਨਾਲ ਕਦੀ ਵੀ ਕੋਈ ਕੰਮ ਨਹੀਂ ਕਰਦਾ ਸਗੋਂ ਸਦਾ ਹੀ ਬਚੇ ਨੂੰ ਬਚਾਉਣ ਦੀ ਸੋਚਦਾ ਹੈ ਬਚਾ ਹੀ ਅਗਿਆਨਤਾ ਵਸ ਕਿਸੇ ਕਵਿਧਣ ਵਿਚ ਫਸ ਜਾਵੇ ਤੇ ਭਾਵੇਂ ਫਸ ਜਾਵੇ ਪਰੰਤੂ ਪਿਤਾ ਸਦਾ ਬਚਾਤੇਂਦਾ ਹੀ ਬਚਾਉਂਦਾ ਹੈ ਦੁਖਾਂ ਮੁਸੀਬਤਾਂ ਚੋਂ ਕਢ ਲਿਆਉਂਦਾ ਹੈ ਸਚ ਤਾਂ ਇਹ ਹੈ ਕਿ ਦੁਖ ਹੁੰਦਾ ਹੀ ਅਗਿਆਨਤਾ ਵਸ ਕੀਤੇ ਕੰਮਾਂ ਕਰਕੇ ਹੈ ਪਿਤਾ ਉਥੇ ਵੀ ਸੂਝ ਬੂਝ ਤੇ ਗਿਆਨ ਬਖਸ਼ਦਾ ਹੈ ਅਤੇ ਫਸੇ ਹੋਏ ਨੂੰ ਵੀ ਕਢ ਲਿਆਉਂਦਾ ਹੈ ਉਸ ਪਿਤਾ, ਮਾਤਾ, ਭਾਈ ਬੰਧੂ ਤੇ ਸਕੇ ਸੋਦਰੇ ਦਾ ਨਾਮ ਹੈ ਗੁਰੂ, ਵਾਹਿਗੁਰੂ ਪਰਮਾਤਮਾ ਆਤਮਾ, ਹਰੀ ਗੋਬਿੰਦ ਆਦਿ, ਇਹ ਇਕ ਨੂਰ ਹੈ ਖਿਆਲਾਤ ਅਨੁਸਾਰ ਭਾਡੇ ਸਾਜ ਲੈਂਦਾ ਹੈ ਇਸ ਦਾ ਆਪਣਾ ਕੋਈ ਵਿਸ਼ੇਸ਼ ਰੂਪ ਰੰਗ ਤੇ ਰੇਖ ਭੇਖ ਨਹੀਂ ਹੈ ਫੈਲਿਆ ਇਹ ਸਭ ਥਾਵਾਂ ਤੇ ਹੈ ਹਰ ਚੀਜ਼ ਬਣੀ ਹੀ ਇਸ ਤੋਂ ਹੋਣ ਕਰਕੇ, ਹਰ ਸ਼ੈ ਵਿਚ ਮੌਜੂਦ ਹੈ ਪਰੰਤੂ ਜੜ੍ਹ ਵਸਤੂਆਂ ਨਾਲੋਂ ਪੌਦਿਆਂ ਵਿਚ ਵਧੇਰੇ

ਤੇ ਪੌਦਿਆਂ ਨਾਲੋਂ ਜਾਨਵਰਾਂ ਵਿਚ ਵਧੇਰੇ, ਜਾਨਵਰਾਂ ਨਾਲੋਂ ਆਦਮੀਆਂ ਵਿਚ ਵਧੇਰੇ ਸੂਝ ਬੂਝ ਵਾਲਾ ਹੈ ਆਦਮੀਆਂ ਨਾਲੋਂ ਦੇਵਤਾ ਸਰੂਪ ਆਦਮੀਆਂ ਵਿਚ ਵਧੇਰੇ ਤੇ ਦੇਵਤਿਆਂ ਨਾਲੋਂ ਨਿਰਗੁਣ ਸਰੂਪ ਵਿਚ ਪੂਰਨ ਪ੍ਰਚੰਡ ਅਕਲ ਦਿਮਾਗ ਤੇ ਸੂਝ ਬੂਝ ਵਾਲਾ ਹੁੰਦਾ ਹੈ ਘਟ ਘਟ ਦੀ ਜਾਨਣਹਾਰ ਤੇ ਸਰਬ ਕਲਾ ਸਮਰਥ ਹੁੰਦਾ ਹੈ ਸਭ ਦੁਖ ਕਟਣਹਾਰ ਸਰਬ ਸੁਖ ਦਾਤਾ ਹੈ, ਜੇ ਉਹਦਾ ਹੇਠਲਾ ਨਕਸ਼ਾ ਬਣਾ ਕੇ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਪਤਾ ਲਗਦਾ ਹੈ ਕਿ ਉਹੋ ਹੀ ਆਤਮਾ ਜੇ ਗੁਣ ਅਪਨਾ ਲਵੇ ਤਾਂ ਸੁਖਾਂ ਦੇ ਹੂਟੇ ਬਣਾ ਦੇਂਦਾ ਹੈ. ਜੇ ਬੰਦਾ ਉਹਦੀ ਯਾਦ ਚੇਤਾ ਕਰਦਾ ਰਹਵੇ ਤਾਂ ਮੂਲ ਰੂਪ ਹੀ ਹੋ ਜਾਂਦਾ ਹੈ ਮੁਕਤ ਪਦਾਰਥ ਪਾ ਲਈਦਾ ਹੈ ਤਥਾ ਆਵਾਗਵਣ ਤੋਂ ਛੁਟਕਾਰਾ ਮਿਲ ਜਾਂਦਾ ਹੈ ਕਿਉਂਕਿ ਉਹਨੂੰ ਪਤਾ ਲਗ ਜਾਂਦਾ ਹੈ ਕਿ ਮੈਂ ਅਸਲੀਅਤ ਵਿਚ ਕੀ ਸ਼ੈ ਹਾਂ ਜੋ ਆਦਮੀ ਬਣਿਆ ਫਿਰਦਾ ਹਾਂ, ਆਤਮਾਂ ਨੂੰ ਪਤਾ ਲਗ ਜਾਂਦਾ ਹੈ ਕਿ ਮੈਂ ਤਾਂ ਪਰਮਾਤਮਾ ਵਾਹਿਗੁਰੂ ਹਾਂ ਮੇਰਾ ਸਰੂਪ ਨਿਰਗੁਣ ਹੈ ਮੈਂ ਆਪਣੇ ਅਸਲੀ ਰੂਪ ਵਿਚ ਹੀ ਕਿਉਂ ਨਾ ਰਹਾਂ ਕਿਉਂ ਏਵੇਂ ਨਾਹਨਾਂ ਪ੍ਰਕਾਰ ਦੇ ਜਿਸਮਾਂ ਵਿਚ ਵੜਦਾ ਫਿਰਦਾ ਹਾਂ ਮੈਨੂੰ ਆਪਣੀ ਰੁਚੀ ਇਹਨਾਂ ਜਿਸਮਾਂ (ਉਤੋਂ ਮਿਠੀਆਂ ਵਿਚੋਂ ਜ਼ਹਿਰ) ਹਾਲਾਤਾਂ ਤੋਂ ਰੋਕ ਕੇ ਸਦਾ ਅਨੰਦ ਮਈ ਹਾਲਤ ਵਲੇ ਲਾਉਣੀ ਚਾਹੀਦੀ ਹੈ ਮੈਂ ਹਾਂ ਹੀ ਅਨੰਦ ਮਈ ਰੂਹ ਏਵੇਂ ਕਿਸੇ ਅਗਿਆਨਤਾ ਵਸ ਇਨ੍ਹਾਂ ਸਰੀਰਾਂ ਵਿਚ ਤੁਰਿਆ ਫਿਰਦਾ ਹਾਂ ਸੱਚਾ ਪ੍ਰਭੂ ਅਕਲ ਵਾਲਾ ਤਾਂ ਕਦੀ ਜੂਨਾਂ ਵਿਚ ਆਉਂਦਾ ਹੀ ਨਹੀਂ ਮੈਂ ਹੀ ਬੇਵਕੂਫ ਹਾਂ ਆਪਣੀ ਅਨੰਦ ਮਈ ਹਾਲਤ ਛਡ ਕੇ ਜਿਸਮ ਵਿਚ ਕੈਦ ਹੋਇਆ ਪਿਆ ਹਾਂ ਛੇਤੀ ਜਾਂ ਦੇਰ ਮੈਨੂੰ ਇਹ ਦੇਹੀ ਛਡ ਕੇ ਨਿਰਗੁਣ ਸਰੂਪ ਵਿਚ ਸਥਿਤ ਹੋ ਜਾਣਾ ਚਾਹੀਦਾ ਹੈ ਫਿਲਹਾਲ ਮੈਨੂੰ ਸਾਰਾ ਤਾਣ ਅਪਣੇ ਅਸਲੇ ਦੀ ਯਾਦ ਉਤੇ ਲਾਉਣਾ ਚਾਹੀਦਾ ਹੈ ਤੇ ਗੁਣਾਂ ਵਾਲੇ ਪਲੜੇ ਵਿਚ ਬੈਠ ਵਧ ਤੋਂ ਵਧ ਪਵਿਤਰਤਾ ਅਪਨਾਉਣੀ ਚਾਹੀਦੀ ਹੈ ਇਨਸਾਨੀ ਜਾਮੇ ਵਿਚ ਵਾਹਿਗੁਰੂ ਨੂੰ ਵਾਹਿਗੁਰੂ ਹੀ ਬਣ

ਕੇ ਰਹਿਣਾ ਚਾਹੀਦਾ ਹੈ



| | |
|---|---|
| ਝੁਕਾਉ ਹਿਰਦੇ ਦਾ | ਅਗਿਆਨਤਾ |
| ਗਿਆਨ | ਭੋਲ |
| ਯਾਦ, ਗੁਣ | ਅਵਗੁਣ |
| ਨਾਮ ਵਾਹਿਗੁਰੂ | ਹਉਮੈ |
| ਸਤਿ | ਦੁਬਿਧਾ |
| ਸੰਤੋਖ | ਤ੍ਰਿਸ਼ਨਾ |
| ਦਯਾ | ਕਾਮ |
| ਧਰਮ | ਕਰੋਧ |
| ਧੀਰਜ | ਲੋਭ |
| ਨੇਕੀ | ਮੋਹ |
| ਸਚਾਈ | ਹੰਕਾਰ |
| ਸਾਫਗੋਈ | ਝੂਠ |
| ਈਮਾਨਦਾਰੀ | ਨਿੰਦਾ |
| ਨਿਮਰਤਾ | ਕੁਟਿਲਤਾ |
| ਸੁਕ੍ਰਿਤ | ਧੋਖਾ ਛਲ |
| ਸੇਵਾ | ਧਰੋਹ |
| ਕੁਰਬਾਨੀ | ਕਠੋਰਤਾ |

| | | |
|---|---|---|
| ਸੁਖ ਸਮਰਿਧੀ | ਮਨ ਤੂੰ ਜੋਤਿ ਸਰੂਪ ਹੈ | ਦੁਖ ਤਕਲੀਫਾਂ |
| ਆਤਮ ਤੱਤ | ਆਪਣਾ ਮੂਲ ਪਛਾਣੁ | ਜੂਨਾਂ |
| ਸਦੀਵੀ ਹਸਤੀ | | ਆਵਾਜਾਈ |
| ਤੇ ਅਨੰਦ | | ਦਾ ਚਕਰ |

22-1-74 ਖਿਆਲੀ ਵਲਵਲੇ ਹਨ । ਪਿਛਲੇ ਦਿਨਾਂ ਵਿਚ ਕਈ ਤਰੰਗਾਂ ਆਈਆਂ ਪਰੰਤੂ ਲਿਖੀਆਂ ਨ ਜਾ ਸਕੀਆਂ । ਵੇਖੀਏ ਕੁਦਰਤ ਦੁਹਰਾਈ ਕਦੋਂ ਕਰੇ । ਅਜ ਇਸ ਗਲ ਉਤੇ ਖਿਆਲ ਕੇਂਦਰਤ ਹੈ ਕਿ ਕੀ ਦੁਨੀਆਵੀ ਗੁਰੂ ਵੀ ਬਦਲ ਲਏ ਜਾਣੇ ਚਾਹੀਦੇ ਹਨ ਕਿ ਨਹੀਂ । ਆਮ ਪਰਚਲਤ ਵਿਚਾਰ ਇਹ ਹੈ ਕਿ ਗੁਰੂ ਬਦਲਿਆ ਨਹੀਂ ਜਾਣਾ ਚਾਹੀਦਾ, ਸਗੋਂ ਇਕ ਹੀ ਗੁਰੂ ਰਖਿਆ ਜਾਣਾ ਚਾਹੀਦਾ ਹੈ ਤਾਂ ਫਿਰ ਪਹਿਲੀ ਦੂਜੀ ਪੜ੍ਹਾਉਣ ਵਾਲਾ ਹੀ M.A. ਤੇ M.B.B.S. ਵੀ ਪੜ੍ਹਾਵੇ, ਪਰੰਤੂ ਇਹ ਨਹੀਂ ਹੁੰਦਾ । ਅਮੂਮਨ ਹਰ ਸਾਲ ਤੇ ਜਦੋਂ ਜੀ ਚਾਹੇ ਗੁਰੂ

ਬਦਲ ਲੈਂਦੇ ਹਾਂ । ਜੇ ਦੁਨੀਆਂ ਦੇ ਬਾਕੀ ਕਿਤਿਆਂ ਦੀ ਸਿਖਲਾਈ ਦੇਣ ਵਾਲੇ ਗੁਰੂ ਹਸਬ ਮਨਸ਼ਾ ਬਦਲੇ ਜਾ ਸਕਦੇ ਹਨ ਤਾਂ ਫਿਰ ਅਧਿਆਤਮਕ ਸਿਖਲਾਈ ਦੇਨ ਵਾਲਾ ਕਿਉਂ ਨਹੀਂ ਬਦਲਿਆ ਜਾ ਸਕਦਾ । ਸਮਾਜ ਵਿਚ ਬਹੁਤ ਪੀੜਾ ਤੇ ਖਰਾਬੀ ਇਸ ਗਲਤ ਧਾਰਨਾਂ ਨੇ ਹੀ ਫੈਲਾ ਰਖੀ ਹੈ । ਆਮ ਆਦਮੀ ਇਕ ਹੀ ਵਿਅਕਤੀ ਨੂੰ ਗੁਰੂ ਕਹਿ ਕੇ ਚਿੰਬੜੇ ਰਹਿੰਦੇ ਹਨ । ਉਹ ਆਪਣੀ ਤਾਲੀਮ ਤੋਂ ਵਧ ਤੇ ਕਝ ਦਸ ਨਹੀਂ ਸਕਦਾ, ਪਿਆ ਚੇਲੇ ਨੂੰ ਉਲਝਾਉਣ ਲਈ ਤੇ ਆਪਣਾ ਹਲਵਾ ਮਾਂਡਾ ਖਰਾ ਰਖਣ ਲਈ, ਆਪਣੀ ਚੌਧਰ ਦੀ ਪਰਭੂਸਕਤਾ ਲਈ ਸਿਧੀਆਂ ਪੁਠੀਆਂ ਗੱਲਾਂ ਦਸਦਾ ਤੇ ਬਲੈਕਮੇਲ ਕਰਦਾ ਰਹਿੰਦਾ ਹੈ । ਜਗਿਆਸੂ ਨੂੰ ਖੂਬ ਦੁਖ ਹੁੰਦਾ ਹੈ ਤੇ ਹੁੰਦਾ ਵੀ ਉਹਦੀ ਆਪਣੀ ਅਗਿਆਨਤਾ ਕਾਰਨ ਹੈ, ਕੁਦਰਤ ਤਾਂ ਉਸ ਬੰਦੇ ਕੋਲੋਂ ਤੋੜ ਕੇ ਕਿਤੇ ਹੋਰ ਥਾਂ ਲਿਜਾਣਾ ਚਾਹੁੰਦੀ ਹੁੰਦੀ ਹੈ, ਪਰੰਤੂ ਜਗਿਆਸੂ ਬੰਦੇ ਨੂੰ ਗੁਰੂ ਮੰਨ ਕੇ ਉਹਦਾ ਖੈੜਾ ਛਡਣ ਲਈ ਤਿਆਰ ਨਹੀਂ ਹੁੰਦਾ, ਤੇ ਕਈ ਪਰਕਾਰ ਦੇ ਦੁਖ ਪਾਉਂਦਾ ਹੈ । ਅਸਲੀ ਗੁਰੂ ਦੀ ਸੋਝੀ ਤਾਂ ਹੁੰਦੀ ਨਹੀਂ, ਉਹ ਆਦਮੀਆ ਤੇ ਖਾਸ ਕਰਕੇ ਚਾਲਾਕ ਆਦਮੀਆਂ ਦੇ ਡੰਭ ਦਾ ਸ਼ਿਕਾਰ ਹੋਇਆ ਰਹਿੰਦਾ ਹੈ। ਆਦਮੀ ਰੂਪ ਗੁਰੂ ਦੀ ਨਾਰਾਜ਼ਗੀ ਤੇ ਸਰਾਫਾਂ ਦੇ ਡਰ ਉਹਦਾ ਖੂਨ ਸੁਕਾਈ ਰਖਦੇ ਹਨ । ਪੰਜੇ ਵਿਚੋਂ ਨਿਕਲਣ ਹੀ ਨਹੀਂ ਦੇਂਦੇ । ਕੋਈ ਵਿਰਲਾ ਸੂਰਮਾਂ ਹੀ ਨਿਤਰਦਾ ਹੈ । ਜਿਹੜਾ ਗਰੂ ਡੰਡਾ ਵਿਚੋਂ ਨਿਕਲ ਜਾਏ ਵਰਣਾ ਇਹਨਾਂ ਲੋਕਾਂ ਦੇ ਜਾਲ ਬੜੇ ਪੀਡੇ ਤੇ ਭਿਆਨਕ ਹੁੰਦੇ ਹਨ ।

ਇਸ ਲਿਹਾਜ਼ੋਂ ਖਾਲਸਾ ਪੰਥ ਸੁਬੁਰਾ ਹੈ ਸਿਖੀ ਵਿਚ ਪੰਜ ਵਿਅਕਤੀ ਹੁੰਦੇ ਹਨ, ਜਿਹੜੇ ਕਿ ਪੰਥ ਦੇ ਨੁਮਾਇੰਦੇ ਹੁੰਦੇ ਹਨ । ਸਾਰਾ ਪੰਥ ਹੀ ਜਗਿਆਸੂ ਨੂੰ ਵਧ ਤੋਂ ਵਧ ਆਤਮਕ ਤਾਲੀਮ ਦੇਣ ਦੀ ਕੋਸ਼ਿਸ਼ ਕਰਦਾ ਹੈ, ਕਾਫੀ ਪਹੁੰਚੇ ਹੋਏ ਮਹਾਂਪੁਰਖ, ਗੁਰ-ਦਵਾਰਿਆਂ ਵਿਚ ਲੈਕਚਰਾਂ ਆਦਿ ਰਾਹੀਂ ਜਗਿਆਸੂ ਨੂੰ ਗੁਰੂ ਦੇ ਸਮਝਣ ਵਿਚ ਮਦਦ ਕਰਦੇ ਹਨ ਮੈਨੂੰ ਤਾਂ ਆਪਣਾ ਜੀਵਨ ਇਸ ਤਰ੍ਹਾਂ

ਦਾ ਹੀ ਨਜ਼ਰ ਆਇਆ ਹੈ, ਬਚਪਨ ਵਿਚ ਸੁਣਿਆ ਸੀ ਕਿ ਗੁਰੂ ਬਿਨਾਂ ਗੱਤ ਨਹੀਂ । ਚੁਨਾਚਿ ਪੰਜ ਪਿਆਰਿਆਂ ਨੂੰ ਤਰਲਾ ਕਰਕੇ ਅੰਮ੍ਰਿਤ ਛਕਿਆ । ਉਹਨਾਂ ਦਸਿਆ ਕਿ ਕਾਕਾ, ਅਸੀਂ ਭਾਵੇਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਨਹੀਂ ਹਾਂ । ਪਰ ਐਸ ਵੇਲੇ ਉਹਨਾਂ ਦੇ ਨੁਮਾਇੰਦਿਆਂ ਦੀ ਹੈਸੀਅਤ ਵਿਚ ਤੈਨੂੰ ਉਹਨਾਂ ਦੀ ਨਸੀਅਤ ਅਤੇ ਸਿਕਸ਼ਾ ਦਸਦੇ ਹਾਂ, ਅਤੇ ਉਹਨਾਂ ਦੇ ਗੁਰਬਾਣੀ ਰੂਪੀ ਗ੍ਰੰਥ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਲੜ ਤੈਨੂੰ ਲਾਉਂਦੇ ਹਾਂ ਤੂੰ ਜੇ ਗੁਰਬਾਣੀ ਵਿਚ ਦਸੀਆਂ ਹਦਾਇਤਾਂ ਤੇ ਤਰੀਕਿਆਂ ਉਤੇ ਚਲੇਂਗਾ ਤਾਂ ਅਸਲੀ ਗੁਰੂ ਨੂੰ ਮਿਲ ਪਵੇਗਾ । ਮੈਂ ਗੁਰਬਾਣੀ ਪੜ੍ਹਨੀ ਸ਼ੁਰੂ ਕੀਤੀ । ਪਹਿਲਾਂ ਤਾਂ ਕੁਝ ਪਤਾ ਨਾ ਲਗਾ ਪਰੰਤੂ ਕੁਝ ਸਮੇਂ ਪਿਛੋਂ ਹੋਸ਼ ਆਉਣ ਲਗ ਪਈ । ਅੱਖਾਂ ਕੁਝ ਖੁਲਦੀਆਂ ਖੁਲਦੀਆਂ ਜਹੀਆਂ ਜਾਪੀਆਂ । ਕਈ ਸਵਾਲ ਜਵਾਬ ਮਨ ਵਿਚ ਉਠੇ ਕਈ ਤਰਕਾਂ ਹੁਜਤਾਂ ਖਿਆਲਾਂ ਵਿਚ ਛਾ ਗਈਆਂ । ਇਥੋਂ ਤਕ ਨੌਬਤ ਆ ਜਈ ਕਿ ਗੁਰੂ ਹੈਗਾ ਵੀ ਆ ਕਿਤੇ ਕਿ ਏਵੇਂ ਲੋਕੀਂ ਗੱਪਾਂ ਮਾਰਦੇ ਹਨ । ਵਾਹਿਗੁਰੂ ਕਿਸੇ ਵੇਖਿਆ ਵੀ ਹੈ ? ਐਨੀ ਪੁਛ ਪੜਤਾਲ ਤੇ ਢੂੰਡ ਭਾਲ ਕੀਤੀ ਹੈ, ਕਿਤੇ ਲਭਦਾ ਨਾ ਤਾਹੀਓ ਖਬਰ ਜਾਂ ਇਕ ਦਿਨ ਮੈਨੂੰ ਸਤਿਗੁਰੂ ਮਿਲ ਪਿਆ । ਉਸ ਕਿਹਾ ਕਿ ਬੇਟਾ ਤੂੰ ਧਨ ਹੈ । ਕਰੋੜਾਂ ਦੀ ਗਿਣਤੀ ਵਿਚੋਂ ਕੋਈ ਵਿਰਲਾ ਹੀ ਏਥੋਂ ਤਕ ਅਪੜਦਾ ਹੈ । ਆ ਤੈਨੂੰ ਗੁਰੂ ਮਿਲਾਵਾਂ ਪਹਿਲਾਂ ਤੂੰ ਦਰਬਾਰ ਸਾਹਿਬ ਤੇ ਪੰਚ ਜਨਾਂ ਨਾਲ ਭੇਂਟ ਕਰ ਲੈ । ਮੈਂ ਮਿਲਦਾ ਮਿਲਾਉਂਦਾ ਗੁਰੂ ਅੰਗਦ ਦੇਵ ਜੀ ਤੇ ਜਾ ਕੇ ਠਠਿੰਬਰ ਗਿਆ ਕੀ ਦੇਖਾਂ ਕਿ ਉਹੋ ਨੂਰ ਉਪਰ ਜਗਮਗਾ ਰਿਹਾ ਹੈ ਜਿਹੜਾ ਮੇਰੀ ਅਗਵਾਈ ਕਰਕੇ ਉਥੇ ਲੈ ਕੇ ਗਿਆ ਸੀ । ਮੈਂ ਉਸ ਵਲ ਕੇਂਦਰਤ ਹੋਇਆ ਤਾਂ ਵਾਹਿਗੁਰੂ ਜੀ ਗੁਰੂ ਨਾਨਕ ਦੇਵ ਜੀ ਦੇ ਗੁਰਮੁਖ ਰੂਪ ਵਿਚ ਪਰਗਟ ਹੋਏ ਪਰੰਤੂ ਕੁਝ ਧੁੰਦਲੇ, ਮੈਂ ਨੀਝ ਨਾਲ ਵੇਖਣ ਲਈ ਅਗੇ ਵਧਿਆ, ਦੂਜੀ ਵਾਰੀ ਸਾਹਮਣੇ ਆਏ ਤੇ ਮੈਂ ਚੰਗੀ ਤਰ੍ਹਾਂ ਵੇਖਣ ਲਈ ਤੇ ਇਹ ਜਾਨਣ ਲਈ ਕਿ ਇਹ ਲੁਕ ਕਿਤੇ ਜਾਂਦੇ ਹਨ ਮਗਰੋਂ ਮਗਰ ਹੋ ਤੁਰਿਆ । ਉਹ ਨੂਰੀ ਕਣਾਂ ਵਿਚ ਵਟੀਜ ਗਏ ਤੇ ਮੈਂ ਕਣਾਂ ਵਿਚ

ਜਾ ਵੜਿਆ। ਕਣਾਂ ਨੂੰ ਟੋਂਹਦਾ ਤੇ ਪੁਛਦਾ ਫਿਰਾਂ ਕਿ ਗੁਰੂ ਕਿਥੇ ਹਨ। ਓਹਨਾਂ ਕਿਹਾ ਏਦਾਂ ਨਹੀਉਂ ਲਭਣਾ ਤੇ ਮੈਂ ਨੂਰ ਤੋਂ ਬਾਹਰ ਆ ਕੇ ਨੂਰ ਵਲ ਮੂੰਹ ਕਰਕੇ ਖੜੋ ਗਿਆ। ਮੇਰੇ ਸਾਹਮਣੇ ਨੂਰੀ ਕਣ ਹਰਕਤ ਵਿਚ ਆਏ ਇਕੱਤਰ ਹੋਏ ਤੇ ਸਤਿਗੁਰ ਨਾਨਕ ਦੇਵ ਦਾ ਰੂਪ ਧਾਰਨ ਕੀਤਾ। ਮੈਂ ਵੇਖ ਕੇ ਹੈਰਾਨੀ ਭਰੀ ਖੁਸ਼ੀ ਦਾ ਪਰਗਟਾਵਾ ਕੀਤਾ ਵਿਸਮਾਦ ਵਿਚ ਆਇਆ ਤੇ ਬਿਲਕੁਲ ਨੇੜਿਉਂ ਉਹਨਾਂ ਦੀ ਨੂਰਾਨੀ ਸੂਰਤ ਅਤਿ ਸੋਹਣੀ ਮੂਰਤ ਰਜ ਕੇ ਤੱਕੀ। ਸੰਤੁਸ਼ਟ ਹੋ ਕੇ ਦਰਬਾਰ ਵਿਚ ਬੈਠਣ ਦੀ ਤਾਂਘ ਪਰਗਟ ਕੀਤੀ। ਪ੍ਰੰਤੂ ਉਹ ਦਰਬਾਰ ਹੀ ਨਾ ਰਿਹਾ ਤੇ ਮੈਂ ਦੁਨਿਆਵੀ ਗੁਰਦੁਵਾਰੇ ਜਾ ਕੇ ਸ਼ੁਕਰੀਆਂ ਅਦਾ ਕੀਤਾ। ਮਗਰੋਂ ਮੈਨੂੰ ਸਤਿਗੁਰਾਂ ਨੇ ਬਾਣੀ ਰਾਹੀਂ ਸਮਝਾਇਆ ਕਿ ਉਹ ਨੂਰ ਤੇਰਾ ਆਤਮਾ ਸੀ ਤੇ ਨਾਨਕ ਤੇਰੇ ਅੰਦਰ ਵਸਦਾ ਹੈ ਦਰਬਾਰ ਤੇਰੇ ਅੰਦਰ ਵਸਦਾ ਹੈ ਦਰਬਾਰ ਤੇਰੇ ਦਿਮਾਗ ਵਿਚ ਸੱਚਖੰਡ ਹੈ। ਗੁਰੂ ਨਿਰਗੁਣ ਸਰੂਪ ਜੋਤਿ ਹੈ ਜਿਵੇਂ ਗੰਨੇ ਵਿਚ ਰਸ ਹੁੰਦੀ ਹੈ, ਪ੍ਰੰਤੂ ਗੰਨੇ ਨੂੰ ਨਹੀਂ ਦਿਸਦੀ ਤੇ ਨਾ ਗੰਨਾ ਰਸ ਅਖਵਾ ਸਕਦਾ ਹੈ। ਜਿਵੇਂ ਘੜੇ ਵਿਚ ਠੰਡਾ ਮਿਠਾ ਪਾਣੀ ਹੁੰਦਾ ਹੈ ਪਰੰਤੂ ਘੜਾ ਪਾਣੀ ਨਹੀਂ ਅਖਵਾ ਸਕਦਾ। ਹਾਂ ਪਾਣੀ ਵਾਲਾ ਘੜਾ ਤੇ ਭਾਵੇਂ ਅਖਵਾਵੇ, ਏਸੇ ਤਰ੍ਹਾਂ ਤੂੰ ਪੁਗਿਆ ਹੋਇਆ ਜੋਤਿ ਰੂਪ ਇਨਸਾਨ ਹੈਂ ਤੂੰ ਗੁਰੂ ਵਾਲਾ ਸਿਖ ਹੈ। ਗੁਰੂ ਤੇਰੇ ਵਿਚ ਹੈ, ਜੋਤਿ ਰੂਪ ਹਰਿ ਆਪ ਪਹਿਲੇ ਦਿਨ ਤੋਂ ਹੀ ਤੇਰੇ ਵਿਚ ਸੀ, ਸਿਰਫ ਤੇਰੇ ਖਿਆਲ ਉਖੜੇ ਤੇ ਧੁੰਦਲੇ ਹੋਣ ਕਰਕੇ ਤੈਨੂੰ ਆਪਣਾ ਆਪ ਨਜ਼ਰ ਨਹੀਂ ਸੀ ਆ ਰਿਹਾ ਜੋਤਿ ਰੂਪ ਪਰਮਾਤਮਾ ਸਰਬ ਸ਼ਕਤੀਮਾਨ ਤੇਰੇ ਵਿਚ ਤੇਰੇ ਆਤਮਾ ਦੇ ਰੂਪ ਵਿਚ ਵਸ ਰਿਹਾ ਹੈ। ਅਜ ਤੋਂ ਤੂੰ ਪਰਮਾਤਮਾ ਦਾ ਰੂਪ ਹੋਇਉਂ ਗੁਰੂ ਰੂਪ ਹੋਇਉਂ ਤੇਰੀ ਜੋਤਿ ਪਰਮਾਤਮਾ ਦੀ ਜੋਤ ਵਿਚ ਮਿਲ ਗਈ ਹੈ। ਤੂੰ ਆਪਣੇ ਅੰਦਰਲੇ ਦਾ ਰੰਗ ਵੇਖ ਲੈ ਦੂਧੀਆਂ, ਹਰਾ, ਤਰੰਗਾਂ, ਨੀਮ ਨੀਲਾ ਆਦਿ ਇਹੋ ਚੀਜ਼ ਮੈਂ ਹੀ ਤੇਰੇ ਅੰਦਰ ਵਸਦਾ ਹਾਂ। ਤੂੰ ਹੀ ਸਾਰੀ ਸਰਿਸ਼ਟੀ ਦਾ ਰਚੇਤਾ ਹੈ। ਪਰਿਤਪਾਲਕ ਤੇ ਸੰਘਾਰ ਕਰਤਾ ਹੈ। ਤੂੰ ਆਪਣੇ

ਆਪ ਬਾਰੇ ਜਿੰਨੀ ਵਧ ਤੋਂ ਵਧ ਜਾਣਕਾਰੀ ਗੁਰਬਾਣੀ ਰਾਹੀਂ ਪ੍ਰਾਪਤ ਕਰ ਸਕੇਗਾ । ਉਤਨਾ ਹੀ ਤਾਕਤਵਰ, ਕਾਲਾਮਈ. ਕਰਾਮਾਤਕ ਤੇ ਸਰਬ ਸ਼ਕਤੀਮਾਨ ਬਣਦਾ ਜਾਵੇਗਾ । ਮੈਂ ਹਰ ਵੇਲੇ ਤੇਰੇ ਵਿਚ ਤੇਰੇ ਨਾਲ ਹਾਂ । ਤੇਰਾ ਕੀਤਾ ਸੋ ਮੇਰਾ ਕੀਤਾ ਹੋਵੇਗਾ ਜਿਸ ਤੇ ਤੂੰ ਬਖਸ਼ਿਸ਼ ਕਰੇਗਾ ਉਸ ਉਤੇ ਮੇਰੀ ਹੀ ਕਿਰਪਾ ਹੋਵੇਗੀ । ਮੇਰੀ ਰਹਿਮਤ ਸਰਿਸ਼ਟੀ ਉਤੇ ਤੇਰੀ ਮਾਰਫਤ ਵੰਡੀ ਜਾਵੇਗੀ ਤੇਰੇ ਜਿਸਮ ਵਿਚ ਮੇਰੀ ਰੂਹ ਕੰਮ ਕਰੇਗੀ ਮੈਂ ਹੀ ਕੰਮ ਕਰਾਂਗਾ ।

ਧਨ ਧਨ ਧਨ ਵਾਹਿਗੁਰੂ, ਗੁਰੂ ਨਾਨਕ ਦੇਵ ਤੇ ਉਸ ਦੀਆਂ ਜੋਤਾਂ, ਬਲਿਹਾਰੇ ਗੁਰੂ ਗਰੰਥ ਸਾਹਿਬ ਜੀ ਦੇ, ਪੰਜ ਪਿਆਰਿਆਂ ਤੇ ਖਾਲਸਾ ਪੰਥ ਦੇ, ਜਿਹਨਾਂ ਮੈਨੂੰ ਨਰਕ ਵਿਚੋਂ ਚੁਕ ਕੇ ਪਰਮਾਤਮਾ ਬਣਾ ਛਡਿਆ । ਕੁਰਬਾਨ ਜਾਵਾਂ ਤੇਰੀ ਰਹਿਮਤ ਦੇ ਦਾਤਿਆ । ਧਨ ਤੇਰੀ ਸਿੱਖੀ । ਜੁਗੋ ਜੁਗ ਵਧੇ ਫੁਲੇ ਤੇ ਮੇਰੇ ਵਰਗੇ ਲੱਖਾਂ ਕਰੋੜਾਂ ਹੋਰ ਵੀ ਵਰੋਸਾਏ ਜਾਣ ।

725 ਧਾਤੁ ਮਿਲੈ ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ

727 ਬੰਦੇ ਖੋਜੁ ਦਿਲ ਹਰ ਰੋਜ਼ ਨ ਫਿਰ ਪਰੇਸ਼ਾਨੀ ਮਾਹਿ

727 ਦੇਹਿ ਲੇਹਿ ਏਕੁ ਤੂੰ ਦਿਗਰ ਕੋ ਨਹੀਂ

733 ਹਰਿ ਕੀ ਅਕਥ ਕਥਾ ਸੁਨਹੁ ਜਨ ਭਾਈ ਜਿਤੁ ਸਹਸਾ ਦੂਖ ਭੂਖ ਸਭ ਲਹਿ ਜਾਇ ।

736 ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ, ਆਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ

737 ਬਿਨਉ ਕਰੀ ਜੇ ਜਾਣਾ ਦੂਰਿ ਪ੍ਰਭੁ ਅਬਿਨਾਸੀ ਰਹਿਆ ਭਰਪੂਰਿ

742 ਪਾਰਬਰਹਮੁ ਜਪਿ ਪਹਿਰਿ ਸਨਾਹ, ਕੋਟਿ ਆਵਧ ਤਿਸੁ ਬੇਧਤ ਨਾਹਿ

746 ਨਿਰਗੁਨ ਹਰੀਆ, ਸਰਗੁਨ ਧਰੀਆ, ਅਨਿਕ ਕੋਠਰੀਆ,
ਭਿੰਨ ਭਿੰਨ ਭਿੰਨ ਭਿੰਨ ਕਰੀਆ, ਵਿਚ ਮਨ ਕੋਟਵਰੀਆ

ਨਿਜ ਮੰਦਰਿ ਪਿਰੀਆ, ਤਹਾ ਆਨੰਦ ਕਰੀਆ
ਨਹ ਮਰੀਆ ਨਹ ਜਰੀਆ, ਕਿਰਤਨਿ ਜੂਰੀਆ ।

753 ਤੂੰ ਨਾਹੀ ਪ੍ਰਭ ਦੂਰਿ ਜਾਣਹਿ ਸਭ ਤੂ ਹੈ
ਗੁਰਮੁਖਿ ਵੇਖਿ ਹਦੂਰਿ ਅੰਤਰਿ ਭੀ ਤੂ ਹੈ
ਮੈ ਦੀਜੈ ਨਾਮਿ ਨਿਵਾਸ ਅੰਤਰਿ ਸਾਂਤਿ ਹੋਇ
ਗੁਣ ਗਾਵੈ ਨਾਨਕ ਦਾਸ ਸਤਿਗੁਰੁ ਮਤਿ ਦੇਇ ।

758 ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ

763 ਜੈਸੀ ਆਸਾ ਤੈਸੀ ਮਨਸਾ ਪੂਰਿ ਰਹਿਆ ਭਰਪੂਰੇ

788 ਤਿਨ ਜਰੁ ਵੈਰੀ ਨਾਨਕਾ ਜਿ ਬੁਢੇ ਥੀਇ ਮਰੰਨਿ

791 ਜਿ ਪ੍ਰਭੁ ਸਾਲਾਹੇ ਆਪਣਾ ਸੋ ਸੋਭਾ ਪਾਏ

795 ਜੀਅ ਜੰਤ ਸਭਿ ਸਰਣਿ ਤੁਮਾਰੀ ਸਰਬ ਚਿੰਤ ਤੁਧ ਪਾਸੇ
ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ

796 ਧ੍ਰਿਗ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮ ਨ ਪਾਇਆ
ਪਉੜੀ ਛੁੜਕੀ ਫਿਰਿ ਹਾਥਿ ਨਾ ਆਵੈ ਅਹਿਲਾ ਜਨਮੁ ਗਵਾਇਆ ।

797 ਆਪੇ ਸਤਿਗੁਰ ਸਬਦੁ ਹੈ ਆਪੇ, ਨਾਨਕ ਆਖਿ ਸੁਣਾਏ ਆਪੇ

803 ਜਾਇ ਬਸਹੁ ਵਡਭਾਗਣੀ ਸਖੀਏ ਜੰਤਾ ਸੰਗਿ ਸਮਾਈਐ
ਤਹ ਦੂਖ ਨਾ ਭੂਖ ਨ ਰੋਗੁ ਬਿਆਪੈ ਚਰਨ ਕਮਲ ਲਿਵ ਲਾਈਐ
ਤਹ ਜਨਮ ਨ ਮਰਣੁ ਨ ਆਵਣ ਜਾਣਾ ਨਿਹਚਲੁ ਸਰਨੀ ਪਾਈਐ
ਪ੍ਰੇਮ ਬਿਛੋਹੁ ਨ ਮੋਹੁ ਬਿਆਪੈ ਨਾਨਕ ਹਰਿ ਏਕੁ ਧਿਆਈਐ

803 ਆਪਿ ਕਰਾਵਨ ਦੋਸੁ ਨ ਲੈਨਾ

808 ਜਾਕਾ ਅੰਗੁ ਦਇਆਲ ਪ੍ਰਭ ਤਾ ਕੇ ਸਭ ਦਾਸ
ਸਦਾ ਸਦਾ ਵਡਿਆਈਆ ਨਾਨਕ ਗੁਰ ਪਾਸਿ

811 ਖੋਜਤ ਖੋਜਤ ਖੋਜਿਆ ਨਾਮੈ ਬਿਨ ਕੂਰੁ
ਜੀਵਨ ਸੁਖੁ ਸਭੁ ਸਾਧ ਸੰਗਿ ਪ੍ਰਭ ਮਨਸਾ ਪੂਰੁ

818 ਕਰਣ ਕਾਰਣ ਸਮਰਥ ਹੈ ਤਿਸੁ ਬਿਨ ਨਹੀ ਹੋਰੁ
ਨਾਨਕ ਪ੍ਰਭ ਸਰਣਾਗਤੀ ਸਾਚਾ ਮਨਿ ਜੋਰੁ

849 ਆਪੇ ਆਪਿ ਪਾਰਬ੍ਰਹਮ ਹੈ ਪਾਰਬ੍ਰਹਮੁ ਵਸਿਆ ਮਨਿ ਆਇ
ਜੰਮਣੁ ਮਰਣ ਕਟਿਆ ਜੋਤੀ ਜੋਤਿ ਮਿਲਾਇ ।

849 ਸਭਨਾਂ ਜੀਆ ਵਿਚਿ ਹਰਿ ਆਪਿ ਸੋ ਭਗਤਾ ਕਾ ਮਿਤੁ ਹਰਿ ।
ਸਭੁ ਕੋਈ ਹਰਿ ਕੈ ਵਸਿ ਭਗਤਾ ਕੈ ਅਨੰਦੁ ਘਰਿ ।

951 ਜਿਤਨੇ ਪਾਤਸਾਹਿ ਸਾਹ ਰਾਜੇ ਖਾਨ ਉਮਰਾਵ ਸਿਕਦਾਰ ਹਰਿ ਤਿਤਨੇ ਸਭਿ ਹਰਿ ਕੇ ਕੀਏ ਜੋ ਕਿਛੁ ਹਰਿ ਕਰਾਵੈ ਸੁ ਓਇ ਕਰਹਿ ਸਭਿ ਹਰਿ ਕੇ ਅਰਥੀਏ—ਸੋ ਐਸਾ ਹਰਿ ਸਭਨਾ ਕਾ ਪ੍ਰਭੁ ਸਤਿਗੁਰ ਕੈ ਵਲਿ ਹੈ ਤਿਨਿ ਸਭਿ ਵਰਨ ਚਾਰੇ ਖਾਣੀ ਸਭ ਸ੍ਰਿਸਟਿ ਗੋਲੇ ਕਰਿ ਸਤਿਗੁਰ ਅਗੈ ਕਾਰ ਕਮਾਵਣ ਕਉ ਦੀਏ, ਹਰਿ ਸੇਵੇ ਦੀ ਐਸੀ ਵਡਿਆਈ ਦੇਖਹੁ ਹਰਿ ਸੰਤਹੁ ਜਿਨਿ ਵਿਚਹੁ ਕਾਇਆ ਨਗਰੀ ਦੁਸਮਨ ਦੂਤ ਸਭਿ ਮਾਰ ਕਢੀਏ ।

858 ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ

861 ਜੋ ਹਰਿ ਮਹਲੁ ਪਾਵੈ ਗੁਰ ਬਚਨੀ ਤਿਸ ਜੇਵਡੁ ਅਵਰੁ ਨਾਹੀ ਕਿਸੈ ਦਾ ਤਾਣੁ

865 ਸਗਲ ਸ੍ਰਿਸਟਿ ਕੇ ਪੰਚ ਸਿਕਦਾਰ, ਰਾਮ ਭਗਤ ਕੇ ਪਾਨੀ ਹਾਰ

870 ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇਰੇ

896 ਕਾਰਨ ਕਰਨ ਕਰੀਮ ਸਰਬ ਪ੍ਰਤਿਪਾਲ ਰਹੀਮ
ਅਲਹ ਅਲਖ ਅਪਾਰ ਖੁਦਿ ਖੁਦਾਇ ਵਡ ਬੇਸੁਮਾਰ
ਓਨਮੋ ਭਗਵੰਤ ਗੁਸਾਈ ਖਾਲਕ ਰਵਿ ਰਹਿਆ ਸਰਬ ਠਾਈ

898 ਮਿਟਾਨੇ ਸਭਿ ਕਲਿ ਕਲੇਸ, ਜਿਸਤੇ ਉਪਜੇ ਤਿਸੁ ਮਹਿ ਪਰਵੇਸ
ਪ੍ਰਗਟੇ ਆਨੂਪ ਗੋਵਿੰਦ ਪ੍ਰਭ ਪੂਰੇ ਨਾਨਕ ਬਖਸਿੰਦ

921 ਕਹੈ ਨਾਨਕੁ ਗੁਰਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ

929 ਜਿਨ ਜਾਨਿਆ ਸੇਈ ਤਰੇ ਸੇ ਸੂਰੇ ਸੇ ਬੀਰ

943 ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ
ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪ ਨ ਪੁੰਨੰ
ਘਟ ਘਟਿ ਸੁੰਨ ਕਾ ਜਾਣੈ ਭੇਉ
ਆਦਿ ਪੁਰਖੁ ਨਿਰੰਜਨ ਦੇਉ
ਅਨਹਤ ਸੁੰਨਿ ਰਤੇ ਸੇ ਕੈਸੇ ਜਿਸਤੇ ਉਪਜੇ ਤਿਸ ਹੀ ਜੈਸੇ
ਉਇ ਜਨਮਿ ਨ ਮਰਹਿ ਨ ਆਵਹਿ ਜਾਹਿ
ਨਾਨਕ ਗੁਰਮੁਖਿ ਮਨ ਸਮਝਾਹਿ

959 ਜਿਸਹਿ ਦਿਖਾਲੇ ਮਹਲ ਤਿਸੁ ਨ ਮਿਲੈ ਧਾਕੁ
ਮਨੁ ਤਨੁ ਹੋਇ ਨਿਹਾਲੁ ਬਿੰਦਕ ਨਦਰ ਝਾਕੁ

986 ਐਸੋ ਸਹਾਈ ਹਰਿ ਕੋ ਨਾਮ, ਸਾਧ ਸੰਗਤ ਭਜ ਪੂਰਨ ਕਾਮ
ਬੂਡਤ ਕਉ ਜੈਸੇ ਬੇੜੀ ਮਿਲਤ, ਬੂਝਤ ਦੀਪਕ ਮਿਲਤ ਤਿਲਤ
ਜਲਤ ਅਗਨੀ ਮਿਲਤ ਨੀਰ, ਜੈਸੇ ਬਾਰਿਕ ਮੁਖਹਿ ਖੀਰ
ਜੈਸੇ ਰਣ ਮਹਿ ਸਖਾ ਭ੍ਰਾਤ ਜੈਸੇ ਭੂਖੇ ਭੋਜਨ ਮਾਤ
ਜੈਸੇ ਕਿਰਖਹਿ ਬਰਸ ਮੇਘ, ਜੈਸੇ ਪਾਲਨ ਸਰਨਿ ਸੇਂਘ
ਗਰੁੜ ਮੁਖਿ ਨਹੀ ਸਰਪ ਤਰਾਸ ਸੂਆ ਪਿੰਜਰਿ ਨਹੀ ਖਾਇ ਬਿਲਾਸੁ
ਜੈਸੋ ਆਂਡੋ ਹਿਰਦੇ ਮਾਹਿ ਜੈਸੋ ਦਾਮੋ ਚਕੀ ਦਰਾਹਿ
ਬਹੁਤੁ ਉਪਮਾ ਥੋਰ ਕਹੀ, ਹਰਿ ਅਗਮ ਅਗਮ ਅਗਾਧਿ ਤੁਹੀ

994 ਐਥੈ ਨਾਵਹੁ ਭੁਲਿਆ ਫਿਰਿ ਹਥੁ ਕਿਥਾਊ ਨ ਪਾਇ।
ਜੋਨੀ ਸਭਿ ਭਵਾਈਅਨਿ ਬਿਸਟਾ ਮਾਹਿ ਸਮਾਇ।

999 ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ।
ਜਨਮ ਮਰਣੁ ਉਸਹੀ ਕਉ ਹੈ ਰੇ ਓਹਾ ਆਵੈ ਜਾਈ।
ਬਰਨ ਚਿਹਨੁ ਨਾਹੀ ਕਿਛੁ ਰਚਨਾ ਮਿਥਿਆ ਸਗਲ ਪਸਾਰਾ।
ਭਣਤਿ ਨਾਨਕੁ ਜਬ ਖੇਲ ਉਝਾਰੈ ਤਬ ਏਕੈ ਏਕੰਕਾਰਾ।

1000 ਖੁਲਿਆ ਕਰਮੁ ਕਿਰਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ।
ਸ੍ਰਮੁ ਥਾਕਾ ਪਾਏ ਬਿਸਰਾਮਾ ਮਿਟਿ ਗਈ ਸਗਲੀ ਧਾਈ।

1000 ਸੇਵਕ ਕੀ ਉੜਕਿ ਨਿਬਹੀ ਪ੍ਰੀਤ ।
ਜੀਵਤ ਸਾਹਿਬ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ।

1001. ਸੰਤਨ ਕੀ ਓਟ ਆਪ ਆਪਿ ਜਾਕੈ ਵਸਿ ਹੈ ਸਗਲ ਸੰਸਾਰੁ ।
ਆਪੇ ਆਪਿ ਨਿਰੰਕਾਰੁ ।

1302. ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਮਾਹਿ ਦਿਖਾਇਆ ਥਾ
ਅਨਭਉ ਅਚਰਜ ਰੂਪ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ

1019. ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ ।

1024. ਕਰਮ ਧਰਮ ਕਰਿ ਮੁਕਤਿ ਮੰਗਾਹੀ, ਮੁਕਤਿ ਪਦਾਰਥੁ ਸਬਦਿ ਸਲਾਹੀ ।
ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ ।

1025. ਆਪੇ ਕਰਤਾ ਪੁਰਖੁ ਬਿਧਾਤਾ, ਜਿਨਿ ਆਪੇ ਆਪਿ ਉਪਾਇ ਪਛਾਤਾ ।
ਆਪੇ ਸਤਿਗੁਰੁ ਆਪੇ ਸੇਵਕੁ ਆਪੇ ਸ੍ਰਿਸਟਿ ਉਪਾਈ ਹੇ ।
ਆਪੇ ਨੇੜੈ ਨਾਹੀ ਦੂਰੇ, ਬੂਝਹਿ ਗੁਰਮੁਖਿ ਸੇ ਜਨ ਪੂਰੇ ।
ਤਿਨ ਕੀ ਸੰਗਤਿ ਅਹਿਨਿਸਿ ਲਾਹਾ ਗੁਰ ਸੰਗਤਿ ਏਹ ਵਡਾਈ ਹੇ ।
ਜੁਗਿ ਜੁਗਿ ਸੰਤ ਭਲੇ ਪ੍ਰਭ ਤੇਰੇ, ਹਰਿ ਗੁਣ ਗਾਵਹਿ ਰਸਨ ਰਸੇਰੇ ।
ਉਸਤਤਿ ਕਰਹਿ ਪਰਹਰਿ ਦੁਖੁ ਦਾਲਦੁ ਜਿਨ ਨਾਹੀ ਚਿੰਤ ਪਰਾਈ ਹੇ ।
ਛੋਡਹੁ ਪ੍ਰਾਣੀ ਕੂੜ ਕਬਾੜਾ, ਕੂੜੁ ਮਾਰੇ ਕਾਲੁ ਉਛਾਹਾੜਾ ।
ਸਾਕਤ ਕੂੜਿ ਪਚਹਿ ਮਨਿ ਹਉਮੈ, ਦੁਹੁ ਮਾਰਗਿ ਪਚੈ ਪਚਾਈ ਹੇ ।
ਛੋਡਿਹੁ ਨਿੰਦਾ ਤਾਤਿ ਪਰਾਈ, ਪੜਿ ਪੜਿ ਦਝਹਿ ਸਾਤਿ ਨ ਆਈ ।
ਮਿਲ ਸਤਿ ਸੰਗਤਿ ਨਾਮੁ ਸਲਾਹਹੁ ਆਤਮ ਰਾਮੁ ਸਖਾਈ ਹੇ ।

1028. ਨਾਲੇ ਅਲਖੁ ਨ ਲਖੀਐ ਮੂਲੇ ਗੁਰਮੁਖਿ ਲਿਖੁ ਵੀਚਾਰਾ ਹੇ ।

1029. ਕੰਡਾ ਪਾਇ ਨ ਗਡਈ ਮੂਲੇ ਜਿਸੁ ਸਤਿਗੁਰ ਰਖਣਹਾਰਾ ਹੇ ।

1030. ਆਤਮ ਰਾਮੁ ਰਾਮੁ ਹੈ ਆਤਮ, ਹਰਿ ਪਾਈਐ ਸਬਦਿ ਵੀਚਾਰਾ ਹੇ ।

1037. ਹੁਕਮਿ ਉਪਾਏ ਦਸ ਅਉਤਾਰਾ ।
ਦੇਵ ਦਾਨਵ ਅਗਣਤ ਅਪਾਰਾ ।

1337. ਪਉਣ ਪਾਣੀ ਸੁੰਨੈ ਤੇ ਸਾਜੇ ।
ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ।

1037. ਸੁਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ ।
ਸੁਨੇ ਵਰਤੇ ਜੁਗ ਸਬਾਏ ।

1038. ਸੁਨਹੁ ਉਪਜੇ ਦਸ ਅਵਤਾਰਾ ।
ਸ੍ਰਿਸਟਿ ਉਪਾਇ ਕੀਆ ਪਾਸਾਰਾ ।

1039. ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ ।

1040 ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ।

1041. ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ ।

1046. ਕਾਇਆ ਅੰਦਰਿ ਅਮ੍ਰਿਤਸਰੁ ਸਾਚਾ ਮਨੁ ਪੀਵੈ ਭਾਈ ਸੁਭਾਈ ਹੇ ।

1046. ਕਚੀ ਮਤਿ ਫੀਕਾ ਮਖਿ ਬੋਲੈ ਦੁਰਮਤਿ ਨਾਮੁ ਨ ਪਾਈ ਹੇ ।

1054. ਹਰਿ ਜੀਉ ਕੀ ਹੈ ਸਭ ਸਿਟਕਾਰਾ ।

1054. ਗੁਰਮੁਖਿ ਮਰੈ ਨ ਜਨਮੈ ਗੁਰਮੁਖਿ ਗੁਰਮੁਖਿ ਸਬਦਿ ਸਮਾਹਾ ਹੇ ।

1055. ਸਤ ਮਹਿ ਵਰਤੈ ਏਕੋ ਸੋਈ ।
ਗੁਰ ਪਰਸਾਦੀ ਪਰਗਟ ਹੋਈ ।

1055. ਸਭਨਾਂ ਪ੍ਰਤਿਪਾਲ ਕਰੇ ਜਗ ਜੀਵਨ ਦੇਦਾ ਰਿਜਕੁ ਸੰਬਾਹਾ ਹੇ

1056. ਜਿਨ ਆਪੇ ਮੇਲਿ ਵਿਛੋੜਹਿ ਨਾਹੀ ।

1059. ਮਰੈ ਨਾ ਜੰਮੈ ਨਾ ਦੁਖੁ ਪਾਏ ਮਨਹੀ ਮਨਹਿ ਸਮਾਇਦਾ ।
ਜੀਵ ਆਤਮਾ ਮਰਦਾ ਜਮਦਾ ਨਹੀਂ ਆਪਣੇ ਮਨ ਦੀ ਖਿਚ ਵਿਚ ਸਮਾ ਜਾਂਦਾ ਹੈ ।

1059. ਕਾਇਆ ਕੰਚਨ ਕੋਟੁ ਅਪਾਰਾ, ਜਿਸ ਵਿਚ ਰਵਿਆ ਸਬਦ ਅਪਾਰਾ ।

1062. ਗੁਰ ਸੇਵੇ ਜੇਵਡੁ ਹੋਰੁ ਲਾਹਾ ਨਾਹੀ ।

1036. ਜੇਤੀ ਹੈ ਤੇਤੀ ਤੁਧੁ ਅੰਦਰਿ, ਦੇਖਹਿ ਆਪਿ ਬੈਸਿ ਬਿਜ ਮੰਦਰਿ !

7.2.74 ਪਿਆਰਿਆ ਗਲ ਇਹ ਹੈ ਕਿ ਅਜ ਕਈ ਦਿਨਾਂ ਪਿਛੋਂ ਕਲਮ ਚੁਕੀ

ਹੈ ਅਜ ਦਿਲ ਵੀ ਤੇਰੇ ਨਾਲ ਦੋ ਗਲਾਂ ਕਰਨ ਨੂੰ ਕਰਦਾ ਏ। ਤੂੰ ਇਹ ਦਸ ਕਿ ਜਦ ਇਕ ਵਾਰੀ ਤੈਨੂੰ ਐਨ ਪੱਕਾ ਯਕੀਨ ਹੋ ਜਾਂਵੇ ਕਿ ਫਲਾਂ ਪਰਾਣੀ ਮੇਰਾ ਪਿਆਰਾ ਹੈ ਸਚਾ ਸੁਚਾ ਹੈ, ਮੇਰਾ ਹੀ ਰੂਪ ਹੈ ਫਿਰ ਉਸ ਨੂੰ ਕਿਉਂ ਹਾਰ ਤਥਾ ਸ਼ਕੱਸਤ ਵਖਾਂਦਾ ਹੈ। ਸਵਾਲ ਮੇਰਾ ਨਹੀਂ ਮੇਰੇ ਉਤੇ ਤਾਂ ਤੇਰੀ ਹਰ ਪਰਕਾਰ ਰਹਿਮਤ ਹੈ ਪ੍ਰੰਤੂ ਸਵਾਲ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਤੋਂ ਵੱਧ ਤੇ ਤੈਨੂੰ ਪਿਆਰ ਕਰਨ ਵਾਲਾ ਕੋਈ ਨਹੀਂ ਸੀ, ਕਿਉਂਕਿ ਤੱਤੀਆਂ ਤਵੀਆਂ ਤੇ ਸਾੜ ਕੇ ਮਾਰਿਆ। ਸਤਿਗੁਰ ਤੇਗਬਹਾਦਰ ਜੀ ਤੋਂ ਵੱਧ ਤੇ ਭਗਤ ਕੋਈ ਨਹੀਂ ਸੀ, ਕਿਉਂ ਔਰੰਗਜ਼ੇਬ ਦੇ ਹਥੋਂ ਮਰਵਾਇਆ। ਗੁਰੂ ਗੋਬਿੰਦ ਸਿੰਘ ਜੀ ਤੋਂ ਵਧ ਫਰਮਾਬਰਦਾਰ ਤੇ ਆਪਾਵਾਰਨ ਵਾਲਾ ਤਾਂ ਤੈਨੂੰ ਕਿਤੇ ਨਹੀਂ ਮਿਲਣਾ ਕਿਉਂ ਜੰਗਲਾਂ ਵਿਚ ਰੋਲਿਆ। ਜ਼ੇ ਪਵਿਤਰਤਾ ਦੇ ਸਾਹਮਣੇ ਅਪਵਿਤਰਤਾ ਹੀਣੀ ਹਸਤੀ ਹੈ ਤਾਂ ਕਿਉਂ ਨ ਔਰੰਗਜ਼ੇਬ ਮਰਿਆ। ਕਿਉਂ ਸਿੰਘ ਸਾਹਿਬ ਨੂੰ ਆਨੰਦਪੁਰੋਂ ਕਢਿਆ ਗਿਆ। ਤੂੰ ਵਿਧਾਤਾ ਹੈਂ ਵਿਧਾਂ ਬਨਾਉਣ ਵਾਲਾ। ਤੂੰ ਹਰਿ ਆਤਮਾ ਵਿਚ ਆਪ ਵਸਦਾ ਏ। ਤੂੰ ਪਲ ਵਿਚ ਕੀੜੇ ਨੂੰ ਬਾਦਸ਼ਾਹ ਬਣਾ ਸਕਦਾ ਹੈ ਤੇ ਲਸ਼ਕਰ ਸੁਆਹ ਕਰ ਸਕਦਾ ਹੈ ਤਾਂ ਉਸ ਵੇਲੇ ਤੇਰੇ ਇਹ ਹਥਿਆਰ ਕੀ ਖੁੰਡੇ ਹੋ ਗਏ ਸਨ ? ਜੇ ਔਰੰਗਜ਼ੇਬ ਦੀ ਥਾਂ ਤੇ ਗੋਬਿੰਦ ਸਿੰਘ ਜੀ ਦੀ ਫਤਹ ਹੋਈ ਹੁੰਦੀ ਤਾਂ ਤੇਰੀ ਦੁਨੀਆਂ ਵਿਚ ਅਜ ਨਾਲੋਂ ਕਿਤੇ ਵਧ ਚੰਗਿਆਈ ਫੈਲੀ ਹੋਈ ਹੋਣੀ ਸੀ। ਆਪਣੀ ਬੇਪਰਤੀਤੀ ਦਾ ਕਾਰਨ ਤੂੰ ਆਪ ਹੀ ਬਣਿਆ ਫਿਰਦਾ ਹੈ। ਕਉਲਾਂ ਤੇਰੀ ਚੇਰੀ ਹੈ ਪਰੰਤੂ ਇਸ ਦੁਨੀਆਂ ਉਤੇ ਕਉਲਾਂ ਹੀ ਪੂਜੀ ਜਾਂਦੀ ਹੈ ਤੇ ਤੇਰਾ ਮੰਦਰ ਹੀ ਕਿਤੇ ਦਿਖਾਈ ਨਹੀਂ ਦੇਂਦਾ। ਪੰਜਾਹ ਸਾਲ ਹੋ ਗਏ ਢੂਡਦਿਆਂ ਨੂੰ ਪਰੰਤੂ ਇਕ ਵੀ ਦਿਲ ਐਹੋ ਜਿਹਾ ਨਹੀਂ ਲਭਾ ਜਿਥੇ ਸਚੇ ਅਰਥਾਂ ਵਿਚ ਤੂੰ ਧੜਕਦਾ ਹੋਵੇਂ। ਜੇ ਹੈਂ ਏਂ ਕੋਈ ਹਸਤੀ ਤਾਂ ਮਰਦ ਬਣ, ਮੌਂਹ ਭਨਣ ਲਈ ਇਕ ਬੰਦਾ ਤੇ ਵਿਖਾ ਦੇਹ ਜਿਹੜਾ ਹਰ ਜਾਵੀਏ ਤੋਂ ਪੂਰਨ ਪਰਮਾਤਮਾ ਹੋਵੇ।

ਮੰਨਿਆ ਤੂੰ ਬੜਾ ਵਚਿਤਰ ਹੈ, ਅਤੇ ਮੇਰੀ ਸਮਝ ਤੋਂ ਬਹੁਤ ਪਰੇ ਹੈ, ਪਰੰਤੂ ਜਿਸ ਦਿਮਾਗ ਵਿਚ ਸਵਾਲ ਦਿਤਾ ਈ ਉਥੇ ਉੱਤਰ ਵੀ ਦੇਹ, ਮੈਂ ਤੇਰੀਆਂ ਗੱਲਾਂ ਵਿਚ ਨਹੀਂ ਆਉਣ ਲਗਾ, ਉਹਨਾਂ ਦੀ ਪਰਾਲਭਦ ਹੀ ਐਸੀ ਸੀ, ਇਉਂ ਮੇਰਾ ਹੀ ਹੁਕਮ ਸੀ, ਇਹ ਉਹਨਾਂ ਮਹਾਂ ਪੁਰਖਾਂ ਦੀ ਮਨਸ਼ਾ ਸੀ। ਤੁਹਾਨੂੰ ਸੱਚ ਉਤੇ ਡੱਟਣ ਦੀ ਤਾਲੀਮ ਦੇਣੀ ਸੀ। ਸਚਾਈ ਤੇ ਮਰ ਮਿਟਣ ਦਾ ਨਮੂਨਾ ਦੇਣਾ ਸੀ ਇਤਆਦਿ।

ਸੁਣ, ਜੇ ਉਹਨਾਂ ਦੀ ਪਰਾਲਭਦ ਹੀ ਮਗਰ ਪਈ ਰਹਿਣੀ ਸੀ ਤਾਂ ਉਹ ਤੇਰਾ ਰੂਪ ਫਿਰ ਕੀ ਹੋਏ। ਕਰਮ ਨਾਸ਼ ਕਰਕੇ ਤੂੰ ਉਹਨਾਂ ਨੂੰ ਆਪਣੇ ਵਰਗਾ ਕੀਤਾ ਸੀ। ਫ਼ਿਰ ਪਰਾਲਭਦ ਦਾ ਕੀ ਸਵਾਲ।

ਦੂਜੇ ਜੇ ਇੰਜ ਤੇਰੀ ਰਜ਼ਾ ਮਰਜ਼ੀ ਸੀ ਤਾਂ ਤੂੰ ਚੰਗਾ ਪਿਤਾ ਹੈਂ ਖਾਣ ਪੀਣ ਨੂੰ ਸਿਆਸੀ ਆਦਮੀ ਤੇ ਕੁਰਬਾਨੀਆਂ ਦੇਣ ਨੂੰ ਭਗਤ। ਮੈਂ ਤੇਰੇ ਇਸ ਹੜੇ ਹੁਕਮ ਨੂੰ ਦਰੁਸਤ ਨਹੀਂ ਮੰਨਦਾ ਤੇ ਤੂੰ ਦਰੁਸਤਗੀ ਤੋਂ ਬਗੈਰ ਹੁਕਮ ਹੀ ਨਹੀਂ ਦੇ ਸਕਦਾ ਸਾਰੀ ਸਰਿਸ਼ਟੀ ਉਤੇ ਰਚਨਾ ਤੂੰ ਕਾਨੂੰਨ ਵਧ ਕੀਤੀ ਹੈ ਆਪ ਭਾਵੇਂ ਉਸ ਕਾਨੂੰਨ ਤੋਂ ਉਪਰ ਹੈ ਪਰੰਤੂ ਜੀਅ ਤਾਂ ਸਾਰੇ ਕਨੂੰਨੀ ਦਾਇਰੇ ਵਿਚ ਆਉਂਦੇ ਹਨ ਤੇ ਇਹ ਜੀਆਂ ਦੀ ਖੇਡ ਦਾ ਹੀ ਸਵਾਲ ਸੀ ਇਹ ਕੋਈ ਨਿਰਗੁਣਾਂ ਦੀ ਲੜਾਈ ਤਾਂ ਨਹੀਂ ਸੀ, ਸਰਗੁਣਾਂ ਦੀ ਸੀ ਤੇ ਕਾਨੂੰਨ ਬੱਧ ਜੀਆਂ ਦੀ ਸੀ ਇਸ ਲਈ ਸਚੇ ਤੇ ਪਵਿਤਰ ਆਤਮਾ ਦੀ ਹਰ ਪ੍ਰਕਾਰ ਇਖਲਾਕੀ ਤੇ ਦੁਨਿਆਵੀ ਜਿਤ ਹੋਣੀ ਚਾਹੀਦੀ ਸੀ, ਜਿਹੜੀ ਕਿ ਇਖਲਾਕੀ ਹੀ ਹੋਈ ਤੇ ਦੁਨਿਆਵੀ ਨਹੀਂ।

ਤੀਜੇ ਜੇਕਰ ਮੰਨੀਐ ਕਿ ਉਹਨਾਂ ਮਹਾਂਪੁਰਖਾਂ ਦੀ ਮਨਸ਼ਾ ਸੀ ਤਾਂ ਮੈਂ ਨਹੀਂ ਮੰਨ ਸਕਦਾ ਕਿ ਇੰਜ ਹੋਵੇ ਮੇਰੇ ਆਪਣੇ ਤਜਰਬੇ ਵਿਚ ਆਇਆ ਹੈ ਕਿ ਭਗਤ ਲੜਾਈ ਦੇ ਰਾਹ ਉਤੇ ਕਦੀ ਨਹੀਂ

ਚਲਦਾ ਭਗਤ ਸੁਤੇ ਸਿਧ ਸੱਬਮਿਸਿਵ ਹੋ ਜਾਂਦਾ ਹੈ ਭਲਾਮਾਣਸ ਪਾਣੀ ਸਿਰੋਂ ਲੰਘ ਜਾਣ ਤਕ ਹਥ ਨਹੀਂ ਚੁਕਦਾ ਅਜ ਭਾਵੇਂ ਉਹ ਮਹਾਂਪੁਰਖ ਮੇਰੇ ਪਾਸ ਨਹੀਂ ਹਨ ਕਿ ਪੁਛ ਲਵਾਂ ਕਿ ਕੀ ਫੁਲੋ ਇਹ ਅਗਨੀ ਦਾ ਰਾਹ ਤੁਸੀਂ ਸਵੈ ਇਛਾ ਨਾਲ ਚੁਣਿਆ ਸੀ ਪਰੰਤੂ ਮੇਰਾ ਦਿਲ ਇਹੋ ਹੀ ਕਹਿੰਦਾ ਹੈ ਕਿ ਮਜਬੂਰਨ ਗੁਲਾਬਾਂ ਨੂੰ ਤੱਤੀਆਂ ਤਵੀਆਂ ਤੇ ਬੈਠਣਾ ਪਿਆ ਹੋਵੇਗਾ ਇਹ ਮਜਬਰੀ ਦੀ ਹਾਲਤ ਤੂੰ ਹੀ ਬਣਾਈ ਸੀ।

ਚੌਥੇ ਬਹਾਨੇ ਦੇ ਤਹਿਤ ਤੂੰ ਕੁਝ ਕੁ ਆਪਣੇ ਆਪੇ ਨੂੰ ਬਰੀ ਕਰ ਸਕਦੇ ਕਿ ਤੁਹਾਨੂੰ ਸਚ ਉਤੇ ਡਟਣ ਦੀ ਤਾਲੀਮ ਦੇਣੀ ਸੀ, ਪਰੰਤੂ ਜੇ ਇਹ ਇਖਲਾਕੀ ਤੇ ਹਕੀਕੀ ਦੋਵੇਂ ਤਰ੍ਹਾਂ ਦੀ ਗੁਰਮੁਖਾਂ ਦੀ ਫਤਹਿ ਹੁੰਦੀ ਤਾਂ ਕੀ ਸਾਨੂੰ ਸਗੋਂ ਵਧੇਰੇ ਹੌਂਸਲਾ ਨਹੀਂ ਹੋਣਾ ਸੀ ਕਿ ਭਾਈ ਪ੍ਰਭੂ ਸੇਵਕ ਦੀ ਪੈਜ ਰਖਦਾ ਹੈ। ਜਿਵੇਂ ਸੁਲਹੀ ਖਾਂ ਨੂੰ ਮਾਰਿਆ ਸੀ ਤਿਵੇਂ ਹੀ ਜਹਾਂਗੀਰ ਤੇ ਔਰੰਗਜ਼ੇਬ ਨੂੰ ਵੀ ਕਰਦੇ।

ਹੁਣ ਹਾਰ ਕੇ ਤੂੰ ਇਕ ਨਵੇਂ ਤੇ ਪੰਜਵੇਂ ਬਹਾਨੇ ਤੇ ਆ ਖੜੋਤਾ ਹੈ, ਕਿ ਮੈਂ ਤੇ ਕੁਝ ਵੀ ਨਹੀਂ ਸੀ ਕੀਤਾ, ਬਸ ਇਕ ਤੋਂ ਅਨੇਕ ਹੋਇਆ ਤੇ ਆਨੰਦ ਵਿਭੋਰ ਪਿਆ ਹਾਂ। ਅਨੇਕਤਾ ਵਿਚੋਂ ਤੁਸੀਂ ਹੀ ਆਪਣੀ ਚੰਚਲਤਾ ਅਤੇ ਹਉਮੈ ਦੇ ਕਾਰਨ ਬਾਹਰ ਨਿਕਲੇ, ਤੁਸੀਂ ਸਾਰੇ ਜੀਵ ਪਰਮਾਤਮਾ ਹੀ ਹੋ। ਜਿਹੜਾ ਗਿਆਨਵਾਨ ਹੋ ਕੇ ਸਿਰਜਣਾ ਦੇ ਆਪੇ ਫਾਥੜੀਏ ਅਸੂਲ ਨੂੰ ਸਮਝ ਲੈਂਦਾ ਹੈ, ਉਹ ਮੇਰੇ ਨਿਰਗੁਣ ਸਰੂਪ ਵਿਚ ਆ ਮਿਲਦਾ ਹੈ ਵਰਨਾ ਜਿਹੜੇ ਮੂਰਖ ਹਨ ਉਹ ਜੂਨਾਂ ਵਿਚ ਭਟਕਦੇ ਫਿਰਦੇ ਹਨ। ਤੁਸੀਂ ਆਪ ਰਬ ਹੋ ਤੇ ਜਿਦਾਂ ਕਰਦੇ ਹੋ ਉਹਦੇ ਨਤੀਜੇ ਭਰਦੇ ਫਿਰਦੇ ਹੋ। ਚਾਹੇ ਆਪਣੇ ਆਪ ਨੂੰ ਦੁਖੀ ਕਰ ਲਉ ਚਾਹੇ ਧਰਤੀ ਨੂੰ ਸਵਰਗ ਬਣਾ ਲਉ, ਮੈਂ ਤਾਂ ਸਗੋਂ ਲਗਦੀ ਵਾਹ ਤੁਹਾਨੂੰ ਸਮਝਾਉਣ ਤੇ ਬਚਾਉਣ ਦਾ ਹੀ ਪਾਰਟ ਅਦਾ ਕਰਦਾ ਫਿਰਦਾ ਹਾਂ। ਜਿਹੜਾ ਸਿਆਣਾ ਹੁੰਦਾ ਹੈ ਉਹ ਮਿਟੀ ਦਾ ਠੀਕਰਾ ਕਿਸੇ ਨ ਕਿਸੇ ਮੂਰਖ ਸਿਰ ਭੰਨ, ਮੇਰੇ ਵਿਚ ਆ ਮਿਲਦਾ

ਹੈ । ਮੂਰਖ ਕਹਿੰਦੇ ਅਸਾਂ ਫਲਾਂ ਬੰਦਾ ਮਾਰਿਆ, ਗੁਰਮੁਖ ਕਹਿੰਦਾ ਨਿਰਗੁਣ ਬਣਨ ਲਈ ਸਰੀਰ ਛਡਣਾ ਜ਼ਰੂਰੀ ਹੈ, ਮੂਰਖ ਪਾਪ ਦੇ ਖਿਆਲ ਵਿਚ ਕਈ ਜੂਨਾਂ ਦੁਖ ਪਾਉਂਦਾ ਤੇ ਗੁਰਮੁਖ ਆਤਮਕ ਸੱਚ ਉਤੇ ਮਰ ਮਿਟਣ ਦੀ ਧੁਨ ਵਿਚ ਮੇਰੇ ਨਾਲ ਆ ਮਿਲਦਾ ਹੈ ਵੱਡਿਆ ਸਿਆਣਿਆ ਲੈ ਸੁਣ ਤੈਨੂੰ ਇਕ ਹੋਰ ਵੀ ਭੇਦ ਦੀ ਗਲ ਦਸਾਂ । ਮੈਂ ਹੀ ਅਰਜਨ ਦੇਵ ਸਾਂ ਮੈਂ ਹੀ ਜਹਾਂਗੀਰ ਸਾਂ । ਇਕ ਜਾਮੇ ਨੂੰ ਵਡਿਆਈ ਦਿਤੀ ਤੇ ਇਕ ਨੂੰ ਅਪਜਸ ਦੇਣ ਮੇਰੀ ਹੀ ਸੀ ਪਰੰਤੂ ਉਹਨਾਂ ਦੀ ਆਤਮਕ ਮੰਗ ਦੇ ਮੁਤਾਂਬਕ, ਕਿਰਦਾਰ ਉਹਨਾਂ ਨੂੰ ਸੌਂਪ ਕੇ, ਤੁਹਾਨੂੰ ਚੰਗੇ ਤੇ ਮਾੜੇ ਕਿਰਦਾਰ ਦੀ ਸੂਝ ਬਖਸ਼ੀ ਹੈ । ਤੁਹਾਡੀ ਧਰਤੀ ਮੂਰਖ ਆਤਮਾਂਵਾਂ ਨੂੰ ਸਿਆਣੇ ਬਨਾਣ ਦਾ ਇਕ ਸਕੂਲ ਹੈ । ਮੈਂ ਆਪ ਨਿਰਗੁਣ ਹਾਂ । ਕਦੀ ਜਮਣ ਮਰਣ ਵਿਚ ਨਹੀਂ ਆਉਂਦਾ । ਇਸ ਵਾਸਤੇ ਮੈਂ ਕਦੋ ਕਹਿੰਦਾ ਹਾਂ ਕਿ ਤੁਸੀਂ ਨਿਰਗੁਣ ਤੋਂ ਬਾਹਰ ਨਿਕਲੋ । ਚੰਚਲਤਾ ਤੇ ਹਉਮੈ ਮਾਰੇ ਜੀਵ ਆਪ ਹੀ ਆਪਣੀ ਰਚਨਾ ਵਿਚ ਆਪਣੇ ਖਿਆਲਾਂ ਦੇ ਮਗਰ ਲਗੇ ਫਸੇ ਧਕੇ ਖਾ ਰਹੇ ਹਨ । ਜਰਾ ਸੋਚੋ ਤਾਂ ਸਹੀ ਕੀ ਤੁਹਾਨੂੰ ਬਣਾਇਆ ਸੀ ਤੇ ਹੁਣ ਤੁਸੀਂ ਕੀ ਹਵਾ, ਪਾਣੀ, ਮਿਟੀ, ਆਦਿ ਦੀ ਮੁਬਾਜੀ ਵਿਚ ਕੈਦ ਹੋਏ ਬਣੇ ਫਿਰ ਰਹੇ ਹੋ, ਇਹ ਜੀਹਨੂੰ ਨਰਕ ਨਰਕ ਕਹਿੰਦੇ ਹੋ ਤੁਹਾਡੇ ਅਛੇ ਕਿਰਦਾਰ ਨਾਲ ਸਵਰਗ ਬਣ ਸਕਦੀ ਹੈ । ਐ ਸ਼ਰਫੁਲ ਮਖਲੂਕਾਤ ਜ਼ਰਾ ਸੋਚ ਤੇ ਤੇ ਅਖਾਂ ਉਘੇੜ। ਖੈਰ ਬੇਟਾ ਸ਼ਾਬਾਸ਼ੇ ਜਿਸ ਇਤਨੀ ਸੋਚ ਵਿਚਾਰ ਪੈਦਾ ਕਰ ਲਈ, ਆਪਣੇ ਨਾਲ ਕਈ ਹੋਰਨਾਂ ਦੀਆਂ ਅਖਾਂ ਉਘੇੜ ਕੇ ਮੇਰੇ ਪਾਸ ਆ, ਮੈਂ ਤੇਰਾ ਇੰਤਜ਼ਾਰ ਕਰ ਰਿਹਾ ਹਾਂ ਮੁਬਾਰਕ ਹੋਣ ਤੇਰੇ ਵਿਚਾਰ । ਤੂੰ ਆਪਣਾ ਹੀ ਜਸ ਗਾ ਰਿਹਾ ਹੈ । ਸ਼ੀਸ਼ੇ ਵਿਚ ਮੂੰਹ ਵੇਖ ਲਵੀਂ ਤੇ ਤੈਨੂੰ ਉਹ ਬੰਦਾ ਲਭ ਪਊ ਜਿਸ ਨੂੰ ਪੰਜਾਹ ਸਾਲਾਂ ਤੋਂ ਢੂੰਡ ਰਿਹਾ ਹੈ ।

15.2.74 ਸ਼ਕਤੀ ਬਗੈਰ, ਭਗਤੀ ਕੋਈ ਕਰਨ ਹੀ ਨਹੀਂ ਦੇਂਦਾ । ਯਾਦ ਰਖੋ ਜਦ ਰਾਮ ਜੀ ਨੂੰ ਯਗ ਸੰਪੂਰਨ ਕਰਵਾਉਣ ਲਈ ਵੰਗਾਰਿਆ ਗਿਆ

ਸੀ । ਹੋਰ ਤੇ ਹੋਰ ਰਿਹਾ ਰਬ ਦਾ ਨਾਮ ਲੈਣ ਦੀ ਵੀ ਆਜ਼ਾਦੀ ਨਹੀਂ ਰਹਿੰਦੀ ਅਤੇ ਭਗਤੀ ਬਿਨਾ ਸ਼ਕਤੀ ਮੂਲੋਂ ਹੀ ਵੈਹਸ਼ੀਪੁਣਾ ਹੈ । ਇਹਨਾਂ ਦੋਨਾ ਦਾ ਚੋਲੀ ਦਾਮਨ ਦਾ ਸਾਥ ਹੈ । ਇਕ ਪੂਰਨ ਪੁਰਖ ਖਾਲਸੇ ਵਿਚ ਇਹ ਦੋਵੇਂ ਗੁਣ ਹੋਣੇ' ਅਤੀ ਜ਼ਰੂਰੀ ਹਨ । ਪਰੰਤੂ ਭਗਤੀ ਵੇਲੇ ਸਾਹਸਹੀਣ ਨਹੀਂ ਹੋਣਾ ਚਾਹੀਦਾ ਕਿ ਤਨ ਸੁਕਾ ਪਿੰਜਰ ਦੀਆਂ ਤਲੀਆਂ ਚੂੰਡੇ ਕਾਗ ਵਾਲੀ ਹਾਲਤ ਹੋ ਜਾਵੇ । ਸਭ ਕੁਝ ਰਾਮ ਤੇ ਸੁਟ ਕੇ ਆਪ ਹਥ ਤੇ ਹਥ ਧਰ ਨਹੀਂ ਬਹਿ ਜਾਣਾ ਚਾਹੀਦਾ ਅਤੇ ਸ਼ਕਤੀ ਵੇਲੇ ਠੱਗੀ, ਧੋਖਾ, ਧਰੋਹ, ਕੁਟਿਲਤਾ ਆਦਿ ਨਹੀਂ ਵਰਤਣੀਆਂ ਚਾਹੀਦੀਆਂ, ਕਿਉਂ ਇਸ ਤਰ੍ਹਾਂ ਆਤਮਾਂ ਨੂੰ ਇਹ ਮਾੜੀਆਂ ਕੁਚੀਆਂ ਅਪਨਾਉਣ ਦਾ ਮੈਕਿਆ ਮਿਲ ਜਾਂਦਾ ਹੈ । ਆਤਮਕ ਪਵਿਤਰਤਾ ਵਿਚ ਦਰਾੜ ਪਏ ਜਾਂਦੀ ਹੈ । ਸਮਾਜੀ ਗਿਰਾਵਟ ਦਾ ਵਡਾਂ ਕਾਰਨ ਇਹ ਦੋ ਪਰਵਿਰਤੀਆਂ ਹਨ । ਪਹਿਲੀ, ਭਗਤੀ ਵਿਚ ਸਾਹਸਹੀਣਤਾ ਭਾਵ ਜੀਰੋ ਹਾਲਤ ਨੂੰ ਪਹੁੰਚਨਾ । ਇਹ (ਹਉਮੇ ਮਰਨਾ ਨਹੀਂ ਹੈ) ਅਤੇ ਦੂਜੇ ਸ਼ਕਤੀ ਵੇਲੇ ਅਨਇਖਲਾਕੀ ਹਰਬੇ ਵਰਤਣੇ । ਇਕ ਜੀਉਂਦੇ ਜਾਗਦੇ ਇਨਸਾਲ ਲਈ ਇਹ ਦੋਵੇਂ ਹਾਲਤਾ ਘਾਤਕ ਹਨ । ਸਫਲ ਜੀਵਨ ਵਾਲਾ ਵਿਅਕਤੀ ਭਗਤੀ ਤੇ ਸ਼ਕਤੀ ਵਿਚ ਸੰਤੁਲਨ ਬਣਾਈ ਰਖਦਾ ਹੈ।

ਭਗਤੀ ਮਹਜ਼ ਰਾਮ ਰਾਮ ਯਾ ਵਾਹਿਗੁਰੂ ਵਾਹਿਗੁਰੂ ਕਹੀ ਜ਼ਾਣ ਹੀ ਨੂੰ ਨਹੀਂ ਕਹਿੰਦੇ । ਭਗਤੀ ਹੈ ਵਾਹਿਗੁਰੂ ਬਾਰੇ ਵਿਚਾਰ ਕਰਨੀ (ਵਡਿਆਈਆਂ ਵੀਚਾਰ ਕਰਨੀਆਂ) । ਵਾਹਿਗੁਰੂ ਕੀ ਹੈ ਰਬ ਹੈਗਾ ਵੀ ਏ ਕਿ ਨਹੀਂ । ਵਸਦਾ ਕਿਥੇ ਹੈ । ਕਿਸੇ ਵੇਖਿਆ ਹੈ ਕਿ ਨਹੀਂ । ਕਿਵੇਂ ਮਿਲਿਆ ਜਾਂਦਾ ਹੈ । ਮਿਲਣ ਦਾ ਕੀ ਮਤਲਬ ਹੈ । ਸਰਿਸ਼ਟੀ ਦੀਉਤਪਤੀ ਕਿਸ ਕਾਰਣ ਰਾਹੀਂ ਹੋਈ ਹੈ । ਸੰਸਾਰ ਦਾ ਕੰਮ ਕਿਵੇਂ ਚਲ ਰਿਹਾ ਹੈ । ਉਸ ਵਿਚ ਵਾਪਸ ਮਿਲ ਸਕਣ ਦੇ ਕੀ ਕਾਨੂੰਨ ਹਨ । ਮੈਂ ਕੀ ਚੀਜ਼ ਹਾਂ । ਮੇਰੀ ਜ਼ਿੰਦਗੀ ਦਾ ਕੀ ਮਨੋਰਥ ਹੈ । ਮੈਂ ਉਸ ਮਨੋਰਥ ਨੂੰ ਕਿਵੇਂ ਪਾ ਸਕਦਾ ਹਾਂ । ਕੀ ਗਾਰੰਟੀ ਹੈ ਐਡੇ ਵਡੇ ਮਨੋਰਥ ਨੂੰ ਪਾ ਲੈਣ ਦੀ । ਅਗੇ ਕਿਸੇ ਇਹ ਮਨੋਰਥ ਪਾਇਆ ਹੈ ਕਿ

ਨਹੀਂ ਅਤੇ ਕਿਵੇਂ ਪਾਇਆ ਹੈ । ਕੀ ਮੇਰਾ ਜੀਵਨ ਟੀਚਾ ਅਤੇ ਉਸ ਨੂੰ ਅਪੜਨ ਦਾ ਰਾਹ ਰਸਤਾ ਠੀਕ ਵੀ ਹਨ । ਕਿਤੇ ਮੇਰੇ ਭਟਕੇ ਹੋਏ ਹੋਣ ਦੀ ਤਾਂ ਸੰਭਾਵਨਾ ਨਹੀਂ, ਆਦਿ ।

ਸ਼ਕਤੀ ਤਾਂ ਵਰਤਣੀ ਹੀ ਚਾਰੋਂ ਬਨਿਉਂ ਹਾਰਹੰਬ ਕੇ ਚਾਹੀਦੀ ਹੈ । ਜਦ ਬਿਲਕੁਲ ਯਕੀਨ ਹੋ ਜਾਵੇ ਕਿ ਸਿੱਧੀ ਉਂਗਲੀ ਘਿਉ ਨਿਕਲਦਾ ਹੀ ਨਹੀਂ ਤਾਂ ਟੇਡ਼ੀ ਕਰੋ । ਏਵੇਂ ਆਪਣੇ ਆਪ ਨੂੰ ਪਾਟੇ ਖਾਂ ਸਿੱਧ ਕਰਨ ਲਈ ਨਹੀਂ । ਸਾਰੇ ਰੋਟੀਆਂ ਖਾਦੇ ਹਨ, ਕੋਈ ਕਿਸੇ ਤੋਂ ਘਟ ਨਹੀਂ । ਲਗਦੀ ਵਾਹ ਨਿਮਰਤਾ ਵਿਚ ਰਹਿਣ ਦੀ ਕੋਸ਼ਿਸ਼ ਕਰੋ । ਇਕ ਨ ਅਧੀ ਬੋਲ ਫਰੋਸ਼ੀ ਸੁਣ ਕੇ ਵੀ ਜਰ ਜਾਉ । ਮਹਿੰਗਾਈ ਡਾਲਡਾ, ਚਾਹ ਤੇ ਨਸ਼ਿਆਂ ਦੇ ਮਾਰੇ ਲੋਕ ਏਵੇਂ ਗਲ ਲਗ ਕੇ ਮਰਨ ਨੂੰ ਥਾਂ ਭਾਲਦੇ ਫਿਰਦੇ ਹਨ । ਜਵਾਨ, ਦਿਲ ਤੇ ਗੁਰਦੇ ਵਾਲੇ ਸੂਰਮੇ ਹੁੰਦੇ ਹਨ । ਲਗਦੀ ਵਾਹ ਹੋਸ਼ਲਿਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ ਪਰੰਤੂ ਜੇ ਅਣਖ, ਗੈਰਤ ਤੇ ਸਚਾਈ ਨੂੰ ਹੀ ਵਟਾ ਲਗਦਾ ਹੋਵੇ ਤਾਂ ਜੋ ਜੋ ਰਾਮ ਕਰੇ ਸੋ ਹੋਵੇ ਮੇਰਾ ਜਾਤੀ ਤਜਰਬਾ ਇਹ ਹੈ ਕਿ ਸਚੇ ਭਗਤਾਂ ਨੂੰ ਜੇ ਉਹ ਆਪ ਨ ਚਾਹੁਣ ਭਾਂ ਕਠਨ ਸਮੇਂ ਵੇਖਣੇ ਹੀ ਨਹੀਂ ਪੈਂਦੇ । ਰਾਮ ਰਖਵਾਲੀ ਕਰਦਾ ਹੈ । ਅੰਗ ਸੰਗ ਸਹਾਈ ਹੁੰਦਾ ਹੈ । ਦੁਖ ਕਲੇਸ਼ ਦਾ ਨਾਸ਼ ਤੇਰੇ ਭਜਨ ਦਾ ਪਰਤਾਪ, ਸਚ ਹੋ ਨਿਬੜਦਾ ਹੈ ।

1078. ਕਈ ਬੈਕੁੰਠ ਨਾਹੀ ਲਵੇ ਲਾਗੇ, ਮੁਕਤਿ ਬਪੁੜੀ ਭੀ ਗਿਆਨ ਤਿਆਗੇ ।
ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾਂ ।

1087. ਨਾਨਕ ਮਿਲਿਆ ਸੋ ਜਾਣੀਐ ਗੁਰੂ ਨ ਛੋਡੈ ਆਪਣਾ ਦੂਜੈ ਨ ਧਰੇ ਪਿਆਰ
ਭਾਵ ਆਪਣੇ ਆਤਮਰਾਮ ਦੀ ਗਲ ਮੰਨੋ ਦੂਜੇ ਦੀ ਨਹੀਂ ।

1090. ਇਕਨੀ ਗੁਰਮੁਖਿ ਬੁਝਿਆ ਹਰਿ ਆਤਮ ਰਾਮ ।

1092. ਹਉਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ ।
ਬੂਝਹੁ ਗਿਆਨੀ ਬੂਝਣਾ ਏਹ ਅਕਥ ਕਥਾ ਮਨ ਮਾਹਿ ।
ਬਿਨੁ ਗੁਰ ਤਤੁ ਨ ਪਾਈਐ ਅਲਖੁ ਵਸੈ ਸ਼ਭ ਮਾਹਿ ।

1093. ਆਪੈ ਨੂੰ ਆਪੁ ਮਿਲਿ ਰਹਿਆ ਹਉਮੈ ਦੁਬਿਧਾ ਮਾਰਿ ।

1094. ਜਿਉ ਨਾਨਕ ਆਪਿ ਨਚਾਇਦਾ ਤਿਵ ਹੀ ਕੋ ਨਚਾ ।

1094. ਨੀਹੁ ਮਹਿੰਜਾ ਤਊ ਨਾਲਿ ਬਿਆ ਨੇਹ ਕੂੜਾਵੇ ਡੇਖੁ ।

1096. ਤੁਧੁ ਰੂਪੁ ਨ ਰੇਖਿਆ ਜਾਤਿ ਤੂ ਵਰਨਾ ਬਾਹਰਾ ।
ਏ ਮਾਣਸ ਜਾਣਹਿ ਦੂਰਿ ਤੂ ਵਰਤਹਿ ਜਾਹਰਾ ।

1096. ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ।
ਤੁਧੁ ਸਭੁ ਕਿਛੁ ਮੈਨੂੰ ਸਉਪਿਆ ਜਾ ਤੇਰਾ ਬੰਦਾ ।
ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ ।
ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ ।
ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ ।
ਲੇਖਾ ਕੋਇ ਨਾ ਪੁਛਈ ਜਾ ਹਰਿ ਬਖਸੰਦਾ ।
ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ ।
ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ ।

1097. ਐਸੀ ਸੋਭਾ ਜਨੈ ਕੀ ਜੇਵਡ ਹਰਿ ਪਰਤਾਪੈ ।

1099. ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰੁ ਅਖੀ ਦੇਖੇ ।

1100. ਸਜਣ ਮੁਖੁ ਅਨੂਪੁ ਆਠੇ ਪਹਰ ਨਿਹਾਲਸਾ ।
ਸੁਤੜੀ ਸੋ ਸਹੁ ਡਿਠੁ ਤੈ ਸੁਪਨੇ ਹਉ ਖੰਨੀਐ ।

1104. ਤਾਰਨ ਤਰਨੁ ਤਬੈ ਲਗੁ ਕਹੀਐ ਜਬ ਲਗੁ ਤਤੁ ਨ ਜਾਨਿਆਂ ।
ਅਬ ਤਉ ਬਿਮਲ ਭਏ ਘਟ ਹੀ ਮਹ ਕਹਿ ਕਬੀਰ ਮਨੁ ਮਾਨਿਆ ।

1104. ਕਹੈ ਕਬੀਰ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ ।
ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ ।

1111. ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ ।
ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ ।

1117. ਸੋਈ ਕਰਮੁ ਕਮਾਵੈ ਪ੍ਰਾਣੀ ਜੇਹਾ ਤੂੰ ਫੁਰਮਾਏ ।

1129. ਇਸੁ ਮਨ ਤੇ ਸਭ ਪਿੰਡ ਪਰਾਣਾ ।
ਮਨ ਕੈ ਵੀਚਾਰਿ ਹੁਕਮ ਬੁਝ ਸਮਾਣਾ ।

1130. ਕਲਜੁਗ ਮਹਿ ਬਹੁ ਕਰਮ ਕਮਾਹਿ, ਨ ਰੁਤਿ ਨ ਕਰਮ ਥਾਇ ਪਾਹਿ ।
ਕਲਜੁਗ ਮਹਿ ਰਾਮ ਨਾਮੁ ਹੈ ਸਾਰੁ ਗੁਰਮੁਖਿ ਸਾਚਾ ਲਗੈ ਪਿਆਰੁ ।
ਤਨੁ ਮਨੁ ਖੋਜਿ ਘਰੈ ਮਹਿ ਪਾਇਆ, ਗੁਰਮੁਖਿ ਰਾਮ ਨਾਮਿ ਚਿਤੁ ਲਾਇਆ

1139. ਜਨ ਨਾਨਕ ਤਿਨਕੇ ਬਲਿ ਬਲਿ ਜਾਈਐ ਜਿਹ ਘਟਿ ਪਰਗਟੀਆਏ ।

1139. ਨਿਕਟਿ ਬੁਜੈ ਸੋ ਬੁਰਾ ਕਿਉ ਕਰੈ, ਬਿਖੁ ਸੰਚੈ ਨਿਤ ਡਰਦਾ ਫਿਰੈ ।
ਹੈ ਨਿਕਟੇ ਅਰੁ ਭੇਦ ਨ ਪਾਇਆ ਬਿਨ ਸਤਿਗੁਰ ਸਭ ਮੋਹੀ ਮਾਇਆ ।

ਨੇੜੈ ਨੇੜੈ ਸਭੁ ਕੋ ਕਹੈ ਗੁਰਮੁਖਿ ਭੇਦੁ ਵਿਰਲਾ ਕੋ ਲਹੈ ।

1139. ਪਈ ਠਗਉਰੀ ਹਰਿ ਸੰਗਿ ਨ ਜਾਨਿਆ ਬਾਝੁ ਗੁਰੂ ਹੈ ਭਰਮਿ ਭੁਲਾਨਿਆ

1140. ਗੁਰਿ ਕਹਿਆ ਜੋ ਹੋਇ ਸਭੁ ਪ੍ਰਭ ਤੇ, ਤਬ ਕਾੜਾ ਛੋਡਿ ਅਚਿੰਤ ਹਮ ਸੋਤੇ

1158. ਮਨੁ ਕਰਿ ਮਕਾ ਕਿਬਲਾ ਕਰਿ ਦੇਹੀ ਬੋਲਨਹਾਰੁ ਪਰਮ ਗੁਰੂ ਏ ੀ ।

1160. ਜੋ ਪਾਥਰ ਕਉ ਕਹਤੇ ਦੇਵ ਤਾਕੀ ਬਿਰਥਾ ਹੋਵੈ ਸੇਵ ।
ਜੋ ਪਾਥਰ ਕੀ ਪਾਈ ਪਾਇ ਤਿਸਕੀ ਘਾਲ ਅਜਾਈ ਜਾਇ ।

1160. ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ, ਤਬ ਛੂਟੇ ਜਬ ਸਾਧੂ ਪਾਇਆ ।

1163. ਜਿਨ ਕੈ ਭੀਤਰਿ ਹੈ ਅੰਤਰਾ, ਜੈਸੇ ਪਸੁ ਤੈਸੇ ਉਇ ਨਰਾ ।

23.2.74 ਰਬ ਕਿਵੇਂ ਕੰਮ ਕਰਦਾ ਹੈ । ਇਹ ਇਕ ਮੁਕੰਮਲ ਗੋਰਖਧੰਧਾ ਏ । ਕੋਈ ਕਤਈ ਸਿਰ ਸਿਟਾ ਨਹੀਂ ਲਭਦਾ, ਪਰੰਤੂ ਸੋਚ ਵਿਚਾਰ ਕਰਦਿਆਂ ਨੂੰ ਕੁਝ ਕੁ ਪਤਾ ਤਾਂ ਲਗਾ ਈ ਏ । ਉਹ ਇੰਜ ਹੈ ਕਿ ਵਾਹਿਗੁਰੁ ਇਕ ਤੋਂ ਅਨੇਕ ਹੋ ਗਿਆ । ਜਿਸ ਤਰ੍ਹਾਂ ਦਾ ਉਹ ਆਪ ਸੀ ਉਸੇ ਤਰ੍ਹਾਂ ਦੇ ਉਹਨੇ ਅਨੇਕ ਵਾਹਿਗੁਰੂ ਪੈਦਾ ਕਰ ਦਿਤੇ । ਹਰਿ ਵਾਹਿਗੁਰੂ ਸ਼ਕਤੀ ਸਮਰਥਾ ਵਿਚ ਵਡੇ ਪੂਰਨ ਵਾਹਿਗੁਰੂ ਵਰਗਾ ਈ ਏ । ਕਿਸੇ ਪਾਸਿਓਂ ਬਿਲਕੁਲ ਰਾਈ ਭਰ ਵੀ ਫਰਕ ਯਾ ਘਟ ਨਹੀਂ

ਇਹ ਹਨ ਆਤਮਾਵਾਂ । ਇਹਨਾਂ ਆਤਮਾਵਾਂ ਨੇ ਉਤਸੁਕਤਾ ਤੇ ਚੇਤਨਤਾ ਦੇ ਕਾਰਨ ਜਿਸ ਵੀ ਖਿਆਲ ਨੂੰ ਮੁਖ ਰਖਿਆ ਉਹੋ ਕੁਝ ਇਹ ਆਪ ਬਣਦੇ ਗਏ । ਦੁਬਿਧਾ ਵਿਚ ਪਿਛਾ ਭੁਲਦਾ ਗਿਆ ਤੇ ਅਗਾਂਹ ਤੋਂ ਅਗਾਹ ਆਪਣੇ ਹੀ ਖਿਆਲਾਂ ਮਗਰ ਟੁਰਦੇ ਗਏ । ਜੇ ਕਿਸੇ ਨੂੰ ਡਾਕਟਰ ਬਣਨਾ ਚੰਗਾ ਲਗਾ ਤਾਂ ਉਹ ਡਾਕਟਰ ਬਣ ਗਿਆ । ਜੇ ਕਿਸੇ ਨੂੰ ਪਰੋਫੈਸਰ ਤੇ ਅਧਿਆਪਕ ਬਣਨਾ ਪਸੰਦ ਹੋਇਆ ਤਾ ਉਹ ਉਹੋ ਕੁਝ ਹੀ ਬਣ ਗਿਆ । ਏਥੋਂ ਤਕ ਕਿ ਜੇ ਜ਼ਨਾਨੀ ਰੂਪ ਪਸੰਦ ਆਇਆ ਤਾਂ ਜ਼ਨਾਨੀ ਬਣ ਗਿਆ, ਜੇ ਮਰਦ ਰੂਪ ਪਸੰਦ ਆਇਆ ਤਾਂ ਮਰਦ ਬਣ ਗਿਆ । ਜੇ ਜ਼ਮੀਨ ਪਸੰਦ ਆਈ ਤਾਂ ਜ਼ਮੀਨ ਨਾਲ ਵਾਹ ਵਾਸਤਾ ਪੈ ਗਿਆ । ਜੇ ਬਿਉਪਾਰ ਪਸੰਦ ਕੀਤਾ ਤਾਂ ਬਿਉਪਾਰੀ ਬਣ ਗਿਆ । ਆਪਣੀ ਧੁੰਨ ਦੀ ਪੂਰਤੀ ਲਈ ਘਾਲਣਾ ਵਿਚ ਦੂਜਿਆਂ ਨਾਲ ਖਹਿਣਾ ਸ਼ੁਰੂ ਕਰ ਦਿਤਾ । ਦੁਜੈਗੀ ਪੈ ਗਈ ਤੇ ਵੈਰ ਵਿਰੋਧ ਦਾ ਮੁਢ ਬਝ ਗਿਆ । ਆਪਣੀ ਧੁੰਨ ਤਥਾ ਰੁਚੀ ਦੀ ਪੂਰਤੀ ਦੇ ਰਾਹ ਵਿਚ ਆਉਂਦੀਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਹਰ ਹਰਬਾ ਕੀ ਚੰਗਾ ਤੇ ਕੀ ਮਾੜਾ ਵਰਤਣਾ ਸ਼ੁਰੂ ਕਰ ਦਿਤਾ । ਦੂਜਿਆਂ ਨੂੰ ਓਪਰੇ ਸਮਝਣ ਲਗ ਪਿਆ, ਹਉਮੈ ਤੇ ਤ੍ਰਿਸਨਾ ਵਿਚ ਖੁਭਦਾ ਚਲਾ ਗਿਆ । ਚੰਗਿਆਈਆਂ ਘਟਦੀਆਂ ਗਈਆਂ ਤੇ ਮੰਦੇ ਖਿਆਲ ਵਧਦੇ ਗਏ । ਰਬੋਂ ਬਣਿਆ ਬੰਦਾ, ਬੰਦਿਉ ਪਸੂ ਪਕਸ਼ੀ, ਪਸ਼ੂ ਪਕਸ਼ੀਉ ਪੌਦਾ ਆਦਿ ਬਣ ਕੇ ਰਸਾਤਲ ਦੇ ਫੋਏ ਨੂੰ ਮੂੰਹ ਕਰ ਲਿਆ । ਲਖਾਂ ਵਾਰ ਆਪਣਾ ਆਪ ਕਟਵਾ ਕੇ ਆਪਣੇ ਸਰੀਰ ਦੀ ਲਖਾਂ ਵਾਰ ਅਹੂਤੀ ਦੇ ਕੇ, ਕਠਨ ਪ੍ਰੀਸ਼ਰਮ ਦੇ ਬਾਦ, ਦੁਖ ਸੁਖ ਦੀ ਚਕੀ ਵਿਚ ਪਿਸਦਾ ਮੁੜ ਕਿਤੇ ਤਕਦੀਰ ਨਾਲ ਬੰਦਾ ਬਣਦਾ ਹੈ । ਸਤਿਗੁਰ ਨਾਨਕ ਦੇ ਦਰਬਾਰ ਵਿਚ ਆਉਨ ਦਾ ਸੁਭਾਗ ਕਲਜੁਗ ਵਿਚ ਪ੍ਰਾਪਤ ਹੁੰਦਾ ਹੈ, ਸਤਿਗੁਰਾਂ ਪਾਸੋਂ ਅਕਲ ਲੈਂਦਾ ਮਥੇ ਦੀਆਂ ਰੇਖਾਵਾਂ ਸਿਧੀਆਂ ਕਰਵਾਂਦਾ ਤੇ ਮੁੜ ਨਿਰਗੁਣ ਪ੍ਰਮਾਤਮਾ ਬਣਦਾ ਹੈ ਉਹ ਵੀ ਕੋਈ ਸੈਂਕੜਿਆਂ ਤੇ ਲਖਾਂ ਵਿਚੋਂ ਵਿਰਲਾ ਇਕ, ਵਰਨਾ ਜੋ ਸ਼ੈਤਾਨ ਵੰਜਾਇਆ ਸੋ ਕਿਤ ਫੇਰੇ

ਚਿਤ' ਵਾਲੇ ਮੂਰਖਾਂ ਨੂੰ ਸਮਝ ਹੀ ਨਹੀਂ ਆਉਂਦੀ ਕਿ ਅਸੀਂ ਵਾਸਤਵ ਵਿਚ ਕੀ ਹਾਂ ਤੇ ਕੀ ਬਣੇ ਫਿਰਦੇ ਹਾਂ ਮਹਿਜ਼ ਆਪਣੇ ਦੁਨਿਆਵੀ ਨਫੇ ਨੁਕਸਾਨ ਨੂੰ ਮੁਖ ਰਖ ਕੇ, ਅੰਨੇ ਵਾਹ ਆਤਮਾ ਨੂੰ ਗਿਰਾਵਟ ਵਲ ਲੈ ਜਾਣ ਲਈ ਰਾਤ ਦਿਨ ਜ਼ੋਰ ਲਾਈ ਜਾਂਦੇ ਹਨ ਭਿਆਨਕ ਸਿਟਿਆਂ ਤੇ ਨਤੀਜਿਆਂ ਤੋਂ ਬਿਲਕੁਲ ਬੇਖਬਰ ਤੇ ਬੇਬਹਿਰਾ ਇਹ ਜਗ ਮਿਠਾ ਅਗਲਾ ਕਿਨ ਡਿਠਾ ਗਾਈ ਜਾਂਦੇ ਹਨ । ਉਏ ਰਬੋ, ਜ਼ਰਾ ਹੋਸ਼ ਵਿਚ ਆਉ । ਪਵਿਤਰਤਾ ਦੇ ਅਰਸ਼ਾਂ ਤੋਂ ਦੋਜ਼ਖ ਵਲੇ ਨ ਭਜੇ ਜਾਉ । ਰਬ ਹੋ ਕੇ ਆਪਣੇ ਆਪ ਨੂੰ ਪਛਾਣਦੇ ਨਹੀਂ ਹੋ । ਦੁਨਿਆਵੀ ਚੀਜ਼ਾਂ ਪਿਛੇ ਮਰਦੇ ਫਿਰਦੇ ਹੋ । ਜਿਨ੍ਹਾਂ ਨੇ ਤੁਹਾਨੂੰ ਆਪਣੇ ਸਿਕੰਜੇ ਵਿਚ ਜਕੜ ਰਖਿਆ ਹੈ ਤੇ ਖਵਰਿਆ ਕਦ ਤਕ ਰਿਹਾਈ ਨਹੀਂ ਮਿਲਣੀ । ਇਨਸਾਨ ਰੂਪ ਰਬੋ, ਸੁਨੈਹਰੀ ਮੌਕਿਆ ਜੇ, ਆਪਣੇ ਆਪ ਨੂੰ ਪਛਾਣੋ । ਆਪਣੀ ਆਤਮਾ ਨੂੰ ਸਚਾ ਮੁਚਾਂ ਪਵਿਤਰ ਤੇ ਉਚਾ ਰਖੋ। ਗੁਰਬਾਣੀ ਵਿਚੋਂ ਆਤਮਾ ਦੇ ਗੁਣ ਪੜ੍ਹੋ । ਆਤਮਾ ਨੂੰ ਉਹਨਾਂ ਗੁਣਾਂ ਦੇ ਅਨੁਕੂਲ ਪਵਿੱਤਰ ਰਖੋ ਤੇ ਮੁੜ ਪਵਿਤਰ ਆਤਮਾ (ਵਾਹਿਗੁਰੂ) ਬਣ ਜਾਉ । ਲੋਕਾਂ ਦੀਆਂ ਬੁਰਾਈਆਂ ਕੀ ਸੋਚਦੇ ਤੇ ਕਰਦੇ ਫਿਰਦੇ ਹੋ । ਉਹਨਾਂ ਤੇ ਆਪਣਾ ਬੀਜਿਆ ਵਢਣਾ ਹੈ । ਤੁਸੀਂ ਕਿਉਂ ਏਵੇਂ ਮੰਦੇ ਖਿਆਲਾਂ ਦੇ ਮਗਰ ਲਗੇ, ਉਹਨਾਂ ਦਾ ਮਾੜਾ ਚਿਤਵਦੇ ਤੇ ਕਰਦੇ ਫਿਰਦੇ ਹੋ । ਕੰਮ ਪ੍ਰਭੂ ਆਪਣਾ ਕਰਵਾ ਲੈਂਦਾ ਹੈ, ਪਰੰਤੂ ਮੂਰਖਾ ਮੰਦੇ ਖਿਆਲਾਂ ਵਾਲਿਆਂ ਨੂੰ ਮੰਦਾ ਕਿਰਦਾਰ ਦੇ ਕੇ ਅਤੇ ਚੰਗੇ ਖਿਆਲਾਂ ਵਾਲਿਆਂ ਨੂੰ ਚੰਗਾ ਤੇ ਸੋਭਾ ਵਾਲਾ ਕਿਰਦਾਰ ਬਖਸ਼ ਕੇ । ਜ਼ਰਾ ਹੋਸ਼ ਵਿਚ ਆਉ । ਮੰਦ ਭਾਵਨਾ ਤੋਂ ਬਚੋ । ਝੂਠੇ ਮੁਕਦਮੇਂ, ਝੂਠੇ ਦੂਸ਼ਣ, ਝੂਠੀਆਂ ਗਵਾਹੀਆਂ, ਬੇਇਤਬਾਰੀ ਦਾ ਮਾਹੌਲ ਰਿਸ਼ਵਤਾਂ ਤੇ ਸਫਾਰਸ਼ਾਂ ਦੇ ਤਹਿਤ ਕਿਸੇ ਦੀ ਗਲ ਕਿਸੇ ਸਿਰ ਤੇ ਕਿਸੇ ਦਾ ਮਾਲ ਕਿਸੇ ਸਿਰ ਪਾਈ ਜਾਂਦੇ ਹੋ । ਜਦੋਂ ਤੁਹਾਡੇ ਨਾਲ ਇਹੋ ਕੁਝ ਵਾਪਰਿਆ, ਉਦੋਂ ਤੁਸਾਂ ਅਖਾਂ ਵਿਚ ਘਸੁੰਨ ਦੇ ਦੇ ਰੋਣਾ ਹੈ । ਬਰਾਏ ਕਰਮ, ਕਾਲੇ ਲੇਖ ਲਿਖਣ ਤੋਂ ਹਟ ਜਾਉ । ਗਲੀਂ-ਬਾਤੀਂ ਦੁਧ ਧੋਤਿਉ, ਦਿਡੋਂ ਖੋਟਿਉ, ਕਿਉਂ ਆਪਨੇ ਵੈਰੀ

ਆਪ ਬਣੇ ਫਿਰਦੇ ਜੇ । ਅਖੀਂ ਵੇਖ ਕੇ ਜ਼ਹਿਰ ਖਾ ਚਲੇ ਜੇ । ਚਾਂਦੀ ਦੇ ਪਹੀਆਂ ਬਿਨਾਂ ਕੋਈ ਕਾਗਜ਼ ਹੀ ਨਹੀਂ ਚਲਦਾ । ਕਦੀ ਸੋਚਿਆ ਜੇ ਕਿ ਜਦੋਂ ਇਹ ਲੇਖੇ ਦੇਣੇ ਪਏ ਉਦੋਂ ਕਿਸ ਭਾ ਪਵੇਗੀ । ਵੇਖੀ ਜਾਊਗੀ ਕਹਿ ਕੇ ਆਪਣੇ ਆਪ ਨਾਲ ਧੋਖਾ ਸੌਖਾ ਹੈ ਪਰੰਤੂ ਬੜਾ ਮੁਸ਼ਕਿਲ ਹੈ ਹਕੀਕਤੋਂ ਕਾ ਝੇਲਣਾ, ਖੋਤਾ, ਘੋੜਾ, ਬੈਲ, ਬਕਰੀ, ਗਾਂ, ਮਝ, ਕੁਤਾ. ਕੁਕੜ, ਗਨਾਂ, ਕਪਾਹ, ਕਣਕ ਆਦਿ ਨਾਲ ਜੋ ਬੀਤਦੀ ਹੈ ਜ਼ਰਾ ਵੇਖ ਸੋਚ ਲਵੋ ਵਾਸਤਾ ਜੇ, ਆਪ ਰਬ ਬਣੋ, ਦੂਜਿਆਂ ਨੂੰ ਰਬ ਜਾਣੋਂ ਤੇ ਸੇਵਾ ਸਿਮਰਨ ਤਥਾ ਸਚਾਈ ਦਾ ਜੀਵਨ ਬਤੀਤ ਕਰੋ ਕਲਜੁਗ ਦੀ ਕਾਂਗ ਨੂੰ ਹਸਬ ਸਮਰੱਥਾ ਕੁਝ ਤਾਂ ਠਲ੍ਹ ਪਾਉ ।

24.2.74 ਸਾਰੇ ਕੰਮ ਸੰਸਾਰ ਦੇ ਜੋ ਆਦਮੀਆਂ ਤਥਾ ਹਰ ਪਰਕਾਰ ਦੇ ਜੀਵ ਆਤਮਾ ਪਾਸੋਂ ਹੁੰਦੇ ਹਨ, ਉਹ ਵਾਹਿਗੁਰੂ ਆਪ ਕਰਵਾ ਰਿਹਾ ਹੈ, ਤਥਾ ਆਪ ਕਰ ਰਿਹਾ ਹੈ ਕਰ ਤਾਂ ਇਸ ਪ੍ਰਕਾਰ ਰਿਹਾ ਹੈ ਕਿ ਸਾਰੇ ਜੀਵਾਂ ਵਿਚ ਜੀਵਨ ਸਤਿਆ ਹੀ ਉਹ ਆਪ ਹੈ ਉਹ ਵਾਹਿਗੁਰੂ ਤੋਂ ਬਿਨਾਂ ਹੋਰ ਕਿਸੇ ਸ਼ੈ ਵਿਚ ਜ਼ਿੰਦਗੀ ਹੀ ਨਹੀਂ ਹੈ ਜਿਥੇ ਜ਼ਿੰਦਗੀ ਹੈ ਉਥੇ ਉਹ ਆਪ ਹੀ ਹੈ ਹੈਨ ਤਾਂ ਭਾਵੇਂ ਮਿਟੀ ਜੜ੍ਹ ਵਸਤੂਆਂ ਵੀ ਉਹਦੀਆਂ ਹੀ ਬਣੀਆਂ, ਪਰੰਤੂ ਮਿਟੀ ਆਦਿ ਵਿਚ ਆਤਮਾਂ ਮਨੁਖ ਵਰਗੀ ਚੇਤੰਨ ਨਹੀਂ ਇਸ ਵਾਸਤੇ ਮਨੁਖ ਦੀ ਹੀ ਗਲ ਕਰਦੇ ਹਾਂ ਸਾਰੇ ਕੰਮ ਕੀ ਚੰਗੇ ਤੇ ਕੀ ਮਾੜੇ ਉਹ ਆਪ ਕਰਵਾ ਰਿਹਾ ਹੈ, ਪਰੰਤੂ ਕਾਨੂੰਨ ਬਹੁਤ ਹੀ ਪੇਚੀਦਾ ਹੈ ਤੇ ਅਸਾਨੀ ਨਾਲ ਸਮਝ ਵਿਚ ਆਉਣ ਵਾਲਾ ਨਹੀਂ । ਸਭ ਤੋਂ ਵਚਿੱਤਰ ਗਲ ਤਾਂ ਇਹ ਹੈ, ਕਿ ਸਭ ਕੁਝ ਕਰਵਾ ਕੇ ਵੀ ਬਰੀਉਲਜ਼ੁਮਾਂ ਹੈ । ਮੇਰੀ ਸਮਝ ਵਿਚ ਜਿਵੇਂ ਇਹ ਗਲ ਆਈ ਹੈ, ਉਹ ਇਸ ਤਰ੍ਹਾਂ ਹੈ ਕਿ ਵਾਹਿਗੁਰੂ, ਜੀਵ ਨੂੰ ਉਹਦੀ ਰੁਚੀ ਮੁਤਾਬਕ ਕਿਰਦਾਰ ਬਖਸ਼ ਕੇ ਕੰਮ ਕਰਵਾਂਦਾ ਹੈ । ਚੰਗੀ ਰੁਚੀ ਵਾਲਿਆਂ ਨੂੰ ਚੰਗੇ ਕਿਰਦਾਰ, ਮਾੜੀ ਰੁਚੀ ਵਾਲਿਆਂ ਨੂੰ ਮਾੜੇ ਕਿਰਦਾਰ । ਚੂੰਕਿ ਕੰਮ ਹੁੰਦੇ ਪਰਾਣੀ ਦੀ ਹਸਬ ਮਨਸ਼ਾ ਹਨ ਇਸ ਲਈ ਉਹ ਕਰਨ ਵਿਚ ਝਿਜਕ ਮਹਿਸੂਸ ਨਹੀਂ ਕਰਦਾ, ਪਰਾਣੀ ਉਸ ਕੰਮ ਨੂੰ ਆਪਣਾ

ਕੰਮ ਸਮਝ ਕੇ ਕਰਦਾ ਹੈ ਤੇ ਇੰਜ਼ ਹਉਮੈ ਵਿਚ ਮਰਦਾ ਹੈ । ਤਾਹੀਉਂ ਪਰਮਾਤਮਾ ਬਰੀਉਲਜ਼ੁਮਾ ਹੈ । ਸਵਰਗ ਤੋਂ ਨਰਕ ਬਣਨ ਯਾ ਨਰਕ ਤੋਂ ਸਵਰਗ ਬਣਨ ਦਾ ਕਾਰਨ ਵੀ ਇਹੋ ਗਲ ਹੈ ਕਿ ਇਨਸਾਨ ਆਪਣੀ ਰੁਚੀ ਦਾ ਆਪ ਮਾਲਕ ਹੈ । ਜਿਹੜੇ ਜ਼ੁਲਮ ਕਰਨਾ ਪਸੰਦ ਕਰਦੇ ਹਨ ਉਹਨਾਂ ਦੀ ਰੋਜ਼ੀ ਹੀ ਉਸ ਧੰਦੇ ਵਿਚ ਪਾ ਦੇਂਦਾ ਹੈ । ਜੇ ਕਦੀ ਉਹਨਾਂ ਨੂੰ ਹੋਸ਼ ਆਉਂਦੀ ਹੈ, ਉਹ ਗੰਦੇ ਕੰਮ ਨੂੰ ਚੰਗਾ ਨਹੀਂ ਸਮਝਦੇ ਤਾਂ ਵਕਤੀ ਤੌਰ ਤੇ ਉਹਨਾਂ ਨੂੰ ਔਕੜਾਂ ਤੇ ਮਾਇਕ ਤਕਲੀਫਾਂ ਆਉ ਦੀਆਂ ਹਨ । ਪਰੰਤੂ ਜੇ ਓਹ ਮਰਦੇ ਮੈਦਾਨ ਬਣ ਕੇ ਅਭੀ ਨਭੀ ਝਲ ਜਾਂਦੇ ਹਨ ਤਾਂ ਉਹਨਾਂ ਨੂੰ ਹਸਬ ਮਨਸ਼ਾ ਚੰਗੇ ਗੁਰਮੁਖਾਂ ਕਿਰਦਾਰ ਮਿਲ ਜਾਂਦੇ ਹਨ । ਇਕ ਵਿਅਕਤੀ ਸਰਾਬ ਦੇ ਠੇਕੇ ਤੇ ਨੌਕਰ ਸੀ । ਸ਼ਰਾਬ ਵਿਚ ਪਾਣੀ ਮਿਲਾਣਾ ਉਹਦਾ ਮੁਖ ਕੰਮ ਸੀ । ਕੰਮ ਨੂੰ ਭੈੜਾ ਸਮਝ ਕੇ ਨੌਕਰੀ ਛਡ ਕੇ ਆ ਗਿਆ । ਛੇ ਮਹੀਨੇ ਕਿਤੇ ਨੌਕਰੀ ਨਹੀਂ ਮਿਲੀ ਪਰੰਤੂ ਅਜ ਕਲ ਲਹਿਰਾਂ ਬਹਿਰਾਂ ਵਿਚ ਹੈ । ਇਸ ਵਾਸਤੇ ਵੀਰਨੋ ਤਕਲੀਫਾਂ ਝਲ ਕੇ ਵੀ ਗੁਰਮੁਖਾਂ ਵਾਲਾ ਕਿਰਦਾਰ ਫੜੋ, ਸਤਿ, ਸੰਤੋਖ, ਦਯਾ, ਧਰਮ, ਧੀਰਜ, ਨੇਕੀ, ਸਚਾਈ, ਸਾਫਗੋਈ, ਈਮਾਨਦਾਰੀ, ਨਿਮਰਤਾ, ਸੁਕ੍ਰਿਤ, ਸੇਵਾ ਤੇ ਕੁਰਬਾਨੀ ਦੇ ਜਜ਼ਬੇ ਨੂੰ ਅਪਨਾਉ । ਜਿਉਂ ਜਿਉਂ ਗੁਰਮੁਖਾਂ ਵਾਲਾ ਕਿਰਦਾਰ ਅਪਨਾਉਂਦੇ ਜਾਉਗੇ ਤਿਉਂ ਤਿਉਂ ਪਵਿਤਰ ਹੁੰਦੇ ਜਾਉਗੇ ਕਲਜੁਗ ਦਾ ਸਤਯੁਗ ਬਣਦਾ ਜਾਵੇਗਾ, ਪਰੰਤੂ ਜੇ ਬਹੁਤਾਤ ਜੀਵਾਂ ਦੀ ਮਨਮੁਖਾਂ ਵਾਲਾ ਕਿਰਦਾਰ ਫੜੀ ਜਾਵੇਗੀ ਤਾਂ ਪਵਿਤਰਤਾ ਦਿਨੋਂ ਦਿਨ ਘਟਦੀ ਜਾਵੇਗੀ ਅਤੇ ਨਰਕ ਦਾ ਵਾਤਾਵਰਨ ਪੈਦਾ ਕਰ ਲਉਗੇ । ਸਤਿਯੁਗ ਵਿਚ ਵੀ ਇਹੋ ਦਿਨ ਰਾਤ ਹੁੰਦੇ ਹਨ, ਹਾਲਾਤ ਦੀ ਤਬਦੀਲੀ ਤੁਹਾਡੀਆਂ ਆਤਮਾਵਾਂ ਦੀ ਰੁਚੀ ਉਤੇ ਨਿਰਭਰ ਕਰਦੀ ਹੈ । ਬਹੁਤੇ ਵਿਅਕਤੀਆਂ ਦਾ ਹਉਮੈਂ, ਦੁਬਿਧਾ, ਤ੍ਰਿਸ਼ਨਾ, ਕਾਮ, ਕਰੋਧ, ਲੋਭ, ਮੋਹ, ਹੰਕਾਰ, ਝੂਠ, ਨਿੰਦਾ, ਕੁਟਿਲਤਾ, ਠੱਗੀ, ਧੋਖਾ, ਧਰੋਹ, ਕਠੋਰਤਾ, ਅਤੇ ਪਾਖੰਡ ਆਦਿ ਨੂੰ ਅਪਨਾਉਣਾ ਕਲਜੁਗ ਹੈ । ਜਿਸ ਵਿਚ ਉਹ ਜੀਵ ਆਪ

ਵੀ ਤੰਗ ਹੁੰਦੇ ਹਨ ਤੇ ਹੋਰਨਾਂ ਲਈ ਵੀ ਤਕਲੀਫ ਦਾ ਬਾਇਸ ਬਣਦੇ ਹਨ ।

ਗੁਰਮੁਖਿ ਇਸ ਦਲਦਲ ਵਿਚੋਂ ਉਂਜ ਹੀ ਨਿਕਲ ਜਾਂਦੇ ਹਨ । ਪਵਿਤਰਤਾ ਨੂੰ ਅਪਨਾ ਕੇ ਵਾਹਿਗੁਰੂ ਨੂੰ ਜਾ ਮਿਲਦੇ ਹਨ । ਵਾਹਿਗੁਰੂ ਉਹਨਾਂ ਜੀਉਂਦਿਆਂ ਲਈ ਵੀ ਸਵਰਗ ਬਣਾ ਦੇਂਦਾ ਹੈ । ਰੁਚੀ ਦੀ ਚੋਣ ਤੇ ਉਸ ਲਈ ਮੇਹਨਤ, ਸਾਰੀ ਤਰੱਕੀ ਤਥਾ ਗਿਰਾਵਟ ਦਾ ਰਾਜ਼ ਹੈ । ਰੁਚੀ ਉਤੇ ਹੀ ਕਿਰਦਾਰ ਤੇ ਰੋਜ਼ਗਾਰ ਨਿਰਭਰ ਕਰਦੇ ਹਨ । ਆਮ ਲੋਕੀਂ ਬੁਰਾ ਕਹੀ ਜ਼ਾਂਦੇ ਹਨ ਤੇ ਕਹਿੰਦੇ ਹਨ, ਕੀ ਕਰੀਏ, ਸਾਡੀ ਰੋਜ਼ੀ ਹੀ ਇਸ ਕੰਮ ਵਿਚ ਪਾਈ ਹੈ । ਭਈ ਤੁਹਾਡੀ ਰੋਜ਼ੀ ਤਾਂ ਇਸ ਬੁਰੇ ਕੰਮ ਵਿਚ ਮਗਰੋਂ ਲਿਖੀ ਗਈ, ਪਹਿਲਾਂ ਤੁਸਾਂ ਇਹ ਕੰਮ ਕੀਤਾ ਤੇ ਰੁਚੀ ਤੋਂ ਅਪਨਾਇਆ । ਜੇ ਤੁਸੀਂ ਗੰਦੀ ਰੁਚੀ ਅਪਨਾਉਂਦੇ ਹੀ ਨਾ ਤਾਂ ਕੀ ਰੋਜ਼ੀ ਬਦੋ ਬਦੀ ਗੰਦ ਵਿਚ ਲਿਖੀ ਜਾਣੀ ਸੀ । ਹੁਣ ਵੀ ਜੇ ਰੋਜ਼ੀ ਦੀ ਪਰਵਾਹ ਨ ਕਰਦੇ ਹੋਏ ਚੰਗੇ ਕਿਰਦਾਰ ਤਥਾ ਰੁਚੀ ਨੂੰ ਪਕੜ ਲਉ ਤਾਂ ਰੋਜ਼ੀ ਦਾ ਹਿਸਾਬ ਉਧਰ ਤਬਦੀਲ ਕਰ ਦਿਤਾ ਜਾਵੇਗਾ । ਪਰੰਤੂ ਤੁਸੀਂ ਚੰਗੇ ਕਿਰਦਾਰ ਨੂੰ ਅਪਨਾਉਣ ਦਾ ਸਾਹਸ ਤਾਂ ਕਰੋ । ਭਾਵਨਾ ਨੂੰ ਫਲ ਲਗਦੇ ਹਨ । ਰਿਸ਼ਵਤ ਦੀ ਭਾਵਨਾ ਵਾਲੇ ਨੂੰ ਭਾਵੇਂ ਮਹੜੀਆਂ ਵਿਚ ਬੈਠਾ ਦੇਈਆਂ ਤੇ ਭਾਵੇਂ ਰੇਤ ਦੇ ਟਿਬੇ ਉਤੇ, ਉਹ ਉਥੇ ਵੀ ਪੈਸੇ ਲੈਣ ਦਾ ਰਾਹ ਕੱਢ ਲਵੇਗਾ । ਚੰਗੀ ਭਾਵਨਾ ਤੇ ਰੁਚੀ ਵਾਲੇ ਨੂੰ ਭਾਵੇਂ ਠਾਣੇਦਾਰ ਬਣਾ ਦੇਈਏ, ਉਹ ਰਿਸ਼ਵਤ ਨਹੀਂ ਲੈਂਦਾ ਤੇ ਸੇਵਾ ਕਰੀ ਜਾਂਦਾ ਹੈ । ਹੇਰਾ ਫੇਰੀ ਛਡ ਦਿਉਗੇ ਤਾਂ ਰੋਜ਼ੀ ਬੰਦ ਨਹੀਂ ਹੋ ਚਲੀ, ਮਿਲਦੀ ਰਹਵੇਗੀ । ਅਤੇ ਆਤਮਾ ਪਰਸੰਨ ਤੇ ਪਵਿਤਰ ਵਾਧੂ ਦਾ ਹੋਵੇਗਾ । ਸੋ ਗਲ ਸਾਰੀ ਰੁਚੀ ਤਥਾ ਭਾਵਨਾ ਦੀ ਹੈ । ਇਹੋ ਆਵਾਗਵਣ ਦਾ ਕਾਰਨ ਹੈ, ਰੁਚੀ ਤੋਂ ਰਚਨਾ ਕੀਤੀ ਹੈ । ਚੰਗੇ ਤੇ ਮੰਦੇ ਹਾਲਾਤ ਦਾ ਕਾਰਨ ਵੀ ਰੁਚੀ ਹੈ । ਸੁਖ ਸਮਰਿਧੀ, ਤਥਾ ਬੀਮਾਰੀਆਂ ਤੇ ਲੜਾਈਆਂ ਦਾ ਵੀ ਇਹੋ ਕਾਰਨ ਹੈ । ਤੁਹਾਡਾ ਛੁਟਕਾਰਾ ਵੀ ਰੁਚੀ ਤੇ ਨਿਰਭਰ ਹੈ । ਵਾਹਿਗੁਰੂ ਬਣਨ ਦੀ ਤਮੰਨਾ

ਨੇ ਹੀ ਤੁਹਾਨੂੰ ਵਾਹਿਗੁਰੂ ਬਨਾਣਾ ਹੈ । ਮੋਕਸ਼ ਹੋਣ ਦੀ ਮਨਸ਼ਾ ਨੇ ਹੀ ਤੁਹਾਨੂੰ ਮੋਕਸ਼ ਕਰਨਾ ਹੈ । ਇਸ ਲਈ ਨਿਰਸੰਦੇਹ ਤੇ ਹਰ ਸੂਰਤ ਰੂਚੀ ਚੰਗੀ ਹੋਣੀ ਚਾਹੀਦੀ ਹੈ । ਮੂੰਹ ਦੀਆਂ ਹੋਰ ਆਤਮਾ ਤੋਂ ਹੋਰ ਵਰਗੀ ਹੇਰਾ ਫੇਰੀ ਆਪਣੇ ਹੀ ਆਤਮਾ ਨਾਲ ਨਹੀਂ ਚਲਣੀ । ਅੰਦਰੋਂ ਬਾਹਰੋਂ ਇਕ ਹੋਇਆਂ ਹੀ ਕੰਮ ਸਰੇਗਾ । ਗੁਰਮੁਖਤਾ ਕਿਸੇ ਸੂਰਤ, ਕਿਸੇ ਦਬਾਉ ਤੇ ਕਿਸੇ ਕੀਮਤ ਤੇ ਨਹੀਂ ਛਡਣੀ ਚਾਹੀਦੀ । ਵਾਹਿਗੁਰੂ ਗੁਰਮੁਖਾਂ ਦਾ ਸਹਾਈ ਹੁਦਾ ਹੈ ਤੇ ਆਪ ਗੁਰਮੁਖ ਹੈ । ਜਦੋਂ ਸਭ ਪਰਾਣੀਆਂ ਵਿਚ ਆਪ ਹੀ ਮੌਜੂਦ ਬੈਠਾ ਹੈ ਤਾਂ ਕਿਸੇ ਵੀ ਜੀਵ ਨੂੰ ਕੁਝ ਵੀ ਤਰੰਗ (Intution) ਦੇ ਕੇ ਕੁਝ ਵੀ ਕਰਵਾ ਸਕਦਾ ਹੈ । ਤੁਹਾਡੀ ਭਗਤੀ ਤੇ ਖਿਆਲਾਂ ਦੇ ਕਾਰਨ ਜੇ ਉਸ ਨੂੰ ਤੁਹਾਡਾ ਭਲਾ ਤੇ ਬੇਹਤਰੀ ਬਹਬੂਦੀ ਮਕਸੂਦ ਹੈ ਤਾਂ ਕਿਸੇ ਨੂੰ ਵੀ ਉਹ ਤੁਹਾਡੇ ਰਾਹ ਵਿਚ ਰੋੜਾ ਬਣ ਕੇ ਖਲੋਣ ਨਹੀਂ ਦੇਵੇਗਾ ਤੇ ਵਾਕਿਆ ਹੀ ਨਹੀਂ ਖਲੋਣ ਦੇਂਦਾ । ਉਹ ਤੇ ਇਹਨਾਂ ਸਮਰੱਥ ਹੈ ਕਿ ਵਲੀਕੰਧਾਰੀ ਦੇ ਪਹਾੜ ਨੂੰ ਵੀ ਠਲ ਸਕਦਾ ਹੈ । ਸਿਰਫ ਤੁਹਾਨੂੰ ਉਹਦੀ ਤਾਕਤ ਤੇ ਵਿਸ਼ਵਾਸ ਹੋਣਾ ਜ਼ਰੂਰੀ ਹੈ । ਗੁਰੂ ਨਾਨਕ ਦੇਵ ਜੀ ਆਉਂਦੇ ਪੱਥਰ ਹੇਠੋਂ ਭਜ ਕੇ ਪਰੇ ਵੀ ਹੋ ਸਕਦੇ ਸਨ ਪਰੰਤੂ ਉਹਨਾਂ ਨੂੰ ਆਪਣੇ ਗੁਰੂ ਦੀ ਤਾਕਤ ਤੇ ਪੂਰਾ ਇਤਬਾਰ ਸੀ । ਸੱਪਾਂ ਦੇ ਮੇਲ ਮਿਲਾਪ, ਉਜੜੀਆਂ ਖੇਤੀਆਂ ਦੇ ਸਹੀ ਸਲਾਮਤ ਹੋਣ ਦੇ ਕਾਰਨਾਮੇ, ਮੋਦੀ ਖਾਨੇ ਦਾ ਹਿਸਾਬ ਕਿਤਾਬ, ਵਗਦੀ ਨਦੀ ਵਿਚ ਤਿੰਨ ਦਿਨਾਂ ਲਈ ਡੁਬ ਕੇ ਵੀ ਜ਼ਿੰਦਾ ਰਹਿਣਾ, ਉਹਨਾਂ ਦੇ ਗੁਰੂ ਵਿਚ ਯਕੀਨ ਨੂੰ ਪਹਾੜ ਵਰਗਾ ਅਡੋਲ ਤੇ ਅਹਿਲ ਬਣਾ ਚੁਕੇ ਸਨ । ਵਾਹਿਗੁਰੂ ਹੈਗਾ ਏ ਤੇ ਸਚੀ ਮੁਚੀਂ ਹੈਗਾ ਏ. ਭਗਤਾ ਦੀ ਰਖਿਆ ਅਵੱਸ਼ ਕਰਦਾ ਹੈ ਤੇ ਹੈਗਾ ਵੀ ਤੁਹਾਡੇ ਅੰਦਰ ਤੁਹਾਡੀ ਆਤਮਾ ਦੇ ਰੂਪ ਵਿਚ ਬੈਠਾ ਹਰ ਵੇਲੇ ਨਾਲ ਤੇ ਸਚਾ ਸਹਾਈ ਹੈ । ਉਹ ਗੁਰੂ ਹੈ, ਵਾਹਿਗੁਰੂ ਹੈ, ਪਰਮਾਤਮਾ ਹੈ ਆਦਿ ਰੂਪ ਅਨਾਦਿ ਮੂਰਤ, ਸਧਰਿਟ ਰੂਪ, ਰੂਹ ਨਮਾਂ ਠੰਡਾ ਮਿਠਾ ਨੂਰ, ਚਾਨਣਾ ਤੁਹਾਡੇ ਵਿਚ ਐਉਂ ਸਮਾਇਆ ਜਿਵੇਂ ਗੁਝੇ ਆਟੇ ਵਿਚ

ਪਾਣੀ । ਤੁਸੀਂ ਆਪ ਆਪਣੇ ਵਾਹਿਗੁਰੂ ਦਾ ਸਰਗੁਣ ਮੁਜਸਮਾ ਹੋ, ਆਪ ਵਾਹਿਗੁਰੂ ਹੋ ।

6.3.74 ਬੜੀ ਹੀ ਵਚਿਤਰ ਗਲ ਹੈ ਕਿ ਬੰਦਾ ਆਪ ਰੱਬ ਹੁੰਦਾ ਹੋਇਆ, ਕਹਿ ਦਿੰਦਾ ਹੈ ਕਿ ਫਲਾਂ ਕੰਮ ਰਬ ਕਰੇਗਾ, ਪਰੰਤੂ ਜੇ ਚਾਹ ਬਰਫੀ ਰਖੀ ਹੋਵੇ ਤਾਂ ਝਟ ਉਠ ਖੜੋਂਦਾ ਹੈ ਛਕਣ ਲਈ, ਉਦੋਂ ਨਹੀਂ ਕਹਿੰਦਾ, ਕਿ ਰੱਬ ਆਪੇ ਪੀ ਖਾ ਲਵੇਗਾ ਜਗਨ ਨਾਥ ਦੇ ਮੰਦਰ ਨੂੰ ਲੁਟਨ ਵਾਲੇ ਆ ਗਏ, ਰੱਬ ਨੇ ਨ ਰੋਕੇ, ਮੱਸੇ ਨੇ ਅਮਰਿਤ ਸਰੋਵਰ ਪੂਰ ਦਿਤਾ. ਰਬ ਨੇ ਨਾ ਡਕਿਆ, ਮਤਾਬ ਸਿੰਘ ਤੇ ਸੁਖਾ ਸਿੰਘ ਨਾਮੀ ਰੱਬ ਪਰਗਟੇ ਤੇ ਤਾਂ ਜਾ ਕੇ ਕਿਤੇ ਗੈਲ ਛੁਟੀ, ਮੈਂ ਬੜਾ ਮਜਬੂਰ ਹਾਂ, ਬਾਵਜੂਦ ਕੁਝ ਅੱਖਰ ਝਰੀਟ ਲੈਣ ਦੇ ਵੀ ਦਿਲ ਦਾ ਪੈਨ (ਕਲਮ) ਅਜੇ ਨਹੀਂ ਚਲਿਆ ਦਿਲ ਦੀ ਸਹੀ ਤਸਵੀਰ ਪੇਸ਼ ਕਰਨ ਲਈ ਮੈਨੂੰ ਢੁਕਵੇਂ ਅੱਖਰ ਤੇ ਢੰਗ ਨਹੀਂ ਸੁਝ ਰਹੇ । ਕਹਿਣ ਦਾ ਭਾਵ ਇਹ ਹੈ, ਕਿ ਵਾਹਿਗੁਰੂ ਇਕ ਨੂਰ ਹੈ, ਸਰਬ ਸਰਿਸ਼ਟੀ ਦਾ ਮਾਲਕ, ਕਰਤਾ ਧਰਤਾ ਅਤੇ ਪਰਬੰਧਕ ਆਦਿ, ਪਰੰਤੂ ਉਹ ਹੈ ਕਿਥੇ ? ਹੈਗਾ ਹੈ ਸਾਡੇ ਅੰਦਰ ਸਾਡੀ ਰੂਹ ਤਥਾ ਆਤਮਾ ਦੇ ਰੂਪ ਵਿਚ, ਇਸ ਲਈ ਜੋ ਕੰਮ ਵੀ ਅਸੀਂ ਕਰਨਾਂ ਚਾਹੁੰਦੇ ਹਾਂ ਉਹ ਸਾਡੇ ਵਾਹਿਗੁਰੂ ਦੀ ਹੀ ਪਰੇਰਨਾ ਹੁੰਦੀ ਹੈ, ਅਗੋਂ ਜੇਕਰ ਤਾਂ ਖਿਆਲਾਤ ਪਵਿਤਰਤਾ ਵਾਲੇ ਹੋਣ ਤਾਂ ਕੰਮ ਪਵਿਤਰਤਾ ਵਾਲੇ ਸੁਝਣਗੇ, ਵਰਨਾ ਮਲੀਨ ਖਿਆਲਾਂ ਨੂੰ ਮਲੀਨ ਤੇ ਮੰਦੀਆਂ ਤਰੰਗਾਂ ਉਤਪਨ ਹੋਣਗੀਆਂ ।

ਆਪ ਹੱਥ ਤੇ ਹੱਥ ਧਰ ਕੇ ਬੈਠੇ ਰਹਿਣਾ, ਅਤੇ ਕਹਿਣਾ ਕਿ ਫਲਾਂ ਕੰਮ ਵਾਹਿਗੁਰੂ ਹੀ ਕਰ ਦੇਵੇਗਾ, ਇਹ ਤਾਂ ਨਿਰੋਲ ਕਰਾਮਾਤ ਹੈ, ਜ਼ਰਾ ਸੋਚੋ, ਜਿਡਾ ਵਡਾ ਕੰਮ ਤੁਸੀ ਆਪਣੇ ਆਤਮਾ ਨੂੰ ਸੌਂਪਿਆ ਹੈ ਕੀ ਆਤਮਾ ਉਸ ਹੱਦ ਤਕ ਪਵਿਤਰ ਵੀ ਹੈ, ਆਤਮਾਂ ਦੀ ਤਾਕਤ ਸ਼ਰਾਬਾਂ ਤੇ ਮਾਸਾਂ ਨਾਲ ਨਹੀਂ ਵਧਦੀ ਸਗੋਂ ਆਤਮਾਂ ਸਚਾ, ਸੁਚਾ ਤੇ ਉਚਾ ਰਖਣ ਨਾਲ ਬਲਵਾਨ ਹੁੰਦਾ ਹੈ, ਆਪਣੇ ਆਤਮਾ ਦੀ ਤਾਕਤ ਵਿਚ ਤੁਹਾਨੂੰ ਜਿਨਾਂ ਕੁ ਵਿਸ਼ਵਾਸ ਹੈ, ਕੰਮ ਉਹਦੇ ਮੁਤਾਬਕ

ਹੀ ਹੋਣਗੇ, ਜੇ ਤੁਸੀਂ ਆਪਣੇ ਆਤਮਾਂ ਨੂੰ ਰੱਬ ਹੀ ਮੰਨਣ ਲਈ ਤਿਆਰ ਨਹੀਂ ਹੋ ਤਾਂ ਆਤਮਾ ਤੋਂ ਰਬ ਵਾਲੇ ਕੰਮ ਕਿਥੋਂ ਭਾਲਦੇ ਹੋ, ਗੁਰੂ ਨੂੰ ਜੈਸਾ ਸਮਝੋਗੇ, ਵੈਸੇ ਨਤੀਜੇ ਨਿਕਲਣਗੇ, ਗੁਰੂ ਹੈ ਆਪਣਾ ਆਤਮਾ ਆਤਮ ਦੇਵ, ਤੁਹਾਡੇ ਗੁਰੂ ਭਾਵ ਆਤਮਾ ਦਾ ਬਲਵਾਨ ਹੋਣਾ, ਤੁਹਾਡੇ ਆਤਮਾ ਵਿਚ ਵਿਸ਼ਵਾਸ ਉਤੇ ਨਿਰਭਰ ਕਰਦਾ ਹੈ, ਉਹਦੀ ਜਾਣ ਪਛਾਣ ਉਤੇ ਨਿਰਭਰ ਕਰਦਾ ਹੈ, ਦੁਨੀਆਂ ਦੇ ਸਾਰੇ ਕੰਮ ਆਤਮ ਦੇਉ ਚਲਾ ਰਿਹਾ ਹੈ, ਕਿਉਂਕਿ ਹਰ ਪਰਾਣੀ ਵਿਚ ਆਤਮ ਦੇਉ ਹੀ ਬੈਠਾ ਹੈ। ਇਸ਼ ਲਈ ਹਰ ਕੰਮ ਦਾ ਫੈਸਲਾ ਆਤਮਾ ਤੋਂ ਕਰਿਆ ਕਰੋ। ਇਕ ਬਚਾ ਪੜ੍ਹਦਾ ਤੇ ਹੈ ਨਹੀਂ, ਕਹਿੰਦਾ ਹੈ ਰਬਾ ਪਾਸ ਕਰੀਂ, ਉਹਨੇ ਆਪਣੇ ਰੱਬ ਆਤਮਦੇਵ ਨੂੰ ਪੜ੍ਹਾਈ ਵਿਚ ਤੇ ਲਾਇਆ ਨਹੀਂ, ਨਤੀਜੇ ਭਾਲਦਾ ਹੈ ਪਾਸ ਹੋਣ ਵਾਲੇ, ਇਕ ਨੌਕਰ ਕੰਮ ਤੇ ਕਰਦਾ ਹੈ ਗੁਸਤਾਖਾਨਾਂ, ਤੇ ਕਹਿੰਦਾ ਹੈ ਰਬਾ ਤਰੱਕੀ ਦੇਵੀਂ ਸੋ ਜੋ ਕੁਝ ਵੀ ਤੁਸੀਂ ਕਰਨਾ ਬਨਾਉਣਾ ਚਾਹੁੰਦੇ ਹੋ, ਉਹਦੇ ਵਿਚ ਆਪਣੇ ਆਤਮ ਰਾਮ ਨੂੰ ਭਾਵ ਆਪਣੇ ਆਪ ਨੂੰ ਪੂਰਨ ਰੁਚੀ ਤੇ ਦਿਲ ਦਿਮਾਗ ਨਾਲ ਲਾਉ ਤਦ ਹੀ ਸਫਲਤਾ ਮਿਲੇਗੀ ਤੇ ਮਿਲਦੀ ਹੈ।

ਅਜ ਤਕ ਦੀ ਲਿਖਤ ਤੋਂ ਇਹ ਤਾਂ ਸਿਧ ਹੋ ਚੁਕਾ ਹੈ ਕਿ ਸਾਰੇ ਕੰਮ ਨੂਰ ਰੂਪੀ ਵਾਹਿਗੁਰੂ ਕਰਦਾ ਹੈ, ਅਤੇ ਉਹ ਸਾਡੇ ਅੰਦਰ ਸਾਡੇ ਆਤਮਾ ਤਥਾ ਰੂਹ ਰੂਪ ਵਿਚ ਐਉਂ ਸਮਾਇਆ ਹੋਇਆ ਹੈ, ਜਿਵੇਂ ਗੁਝੇ ਆਟੇ ਵਿਚ ਪਾਣੀ ਹਰ ਪਰਕਾਰ ਦੇ ਕੰਮ ਵਿਚ ਸਫਲਤਾ ਮਿਲਦੀ ਹੈ, ਰੁਚੀ ਲਿਵ, ਧੁਨ ਦੇ ਕਾਰਨ, ਦਿਲ ਦਿਮਾਗ ਤੋਂ ਉਸ ਕੰਮ ਵਿਚ ਖੱਚਿਤ ਹੋਇਆ ਇਸ ਲਈ ਜੇ ਗਿਆਨ, ਪਰਕਾਸ਼ ਤਥਾ ਤਾਲੀਮ ਚਾਹੀਦੀ ਹੈ ਤਾਂ ਮਨ ਲਾ ਕੇ ਪੜ੍ਹੋ, ਮਕਾਨ ਜਾਂ ਜ਼ਮੀਨ ਚਾਹੀਦੇ ਹਨ ਤਾਂ ਸੋਚ ਸਮਝ ਕੇ ਸਕੀਮ ਬਣਾ ਕੇ, ਉਸ ਪਾਸੇ ਕਦਮ ਪੁਟੋ, ਤੇ ਹਰ ਵੇਲੇ ਐਸੇ ਮੌਕਿਆਂ ਦੀ ਟੋਹ ਭਾਲ ਵਿਚ ਲਗੇ ਰਹੋ, ਕਿ ਜਿਥੋਂ ਤੁਹਾਡਾ ਕੰਮ ਸਿਧ ਹੁੰਦਾ ਹੋਵੇ, ਮੇਰੇ ਭਰਾ ਪਾਸ ਜ਼ਮੀਨ ਨਹੀਂ ਸੀ, ਪਰੰਤੂ ਜ਼ਮੀਨ ਬਨਾਉਣ ਦੀ ਰੁਚੀ ਤੇ ਧੁਨ ਸੀ, ਸਤਿਗੁਰ ਨੇ ਮੌਕਿਆ

ਬਖਸਿਆ, ਅਜ ਮੁਰੱਬਿਆਂ ਤੇ ਟਰੈਕਟਰਾਂ ਦਾ ਮਾਲਕ ਹੈ । ਰੁਚੀ ਵਿਚ ਪਰਬਲਤਾ ਤਥਾ ਤੀਬਰਤਾ ਹੀ ਸਫਲਤਾ ਦਾ ਕਾਰਨ ਬਣਦੀ ਹੈ, ਅਤੇ ਰੁਚੀ ਦੀ ਗੰਭੀਰਤਾ ਤਥਾ ਤੀਬਰਤਾ ਵਿਚ ਘਾਟਾ ਅਸਫਲਤਾ ਦੇ ਕਾਰਣ ਬਣਦੇ ਹਨ, ਬਚਾ ਬਣਨਾ ਅਫਸਰ ਤੇ ਗਿਆਨਵਾਨ ਚਾਹੁੰਦਾ ਹੈ ਪਰੰਤੂ ਪੜ੍ਹਦਾ ਹੈ ਈ ਨਹੀਂ, ਸਫਲਤਾ ਨਹੀਂ ਮਿਲੇਗੀ ।

ਇਸ ਪੜਾ ਤੋਂ ਰਾਹ ਦੋ ਹੋ ਜਾਂਦੇ ਹਨ, ਇਕ ਰਾਹ ਦੁਨਿਆਵੀ ਤਰੱਕੀ ਦਾ ਤੇ ਦੂਜਾ ਰਾਹ ਦੀਨੀ ਤਰੱਕੀ ਦਾ ਭਾਵ ਆਤਮਕ ਤਰੱਕੀ ਦਾ, ਮੇਰਾ ਨਿਜੀ ਵਿਸ਼ਵਾਸ ਹੈ ਕਿ ਬਚਪਨ ਤੇ ਜਵਾਨੀ ਦੁਨਿਆਈ ਤਰੱਕੀ ਦੀ ਖਾਤਰ ਰੁਚੀ ਨਾਲ ਲਾਏ ਜਾਣੇ ਚਾਹੀਦੇ ਹਨ ਅਤੇ ਜੀਵਨ ਦਾ ਪਿਛਲਾ ਅਧ 35 ਸਾਲ ਦੀ ਉਮਰ ਦੇ ਬਾਦ ਦਾ ਸਮਾਂ, ਰੁਚੀ ਤੇ ਲਿਵ ਲਾ ਕੇ ਰੱਬ ਵਾਹਿਗੁਰੂ ਤਥਾ ਆਤਮ ਦੇ ਜਾਨਣ ਪਛਾਨਣ ਵਿਚ ਲਾਇਆ ਜਾਵੇ, ਜਿਵੇਂ ਰੁਚੀ ਤੇ ਧੁਨ ਦੀ ਮਦਦ ਨਾਲ ਦੁਨਿਆਵੀ ਤਰੱਕੀ ਤੇ ਨਾਮਨਾ ਖਟਿਆ ਸੀ ਤਿਵੇਂ ਹੀ ਆਤਮਕ ਤਰੱਕੀ ਦੀ ਖਟੀ ਵੀ ਖਟੀ ਜਾਵੇ, ਨਿਕੇ ਹੁੰਦਿਆਂ ਢਗੇ ਚਾਰੇ, ਵਡੇ ਹੋਇਆਂ ਹਲ ਵਾਹਿਆ, ਬੁਢੇ ਹੋਇਆਂ ਮਾਲਾ ਫੇਰੀ ਰਬ ਦਾ ਅਲਾਹਮਾ ਲਾਹਿਆ ਵਾਲੀ ਗਲ ਕੀਤੀ ਜਾਵੇ । ਐਪਰ ਜੇ ਬਚੇ ਨੂੰ ਪਹਿਲੀ ਉਮਰ ਵਿਚ ਹੀ ਆਤਮਾ ਵਾਲੇ ਪਾਸੇ ਤੀਬਰਤਾ ਤਥਾ ਜ਼ੋਰ ਨਾਲ ਪਾ ਦਿਤਾ ਜਾਵੇ ਤਾਂ ਉਹ ਰਬ ਭਾਵੇਂ ਬਣ ਜਾਵੇ ਦੁਨਿਆਵੀ ਤੋਰ ਤੇ ਪਿਛੇ ਰਹਿ ਜਾਂਦਾ ਹੈ । ਜਿਵੇਂ ਗੁਰੂ ਨਾਨਕ ਦੇਵ ਜੀ ਦੇ ਬਚੇ ਤੇ ਪਤਨੀ ਸਾਕਾ ਅੰਗਾਂ ਦੇ ਸਹਾਰੇ ਪਲਦੇ ਰਹੇ । ਪਰੰਤੂ ਜੇ 35 ਸਾਲ ਦੀ ਉਮਰ ਦੇ ਬਾਦ ਵੀ ਦੁਨਿਆਵੀ ਰੁਚੀਆਂ ਵਲੋਂ ਮੋੜਾ ਨ ਮੋੜੀਏ, ਅਤੇ ਕੰਮਾਂ ਵਿਚ ਖੱਚਿਤ ਹੀ ਰਹੀਏ ਤਾਂ ਬਹੁਤ ਹਾਲਤਾਂ ਵਿਚ ਰਬ ਨਹੀਂ ਮਿਲਦਾ । ਰਬ ਨਹੀਂ ਬਣਿਆ ਜਾਦਾ । ਆਵਾਗਵਣ ਨਹੀਂ ਟੁਟਦਾ । ਇਸ ਲਈ ਇਹ ਰੁਤ ਦੇ ਮੇਵੇ ਰੁਤ ਤੇ ਜ਼ਰੂਰ ਖਾਣੇ ਚਾਹੀਦੇ ਹਨ । ਵੇਲੇ ਦਾ ਕੰਮ ਕਰੋ ਕੁਵੇਲੇ ਦੀਆਂ ਟਕਰਾਂ ਨਹੀਂ ਮਾਰਨੀਆਂ ਚਾਹੀਦੀਆਂ ਗਰੈਜੂਏਟ ਹੋਣ ਤਕ ਬੱਚੇ ਨੂੰ ਦੁਨਿਆਵੀ ਤੇ ਦੀਨੀ ਗਿਆਨ ਦੇਣਾ

ਚਾਹੀਦਾ ਹੈ । ਜਵਾਨੀ ਵਿਚ ਉਸ ਗਿਆਨ ਦੀ ਵਰਤੋਂ, ਅਤੇ ਬੁਢਾਪੇ ਵਿਚ ਆਤਮਕ ਤਰੱਕੀ ਦੀ ਸਿਖਰ ਦੇ ਰੂਪ ਵਿਚ ਨਤੀਜਾ, ਤੱਤ ਕਢਣਾ ਚਾਹੀਦਾ ਹੈ । ਬਚਪਨ ਤੇ ਜਵਾਨੀ ਦੇ ਸਾਰੇ ਮਿਠੇ ਫਿਕੇ ਤਜਰਬੇ ਮਾਨੁਖ ਨੂੰ ਆਤਮਕ ਸਿਖਰ ਤੇ ਪਹੁੰਚਣ ਵਿਚ ਮਦਦ ਕਰਦੇ ਹਨ । ਬੰਦੇ ਨੂੰ ਆਤਮਕ ਸਿਖਰ ਅਤੇ ਉਸ ਉਤੇ ਪਹੁੰਚਣ ਦੇ ਢੰਗ ਤਰੀਕਿਆਂ ਦਾ ਪਤਾ ਲਗ ਜਾਂਦਾ ਹੈ । ਮੁੜ ਵਾਹਿਗੁਰੂ ਹੀ ਬਣ ਕੇ ਆਵਾਗਵਣ ਦੇ ਆਪੇ ਫਾਥੜੀਏ ਜ਼ਹਾਲਤ ਜੰਜਾਲ ਨੂੰ ਗਲੋਂ ਲਾਹ ਸੁਟਦਾ ਹੈ । ਪੂਰਨ ਗਿਆਨਵਾਨ ਹੋ ਕੇ ਵਾਹਿਗੁਰੂ ਵਿਚ ਸਮਾ ਜਾਂਦਾ ਹੈ । ਬੰਦਾ ਵਾਸਤਵ ਵਿਚ ਵਾਹਿਗੁਰੂ ਹੀ ਹੈ । ਅਗਿਆਨਤਾ ਦੂਰ ਹੁੰਦਿਆਂ ਸਾਰ ਹੀ ਪੂਰਨ ਵਾਹਿਗੁਰੂ ਬਣ ਜਾਂਦਾ ਹੈ । ਇਹੋ ਹੀ ਮਾਨੁਖਾ ਦੇਹੀ ਦੀ ਉਚਤਮ ਤਰੱਕੀ ਹੈ, ਤਰੱਕੀ ਦੀ ਸਿਖਰ ਹੈ, ਅਤੇ ਸਰਬਉਤਮ ਮਨੋਰਥ ਤਥਾ ਪੂਰਤੀ ਹੈ । ਜੇ ਪਹਿਲਾਂ ਨਹੀਂ ਤਾਂ ਘਟੋ ਘਟ 35 ਸਾਲ ਦੀ ਉਮਰ ਦੇ ਬਾਦ ਦਾ ਸਮਾਂ ਤਾਂ ਬੰਦੇ ਨੂੰ ਹਰ ਪਰਕਾਰ ਦੀ ਕੁਟਿਲਤਾ ਦਾ ਤਿਆਗ ਕਰਕੇ, ਸਚੇ ਦਿਲੋਂ ਆਤਮਕ ਤਰੱਕੀ ਦੀ ਖਾਤਰ ਜੂਝਣਾ ਚਾਹੀਦਾ ਹੈ, ਅਤੇ ਜਨਮ ਸਫਲ ਕਰਨਾ ਚਾਹੀਦਾ ਹੈ, ਵਰਨਾ ਜਿਉਂ ਜਿਉਂ ਭਿਜੇ ਕੰਬਲੀ ਤਿਉਂ ਤਿਉਂ ਭਾਰੀ ਹੋ ਜਾਣ ਵਾਲੀ ਗ੍ਰਹਿਸਤ, ਪੁਤਰ, ਧੀਆਂ, ਸਾਕ ਸਰਬੰਧੀ, ਦੋਹਤਰੇ ਪੋਤਰੇ, ਜ਼ਮੀਨ, ਮਕਾਨ ਤੇ ਲੜਾਈਆਂ ਝਗੜੇ ਆਦਿ ਖੂਹ ਦੇ ਪੜਾਣੇ ਦਾ ਪੈਂਡਾ ਹਨ, ਜਿਸ ਗੋਲਾਈ ਦਾ ਨ ਕੋਈ ਆਦਿ ਹੈ ਤੇ ਨ ਅੰਤ । ਭਾਵੇਂ ਜਨਮ ਜਨਮਾਂਤਰਾਂ ਖੋਪੇ ਲਾਈ ਵਗਦੇ ਰਹੋ ਕਦੀ ਮੁਕਣ ਨਹੀਂ ਲਗਾ । ਇਸ ਵਾਸਤੇ ਜਿਨ੍ਹਾਂ ਪੈਰਾਂ ਤੇ ਹੋ ਏਥੇ ਹੀ ਮੁਕ ਦਿਉ । ਖੇਤ ਹੀ ਨਬੇੜਾ ਕਰੋ ।

8-3-74 ਰੁਚੀ ਲਿਵ, ਧੁਨ, ਲਟਕ, ਇਛਾ ਬਾਰੇ ਭਾਵੇਂ ਪਿਛੇ ਭਿੰਨ ਵਿਚਾਰ ਲਿਖ ਚੁਕਾ ਹਾਂ, ਪਰੰਤੂ ਮਨ ਇਹੋ ਹੀ ਕਹਿੰਦਾ ਹੈ ਕਿ ਗਲ ਸਪਸ਼ਟ ਨਹੀਂ ਹੋਈ । ਇਕ ਹੋਰ ਲੇਖ ਲਿਖਣ ਦੀ ਜ਼ਰੂਰਤ ਅਜੇ ਮਹਿਸੂਸ ਹੋ ਰਹੀ ਹੈ । ਮਸਲਾ ਬੜਾ ਅੰਦਰੂਨੀ ਤੌਰ ਤੇ ਡੂੰਘਾ ਤੇ ਪੇਚੀਦਾ ਹੈ । ਹੋਰ ਕੋਸ਼ਿਸ਼ ਕਰਦਾ ਹਾਂ ਸਪਸਟ ਕਰਨ ਦੀ । ਹਰ ਆਦਮੀ ਨੂੰ ਆਪਣੇ

ਮੌਜੂਦਾ ਕੰਮ ਵਿਚ ਬਾਵਜੂਦ ਪੂਰਨ ਸਫਲਤਾ ਦੇ ਇਕ ਵਕਤ ਅਜੇਹਾ ਵੀ ਆਉਂਦਾ ਹੈ, ਜਦੋਂ ਉਹਨੂੰ ਹਥ ਵਿਚਲਾ ਕੰਮ ਚੰਗਾ ਨਹੀਂ ਲਗਦਾ ਅਤੇ ਕੁਝ ਹੋਰ ਉਸ ਨਾਲੋਂ ਚੰਗੇਰਾ, ਲਾਹੇਵੰਦਾ, ਸੁਖਦਾਤਾ ਤੇ ਸੁਪੀਰੀਅਰ ਲਗਦਾ ਹੈ । ਇਹ ਹੈ ਰੁਚੀ ਦੀ ਤਬਦੀਲੀ ਦਾ ਮੌਕਿਆ । ਇਹ ਬਣਾਇਆ ਵਾਹਿਗੁਰੂ ਜੀ ਵਲੋਂ ਆਪ ਜਾਂਦਾ ਹੈ । ਹੁੰਦਾ ਤਾਂ ਹੈ ਪਰਾਣੀ ਦੀ ਬੇਹਤਰੀ ਤੇ ਬਹਿਬੂਦੀ ਦੀ ਖਾਤਰ, ਪਰੰਤੂ ਮਾਇਆ ਵੇੜ੍ਹਿਆ ਪਰਾਣੀ ਇਸ ਇਲਾਹੀ ਬਖਸ਼ਿਸ਼ ਨੂੰ ਖੂਹੋਂ ਨਿਕਲੇ ਖਾਤ ਵਿਚ ਪੈਣ ਮਾਤਰ ਦੀ ਤਬਦੀਲੀ ਵਿਚ ਬਦਲ ਕੇ ਰਖ ਦੇਂਦਾ ਹੈ । ਮੌਕਿਆ ਤਾਂ ਹੁੰਦਾ ਹੈ, ਲਿਵ ਨੂੰ ਸਚੇ ਸੁਚੇ ਪਾਸੇ ਲਾਉਣ ਦਾ, ਪਰੰਤੂ ਜੀਵ ਇਸ ਮੌਕੇ ਨੂੰ ਇਕ ਦੁਨਿਆਵੀ ਕਿਤੇ ਤੋਂ ਦੂਜੇ ਦੁਨਿਆਵੀ ਕਿਤੇ ਵਿਚ ਤਬਦੀਲ ਕਰਕੇ ਏਥੇ ਦਾ ਏਥੇ ਹੀ ਰਹਿ ਜਾਂਦਾ ਹੈ । ਇਸ ਗਲ ਨੂੰ ਸਮਝਾਉਣ ਲਈ ਮੈਂ ਕੁਝ ਮਿਸਾਲਾਂ ਦੇਂਦਾ ਹਾਂ । ਫਰਜ਼ ਕਰੋ ਇਕ ਆਦਮੀ ਵਾਹੀ ਕਰਦਾ ਹੈ । ਬਾਵਜੂਦ ਚੰਗੇ ਦਿਨ ਗੁਜ਼ਾਰਨ ਦੇ, ਉਹਨੂੰ ਪਤਾ ਲਗਦਾ ਹੈ, ਉਹ ਮਹਿਸੂਸ ਕਰਦਾ ਹੈ, ਕਿ ਬਿਉਪਾਰੀ ਅਛਾ ਹੈ, ਮੈਂ ਤਾਂ ਮਰਨ ਮਿਟੀ ਹੋ ਕੇ ਪੈਦਾ ਕਰਦਾ ਹਾਂ, ਪਰੰਤੂ ਬਿਉਪਾਰੀ ਸਾਰਾ ਮੁਨਾਫਾ ਲੈ ਜਾਂਦਾ ਹੈ । ਇਸ ਬਿਆਨ ਦੇ ਤਹਿਤ ਉਹ ਕਿਸਾਨ ਇਕ ਦਿਨ ਬਿਉਪਾਰੀ ਜ਼ਰੂਰ ਬਣੇਗਾ । ਮੰਨ ਲਉ ਇਕ ਦੁਕਾਨਦਾਰ ਹੈ, ਬਾਵਜੂਦ ਚੰਗੇ ਗੁਜ਼ਾਰੇ ਦੇ ਉਹਨੂੰ ਅਹਿਸਾਸ ਹੁੰਦਾ ਹੈ ਕਿ ਸਰਕਾਰੀ ਅਫਸਰ ਮੈਥੋਂ ਚੰਗਾ ਹੈ । ਮੈਂ ਤਾਂ ਪੈਸੇ ਪੈਸੇ ਦਾ ਝੂਠ ਬੋਲ ਕੇ ਇਕੱਤਰ ਕਰਦਾ ਹਾਂ ਪਰੰਤੂ ਇਹ ਲਾਈਸੈਂਸ ਮਿਲਾਵਟਾਂ ਤੇ ਆਮਦਨੀ ਟੈਕਸ ਈ ਪੜਤਾਲ ਦੇ ਬਹਾਨੇ ਸੈਂਕੜੇ ਰਿਸ਼ਵਤ ਲੈ ਕੇ ਪੱਖਿਆਂ ਥਲੇ ਜਾ ਬੈਠਦਾ ਹੈ । ਉਸ ਦੁਕਾਨਦਾਰ ਦੀ ਰੁਚੀ ਸਰਕਾਰੀ ਕਰਮਚਾਰੀ ਵਲੇ ਹੋ ਗਈ ਹੈ । ਜਿਸ ਕਰਕੇ ਭਾਵੇਂ ਤਾਂ ਏਸੇ ਜਨਮ ਵਿਚ ਤੇ ਭਾਵੇਂ ਅਗਲੇ ਵਿਚ ਉਹ ਦੁਕਾਨਦਾਰ ਨਾਮੀ ਜੀਵ ਇਕ ਰਾਸ਼ੀ ਸਰਕਾਰੀ ਕਰਮਚਾਰੀ ਬਣੇਗਾ । ਫਰਜ਼ ਕਰੋ ਹੁਣ ਉਹ ਇਕ ਕਲਰਕ ਹੈ । ਮਾੜੀ ਮੋਟੀ ਰੋਟੀ ਜੁੜਦੀ ਹੈ ਪਰੰਤੂ ਉਹ

ਵੇਖਦਾ ਹੈ ਕਿ ਜ਼ਿਮੀਦਾਰ ਕੇਡਾ ਚੰਗਾ ਹੈ ਦੁਧ ਘਿਉ ਖਾਂਦਾ ਪੀਂਦਾ ਅਨੰਦ ਮਾਣਦਾ ਹੈ ਤਾਂ ਇਕ ਦਿਨ ਉਹ ਜ਼ਿਮੀਦਾਰ ਜ਼ਰੂਰ ਬਣੇਗਾ । ਜੇ ਉਹੋ ਕਲਰਕ ਸੋਚੇ ਕਿ ਮੇਰਾ ਅਫਸਰ ਕੇਡਾ ਸੌਖਾ ਹੈ । ਰਜ ਕੇ ਖਾਂਦਾ, ਖਰਵਾ ਬੋਲਦਾ, ਚਾਰ ਚੁਫੇਰਿਉਂ ਸਲਾਮਾਂ ਵੱਖਰੀਆਂ ਤਾਂ ਉਹ ਇਕ ਦਿਨ ਇਹੋ ਜਿਹਾ ਅਫਸਰ ਬਣਨ ਲਈ ਤਾਲੀਮ ਦੀਆਂ ਡਿਗਰੀਆਂ ਉਚੀਆਂ ਕਰੇਗਾ । ਦਫਤਰੀ ਕਿਸਮ ਦੀ ਹੇਰਾ ਫੇਰੀ, ਲੈਗ ਪੁਲਿੰਗ ਤੇ ਸਫਾਰਸ਼ਾਂ ਆਦਿ ਦੇ ਜ਼ੋਰ ਨਾਲ ਟੀਚੇ ਤੇ ਪਹੁੰਚਣ ਦੀ ਕੋਸ਼ਿਸ਼ ਕਰੇਗਾ, ਅਤੇ ਇਕ ਦਿਨ ਕੁਟਿਲ ਭ੍ਰਸ਼ਟਾਚਾਰੀ ਅਫਸਰ ਬਣੇਗਾ । ਸੱਪ ਕਹਿੰਦਾ ਹੈ ਮੈਨੂੰ ਇਸ ਬੰਦੇ ਨੇ ਮਾਰਿਆ ਹੈ ਮੈਂ ਇਹੋ ਕੁਝ ਹੋਵਾਂ ਤਾਂ ਇਹਨੂੰ ਮਜ਼ਾ ਚਖਾਂਵਾਂ । ਉਹ ਮਰ ਕੇ ਗੁਸੈਲ ਬੰਦਾ ਬਣੇਗਾ । ਮੱਕੀ ਦੇ ਬੂਟੇ ਨੂੰ ਮੱਝ ਖਾ ਜਾਂਦੀ ਹੈ, ਉਸ ਬੂਟੇ ਵਿਚਲੀ ਰੂਹ, ਪਸ਼ੂ ਦੀ ਜੂਨ ਵਿਚ ਆਵੇਗੀ । ਅਤੇ ਏਸੇ ਤਰ੍ਹਾਂ ਤਰੱਕੀ ਹੁੰਦੀ ਜਾਂਦੀ ਹੈ । ਪਿਆਰ ਤਥਾ ਡਰ ਦੀ ਭਾਵਨਾ ਤੋਂ ਪਰਭਾਵਤ ਹੋ ਕੇ ਪਰੀਵਰਤਨ ਹੋ ਰਹੇ ਹਨ । ਹੁੰਦੇ ਹਨ ਸਾਰੇ ਰੁਚੀ, ਧੁਨ, ਲਟਕ ਦੇ ਕਾਰਨ । ਆਪਣੀ ਆਪਣੀ ਧੁਨ ਦੇ ਪਿਛੇ ਜੀਵ ਬੇਸੁਧ ਹੋਏ ਭਜੇ ਫਿਰਦੇ ਹਨ । ਜੋ ਅਸੀਂ ਪਿਛੇ ਸੋਚਿਆ ਸੀ ਉਹ ਅਜ ਹਾਂ, ਜੋ ਅਜ ਸੋਚ ਰਹੇ ਹਾਂ ਉਹ ਸਾਡਾ ਅਗਾ ਹੈ । ਇਕ ਵਿਅਕਤੀ ਦੇ ਘਰ ਔਲਾਦ ਨਹੀਂ । ਉਹ ਵਾਹਿਗੁਰੂ ਤੋਂ ਬਚੇ ਮੰਗਦਾ ਹੈ, ਆਉਣ ਵਾਲੇ ਸਮੇਂ ਵਿਚ ਭਾਵੇਂ ਇਸੇ ਹੀ ਜਨਮ ਵਿਚ ਤੇ ਭਾਵੇਂ ਅਗਲੇ ਜਨਮ ਵਿਚ, ਉਹ ਧਾੜ ਬਚਿਆਂ ਦਾ ਮਾਲਕ ਹੋਵੇਗਾ । ਇਕ ਆਦਮੀ ਪਾਸ ਪੈਸਾਂ ਨਹੀਂ, ਉਹ ਆਦਮੀ ਪੈਸਾ ਮੰਗਦਾ ਹੈ, ਲਿਵ ਤੇ ਰੁਚੀ ਪੈਸੇ ਵਿਚ ਰਖਦਾ ਹੈ । ਭਰਪੂਰ ਪੈਸਿਆਂ ਦਾ ਮਾਲਕ ਹੋਵੇਗਾ ਭਾਵੇਂ ਕੈਸ਼ੀਅਰ ਹੀ ਬਣੇ । ਹਰ ਮੌਜੂਦਾ ਹਾਲਤ ਵਿਚ ਵਿਅਕਤੀ ਕਦੇ ਨ ਕਦੇ ਅਸੰਤੁਸ਼ਟ ਜ਼ਰੂਰ ਹੁੰਦਾ ਹੈ । ਜੇ ਪੈਸੇ ਵਾਲਾ ਹੈ ਤਾਂ ਸਿਹਤ ਦਾ ਰੋਗ ਲਗ ਜਾਊ । ਜੇ ਜ਼ਮੀਨ ਮਕਾਨ ਦਾ ਮਾਲਕ ਹੈ ਤਾਂ ਘੋਰ ਲੜਾਈ ਝਗੜਾ ਗਲ ਪੈ ਜਾਊ । ਜੇ ਸਰਕਾਰੀ ਕਰਮਚਾਰੀ ਹੈ ਤਾਂ ਮੁਅਤਲੀ ਦਾ ਝੰਜਟ ਗਲ ਪੈ ਜਾਊ । ਸਾਰੀਆਂ ਗਲਾਂ ਤੇ ਹਾਲਤਾਂ ਦਾ ਇਕੋ ਹੀ

ਤਾਤਪਰੀਯ ਹੈ ਕਿ ਇਕ ਦੁਨਿਆਵੀ ਕਿਤੇ ਵਿਚੋਂ ਕਢ ਕੇ ਦੂਜੇ ਦੁਨਿਆਵੀ ਕਿਤੇ ਵਿਚ ਰੁਚੀ ਲਾਈ ਰਖਣ ਦੀ ਥਾਂ ਤੇ ਲਟਕ ਨੂੰ ਆਪਣੇ ਸਚੇ ਸ਼ਰੂਪ ਨਾਨਕ ਵਾਹਿਗੁਰੂ ਵਿਚ ਲਾਉ ।

ਸੱਸੀ ਕਿਉਂ ਥਲਾਂ ਵਿਚ ਰੁਲ ਕੇ ਮਰੀ । ਇਸ ਵਾਸਤੇ ਕਿ ਉਹਨੇ ਰੁਚੀ ਤੇ ਪਿਆਰ ਇਕ ਮਾਨੁਖ ਵਿਚ ਪਾ ਲਏ । ਹੀਰ ਦੀ ਡੋਲੀ ਕਿਉਂ ਖੇੜਿਆਂ ਦੇ ਗਈ । ਇਸ ਵਾਸਤੇ ਕਿ ਰਾਂਝੇ ਨੇ ਇਕ ਦੁਨਿਆਈ ਵਿਅਕਤੀ ਨੂੰ ਪਿਆਰ ਕੀਤਾ ਸੀ । ਜ਼ਮੀਨੋਂ ਨਿਕਲਿਆ ਤੇ ਜ਼ਨਾਨੀ ਵਿੱਚ ਅਟਕ ਗਿਆ । ਜਿਹੜੀ ਰੁਚੀ ਵਾਹਿਗੂਰੂ ਵਿਚ ਲਾਉਣੀ ਸੀ ਉਹ ਇਕ ਤਰੀਮਤ ਵਿਚ ਲਾ ਕੇ ਬਰਬਾਦ ਹੋਇਆ ਤੇ ਦੁਖ ਪਾਇਆ । ਇਨ੍ਹਾਂ ਉਤਲੀਆਂ ਹਾਲਤਾਂ ਦੇ ਮੁਕਾਬਲੇ ਜਿਨੇ ਵੀ ਸੰਤਾਂ ਭਗਤਾਂ ਨੇ ਦੁਨਿਆਵੀ ਕਿਤਿਆਂ ਦੀ ਬਜਾਏ ਵਾਹਿਗੁਰੂ ਜੀ ਵਿਚ ਲਟਕ, ਲਿਵ, ਰੁਚੀ, ਧੁਨ ਤਥਾ ਖਿਆਲਾਤ ਨੂੰ ਲਾਇਆ, ਉਹ ਵਾਹਿਗੁਰੂ ਬਣ ਗਏ । ਆਵਾਗਵਣ ਵਿਚੋਂ ਸੁਚੱਜੀ ਧੁਨ ਦੇ ਬਦੋਲਤ ਨਿਕਲਣ ਵਿਚ ਸਫਲ ਹੋ ਗਏ । ਇਸ ਲਈ ਵੀਰਨੋ ਆਪਣੀ ਰੁਚੀ ਨੂੰ ਵਾਹਿਗੁਰੂ ਵਿਚ ਲਾਉ ਅਤੇ ਰੁਚੀ ਮੁਤਾਬਕ ਆਪ ਕੀਤੀ ਹੋਈ ਇਸ ਖਾਹਮਖਾਹ ਦੀ ਰਚਨਾ ਤੋਂ ਖਹਿੜਾ ਛਡਾਉ । ਰੁਚੀ ਅਨੁਸਾਰ ਸਫਲਤਾ ਦਾ ਮਿਲਣਾ ਬਿਲਕੁਲ ਕਾਨੂੰਨੀ ਅਤੇ ਜ਼ਰੂਰੀ ਹੈ ।

ਜੇ ਤਾਂ ਦੁਨਿਆਵੀ ਕਾਰ ਕਿਤਿਆਂ ਵਿਚ ਹੀ ਕਿਤਿਉ ਕਿਤੀ ਭਜੇ ਫਿਰਨਾ ਹੈ ਤਾਂ ਤੁਹਾਡੀ ਮਰਜ਼ੀ, ਐਪਰ ਜੋ ਨਿਜਾਤ ਚਾਹੀਦੀ ਹੈ ਲਿਵ, ਰੁਚੀ, ਖਿਆਲਾਤ ਤਥਾ ਧੁਨ ਨੂੰ ਵਾਹਿਗੁਰੂ ਜੀ ਦੇ ਜਾਨਣ, ਪਹਿਚਾਨਣ ਤੇ ਅਨੁਭਵ ਕਰਨ ਵਿਚ ਲਾਉ ।

ਜਿਸ ਵੀ ਕਾਰ ਕਿਤੇ ਵਿਚ ਹੋ ਅਤੇ ਜਿਸ ਵੀ ਹਾਲਤ ਵਿਚ ਹੋ, ਚਾਹੇ ਦੁਖੀ, ਚਾਹੇ ਸੁਖੀ, ਹਰ ਹਾਲਤ ਆਪਣੀ ਰੁਚੀ ਗੁਰੂ ਨਾਨਕ ਬਣਨ ਵਿਚ ਲਾਉ । ਨਿਰਸੰਦੇਹ ਆਪ ਗੁਰੂ ਨਾਨਕ ਬਣ ਜਾਉਗੇ । ਜੈਸੀ ਮਨਸਾ ਵੈਸੀ ਦਸਾ ਹੋ ਜਾਵੇਗੀ । ਵਾਹਿਗੁਰੂ ਬਲ ਬਖਸ਼ੇ ।

17-3-74

1173. ਇਸ ਭਗਤੀ ਕਾ ਕੋਈ ਜਾਣੈ ਭੇਉ ।
ਸਭੁ ਮੇਰਾ ਪ੍ਰਭੁ ਆਤਮ ਦੇਉ ।

1177. ਏਕੋ ਏਕੁ ਰਹਿਆ ਭਰਪੂਰਿ, ਸਾਕਤ ਨਰ ਲੋਭੀ ਜਾਣਹਿ ਦੂਰਿ ।

1192. ਈਠ ਮੀਤ ਕੋਉ ਸਖਾ ਨਾਹਿ, ਆਪਿ ਬੀਜਿ ਆਪੇ ਹੀ ਖਾਹਿ ।

1193. ਜਿਸ ਤੇ ਉਪਜਿਆ ਨਾਨਕਾ ਸੋਈ ਫਿਰ ਹੋਆ ।
ਇਹ ਜੀਵ ਮਾਤਰ ਦਾ ਨਿਸ਼ਾਨਾ, ਰੁਚੀ, ਤਮੰਨਾ ਅਤੇ ਲਿਵ ਹੈ ।

1202, ਰਾਮ ਨਾਮ ਕੀ ਉਪਮਾ ਦੇਖਹੁ ਹਰਿ ਸੰਤਹੁ ਜੋ ਭਗਤ ਜਨਾਂ ਕੀ ਪਤਿ
ਰਾਖੈ ਵਿਚਿ ਕਲਜੁਗ ਅਗੇ ।

1209. ਪੇਖ ਆਇਉ ਸਰਬਥਾਨ ਦੇਸ ਪ੍ਰਿਅ ਰੋਮ ਨ ਸਮਸਰਿ ਲਾਗੈ ।

1212. ਪਾਰਬ੍ਰਹਮ ਅਜੋਨੀ ਸੰਭਉ ਸਰਬਥਾਨ ਘਟ ਬੀਠਾ ।

1214. ਖੇਲਿ ਖਿਲਾਇ ਲਾਡ ਲਾਡਾਵੈ ਸਦਾ ਸਦਾ ਅਨਦਾਈ ।
ਪ੍ਰਿਤਪਾਲੈ ਬਾਰਕ ਕੀ ਨਿਆਈ ਜੈਸੇ ਮਾਤ ਪਿਤਾਈ ।
ਤਿਸੁ ਬਿਨੁ ਨਿਮਖ ਨਹੀਂ ਰਹਿ ਸਕੀਐ ਬਿਸਰਿ ਨ ਕਬਹੂ ਜਾਈ ।
ਕਹੁ ਨਾਨਕ ਮਿਲਿ ਸੰਤ ਸੰਗਤਿ ਤੇ ਮਗਨ ਭਏ ਲਿਵ ਲਾਈ ।

1232. ਚੰਚਲ ਮਤਿ ਤਿਆਗਿ ਭਉ ਭੰਜਨੁ ਪਾਇਆ ਏਕ ਸਬਦਿ ਲਿਵ ਲਾਗੀ ।

1235. ਉਪਮਾ ਸੁਨਹੁ ਰਾਜਨ ਕੀ ਸੰਤਹੁ ਕਹਤ ਜੇਤ ਪਾਹੂਚਾ ।
ਬੇਸੁਮਾਰ ਵਡ ਸਾਹ ਦਾਤਰਾ ਉਚੇ ਹੀ ਤੇ ਊਚਾ ।

1237. ਕਹੁ ਨਾਨਕ ਮੈਂ ਪੂਰਾ ਪਾਇਆ ਕਰਿ ਕਿਰਪਾ ਅਪਨੈ ਪਹਿ ਆਇਆ ।

1245. ਜੈਸਾ ਕਰੈ ਕਹਾਵੈ ਤੈਸਾ ਐਸੀ ਬਨੀ ਜ਼ਰੂਰਤਿ ।
ਹੋਵਹਿ ਲਿੰਙ ਝਿੰਙ ਨਹ ਹੋਵਹਿ ਐਸੀ ਕਹੀਐ ਮੂਰਤਿ ।

1245. ਗੁਰੁ ਪੀਰੁ ਸਦਾਏ ਮੰਗਣ ਜਾਇ, ਤਾਕੈ ਮੂਲਿ ਨ ਲਗੀਐ ਪਾਇ ।
ਘਾਲਿ ਖਾਇ ਕਿਛੁ ਹਥਹੁ ਦੇਇ, ਨਾਨਕ ਰਾਹ ਪਛਾਣਿਹਿ ਸੇਇ ।

1246. ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬ ਕਰੰਤਿ ।

1246. ਗੁਰਮੁਖਿ ਸਭ ਪਵਿਤ ਹੈ ਧਨੁ ਸੰਪੈ ਮਾਇਆ ।
ਹਰ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ ।

1247. ਨਾਨਕ ਜੀਵਦਾ ਪੁਰਖੁ ਧਿਆਇਆ ਅਮਰਾਪਦੁ ਹੋਈ ।
ਜੀਉਂਦਾ ਵਾਹਿਗੁਰੂ, ਬੰਦਾ ਬਜਾਤੇਖੁਦ ਹੈ, ਦੂਸਰੇ ਲੋਕਾਂ ਨੂੰ ਗੁਰੂ ਕਹਿ ਕੇ ਨਮਸਕਾਰਾਂ ਨਹੀਂ ਕਰਦੇ ਫਿਰਨਾ, ਆਪਣੇ ਆਤਮਰਾਮ ਨੂੰ ਧਿਆਉਣਾ ਹੈ ।

1254. ਜੇਹੀ ਰੁਤਿ ਕਾਇਆ ਸੁਖ ਤੇਹਾ ਤੇਹੋ ਜੇਹੀ ਦੇਹੀ ।
ਨਾਨਕ ਰੁਤਿ ਸੁਹਾਵੀ ਸਾਈ ਬਿਨ ਨਾਵੈ ਰੁਤਿ ਕੇਹੀ ।

1256. ਕਾਇਆ ਮਹਲੁ ਮੰਦਰ ਘਰੁ ਹਰਿਕਾ ਤਿਸੁ ਮਹਿ ਰਾਖੀ ਜੋਤਿ ਅਪਾਰ ।
ਨਾਨਕ ਗੁਰਮੁਖਿ ਮਹਲਿ ਬਲਾਈਐ ਹਰਿ ਮੇਲੇ ਮੇਲਣਹਾਰ ।

1256. ਬਿਨੁ ਜਿਹਵਾ ਜੋ ਜਪੈ ਹਿਆਇ, ਕੋਈ ਜਾਣੈ ਕੈਸਾ ਨਾਉ ।

1256. ਖਸਮੁ ਵਿਸਾਰਿ ਕੀਏ ਰਸ ਭੋਗ ਤਾ ਤਨਿ ਉਠਿ ਖਲੋਏ ਰੋਗ ।

1273. ਸਭ ਮਹਿ ਜੀਉ ਹੈ ਸੋਈ ਘਟਿ ਘਟਿ ਰਹਿਆ ਸਮਾਈ ।
ਗੁਰਪਰਸਾਦਿ ਘਰ ਹੀ ਪਰਗਾਸਿਆ ਸਹਜੇ ਸਹਜਿ ਸਮਾਈ ।

1281. ਨਾਨਕ ਗੁਰਮੁਖਿ ਨਦਰੀ ਆਇਆ ਹਰਿ ਆਤਮ ਰਾਮ ਮੁਰਾਰ ।

1288. ਹੁਕਮੀ ਸਾਹ ਗਿਰਾਹ ਦੇਂਦਾ ਜਾਣੀਐ ।

1293. ਕਹੁ ਰਵਿਦਾਸ ਭਇਓ ਜਬ ਲੇਖੋ ।
ਜੋਈ ਜੋਈ ਕੀਨੋ ਸੋਈ ਸੋਈ ਦੇਖਿਓ ।

1297. ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ ਗੁਰ ਨਾਨਕ ਸੋ ਆਪ ਤਰੇ ਕੁਲ ਸਗਲ ਤਰਾਬੋ ।

1302. ਦੁਖੁ ਨਹੀ ਸਭ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ।
ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ।

1315. ਹਰਿ ਤੁਮ ਵਡ ਵਡੇ ਵਡ ਊਚੇ ਸਭ ਊਪਰਿ ਵਡੇ ਵਡੌਨਾ ।
ਜੋ ਧਿਆਵਹਿ ਹਰਿ ਅਪਰੰਪਰੁ ਹਰਿ ਹਰਿ ਧਿਆਇ ਹਰੇ ਤੇ ਹੋਨਾ ।

ਜੋ ਗਾਵਹਿ ਸੁਨਹਿ ਤੇਰਾ ਜਸ ਸੁਆਮੀ ਤਿਨ ਕਾਟੇ ਪਾਪ ਕਟੋਨਾ ।
ਤੁਮ ਜੈਸੇ ਹਰਿ ਪੁਰਖ ਜਾਨੇ ਮਤਿ ਗੁਰਮਤਿ ਮੁਖਿਵਡ ਵਡਭਾਗ ਵਡੋਨਾ ।
ਸਭਿ ਧਿਆਵਹੁ ਆਦਿ ਸਤੇ ਜੁਗਾਦਿ ਸਤੇ ਪਰਤਖਿ ਸਤੇ ਸਦਾ ਸਦਾ ਸਤੇ ਜਨ ਨਾਨਕ ਦਾਸ ਦਸੋਨਾ ।

1330. ਨਾਮ ਬਿਨਾ ਕੈਸੇ ਆਚਾਰ ।

1334. ਸਚ ਬਲਿਹਾਰੀ ਗੁਰ ਅਪੁਨੇ ਵਿਟਹੁ ਜਿਤੁ ਆਤਮੁ ਰਾਮ ਪਛਾਨੰ ।

1342. ਜਿਉ ਮਨੁ ਦੇਖਹਿ ਪਰਮਨੁ ਤੈਸਾ, ਜੈਸੀ ਮਨਸਾ ਤੈਸੀ ਦਸਾ ।

1349. ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ।

1369. ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ।

1369. ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਇ ।
ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡ ਅਜਾਇ ।

1387. ਪ੍ਰਗਟ ਸਗਲ ਹਰਿ ਭਵਨ ਮਹਿ ਜਨੁ ਨਾਨਕ ਗੁਰ ਪਾਰਬ੍ਰਹਮ ।

1404. ਜਾ ਕਉ ਮੁਨਿ ਧ੍ਯਾਨ ਧਾਰੈ ਫਿਰਤ ਸਗਲ ਜੁਗ ਕਬਹੁ ਕ ਕੋਊ
ਪਾਵੈ ਆਤਮ ਪਰਗਾਸਿ ਕਉ ।

1412. ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ ।
ਨਾਨਕ ਤੇ ਸੋਹਾਗਣੀ ਜਿਨਾ ਗੁਰਮੁਖਿ ਪਰਗਟੁ ਹੋਇ ।

1414. ਮਨਮੁਖ ਨਾਮੁ ਨ ਚੇਤਨੀ ਬਿਨ ਨਾਵੈ ਦੁਖ ਹੋਇ ।
ਆਤਮਾ ਰਾਮੁ ਨ ਪੂਜਨੀ ਦੂਜੈ ਕਿਉ ਸੁਖੁ ਹੋਇ ।

1417. ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ ।

1420. ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ।
ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੇ ਉਪਦੇਸਿ ।

1428. ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨ ।
ਜੈਸੇ ਸੂਕਰੁ ਸੁਆਨ ਨਾਨਕ ਮਾਨੋ ਤਾਹਿ ਤਨ ।

ਅਲਟੀਮੇਟ ਟੂਚੀ ਵਾਹਿਗੁਰੂ ਜੀ ਵਿਚ ਹੀ ਲਾਈ ਰਖਣੀ ਚਾਹੀਦੀ ਹੈ ਭਾਵੇਂ ਉਸ ਚੋਟੀ ਤੇ ਅਪੜਨ ਲਈ ਸਾਨੂੰ ਵਕਤੀ ਤੌਰ ਤੇ ਕੁਝ ਹੋਰ ਸਹਾਇਕ ਗਲਾਂ ਨੂੰ ਵੀ ਮਦੇਨਜ਼ਰ ਰਖਣਾ ਪਵੇ, ਭਾਵ ਸਹਾਇਕ ਲਿਟਰੇਚਰ ਦਾ ਪੜ੍ਹਨਾ ਵੀਚਾਰਨਾ ਵੀ ਸਫਲ ਹੈ ਵਾਹਿਗੁਰੂ ਨੂੰ ਸਮਝਣ ਲਈ ।

18.3.74 ਅਜ ਉਸ ਪਾਠ ਦਾ ਭੋਗ ਪਿਆ ਹੈ ਜਿਹੜਾ 12.12.73 ਨੂੰ ਸ਼ੁਰੂ ਕੀਤਾ ਸੀ । ਪਾਠ ਦੇ ਭੋਗ ਦੇ ਨਾਲ ਹੀ ਮੇਰੀਆਂ ਤਰੰਗਾਂ ਦਾ ਵੀ ਭੋਗ ਪੈ ਗਿਆ ਜਾਪਦਾ ਹੈ । ਨਾਨਾ ਪ੍ਰਕਾਰ ਦੇ ਵਲਵਲੇ ਜਿਹੜੇ ਰਹਿ ਰਹਿ ਕੇ ਮਨ ਵਿਚ ਉਠਦੇ ਹੁੰਦੇ ਸਨ, ਅਜ ਲਗ ਭਗ ਬਿਲਕੁਲ ਸ਼ਾਂਤ ਹਨ । ਮੇਰੇ ਮਨ ਵਿਚ ਕੋਈ ਵੀ ਸਵਾਲ ਐਹੋ ਜਿਹਾ ਨਹੀਂ ਰਹਿ ਗਿਆ, ਜਿਸ ਦਾ ਸਾਫ ਉੱਤਰ ਗਰਬਾਣੀ ਵਿਚੋਂ ਨ ਲਭਿਆ ਹੋਵੇ, ਯਾ ਮੇਰੈ ਮਨ ਤਾਈਂ ਸਾਫ ਨ ਹੋ ਗਿਆ ਹੋਵੇ, ਮੈਂ ਤਾਂ ਭਾਵੇਂ ਆਪਣ ਖਿਆਲਾਂ ਵਿਚ ਸਪੱਸ਼ਟ ਹਾਂ ਪਰੰਤੂ ਹੋ ਸਕਦਾ ਹੈ ਕਿ ਮੇਰੀ ਲਿਖਤ ਨੂੰ ਪੜ੍ਹਨ ਵਾਲੇ ਦੇ ਦਿਲ ਤੇ ਇਹ ਖਿਆਲ ਉਗਮ ਪਵੇ, ਕਿ ਗੁਰੂ ਨਾਨਕ ਰਬ ਬਣਿਆ ਤਾਂ ਦੂਰ ਦੁਰਾਡੇ ਘਰ ਬਾਰ ਛਡ ਕੇ ਉਭਲਾਸ਼ੀਆ ਨੂੰ ਵਾਹਿਗੁਰੂ ਦੇ ਦਰਸ਼ਨ ਕਰਾਉਂਦਾ ਫਿਰਿਆ ਰੇਠੇ ਮਿਠੇ ਕੀਤੇ ਤੇ ਮੱਕਾ ਫੇਰਿਆ, ਗੁਰੂ ਅਰਜਨ ਦੇਵ ਰੱਬ ਬਣਿਆਂ ਤਾਂ ਗੁਰੂ ਦਾ ਵਿਸਤਾਰ ਲਿਖਣ ਤੋਂ ਇਲਾਵਾ ਤੱਤੀਆਂ ਤਵੀਆਂ ਤੇ ਬੈਠਾ । ਗੁਰੂ ਹਰਿਕਿਸ਼ਨ ਜੀ ਨੇ ਗੂੰਗੇ ਅਨਪੜ੍ਹ ਕੋਲੋਂ ਗੀਤਾ ਦੇ ਪਾਠ ਕਰਵਾਏ ਗੁਰੂ ਤੇਗ ਬਹਾਦਰ ਜੀ ਨੇ, ਮਾੜਿਆਂ ਲਤਾੜਿਆਂ ਦੀ ਬਾਂਹ ਫੜੀ, ਸਿਰ ਦਿਤਾ, ਸ੍ਰਿੜ ਨਹੀਂ ਛਡਿਆ, ਗੁਰੂ ਗੋਬਿੰਦ ਸਿੰਘ ਜੀ ਨੇ ਸਰਬੰਸ ਵਾਰਿਆ, ਪਰੰਤੂ ਬਿਸ਼ਨ ਸਿੰਘ, ਤੂੰ ਰਬ ਪਾ ਕੇ ਕਿਹੜਾ ਤੀਰ ਮਾਰਿਆ, ਈ ਜ਼ਰਾ ਉਹ ਵੀ ਤੇ ਵਖਾ ।

ਮੇਰੀ ਇਸ ਵਿਸ਼ੇ ਤੇ ਇਹ ਬੇਨਤੀ ਹੈ ਕਿ ਮੈਂ ਕੋਈ ਗੁਰੂ ਸਾਹਿਬਾਨ ਦੀ, ਬਰਾਬਰੀ ਕਰਨ ਨਹੀਂ ਆਇਆ । ਸਗੋਂ ਮੈਂ ਅੰਮਿਰਤ ਹੀ ਉਹਨਾਂ ਕੋਲੋਂ ਛਕਿਆ ਹੈ, ਤੇ ਉਹਨਾਂ ਕੋਲੋਂ ਹੀ ਸਾਰੀ ਸਿਖਿਆ ਲਈ

ਹੈ, ਮੈਂ ਜੋ ਕੁਝ ਵੀ ਬਣਿਆ ਹਾਂ, ਉਹਨਾਂ ਮਹਾਂਪੁਰਖਾਂ ਦੀ ਬਦੌਲਤ ਹੀ ਬਣਿਆ ਹਾਂ। ਏਵੇਂ ਬਰਾਬਰੀ ਦੀ ਗਲ ਨ ਬਣਾਈ ਜਾਉ, ਦੂਜੇ ਮੈਨੂੰ ਗੁਰਬਾਣੀ ਨੇ ਸਮਝਾ ਦਿਤਾ ਹੈ ਕਿ ਰਾਜਾ ਅਤਿਅੰਤ ਚੰਗਾ ਰਾਜ ਕਰਕੇ, ਸੂਰਮਾ ਧਰਮ ਲਈ ਜਾਨ ਵਾਰ ਕੇ, ਸੇਵਕ ਤੇ ਦਾਨੀ ਪ੍ਰਭੂ ਦੇ ਨਾਮ ਤੇ ਲੁਟ ਪੁਟ ਕੇ ਵੀ ਉਸੇ ਪਦਵੀ ਨੂੰ ਪਾਉਂਦਾ ਹੈ, ਜਿਸ ਨੂੰ ਭਗਤ ਘਰ ਦੀ ਚਾਰਦੀਵਾਰੀ ਵਿਚ ਬੈਠਾ, ਮਾੜਾ ਮੋਟਾ ਕੰਮ, ਪਰੰਤੂ ਨੇਕ ਨੀਯਤੀ ਨਾਲ ਕਰਕੇ ਪਾ ਸਕਦਾ ਹੈ, ਜਿਸ ਕੰਮ ਵਿਚ ਵੀ ਪ੍ਰਭੂ ਨੇ ਤੁਹਾਨੂੰ ਇਸ ਵੇਲੇ ਪਾਇਆ ਹੋਇਆ ਹੈ, ਏਸੇ ਕੰਮ ਨੂੰ ਪੂਰਨ ਸਚਾਈ ਤਥਾ-ਪਵਿਤਰਤਾ ਨਾਲ ਕਰਨ ਵਿਚ ਹੀ ਤੁਹਾਡੇ ਸਾਰੇ ਜੰਗ ਤੇ ਕੁਰਬਾਨੀਆਂ ਆ ਜਾਂਦੀਆਂ ਹਨ। ਬੇਸ਼ਕ ਅਜ਼ਮਾ ਕੇ ਵੇਖ ਲਉ, ਆਪਣੇ ਕੰਮ ਨੂੰ ਛਡ ਕੇ ਦੂਜੇ, ਸਗੋਂ ਮੁਸ਼ਕਿਲ ਕਿਤੇ ਨੂੰ ਫੜਨ ਦੇ ਬਰਾਬਰ ਹੈ, ਸਿਆਸਤ ਵਾਲਿਆਂ ਨੂੰ ਵਾਹਿਗੁਰੂ ਨੇ ਸਿਆਸਤ ਵਿਚ ਲਾਇਆ ਹੋਇਆ ਹੈ, ਉਹ ਆਪਣਾ ਕੰਮ ਜਿਵੇਂ ਉਹਨਾਂ ਦਾ ਪ੍ਰਭੂ ਕਰਵਾਉਂਦਾ ਹੈ ਚੰਗਾ ਕਰੀ ਜਾ ਰਹੇ ਹਨ ਮੇਰਾ ਕੰਮ ਨਹੀਂ, ਮੇਰਾ ਕੰਮ ਇਹੋ ਕੁਝ ਹੈ ਜਿਹੜਾ ਮੈਂ ਕਰ ਰਿਹਾ ਹਾਂ, ਦੂਸਰੀ ਗਲ ਤੁਸੀਂ ਕਰਾਮਾਤ ਦੀ ਪੁਛੀ ਹੈ, ਸੋ ਮੈਂ ਵਡੀ ਤੋਂ ਵਡੀ ਕਰਾਮਾਤ ਇਹ ਕੀਤੀ ਹੈ ਕਿ ਮੈਂ ਆਪਣੇ ਆਪ ਨੂੰ ਪਛਾਣ ਸਕਿਆ ਹਾਂ, ਅਤੇ ਸੈਂਕੜੇ ਪਰਕਾਰ ਦੀ ਅਪੋਜ਼ੀਸ਼ਨ ਦੇ ਬਾਵਜੂਦ ਪਛਾਨਣ ਵਿਚ ਕਾਮਯਾਬ ਹੋਇਆ ਹਾਂ, ਜਿਹੜੀ ਪਛਾਣ ਕਿ ਕੋਈ ਵਿਰਲਾ ਹੀ ਕਰ ਸਕਦਾ ਹੈ, ਵਡੇ ਵਡੇ ਸੀਨੀਅਰ ਵੀਰ ਵੀ ਸ਼ਾਇਦ ਅਜੇ ਨਹੀਂ ਪਹੁੰਚੇ, ਇਸ ਤੋਂ ਇਲਾਵਾ ਮੇਰੀ ਲਿਖਤ ਨੂੰ ਪੜ੍ਹ ਕੇ ਠੀਕ ਤੌਰ ਤੇ ਸਮਝਣ ਵਾਲਾ ਪਰਾਣੀ ਆਪਣੇ ਹਰ ਪਰਕਾਰ ਦੇ ਦੁਖ ਨੂੰ ਖੁਦ ਹੀ ਦੂਰ ਕਰ ਸਕੇਗਾ, ਮੇਰੀ ਲਿਖਤ ਹੀ ਨਿਹਕਲੰਕ ਦੀ ਗਾਈਡ ਲਾਈਨ ਹੋਵੇਗੀ, ਜਿਹੜਾ ਕਿ ਸਮਾਜ ਦੀ ਕਾਇਆ ਤੇ ਨੁਹਾਰ ਹੀ ਬਦਲ ਕੇ ਰਖ ਦੇਵੇਗਾ, ਪ੍ਰੈਸ ਦੇ ਜ਼ਮਾਨੇ ਵਿਚ ਮੈਨੂੰ ਥਾਂ ਥਾਂ ਫਿਰਨ ਦੀ ਲੋੜ ਨਹੀਂ, ਮੇਰਾ ਪੰਫਲਿਟ,

ਮੇਰਾ ਆਤਮਾ ਹੈ, ਜਿਹੜਾ ਤੁਹਾਡੀ ਸੇਵਾ ਲਈ ਤੁਹਾਡੇ ਹਥਾਂ ਵਿਚ ਹਾਜ਼ਰ ਹੈ, ਪਾਠ ਕਰਨ ਦਾ ਸਹੀ ਢੰਗ ਤੇ ਨਾਮ ਜਪਣ ਦਾ ਸਹੀ ਤਰੀਕਾ ਵੀ ਪੰਫ਼ਲਿਟ ਵਿਚ ਦਰਜ ਹੈ, ਜਿਹੜਾ ਕਿ ਬੇਅੰਤ ਭਟਕੇ ਪ੍ਰੇਮੀਆਂ ਦੀ ਅਗਵਾਈ ਤੇ ਮਦਦ ਕਰੇਗਾ ਹਉਮੈ ਹੁਕਮਿ ਅਤੇ ਲਿਵ ਵਰਗੇ ਗੰਭੀਰ ਵਿਸ਼ਿਆਂ ਉਤੇ ਵਿਸ਼ੇਸ਼ ਰੋਸ਼ਨੀ ਪਾਉਂਦਾ ਹੈ ਅਤੇ ਸਚਾ ਅਰਥ ਪ੍ਰਗਟ ਕਰਦਾ ਹੈ ਮੈਂ ਆਪਣੇ ਮੂੰਹ ਹੋਰ ਮੀਆਂ ਮਿਠੂ ਨਹੀਂ ਬਣਨਾ ਚਾਹੁੰਦਾ ਮੇਰੇ ਲਈ ਤਾਂ ਪੰਫਲਿਟ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਦ ਨਿਰੂਪਣ ਹੈ, ਇਨ੍ਹਾਂ ਸ਼ਬਦਾਂ ਨਾਲ ਦੋਨੋਂ ਹਥ ਜੋੜ ਕੇ ਫਤਹਿ ਬੁਲਾਂਦਾ ਹੋਇਆ, ਵਾਹਿਗੁਰੂ ਜੀ, ਦਸਾਂ ਪਾਤਸ਼ਾਹੀਆਂ, ਸ੍ਰੀ ਗੁਰੂ ਗਰੰਥ ਸਾਹਿਬ, ਪੰਜ ਪਿਆਰਿਆਂ ਤੇ ਸਮੂਲਚੇ ਖਾਲਸਾ ਪੰਥ ਦਾ ਹਾਰਦਿਕ ਧੰਨਵਾਦੀ ਹੁੰਦਾ ਹਾਂ, ਜਿਨ੍ਹਾਂ ਨੇ ਮੇਰੇ ਉਤੇ ਇਤਨਾ ਉਪਕਾਰ ਕੀਤਾ ਹੈ ਕਿ ਮੈਨੂੰ ਆਪਣੇ ਦੀਵਾਨ ਵਿਚ ਬੈਠਣ ਦੀ ਥਾਂ ਬਖਸ਼ੀ ਹੈ, ਅਤੇ ਆਪਣੀ ਸੰਗਤ ਵਿਚ ਰਲਾ ਲਿਆ ਹੈ ਆਪਣੀ ਵਲੋਂ ਨਿਮਾਣਾ ਜਿਹਾ ਹਿਸਾ ਪਾਉਣ ਲਈ ਬਖਸ਼ੇ ਹੋਏ ਗਫਿਆਂ ਵਿਚੋਂ ਇਹ ਕਿਤਾਬ ਭੇਂਟ ਕਰਦਾ ਹਾਂ ਪਰਵਾਨ ਕਰਕੇ ਕਿਰਤਾਰਥ ਕਰਨਾ । ਇਸ ਦੇ ਨਾਲ ਹੀ ਜਗਿਆਸੂ ਵੀਰਾਂ ਨੂੰ ਸੂਚਿਤ ਕਰਦਾ ਹਾਂ ਕਿ ਜੇ ਕਿਸੇ ਖਿਆਲ ਦੇ ਸਪਸ਼ਟੀਕਰਨ ਦੀ ਲੋੜ ਮਹਿਸੂਸ ਕਰੋ ਤਾਂ 1256, 15-ਬੀ ਚੰਡੀਗੜ੍ਹ ਵਿਖੇ ਕਿਸੇ ਵੀ ਦਿਨ ਸ਼ਾਮ 6-30 ਤੋਂ 8 ਵਜੇ ਤਕ ਤਸ਼ਰੀਫ ਲਿਆਉ । ਜੀਆਇਆਂ ਨੂੰ ਕਿਹਾਂ ਜਾਵੇਗਾ ।

31.3.74 ਪੈਂਫਲਿਟ ਛਪਾਣ ਦੀ ਪੂਰੀ ਤਿਆਰੀ ਹੋ ਚੁਕੀ ਹੈ । ਸੌਦਾ ਹੋ ਚੁਕਾ ਹੈ । ਕਾਗਜ਼ ਖਰੀਦੇ ਜਾ ਚੁਕੇ ਹਨ । ਬਲਾਕ ਬਣ ਚੁਕੇ ਹਨ । ਸਵੇਰੇ ਛਪਾਈ ਸ਼ੁਰੂ ਹੋਣ ਵਾਲੀ ਹੈ । ਅਸਰ ਦੀ ਟੋਹ ਪੜਤਾਲ ਕਰਨ ਲਈ ਇਹ ਪੈਂਫਲਿਟ ਇਕ ਵੀਰ ਨੂੰ ਪੜ੍ਹਾਇਆ ਗਿਆ, ਪਰੰਤੂ ਉਸ ਦੇ ਪਰਮਾਤਮਾ ਬਾਰੇ ਸਪਸ਼ਟੀਕਰਨ ਤੋਂ ਮੇਰੀ ਸੰਤੁਸ਼ਟਤਾ ਨ ਹੋਈ ਅਤੇ ਮੈਂ ਪੈਂਫਲਿਟ ਵਿਚ ਇਕ ਲੇਖ ਦੀ ਘਾਟ ਮਹਿਸੂਸ ਕੀਤੀ, ਜਿਹੜੀ ਕਿ ਇਸ ਲਿਖਤ ਨਾਲ ਪੂਰੀ ਕਰਨ ਦੀ ਕੋਸ਼ਿਸ਼ ਕਰਦਾ ਹਾ ।

ਗਲ ਇਹ ਹੈ ਕਿ ਵਾਹਿਗੁਰੂ ਬਾਰੇ ਧੂਰਨ ਤੌਰ ਤੇ ਸਹੀ ਸਹੀ ਕੁਝ ਕਹਿ ਸਕਣਾ ਸੰਭਵ ਹੀ ਨਹੀਂ ਹੈ। ਮਾਨੁਖੀ ਦਿਮਾਗ ਤੇ ਵਕੈਬੂਲਰੀ ਦੇ ਦਾਇਰੇ ਵਿਚ ਵਾਹਿਗੁਰੂ ਨਹੀਂ ਆਉਂਦਾ, ਪਰੰਤੂ ਜਿਥੋਂ ਤਕ ਇਨਸਾਨੀ ਦਿਮਾਗ ਪਹੁੰਚਦਾ ਹੈ ਜ਼ਰੂਰ ਪਹੁੰਚਣਾ ਚਾਹੀਦਾ ਹੈ, ਨਿਰਗੁਣ ਆਪਿ ਸਰਗੁਣ ਭੀ ਉਹੀ, ਦੇ ਕਥਨ ਅਨੁਸਾਰ, ਅਸਾਂ ਸਰਗੁਣ ਰੂਪਾਂ ਵਿਚ, ਆਪ ਉਹੋ ਨਿਰਗੁਣ ਹੀ ਵਸਦਾ ਹੈ। ਭਾਵ ਸਾਡਾ ਆਤਮਾ ਹੀ ਵਹਿਗੁਰੂ ਹੈ। ਜੋ ਇਕ ਪਰਾਣੀ ਕਹਿੰਦਾ ਹੈ "ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨ ਨਿਰੰਕਾਰ ਜੀਉ" ਤਾਂ ਉਹ ਸਾਫ ਕਹਿ ਰਿਹਾ ਹੈ ਕਿ ਮੇਰਾ ਆਤਮਾ ਅਗਮ ਅਗੋਚਰੁ ਤੇ ਆਦਿ ਨਿਰੰਜਨ ਨਿਰੰਕਾਰ ਹੈ ਜਿਸ ਨੂੰ ਜੇ ਰੁਖੀ ਬੋਲੀ ਵਿਚ ਇਉਂ ਕਹਿ ਲਈਏ ਕਿ ਮੈਂ ਹੀ ਸਭ ਕੁਝ ਹਾਂ ਮੈਂ ਹੀ ਵਾਹਿਗੁਰੂ ਹਾਂ, ਯਾ ਵਾਹਿਗੁਰੂ ਮੇਰੇ ਵਿਚ ਵਸਦਾ ਹੈ, ਤਾਂ ਕੋਈ ਅਤਿਕਥਨੀ ਨਹੀਂ। ਸਿਰਫ ਇਕ ਗਲ ਨੂੰ ਕਹਿਣ ਦੇ ਦੋ ਢੰਗ ਹੀ ਹਨ। ਇਕ ਸੁਧਰਿਆ ਹੋਇਆ ਸੁਚੱਜਾ ਤੇ ਦੂਜਾ ਕੁਚਜਾ ਗਲ ਦੇ ਕਰਨ ਵਿਚ ਹੀ ਭੇਦ ਹੈ ਜੇ ਕੋਈ ਕਹਿੰਦਾ ਹੈ "ਤੂੰ ਆਦਿ ਪੁਰਖ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰ ਨ ਕੋਈ" ਤਾਂ ਉਹ ਕਹਿ ਰਿਹਾ ਹੈ ਕਿ ਐ ਮੇਰੇ ਆਤਮਾ, ਤੂੰ ਆਦਿ ਪੁਰਖ ਅਪਰੰਪਰ ਕਰਤਾ ਜੀ ਹੈਂ ਤੇ ਤੇਰੇ ਜਿਡਾ ਹੋਰ ਕੋਈ ਨਹੀਂ। ਬਸ, ਗਲ ਕਰਨ ਦੇ ਪੜਦੇ ਭਰ ਦੇ ਫਰਕ ਨੇ ਦੁਨੀਆਂ ਉਲਝਾ ਰਖੀ ਹੈ। ਲੋਕੀ ਆਪਣੇ ਆਪ ਵਿਚ ਗੁਰੂ ਨੂੰ ਵੇਖਣ ਦੀ ਥਾਂ, ਨਾਨਾ ਪ੍ਰਕਾਰ ਦੇ ਡੰਭ ਜਾਲਾਂ ਵਿਚ ਫਸੇ ਹੋਏ ਹਨ ਜਿਥੇ ਸ਼ੇਰਾਂ ਨੇ ਆਪ ਵਹਿਗੁਰੂ ਬਣੇ ਬੁਕਦੇ ਫਿਰਨਾ ਸੀ, ਉਥੇ ਮਾਸਾ ਭਰ ਦੇ ਸਰਿਸ਼ਟਾਚਾਰੀ ਉਹਲੇ ਦੇ ਕਾਰਨ, ਭੌਲ ਵਿਚ ਪਏ ਹੋਏ ਹਨ ਗਿਦੜਾਂ ਵਾਂਗੂੰ ਚੋਰੀ ਚੋਰੀ ਕੋਠੀਆਂ ਤੇ ਕੋਠੜੀਆ ਵਿਚ ਵੜ, ਦਾੜ੍ਹੀ ਮੁਛਾਂ ਦੇ ਨਾਲ ਹੀ ਅਣਖ ਤੇ ਗੈਰਤ ਦਾ ਪਤਾ ਸਾਫ ਕਰਵਾ ਨਕ ਰਗੜਦੇ ਫਿਰਦੇ ਹਨ।

ੴ

ਵਾਹਿਗੁਰੂ ਜੀ

5.7.74 ਚਾਲਾਕ ਇਨਸਾਨ ਮੂਰਖਾਂ ਦੀ ਮੂਰਖਤਾ ਤਥਾ ਅਗਿਆਨਤਾ ਤੋਂ ਨਜਾਇਜ਼ ਫਾਇਦਾ ਉਠਾ ਤੇ ਆਪ ਗੁਰੂ ਬਣੇ ਸ਼ਾਦਮਾਨੀਆਂ ਮਾਂਣ ਰਹੇ ਹਨ। ਬੁਧੂਆਂ ਕੋਲੋਂ ਮਥੇ ਟਿਕਵਾ ਕੇ ਨਕ ਰੜੋਂਵਾ ਕੇ ਉਹਨਾਂ ਵਿਚ ਖੂਬ ਗੁਲਾਮਾਨਾਂ ਰੰਗ ਭਰ ਰਹੇ ਹਨ। ਪੀਹੜੀਆਂ ਤਕ ਸਵਾਰੀ ਕਰੀ ਜਾਂਦੇ ਹਨ, ਇਹ ਐਬ ਜਾਂ ਪਾਪ ਵੀ ਨਹੀਂ ਹੈ। ਵੇਖੋ ਮਨੁੱਖ ਨੇ ਕਿੰਨੇ ਜੀਵ ਆਪਣੇ ਵਸ ਕੀਤੇ ਹੋਏ ਹਨ, ਤੇ ਉਹਨਾਂ ਦੀ ਅਗਿਆਨਤਾ ਦੇ ਕਾਰਨ ਉਹਨਾਂ ਪਾਸੋਂ ਕੀ ਕੰਮ ਲੈ ਰਿਹਾ ਹੈ। ਹਾਥੀ, ਘੋੜੇ, ਮੱਝਾਂ ਗਾਈਆਂ, ਗਲ ਕੀ ਵਡੇ ਵਡੇ ਬਲਵਾਂਨਾਂ ਨੂੰ ਬਧੀ ਦੁਆਰਾ ਮਾਤ ਦਿਤੀ ਹੋਈ ਹੈ। ਇਹ ਗਲ ਹੈ ਵੀ ਕੁਦਰਤੀ ਤੇ ਕੋਈ ਪਾਪ ਨਹੀਂ। ਦਰਖਤ ਪੌਦੇ ਵਿਚਾਰੇ ਧਨ ਇਕੱਠਾ ਕਰਦੇ ਰਹਿੰਦੇ ਹਨ ਤੇ ਮਾਨੁਖ ਖੋਹ ਕੇ ਖਾ ਪੀ ਜਾਂਦੇ ਹਨ। ਇਸ ਲਈ ਗੁਰੂ ਡੰਭਾ ਵਿਚ ਫਸੇ ਵੀਰਨੋ, ਤੁਸੀਂ ਆਪਣੀ ਆਗਿਆਨਤਾ ਦੀ ਬਦੌਲਤ ਦੁਖੀ ਹੋ। ਤੁਹਾਡੇ ਗੁਰੂ ਗਿਆਨਵਾਨ ਹੋਣ ਕਰਕੇ ਤੁਹਾਥੋਂ ਮਥੇ ਟਿਕਵਾ ਰਹੇ ਹਨ। ਵੈਸੇ ਉਹ ਵੀ ਰਬ ਹਨ ਤੇ ਤੁਸੀਂ ਵੀ ਰਬ ਹੋ। ਸਿਰਫ ਤੁਹਾਨੂੰ ਆਪਣੇ ਆਪ ਦੀ ਪਛਾਂਣ ਨਹੀਂ ਤੇ ਚਾਲਾਕ ਲੋਕੀ ਤੁਹਾਨੂੰ ਇਹ ਗਲ ਦਸਦੇ ਵੀ ਨਹੀਂ ਹਨ। ਸਰਕਾਰ ਵੀ ਚਲਾਕ ਲੋਕਾਂ ਦਾ ਸਮੂਹ ਹੈ। ਵਾਹਵਾ ਕਾਠੀ ਪਾਈ ਮੂਰਖਾਂ ਦੇ ਪੈਸੇ ਤੇ ਰੰਗ ਰਲੀਆਂ ਮਨਾ ਰਹੇ ਹਨ। ਆਪਣੇ ਆਪ ਦੀ ਪਛਾਣ ਦਾ ਕੋਈ ਸਕੂਲ ਕਾਲਜ ਨਹੀਂ। ਸਚਾ ਗਿਆਨ ਬਿਲਕੁਲ ਕਿਧਰੇ ਦਿਤਾ ਹੀ ਨਹੀਂ ਜਾਂਦਾ। ਏਵੇਂ ਕਾਰ ਕਿਤਿਆਂ ਦੀ ਮਾੜੀ ਮੋਟੀ ਸਿਖਲਾਈ ਦੇ ਕੇ ਆਪਣੇ ਕੰਮ ਤੇ ਲਾ ਲਏ ਜਾਂਦੇ ਹਨ। ਆਜ਼ਾਦੀ ਨਾਮ ਦੀ ਕੋਈ ਸੈਨੋਕਰਸ਼ਾਹੀ ਵਿਚ ਨਹੀਂ। ਤਨਖਾਹਾਂ ਦੀ ਖਾਤਰ ਜ਼ਮੀਰਾਂ ਕੁਚਲ-ਕੁਚਲ ਕੰਮ ਕਰਦੇ ਹਨ। ਵੇਖੀਏ ਜੰਤਾ ਰੂਪੀ ਬੁਧੂ ਲਾਂਣੇ ਨੂੰ ਕਦੋਂ ਹੋਸ਼ ਆਉਂਦੀ ਹੈ ਤੇ ਮਸਾਵੀ ਕੁਲੀ ਗੁਲੀ ਜੁਲੀ ਤਥਾ ਧਨ ਦੀ ਤਕਸੀਮ ਦਾ ਕਦੋਂ ਪ੍ਰਬੰਧ ਹੁੰਦਾ ਹੈ।

ਏਸੇ ਅਸੂਲ ਤਹਿਤ ਹੁਸ਼ਿਆਰ ਗੋਰੀਆਂ ਕੌਮਾਂ ਕਾਲਿਆਂ ਅਗਿਆਨੀਆਂ ਉਤੇ ਰਾਜ ਕਰਦੀਆਂ ਰਹੀਆਂ ਹਨ। ਭਾਰਤ ਤੇ ਅਫਰੀਕਾ ਦਾ ਇਤਹਾਸ ਇਸ ਗਲ ਦੀ ਗਵਾਹੀ ਹੈ। ਇਸ ਲਈ ਆਪਣੇ ਆਪ ਵਿਚ ਹੁਸ਼ਿਆਰ ਬੰਣਨ ਵਿਚ ਹੀ ਮਾਨੁਖ ਦਾ ਕਲਿਆਣ ਹੈ। ਲੋਕਾਂ ਨੂੰ ਮਥੇ ਟੇਕਦੇ ਫਿਰਨਾਂ, ਗੁਰੂ ਕਹਿ ਕਹਿ ਪੈਸ ਤੇ ਚੜਾਵੇ ਚੜਾਉਂਣੇ, ਨੌਕਰਾਂ ਵਾਂਗ ਜਾਇਜ਼ ਨਜਾਇਜ਼ ਕੰਮ ਕਰਦੇ ਫਿਰਨਾਂ, ਆਪਣੇ ਪੁਤਰਾਂ ਧੀਆਂ ਨੂੰ ਬਦੋ ਬਦੀ ਸਿਰੋਂ ਫੜ ਫੜ ਅਗਲੇ ਦੇ ਪੈਰੀ ਝੁਕਾਉਂਣਾਂ, ਹਥ ਜੋੜਨੇ ਤੇ ਲਿਲਕੜੀਆਂ ਲੈਣੀਆਂ, ਖੁਦਦਾਰੀ ਤੇ ਅਣਖ ਗੈਰਤ ਉਤੇ ਕੁਹਾੜਾ ਚਲਾਉਂਣ ਦੇ ਤੁਲ ਹਨ। ਜਿਸ ਗੁਰੂ ਨੂੰ ਲਭਦੇ ਫਰਦੇ ਹੋ, ਜਿਹੜਾ ਸਾਰੇ ਕੰਮ ਚਲਾਉਂਦਾ ਤੇ ਬਣਾਉਂਦਾ ਹੈ ਉਹ ਤੁਹਾਡਾ ਆਪਣਾ ਆਤਮਾਂ ਹੈ, ਦੂਧੀਆਂ ਜਿਹਾ ਨੂਰ, ਤੂਹਾਡੇ ਆਪਣੇ ਵਿਚ ਤੁਹਾਡਾ ਆਪਣਾਂ ਗੁਰੂ। ਬਾਹਰ ਬੈਠਾ ਵਿਅਕਤੀ ਤਾਂ ਇਕ ਦੂਜਾ ਪੁਰਸ਼ ਹੈ। ਤੁਹਾਡਾ ਗੁਰੂ ਨਹੀਂ ਤੁਹਾਡਾ ਗੁਰੂ ਤੁਹਾਡੇ ਆਪਣੇ ਵਿਚ ਬੈਠਾ ਹੈ। ਦੂਜੇ ਵਿਚ ਦੂਜੇ ਦਾ ਗੁਰੂ ਹੈ, ਤੁਹਾਡਾ ਨਹੀਂ ਗੁਰੂ ਆਪਣੇ ਦੀ ਸੇਵਾ ਕਰਨੀ ਚਾਹੀਦੀ ਹੈ। ਸਾਰੀ ਬਾਣੀ ਇਸ ਗਲ ਦੀ ਪ੍ਰੋੜਤਾ ਕਰਦੀ ਹੈ। ਨੂਰ ਦੀ ਸੇਵਾ, ਮੁਠੀ ਚਾਪੀ ਕੀਤਿਆ ਨਹੀਂ ਹੁੰਦੀ, ਨੂਰ ਨੂੰ ਪੈਸੇ ਟਕੇ ਦੀ ਲੋੜ ਨਹੀਂ, ਨੂਰ ਆਤਮਾਂ ਪ੍ਰਸੰਨ ਹੁੰਦਾ ਹੈ ਸਤਿ, ਸਤੋਖ, ਦਯਾ, ਧਰਮ, ਧੀਰਜ, ਨੇਕੀ, ਸਚਾਈ ਸਾਫਗੋਈ, ਈਮਾਨਦਾਰੀ, ਦਿਆਨਤ-ਦਾਰੀ, ਨਿਮਰਤਾ, ਸੁਕ੍ਰਿਤ, ਸੇਵਾ ਤੇ ਕੁਰਬਾਨੀ ਦੇ ਜਜ਼ਬੇ ਨਾਲ, ਪਰੰਤੂ ਇਹੋ ਹੀ ਤੁਸੀਂ ਅਪਨਾਉਂਦੇ ਨਹੀਂ ਹੋ, ਤਾਂ ਫਿਰ ਗੁਰੂ ਪ੍ਰਸੰਨ ਕਿਵੇਂ ਹੋਵੇ। ਆਪਣੇ ਗੁਰੂ ਕਲੋਂ ਤਾਂ ਜ਼ਲੀਲਾਂ ਵਾਲੇ ਕੰਮ ਕਰਾਉਂਦੇ ਹੋ ਅਤੇ ਚਾਹੁੰਦੇ ਹੋ ਕਿ ਗੁਰੂ ਪ੍ਰਸੰਨ ਹੋਵੇ, ਲੋਚੇ ਦਾਖ ਬਜੌੜੀਆਂ ਕਿਕਰ ਬੀਜੇ ਜਟ ਵਾਲੀ ਗਲ ਹੈ। ਵੀਰਨੋ ਹੋਸ਼ ਵਿਚ ਆਉ। ਆਪ ਬਚੋ ਤੇ ਆਪਣੇ ਬਾਲ ਬਚਿਆਂ ਨੂੰ ਬਲੈਕਮੇਲ ਹੋਣ ਤੋਂ ਬਚਾਉ। ਵਹਿਗੁਰੂ ਇਨਸਾਨਾਂ ਨੂੰ ਆਪਣੇ ਆਪ ਦੀ ਸੂਝ ਬੂਝ ਬਖਸ਼ੇ ਤੇ ਇਹ ਜੀਵ ਹੋਸ਼ ਵਿਚ ਆਉਣ ਗੁਰੂ ਨਾਨਕ ਦੇ ਦਰਬਾਰ ਤੋਂ ਤਾਂ ਸਾਰਾਂ ਜ਼ੋਰ ਲਾ ਕੇ

ਸਮਝਾਏ ਜਾ ਰਹੇ ਹਨ, ਪਰੰਤੂ ਖੋਟੀ ਤਕਦੀਰ ਵਾਲੇ ਗਲ ਹੀ ਨਹੀਂ ਸੁਣਦੇ, ਤੇ ਨਾਨਕ ਦਰਬਾਰ ਦੇ ਲਾਗਿਉਂ ਦੀ ਲੰਘ ਪਾਖੰਡੀਆਂ ਦੀ ਮਹਿਫਲ ਵਿਚ ਜਾ ਬੈਠਦੇ ਹਨ, ਚਲੋ ਫਿਰ ਵੀ ਸ਼ੁਕਰ ਹੈ ਕਿਤੇ ਕੁਝ ਨ ਕੁਝ ਸਿਖਦੇ ਤਾਂ ਹਨ। ਮੂਲੋਂ ਮਨਮੁਖ ਤਾਂ ਨਹੀਂ ਹਨ। ਆਪੇ ਅਠੋਠੋਲੇ ਖਾਂਦਿਆਂ ਨੂੰ ਕਦੀ ਨ ਕਦੀ ਸਮਝ ਆ ਹੀ ਜਾਵੇਗੀ, ਮੂਲੋਂ ਗੁਜ਼ਰਿਆਂ ਨਾਲੋ ਤਾਂ ਚੰਗੇ ਹੀ ਹਨ।

24.7.74 ਇਕ ਗਲ ਹੋਰ ਹੈ ਜਿਸਦਾ ਪਤਾ ਆਮ ਆਦਮੀਆਂ ਨੂੰ ਨਹੀਂ ਲਗਦਾ, ਓਹ ਇਹ ਹੈ ਕਿ ਉਹ ਰਬ ਨੂੰ ਤਾਂ ਰਬ ਮੰਨਦੇ ਹਨ, ਪਰੰਤੂ ਆਪਣੇ ਆਪ ਨੂੰ ਵਾਹਿਗੁਰੂ ਨਹੀਂ ਮੰਨਦੇ। ਉਹ ਕਹਿੰਦੇ ਹਨ ਕਿ ਅਸੀਂ ਮਾਨੁਖ ਹਾਂ, ਕੁਝ ਹੋਰ ਹਾਂ। ਵਾਹਿਗੁਰੂ ਨਹੀ ਹਾਂ। ਭੋਲਿਆਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਮਾਨੁਖ, ਆਦਮੀ, ਇਨਸਾਨ ਆਦਿ ਤਾਂ ਅਖਰ ਹਨ ਸਾਡੀਆਂ ਲਿਪੀਆਂ ਦੇ ਮੁਕਰਰ ਕੀਤੇ ਹੋਏ ਸੁਸਾਇਟੀ ਦੇ ਇਸ ਕ੍ਰਿਸਮ ਦੇ ਜੀਵ ਦੀ ਪਛਾਂਣ ਲਈ ਪਰੰਤੂ ਵਾਸਤਵ ਵਿਚ ਤੁਸੀਂ ਪਰਮਾਤਮਾਂ ਦਾ ਸਰਗੁਣ ਮੁਜਸਮਾ ਹੋ। ਭਾਵੇਂ ਇਹ ਗਲ ਪਿਛਲੀਆਂ ਲਿਖਤਾਂ ਵਿਚ ਵੀ ਸਪਸ਼ਟ ਕੀਤੀ ਗਈ ਹੈ, ਪਰੰਤੂ ਜ਼ਰੂਰਤ ਮਹਿਸੂਸ ਕਰਦਾ ਹਾਂ ਇਸ ਸਬਕ ਨੂੰ ਦੋਹਰਾਉਣ ਦੀ।

ਵਾਹਿਗੁਰੂ ਦੂਧੀਆ ਰੰਗ ਦਾ ਕਚੀ ਲਸੀ, ਖਟੀ ਲਸੀ, ਦੁਧ, ਬਦਲ, ਠੰਡੇ ਥਾਂ ਪਈ ਸਨੋ, ਸਾਰੰਗ ਪਾਣੀ, ਗੈਸ ਜਿਹੀ ਰੋਸ਼ਨ ਗੁਲਾਈ ਆਦਿ ਹੈ, ਇਸ ਧਰਤੀ ਉਤੇ ਕੋਈ ਵੀ ਚੀਜ਼ ਨਿਰੋਲ ਐਹੋ ਜਿਹੀ ਨਹੀਂ ਜਿਸਨੂੰ ਪਰਮਾਤਮਾਂ ਕਹਿ ਸਕੀਏ, ਹਾਲਾਕਿ ਹਰ ਚਿਨ ਤੇ ਚੀਜ਼ ਉਸ ਪਰਮਾਤਮਾਂ ਦੀ ਹੀ ਬੰਣੀ ਹੋਈ ਹੈ। ਹਰ ਵਸਤੂ ਵਿਚ ਪਰਮਾਤਮਾਂ ਮੌਜੂਦ ਹੈ, ਪਰੰਤੂ ਰੂਹ ਆਤਮਾਂ ਦੇ ਰੂਪ ਵਿਚ ਵਸਦਾ ਹੈ। ਗੋਲਾਈ ਵੀ ਇਸ ਵਾਸਤੇ ਨਜ਼ਰ ਆਉਂਦੀ ਹੈ ਕਿਉਂਕਿ ਬਹੁਤ ਵਡਾ ਹੁੰਦਾ ਹੈ, ਜਿਥੋਂ ਤਕ ਨਜ਼ਰ ਜਾਂਦੀ ਹੈ ਵਾਹਿਗੁਰੂ ਹੁੰਦਾ ਹੈ। ਉਸਦੇ ਨਾਮ ਦਾ ਹਰ ਬਰੀਕ ਤੋਂ ਬਰੀਕ ਕੱਣ ਵਾਹਿਗੁਰੂ ਹੈ, ਅਤੇ ਬੇਬਹਾ ਕਣਾਂ ਦਾ ਸਮੂਹ ਵੀ ਵਹਿਗੁਰੂ ਹੈ। ਜਿਵੇਂ ਭੋਰਾ ਭਰ ਪਾਣੀ ਵੀ ਪਾਣੀ ਹੈ ਤੇ ਸਮੁੰਦਰ

ਵੀ ਪਾਣੀ ਹੈ। ਭੋਰਾ ਭਰ ਮਿਟੀ ਵੀ ਮਿਟੀ ਹੈ ਤੇ ਸਾਰੀ ਧਰਤੀ ਵੀ ਮਿਟੀ ਹੈ। ਭੋਰਾ ਭਰ ਹਵਾ ਵੀ ਹਵਾ ਹੈ ਤੇ ਹਵਾ ਦਾ ਸਾਰਾ ਸਮੁੰਦਰ ਪੁਲਾੜ ਵੀ ਹਵਾ ਹੈ। ਇਹਨਾਂ ਵਾਹਿਗੁਰੂ ਕੰਣਾਂ ਨਾਲ ਹੀ ਪਵਿਤਰਤਾ ਬੰਣਦੀ ਹੈ। ਕਿਸੇ ਜੀਵ ਵਿਚ ਜਿਨੀ ਵਧ ਪਵਿਤਰਤਾ ਹੋਵੇਗੀ ਸਮਝੋ ਉਹਦੇ ਵਿਚ ਉਤਨੇ ਵਧ ਗੁਰੂ ਕੰਣ ਹਨ। ਪਵਿਤਰਤਾ ਦੇ ਇਨ੍ਹਾਂ ਗੁਰੂ ਕੰਣਾ ਕਾਰਨ ਹੀ ਸੰਤ ਜਨ ਬਹੁਤ ਵੱਧੀਆ ਕਿਸਮ ਦੇ ਮਾਨੁਖ ਹੁੰਦੇ ਹਨ, ਕਿਉਂਕਿ ਸੰਤਾ ਵਿਚ ਗੁਰੂ ਬਹੁਤਾਤ ਵਿਚ ਵਸਦਾ ਹੈ। ਪਵਿਤਰ ਗੁਰੂ ਕੰਣਾਂ ਦੀ ਬਹੁਤਾਤ ਦੇ ਸੰਮੇ, ਮੁਜਸਮੇ, ਬੇਬਹਾ ਨੂਰ ਹੀ ਨੂਰ ਦਾ ਨਾਉਂ ਵਾਹਿਗੁਰੂ ਹੈ। ਇਕ ਕੰਣ ਵਿਚ ਵੀ ਪੂਰਨ ਸ਼ਕਤੀ ਤੇ ਉਤਨੀ ਹੀ ਸ਼ਕਤੀ ਹੁੰਦੀ ਹੈ ਜਿਤਨੀ ਸਮੂਲਚੇ ਵਿਚ। ਇਹ ਸਾਇੰਸਦਾਨ ਅਤੇ ਆਮ ਬੁਧੀ ਵਾਲੇ ਆਦਮੀ ਦੀ ਸਮਝ ਵਿਚ ਆਉਣ ਵਾਲੀ ਗਲ ਨਹੀ। ਇਹ ਲੋਕ ਤਾਂ Part cannot be equal to whole ਦੇ ਕਾਇਲ ਹਨ, ਸਚ ਪੁਛੋਂ ਤਾਂ ਬਹੁਤ ਭਗਤ ਛੋਟੇ ਤੋਂ ਛੋਟੇ ਕੰਣ ਨੂੰ ਰਬ, ਵਾਹਿਗੁਰੂ ਧਰਮ ਆਤਮਾ ਮੰਨਦੇ ਹਨ, ਜਦ ਕਿ ਮੈਂ ਤਾਂ ਉਸਦੇ ਸਮੂਹ ਨੂੰ ਪਰਮਾਤਮਾਂ ਮੰਨਦਾ ਹਾਂ। ਖੈਰ ਸਾਡੇ ਆਤਮ ਰਾਮ ਦੀ ਬੰਣਤਰ ਵੀ ਬਹੁਤ ਕਾਫੀ ਗੁਰੂ ਕੰਣਾਂ ਦੇ ਸਮੂਹ ਨਾਲ ਬੰਣਦੀ ਹੈ। ਇਸ ਲਈ ਅਸੀਂ ਮਾਨੁਖ ਲੋਕ ਵੀ ਵਾਹਿਗੁਰੂ ਹਾਂ। ਜੇ ਕਰ ਸਾਡਾ ਆਤਮਾ ਅਤਿ ਪਵਿਪਰ ਤੇ ਵਧ ਤੋਂ ਵਧ ਗੁਰੂ ਕੰਣਾ ਵਾਲਾ ਹੋਵੇ। ਇਸ ਲਈ ਸੰਤ ਆਦਮੀ ਵਾਹਿਗੁਰੂ ਦਾ ਹੀ ਰੂਪ ਹਨ। ਉਹਨਾਂ ਦਾ ਕਹਿਣਾਂ ਕਿ ਅਸੀਂ ਰਬ ਹਾਂ ਵਾਹਿਗੁਰੂ ਹਾਂ ਬਿਲਕੁਲ ਉਚਿਤ ਹੀ ਹੈ। ਸਗੋਂ ਹਉਮੈ ਦੀ ਭੀਤ ਕਰਾਰੀ ਦਾ ਸਹੀ ਤੋੜਨਾ ਹੈ ਵਾਕਿਆ ਹੀ ਉਹਨਾਂ ਵਿਚ ਗੁਰੂ ਵਸਦਾ ਹੁੰਦਾ ਹੈ। ਉਹਨਾਂ ਦੀ ਰਸਨਾਂ ਤੇ ਰਾਮ ਵਸਦਾ ਹੈ। ਉਹ ਸਾਕਸ਼ਾਤ ਰਬ ਹਨ। ਇਸ ਲਿਹਾਜ਼ੋਂ ਹਰ ਪਰਾਂਣੀ ਰਬ ਬੰਣ ਸਕਦਾ ਹੈ, ਜੇ ਪਵਿਤਰਤਾ ਵਧਾ ਲਵੇ। ਪਵਿਤਰਤਾ ਵਧਦੀ ਹੈ ਆਤਮ ਰਾਮ ਦੇ ਗੁੰਣ ਗਾਉਣ ਨਾਲ ਆਤਮ ਰਾਮ ਦੇ ਗੁਣਾਂ ਦਾ ਸੱਚਾ ਤੇ ਵਧੀਆ ਗ੍ਰੰਥ ਹੈ ਗੁਰੂ ਗਰੰਥ ਸਾਹਿਬ ਅਤੇ ਤਰੀਕਾ ਵੀ ਉਸ ਵਿਚ ਦਰਜ ਹੈ।

ਆਤਮ ਰਾਮ ਨੂੰ ਸਦਾ ਸਚਾ ਸੁਚਾ ਤੇ ਉਚਾ ਰਖੋ। ਭਾਂਵੇ ਦੁਨਿਆਵੀ ਕੋਈ ਨਫਾ ਯਾਂ ਨੁਕਸਾਨ ਹੋਵੇ ਆਤਮਾਂ ਨੂੰ ਸਚਾ ਤੇ High ebb ਤੇ ਰਖੋ, ਚੜ੍ਹਦੀ ਕਲਾ ਦਾ ਇਹੋ ਮਤਲਬ ਹੈ। ਚੜ੍ਹਦੀ ਕਲਾ ਵਿਚ ਰਹਿੰਣ ਦਾ ਇਹੋ ਹੀ ਤਰੀਕਾ ਹੈ। ਕਿਸਾ ਕੋਤਾ ਗਲ ਇਹ ਬਣੀ ਕਿ ਹਰ ਜੀਵ ਰਬ ਹੈ ਪਰੰਤੂ ਕਿਸ ਤਰ੍ਹਾਂ ਦਾਂ, ਇ ਗਲ ਮੁਨਹਸਰ ਹੈ ਉਹਦੀ ਆਤਮਕ ਪਵਿਤਰਤਾ ਉਤੇ। ਆਤਮਾਂ ਲੁਕੀ ਹੋਈ ਚੀਜ਼ ਹੈ ਪਰਤੂੰ ਮਾਨੁਖ ਦਾ ਚਿਹਰਾ ਤਾਂ ਕਿਤੇ ਨਹੀਂ ਲੁਕਿਆ ਹੁੰਦਾ, ਚਿਹਰਾ ਆਤਮਾ ਦਾ ਪ੍ਰਤੀਕ ਹੈ। ਸਾਰਾ ਸ਼ਰੀਰ ਅੰਦਰਲੀ ਆਤਮਾਂ ਦਾ ਸਰਗੁਣ ਮੁਜਸਮਾ ਹੈ, ਜਿਸਨੂੰ ਵੇਖਦਿਆ ਸਾਰ ਹੀ ਸਿਆਣੇ ਬੁਝ ਲੈਂਦੇ ਹਨ, ਕਿ ਕੋਈ ਆਦਮੀ ਕੀ ਸੈ ਹੈ। ਸਰੀਰ ਤਥਾ ਚਿਹਰੇ ਤੋਂ ਬੰਦੇ ਪਚਾਨਣ ਦੀਆਂ ਅਲਾਮਤਾਂ ਅਗਲੇ ਲੇਖ ਵਿਚ ਲਿਖਾਂਗਾ।

4.8.74 ਸਾਰਾ ਸ਼ਰੀਰ ਅੰਦਰਲੀ ਆਤਮਾ ਦਾ ਪ੍ਰਤੀਕ ਹੈ, ਰੰਗ ਰੂਪ, ਕਦ ਕਾਠ, ਦਾਗ, ਬੰਨਤਰ ਤੇ ਇਥੋਂ ਤਕ ਕਿ ਲੀੜੇ ਕਪੜੇ ਵੀ ਅੰਦਰਲੀ ਆਤਮਾ ਦੇ ਖਿਆਲਾਤ ਉਤੇ ਨਿਰਭਰ ਹੁੰਦੇ ਹਨ। ਭਾਵੇਂ ਮੈਂ ਇਸ ਵਿਸ਼ੇ ਉਤੇ ਮਾਹਰ ਨਹੀਂ ਹਾਂ ਕਿਉਂਕਿ ਮੈਂ ਤੱਤੀ ਰੋਟੀ ਦਾ ਗਾਹਕ ਹਾਂ ਅੰਬਰੀ ਕਾਂਗ ਆਉਂਦਿਆਂ ਸਾਰ ਹੀ ਮੈਂ ਇਸ ਨੂੰ ਸੰਭਾਲਣ ਦੇ ਆਹਰ ਵਿਚ ਲਗ ਜਾਂਦਾ ਹਾਂ, ਨਹੀਂ ਵੇਖਦਾ ਲਿਖਣ ਢੰਗ ਕਿਹੋ ਜਿਹਾ ਹੈ, ਕਾਮੇਂ ਫੁਲਸਟਾਪ ਠੀਕ ਲਗੇ ਹਨ ਕਿ ਨਹੀਂ, ਮੈਂ ਤਾਂ ਬਸ ਜੈਸੀ ਮੈਂ ਆਵੇ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ ਵਾਲੇ ਫਾਰਮੂਲੇ ਮੁਤਾਬਕ ਲਿਖਣ ਲਗ ਪੈਂਦਾ ਹਾਂ। Face is the index of mind ਫ਼ੇਸ ਇਜ਼ ਦੀ ਇੰਡੇਕਸ ਔਫ ਮਾਈਂਡ ਦੇ ਫਾਰਮੂਲੇ ਉਤੇ ਹੇਠ ਲਿਖੀਆਂ ਗਲਾਂ ਮੇਰੇ ਤਜਰਬੇ ਵਿਚ ਆ ਚੁਕੀਆਂ ਹਨ ਅਤੇ ਬਿਲਕੁਲ ਅਜ਼ਮਾ ਕੇ ਵੇਖ ਚੁਕਿਆ ਹਾਂ ਕਿ 100% ਠੀਕ ਹਨ।

1. ਜੈਸਾ ਆਤਮਾ ਵੈਸਾ ਸ਼ਰੀਰ, ਯਾ ਜੈਸਾ ਸ਼ਰੀਰ ਵੈਸਾ ਅੰਦਰ ਆਤਮਾ। ਭਾਵ ਹਰ ਪਰਾਣੀ ਆਪਣੇ ਆਪਣੇ ਆਤਮਾ ਦੀ ਸਾਕਸ਼ਾਤ ਤਸਵੀਰ ਹੈ ਸਾਕਸ਼ਾਤ ਸਰਗੁਣ ਮੁਜਸਮਾ ਹੈ।

2. ਉਚੇ ਕਦ ਵਾਲਾ ਆਦਮੀ ਵਿਸ਼ਾਲ ਖਿਆਲਾਂ ਵਾਲਾ ਹੁੰਦਾ ਹੈ। ਮਧਰੇ ਆਦਮੀ ਸੰਕੀਰਣ ਖਿਆਲਾਤ ਦੇ ਹੁੰਦੇ ਹਨ, ਤੰਗ ਨਜ਼ਰੀਏ ਦੇ ਹੁੰਦੇ ਹਨ। ਮਿਸਾਲ ਵਜੋਂ ਜੇ ਮਧਰੇ ਆਦਮੀ ਨੂੰ ਕਿਹਾ ਜਾਵੇ ਤੂੰ ਰਬ ਹੈਂ। ਤਾਂ ਉਹ ਨਹੀਂ ਮੰਨੇਗਾ, ਕਿਉਂਕਿ ਉਸ ਦਾ ਖ਼ਿਆਲ ਇਤਨਾ ਵਿਸ਼ਾਲ ਹੀ ਨਹੀਂ ਹੁੰਦਾ। ਦੂਜੀ ਮਿਸਾਲ ਇਹ ਹੈ ਕਿ ਜੇ ਮਧਰੇ ਆਦਮੀਆਂ ਨੂੰ ਕਿਹਾ ਜਾਵੇ ਕਿ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਸਾਡੇ ਵਰਗੇ ਹਡ ਚੰਮ ਦੇ ਸ਼ਰੀਰ ਵਾਲੇ ਮਾਨਖ ਸਨ, ਤਾਂ ਉਹ ਨਹੀਂ ਮੰਨਣਗੇ ਅਤੇ ਕਹਿਣਗੇ ਕਿ ਉਹ ਆਦਮੀ ਨਹੀਂ ਸਨ, ਗੁਰੂ ਸਨ, ਗੁਰੂ ਮਾਨੁਖ ਨਹੀਂ ਹੁੰਦਾ। ਏਵੇਂ ਅਟਕਲਪਚੂ ਮਾਰਨਗੇ ਤੇ ਹਕੀਕਤ ਨੂੰ ਮੰਨਣ ਲਈ ਤਿਆਰ ਨਹੀਂ ਹੋਣਗੇ, ਜੇ ਕਹਿ ਲਈਏ ਕਿ ਕੁਝ ਹਦ ਤਕ ਮੁਤਸਬੀ ਖਿਆਲਾਤ ਦੇ ਹੁੰਦੇ ਹਨ ਤਾਂ ਕੋਈ ਮੁਬਾਲਗਾ ਨਹੀਂ, ਠੀਕ ਹੀ ਹੈ। ਪਰੰਤੂ ਲੰਮੇ ਉਚੇ ਕਦ ਵਾਲਾ ਵਿਅਕਤੀ ਵਿਸ਼ਾਲ ਖਿਆਲਾਂ ਦਾ ਹੁੰਦਾ ਹੈ। ਉਹ ਰਬ ਨੂੰ ਵੀ ਪਰਖਣ ਦਾ ਹੌਸਲਾ ਰਖਦਾ ਹੈ, ਮੈਂ ਨਾ ਮਾਨੂੰ ਗੁਰ ਕੀ ਕਹਿਣੀ ਜਉ ਨ ਪੇਖੋਂ ਅਪਣੀ ਨੈਣੀ, ਤਕ ਜਾਣ ਵਾਲੇ ਹੁੰਦੇ ਹਨ। ਹਿੰਦੁਸਤਾਨੀਆਂ ਨਾਲੋਂ ਅੰਗਰੇਜ਼ ਕੌਮਾਂ ਤਾਹੀਉਂ ਹੀ ਉਚੀਆਂ ਲੰਮੀਆਂ ਹਨ ਤੇ ਖੋਜ ਵਿਚ ਹਰ ਪਾਸਿਉਂ ਅਗੇ ਹਨ ਕਿਉਂਕਿ ਖਿਆਲਾਤ ਵਿਸ਼ਾਲ ਵਾਲੇ ਹੁੰਦੇ ਹਨ।

3. ਗੋਰਾ ਸਾਫ ਰੰਗ ਸੁਧ ਹਿਰਦੇ ਦਾ ਪ੍ਰਤੀਕ ਹੈ। ਜਿਤਨਾ ਹਿਰਦਾ ਸਾਫ ਕੁਟਿਲਤਾ ਆਦਿ ਤੋਂ ਮੁਬਰਾ ਹੋਵੇਗਾ ਉਤਨਾ ਹੀ ਰੰਗ ਨਿਖਰਵਾਂ ਹੋਵੇਗਾ। ਚਿਹਰਾ ਸਾਫ ਮਸੂਮੀਅਤ ਵਾਲਾ, ਪਰੰਤੂ ਮੂਰਖ ਨਹੀਂ ਸਗੋਂ ਚੇਤੰਨ ਤੇ ਸਿਆਣਾ ਆਮ ਤੌਰ ਤੇ ਗੋਰੇ ਆਦਮੀ ਪੜ੍ਹਾਈ ਲਿਖਾਈ ਵਿਚੋਂ ਵੀ ਅਗੇ ਲੰਘ ਜਾਂਦੇ ਹਨ। ਗੋਰੀਆਂ ਕੌਮਾਂ ਦਾ ਸ਼ਾਸਨ ਪ੍ਰਬੰਧ ਸਾਡੀਆਂ ਕਾਲੀਆਂ ਕੌਮਾਂ ਦੇ ਸ਼ਾਸਨ ਪ੍ਰਬੰਧ ਨਾਲੋਂ ਚੰਗੇਰਾ ਹੈ।

4. ਚੌੜੇ ਮਥੇ ਵਾਲਾ ਅਕਲਮੰਦ ਸਿਆਣਾ ਹੋਵੇਗਾ।

ਤਾਹੀਉਂ ਪਿਛਲੀ ਉਮਰ ਵਿਚ ਲੋਕਾਂ ਦੇ ਮਥੇ ਉਤੇ ਵਾਲ ਝੜ ਜਾਂਦੇ ਹਨ, ਕਿਉਂਕਿ ਉਹਨਾਂ ਨੂੰ ਉਮਰ ਭਰ ਦਾ ਤਜਰਬਾ ਹੁੰਦਾ ਹੈ. ਇਸ ਦੀਆਂ ਅਗੋਂ ਦੋ ਹਾਲਤਾਂ ਹਨ, ਪਹਿਲੀ ਇਹ ਕਿ ਜੇ ਮਥਾ ਹਵਾ ਭਰ ਬਾਹਰ ਵਲ ਨੂੰ ਫਰੰਟ ਵਲ ਨੂੰ ਉਭਰਿਆ ਹੋਵੇਗਾ, ਤਾਂ ਆਦਮੀ ਮਾਇਆ ਵਿਚ ਖਚਤ ਤੇ ਸਿਆਣਾ ਹੋਵੇਗਾ, ਪਰੰਤੂ ਜੇ ਮਥਾ ਉਚਾ ਤੇ ਸਿਰ ਵਲ ਨੂੰ ਪੇਤਲਵਾਂ ਹੋਵੇਗਾ ਤਾਂ ਆਦਮੀ ਪ੍ਰਭੂ ਭਗਤੀ ਵਾਲਾ ਹੋਵੇਗਾ । ਤਾਲੂ ਵਿਚੋਂ ਪਕੀ ਹਡੀ ਵੀ ਉਸ ਪੁਰਸ਼ ਦੀ ਉਭਰ ਜਾਂਦੀ ਹੈ ਜਿਸ ਦਾ ਦਸਮ ਦੁਆਰ ਖੁਲ੍ਹਿਆ ਹੋਵੇ । ਇਹ ਹੁੰਦੀ ਹੈ ਸੁਰਤ ਦੇ ਉਪਰ ਉਠਣ ਤੇ ਗਰਮੀ ਨਾਲ ਅੰਦਰੋਂ ਬਾਹਰ ਵਲ ਨੂੰ ਲਗਾਤਾਰ ਦਬਾਉ ਦੇ ਕਾਰਨ । ਦਸਮ ਦੁਆਰ ਖੁਲੇ ਵਾਲਾ ਆਦਮੀ ਅਤਿ ਸਿਆਣਾ ਤੇ ਪ੍ਰਭੂ ਦੀਆਂ ਗਹਿਰਾਈਆਂ ਜਾਨਣ ਵਾਲਾ ਹੁੰਦਾ ਹੈ । ਪਰੰਤੂ ਜਿਸ ਦਾ ਦਿਮਾਗ ਮਾਇਆ ਵਿਚ ਖਲਿਆਂ ਹੋਇਆ ਹੋਵੇ ਉਹ ਪੈਸੇ ਕਮੌਣ ਦੇ ਬੜੇ ਵਚਿਤਰ ਢੰਗ ਤਰੀਕੇ ਈਜਾਦ ਕਰਦਾ ਹੈ, ਅਤੇ ਮਾਇਆਂ ਖੂਬ ਕਮਾਉਂਦਾ ਹੈ । ਐਪਰ ਮਾਇਆ ਕਮੌਣ ਲਈ ਕੀਤੇ ਮਾੜੇ ਕੰਮਾਂ ਦਾ ਅਭਿਆਸ ਆਤਮਾ ਦੀ ਗਿਰਾਵਟ ਵਿਚ ਬਦਲ ਜਾਂਦਾ ਹੈ ਤੇ ਮਾਨੁਖ ਅਗੇ ਨੂੰ ਨਰਕ ਨਿਵਾਸੀ ਬਣਦਾ ਹੈ ।

5 ਉਚੇ ਲੰਮੇ ਦੰਦਾਂ ਵਾਲਾ ਲਾਲਚੀ ਹੁੰਦਾ ਹੈ । ਲਾਲਚ ਸਿਰਫ ਖਾਣ ਵਿਚ ਨਹੀਂ, ਹਰ ਗਲ ਵਿਚ ਲਾਲਚ ਕਰਦਾ ਹੈ । ਜੇ ਪਰਭੂ ਭਗਤੀ ਵੀ ਕਰੇਗਾ ਤਾਂ ਉਹ ਵੀ ਰਜ ਕੇ ਕਰੇਗਾ ।

6. ਸ਼ਰੀਰ ਤਥਾ ਚਿਹਰੇ ਉਤੇ ਦਾਗ, ਆਤਮਾ ਵਿਚ ਗਲਤ ਖਿਆਲਾਤ ਦੇ ਕਾਰਨ ਹੁੰਦੇ ਹਨ, ਆਤਮਾ ਵਿਚ ਕੋਈ ਬੁਰਿਆਈ ਰੂਪ ਵਿਚ ਹੁੰਦੀ ਹੈ ਜਿਹੜੀ ਸਮਾਂ ਪਾ ਕੇ ਰੋਗ ਦੇ ਰੂਪ ਵਿਚ ਸ਼ਰੀਰ ਉਤੇ ਨਮੂਦਾਰ ਹੁੰਦੀ ਹੈ । ਸਾਰੇ ਰੋਗਾਂ ਤਥਾਂ ਖੁਸ਼ੀਆਂ ਦਾ ਕਾਰਨ ਇਹੋ ਅਸੂਲ ਹੈ । ਆਤਮਾ ਸਾਫ ਤਾਂ ਸ਼ਾਦਮਾਨੀਆਂ ਪਰੰਤੂ ਜੇ ਆਤਮਾ ਵਿਚ ਖਿਆਲਾਤ ਦੀ ਗੰਦਗੀ ਤਾਂ ਪਰੇਸ਼ਾਨੀਆਂ, ਲੜਾਈਆਂ ਝਗੜੇ, ਬੀਮਾਰੀਆਂ ਆਦਿ ਪੇਸ਼ ਆਉਂਦੀਆਂ ਹਨ । ਆਤਮਾ ਦੀ ਸਫਾਈ

ਪਾਣੀ ਨਾਲ ਧੋਤਿਆਂ ਨਹੀਂ ਹੁੰਦੀ, ਓਹ ਧੋਪੇ ਨਾਵੈ ਕੈ ਰੰਗ । ਹਉਮੈ ਦੁਬਿਧਾ, ਤ੍ਰਿਸ਼ਨਾ ਕਾਮ, ਕਰੋਧ, ਲੋਭ ਮੋਹ, ਹੰਕਾਰ, ਝੂਠ, ਨਿੰਦਾ, ਹੇਰਾ ਫੇਰੀ ਕੁਟਿਲਤਾ, ਠਗੀ, ਧੋਖਾ, ਧਰੋਹ, ਪਾਖੰਡ ਤੇ ਕਠੋਰਤਾ ਆਦਿ ਛਡਣ ਨਾਲ ਸਫਾਈ ਹੁੰਦੀ ਹੈ, ਅਤੇ ਸਤਿ, ਸੰਤੋਖ, ਦਯਾ, ਧਰਮ, ਧੀਰਜ, ਨੇਕੀ, ਸਚਾਈ ਸਾਫਗੋਈ, ਈਮਾਨਦਾਰੀ, ਨਿਮਰਤਾ, ਸੁਕ੍ਰਿਤ, ਸੇਵਾ ਤੇ ਕੁਰਬਾਨੀ ਨਾਲ ਪਵਿਤਰਤਾ ਵਧਦੀ ਹੈ । ਆਤਮਾ ਦੀ ਪਵਿਤਰਤਾ ਨਾਲ ਸਾਰਾ ਸਰੀਰ ਪਵਿਤਰ ਹੋ ਜਾਂਦਾ ਹੈ । ਲੜਾਈਆਂ ਝਗੜੇ ਤੇ ਐਕਸੀਡੈਂਟ ਤਾਂ ਕਿਧਰੇ ਰਹੇ, ਮਾਮੂਲੀ ਸਿਰਪੀੜ ਤੇ ਪੈਰ ਕੰਡਾ ਵੀ ਨਹੀ ਚੁਭਦਾ । ਐਨੀਆਂ ਵਡਿਆਈਆਂ ਤੇ ਫਾਇਦੇ ਜੇਕਰ ਹਿਰਦੇ ਦੀ ਪਵਿਤਰਤਾ ਵਿਚ ਹਨ ਤਾਂ ਕਿਉਂ ਨ ਦਿਲੋਂ ਮਨੋ ਪਵਿਤਰ ਹੋਈਏ । ਦੁਖ ਦਰਦਾਂ ਦਾ ਕਾਰਨ ਕੁਟਿਲਤਾ ਨੂੰ ਕਿਉਂ ਜਫੇ ਮਾਰੀ ਜਾਈਏ । ਇਹ ਗਲ ਅਗਿਆਨਤਾ ਦੇ ਕਾਰਨ ਹੁੰਦੀ ਹੈ । ਪਰਾਂਣੀਆਂ ਨੂੰ ਅਸਲ ਵਿਚ ਫਾਇਦੇ ਨੁਕਸਾਨ ਵਾਲੀ ਚੀਜ਼ ਦਾ ਪਤਾ ਹੀ ਨਹੀਂ ਹੁੰਦਾ, ਉਹ ਦਾਇਮੀ ਨੁਕਸਾਨ ਪਰੰਤੂ ਵਕਤੀ ਤੌਰ ਤੇ ਫਾਇਦੇ ਵਾਲੀ ਚੀਜ਼ ਨੂੰ ਪਕੇ ਫਾਇਦੇ ਵਾਲੀ ਸਮਝੀ ਜਾਂਦੇ ਹਨ ਤੇ ਪਏ ਦੁਖ ਮੁਸੀਬਤਾਂ ਭੋਗਦੇ ਹਨ । ਇਸ ਗਲ ਨੂੰ ਸਮਝਾਉਣ ਲਈ ਮੈਂ ਇਕ ਮਿਸਾਲ ਦੇਂਦਾ ਹਾਂ, ਫਰਜ਼ ਕਰੋ ਇਕ ਆਦਮੀ ਜੂਆ ਖੇਡਦਾ ਹੈ, ਪਤੇ ਲਾਉਂਦਾ ਹੇਰਾ ਫੇਰੀ ਬੇਈਮਾਨੀ ਕਰਨ ਦਾ ਸਬਕ ਹਰ ਰੋਜ਼ ਆਪਣੇ ਆਤਮਾ, ਚਿਤ, ਹਿਰਦੇ ਤੇ ਦਿਲ ਦਿਮਾਗ ਨੂੰ ਪੜ੍ਹਾਉਂਦਾ ਹੈ ? ਖੂਬ ਸੋਚਦਾ ਹੈ ਕਿ ਮੈਂ ਸਾਥੀਆਂ ਪਾਸੋਂ ਕਿਵੇਂ ਪੈਸੇ ਲੁਟਾਂ, ਠੱਗਾਂ । ਇਸ ਤਰੀਕੇ ਉਹ ਹਰ ਰੋਜ਼ ਆਪਣੀ ਪਵਿਤਰਤਾ ਨੂੰ ਵੇਚਦਾ, ਬਦਲੇ ਵਿਚ ਚੰਦ ਸਿਕੇ ਲੈਂਦਾ, ਸਮਝਦਾ ਹੈ ਕਿ ਮੈਂ ਵਡੀ ਖੱਟੀ ਖੱਟੀ ਹੈ, ਪਰੰਤੂ ਭੋਲੇ ਪੰਛੀ ਨੂੰ ਪਤਾ ਨਹੀਂ ਕਿ ਇਨ੍ਹਾਂ ਪੈਸਿਆਂ ਨਾਲ ਜਿਹੜੀ ਅਪਵਿਤਰਤਾ ਮਨ ਵਿਚ ਆ ਵੜੀ ਹੈ, ਉਹਨੇ ਰੋਲ ਰੋਲ ਕੇ ਮਾਰਨਾ ਹੈ । ਇਸ ਧੋਖੇ ਬੇਈਮਾਨੀ ਦੀ ਨੀਅਤ ਨੇ ਉਹਦਾ ਸੰਗ ਬੇਈਮਾਨੀ ਨਾਲ ਕਰ ਦੇਣਾ ਹੈ ਜਿਲਣ ਵਿਚ ਫਸਿਆ ਬਾਂਕਾ ਹਰਨ ਜਿਉਂ ਜਿਉਂ ਚੁੰਗੀਆਂ ਭਰਦਾ ਹੈ, ਤਿਉਂ ਤਿਉਂ ਖੁਭਦਾ ਜਾਂਦਾ ਹੈ । ਇਕ ਦੁਕਾਨਦਾਰ ਪੈਸੇ ਪੈਸੇ

ਦੀ ਬੇਈਮਾਨੀ ਕਰਦਾ, ਆਪਣੇ ਆਪ ਨੂੰ ਬੇਈਮਾਨਾਂ ਮਾਹੌਲ ਵਿਚ ਗਰੱਸੀ ਜਾਂਦਾ ਹੈ । ਇਕ ਭੋਲੇ ਵਿਦੇਸ਼ੀ ਕੋਲੋਂ ਝੂਠ ਬੋਲ ਕੇ ਚੰਦ ਵਾਧੂ ਪੈਸੇ ਲੈਣ ਵਾਲਾ ਨਿਰਸੰਦੇਹ ਨਰਕ ਨਿਵਾਸੀ ਹੈ ਅਤੇ ਸਮਾਂ ਪਾ ਕੇ ਘੋਰ ਨਰਕ ਵਿਚ ਜਾਵੇਗਾ ਕਿਉਂਕਿ ਉਹਦੇ ਬੇਈਮਾਨਾ ਖਿਆਲਾਤ ਨੇ ਵੀ ਤਾਂ ਤਰੱਕੀ ਕਰੀ ਜਾਣੀ ਹੈ । ਆਤਮਾ ਅਤੇ ਸ਼ਰੀਰ ਦੇ ਸੰਬੰਧਾਂ ਦਾ ਵਿਸ਼ਾ ਬਹੁਤ ਵਿਸ਼ਾਲ ਹੈ ਪਰੰਤੂ ਮੇਰਾ ਆਪਣਾ ਗਿਆਨ ਵੀ ਇਸ ਸਿਲਸਿਲੇ ਵਿਚ ਬਹੁਤ ਥੋੜ੍ਹਾ ਹੈ ਇਸ ਲਈ ਮੈਂ ਫਿਲਹਾਲ ਇਥੇ ਹੀ ਭੋਗ ਪਾਉਂਦਾ ਹਾਂ, ਕਿਸਾ ਕੋਤਾ ਸਿਟਾ ਇਹ ਨਿਕਲਿਆ ਇਸ ਵਿਚਾਰ ਦਾ, ਕਿ ਪਰਾਣੀ ਦਾ ਕਦ ਕਾਠ, ਰੰਗ ਢੰਗ, ਮੋਟਾ ਪਤਲਾ ਹੋਣਾ ਤਥਾ ਕਾਰ ਕਿਤਾ ਆਦਿ ਉਹਦੇ ਆਤਮਕ ਖਿਆਲਾਂ ਉਤੇ ਨਿਰਭਰ ਹੈ । ਜੇ ਖਿਆਲਾਤ ਗੁਰਮੁਖਾਂ ਵਾਲੇ ਤਾਂ ਵਾਹ ਵਾਸਤਾ ਗੁਰਮੁਖਾਂ ਨਾਲਖਿਆਲਾਤ ਮਾੜੇ ਤਾਂ ਜਨਮ, ਵਾਹਵਾਸਤਾ ਸੁਸਾਇਟੀ ਸਾਰੀ ਮੰਦ-ਭਾਗੇ ਇਨਸਾਨਾਂ ਨਾਲ । ਪਰੰਤੂ ਰੂੜੀ ਉਤੇ ਜੰਮ ਕੇ ਵੀ ਜੇ ਖਿਆਲਾਤ ਸੁਧ ਕਰਦੇ ਜਾਉਗੇ ਤਾਂ ਮਹਾਰਾਜ ਰਵੀਦਾਸ ਤੇ ਨਾਮਦੇਵ ਬਣ ਕੇ ਆਦਰ ਪਾਉਗੇ ਵਰਨਾ ਜਗੂ ਜਗਾ ਜਗਤ ਰਾਮ ਇਸ ਮਾਇਆ ਕੇ ਤੀਨ ਨਾਮ ਵਿਚ ਹੀ ਵਿਚਰੋਗੇ, ਹੋਰ ਤੇ ਹੋਰ ਖੁਰਾਕ ਵੀ ਖਿਆਲਾਤ ਉਤੇ ਨਿਰਭਰ ਕਰਦੀ ਹੈ । ਚੰਗੇ ਖਿਆਲਾਤ, ਚੰਗੀ ਖੁਰਾਕ, ਅਤੇ ਚੰਗੀ ਸੁਸਾਇਟੀ, ਬੰਦੇ ਦੀ ਪਵਿਤਰਤਾ ਵਧਾਉਣ ਵਿਚ ਪੁਸ਼ ਪੁਲ ਦੇ ਤਰੀਕੇ ਤੇ ਕੰਮ ਕਰਦੇ ਹਨ ਅਤੇ ਮਨੁਖ ਪਕੇ ਵਟੇ ਵਾਹਿਗੁਰੂ ਗੁਰਮੁਖ ਪਰਮੇਸ਼ਰ ਬਣ ਜਾਂਦਾ ਹੈ ।

7.8.74 ਬਹੁਤੀਆਂ ਲੰਮੀਆਂ ਚੌੜੀਆਂ ਗਲਾਂ ਮੈਂ ਅਜ ਲਿਖਣਾ ਨਹੀਂ ਚਾਹੁੰਦਾ । ਸਿਰਫ ਇਕ ਸਿਟੇ ਦੀ ਗਲ ਹੈ ਅਤੇ ਉਹ ਇਹ ਕਿ ਜਿਨਾ ਪਵਿਤਰ ਆਤਮਾ ਉਤਨਾ ਸੁਖ ਸਮਰਿਧੀ ਤੇ ਸ਼ਾਂਤੀ, ਪਰੰਤੂ ਆਤਮਾ ਦੇ ਜਿਨੇ ਖਿਆਲਾਤ ਮਲੀਨ ਉਤਨਾ ਹੀ ਦੁਖ ਤਕਲੀਫ ਤੇ ਗਰੀਬੀ ।

1. ਸਵਾਲ : ਕੀ ਗਰੀਬ ਚੰਗਾ ਆਤਮਾ ਨਹੀਂ ਹੁੰਦਾ ?

ਉਤਰ : ਜੇ ਤਾਂ ਪਰਾਂਣੀ ਗਰੀਬ ਵੀ ਹੈ ਤੇ ਪਰਭੂ ਫਿਰ ਵੀ ਯਾਦ

ਨਹੀਂ ਤਾਂ ਨਿਰਸੰਦੇਹ ਮਲੀਨ ਆਤਮਾ ਹੈ, ਪਰੰਤੂ ਜੇ ਪਰਭੂ ਯਾਦ ਹੈ ਤਾਂ ਆਉਣ ਵਾਲੇ ਸਮੇਂ ਵਿਚ ਗਰੀਬ ਭੀ ਨਹੀਂ ਰਹੇਗਾ ਤੇ ਆਤਮਕ ਤੌਰ ਤੇ ਵੀ ਉਚਾ ਇਨਸਾਨ ਹੋਵੇਗਾ।

2. ਸਵਾਲ : ਕੀ ਸਾਰੇ ਅਮੀਰ ਪਵਿਤਰ ਆਤਮਾ ਹਨ ?

ਉਤਰ : ਨਿਰਸੰਦੇਹ ਪਵਿਤਰ ਆਤਮਾ ਸਨ । ਤਾਹੀਉਂ ਅਮੀਰ ਹਨ ਪਰੰਤੂ ਜੇ ਅਜ ਰਬ ਭੁਲ ਗਏ ਹਨ ਤਾਂ ਪਤਨ ਹੋਵੇਗਾ, ਪਦਵੀ ਤੋਂ ਗਿਰਨਗੇ ਤੇ ਗਰੀਬ ਵੀ ਹੋ ਜਾਣਗੇ ।

3. ਸਵਾਲ : ਕੀ ਅਮੀਰੀ ਗਰੀਬੀ ਆਤਮਕ ਪਵਿਤਰਤਾ ਉਤੇ ਨਿਰਭਰ ਹੈ ? ਦੁਨਆਵੀ ਅਕਲ ਤੇ ਪਰੀਸ਼ਰਮ ਉਤੇ ਨਹੀਂ ?

ਉਤਰ : ਨਿਰਸੰਦੇਹ ਅਮੀਰੀ ਗਰੀਬੀ ਆਤਮਕ ਪਵਿਤਰਤਾ ਉਤੇ ਨਿਰਭਰ ਹਨ, ਦੁਨਿਆਵੀ ਅਕਲ ਤੇ ਪਰੀਸ਼ਰਮ ਦੀ ਰੁਚੀ ਆਤਮਕ ਚੇਤੰਨਤਾ ਉਤੇ ਨਿਰਭਰ ਹਨ ਆਦਮੀ ਦਾ ਮੌਜੂਦਾ ਜੀਵਨ ਉਸ ਦੀ ਆਤਮਾ ਦੇ ਬਣੇ ਹੋਏ ਖਿਆਲਾਤ ਦਾ ਸ਼ੀਸ਼ਾ ਹੁੰਦਾ ਹੈ, ਜਿਹੜਾ ਕੁਝ ਹਦ ਤਕ ਪਿਛਲੀ ਕਮਾਈ ਨਾਲ ਸੰਬੰਧਤ ਹੁੰਦਾ ਹੈ। ਜਿਉਂ ਜਿਉਂ ਮਾਨੁਖ ਦਾ ਆਤਮਾ ਪਵਿੱਤਰ ਹੁੰਦਾ ਜ਼ਾਂਦਾ ਹੈ ਤਿਉਂ ਤਿਉਂ ਉਸ ਪਰਾਂਣੀ ਦੀ ਆਮਦਨੀ, ਸਰੀਰ, ਸੁਸਾਇਟੀ, ਕਾਰ ਕਿਤਾ ਆਦਿ ਵਿਚ ਫਰਕ ਪੈਂਦਾ ਜਾਂਦਾ ਹੈ । ਪਵਿਤਰਤਾ ਨਾਲ ਉਪਰ ਉਠਦਾ ਹੈ ਮਲੀਨਤਾ ਨਾਲ ਗਿਰਦਾ ਹੈ ।

### I am God ਅਤੇ ਤੂੰ ਵਾਹਿਗੁਰੂ ਵਿਚ ਅੰਤਰ

15 8.74 ਵਾਹਿਗੁਰੂ God, ਪਰਮਾਤਮਾ ਅਸਲ ਵਿਚ ਨਿਰਗੁਣ ਸਰੂਪ ਨੂਰ ਹੀ ਨੂਰ ਹੈ। ਉਹੋ ਨੂਰ ਨਿਰਗੁੰਣ ਸਰੂਪ ਵਿਚ ਹੀ ਸਾਡੇ ਸਰੀਰ ਅੰਦਰ ਹੈ। ਜੇ ਸ਼ਰੀਰ ਵਿਚ ਉਹ ਨਿਰਗਣ ਹਾਲਤ ਨੂੰ ਛਡ ਕੇ ਕਿਸੇ ਹੋਰ ਹਾਲਤ ਵਿਚ ਹੋਵੇ ਤਾਂ ਨਿਕਲਣ ਲਗਾ ਦਿਸ ਪਵੇ। ਉਹ ਤਾਂ

ਸਦੀਵ ਨਿਰਗੁਣ ਹੀ ਰਹਿੰਦਾ ਹੈ ਸਿਰਫ ਉਸ ਦੇ ਅੰਦਰ ਆ ਜਾਂਣ ਨਾਲ ਸਰੀਰ ਜਿੰਦਾ ਹੋ ਕੇ ਵਧਣ ਫੁਲਣਲਗਦਾ ਹੈ, ਤੇ ਪੂਰਾ ਸੋਚ ਵਿਚਾਰ ਵਾਲਾ ਬੰਣ ਜਾਂਦਾ ਹੈ। ਮਰਿਆ ਹਾਥੀ ਗੁਰੂ ਨਾਨਕ ਦੇਵ ਜੀ ਦੇ ਸਮੇ ਅਤੇ ਮਰੀ ਗਊ ਗੁਰੂ ਨਾਮ ਦਵ ਜੀ ਦੇ ਸਮੇ ਏਸੇ ਅਸੂਲ ਦੇ ਤਹਿਤ ਜ਼ਿੰਦਾ ਹੋਏ ਸਨ, ਕਾਗਜ ਤੇ ਛਪੀ ਹੋਈ ਤਸਵੀਰ ਵਿਚ ਉਸ ਦੇ ਆ ਜ਼ਾਣ ਨਾਲ ਜਾਨ ਰੁਮਕਦੀ ਮੈਂ ਵੇਖੀ ਹੈ। ਸੋ ਅਸਲ ਪਰਮਾਤਮਾ ਵਾਹਿਗੁਰੂ ਯਾ ਗੌਡ ਉਹ ਜਾਲ ਭਰਪੂਰ ਹੀ ਹੈ. ਜਿਸ ਵੀ ਜਿਸਮ ਵਿਚ ਉਹ ਗੁਰੂ ਪਰਗਟ ਹੁੰਦਾ ਹੈ ਉਹੋ ਆਦਮੀ ਉਸ ਦੀ ਬਦੌਲਤ ਗੁਰੂ ਬੰਣ ਜਾਂਦਾ ਹੈ। ਹੁਣ ਜੇ ਐਸਾ ਵਿਅਕਤੀ ਆਪਣੇ ਆਪ ਨੂੰ ਗੁਰੂ ਕਹੇ ਤਾਂ ਭਾਵੇ ਇਹ ਗਲ ਹੈ ਬਿਲਕੁਲ ਠੀਕ, ਪਰੰਤੂ ਲੁਕਾਈ ਨੂੰ ਭੁਲੇਖਾ ਪਏ ਜਾਂਦਾ ਹੈ। ਲੁਕਾਈ ਉਸ ਆਦਮੀ ਨੂੰ ਹੀ ਗੁਰੂ ਕਹਿਣ ਲਗ ਜਾਂਦੀ ਹੈ, ਜਿਵੇ ਲੋਕ ਬ੍ਰਹਮਾਂ ਨੂੰ ਹੀ ਵਾਹਿਗੁਰੂ ਮੰਨਣ ਲਗ ਪਏ। ਕ੍ਰਿਸ਼ਨ ਨੂੰ ਹੀ ਪਰਮਾਤਮਾ ਮੰਨਣ ਲਗ ਪਏ, ਅਤੇ ਸਿਖ ਗੁਰੂਆਂ ਨੂੰ ਹੀ ਪਰਮਾਤਮਾਂ ਮੰਨਣ ਲਗ ਪਏ ਹਾਲਾਂਕਿ ਸਪਸ਼ਟ ਹੁਕਮ ਹੈ ਕਿ ਜੋ ਹਮ ਕੋ ਪਰਮੇਸ਼ਰ ਉਚਰਿ ਹੈ ਤੇ ਸਭ ਨਰਕ ਕੁੰਡ ਮਹਿ ਪਰਿ ਹੈ। ਸਮਾ ਪਾਕੇ ਅਸਲ ਗਲ ਤਾਂ ਭੂਲ ਗਈ ਕਿ ਗੁਰੂ ਉਹਨਾਂ ਵਿਚ ਉਹਨਾਂ ਦਾ ਪਵਿਤਰ ਆਤਮਾ ਸੀ ਪਰੰਤੂ ਲਕੀਰ ਦੀ ਫਕੀਰੀ ਰਹਿ ਗਈ ਤੇ ਲੋਕੀ ਬੰਦੇ ਨੂੰ ਹੀ ਪਰਮਾਤਮਾ ਕਹਿੰਣ ਲਗ ਪਏ। ਭਾਵੇਂ ਫਰਕ ਕੁਝ ਨਹੀਂ ਉਹ ਬੰਦਾ ਵੀ ਪਰਮਾਤਮਾਂ ਹੀ ਹੈ ਪਰਤੂੰ ਇਸ ਤਰ੍ਹਾਂ ਪਰਮਾਤਮਾ, ਆਤਮਾਂ ਤਾਂ ਪਿਛੇ ਰਹਿ ਗਿਆ, ਬੰਦੇ ਅਗੇ ਹੋ ਗਏ, ਸਮਝਣ ਵਾਲੇ ਜਗਿਆਸੂਆਂ ਲਈ ਭੁਲੇਖਾ ਗੰਭੀਰ ਰੂਪ ਧਾਰ ਗਿਆ। ਸਿਰਫ 300 ਸਾਲਾਂ ਵਿਚ ਹੀ ਸਿਖ ਅਸਲੀ ਗੁਰੂ ਨੂੰ ਭੁਲ ਗਏ ਹਨ ਅਸਲ ਪਰਮਾਤਮਾਂ ਤਾਂ ਪਾਸੇ ਰਹਿ ਗਿਆ, ਬੰਦਾ ਹੀ ਪਰਮਾਤਮਾਂ ਮਸ਼ਹੂਰ ਹੋ ਗਿਆ। ਜਿਥੇ ਲੋਕਾਂ ਨੇ ਆਪਣੇ ਆਤਮਾ ਨੂੰ ਪਰਮਾਤਮਾਂ ਕਹਿੰਣਾ ਮੰਨਣਾ ਸੀ ਉਥੇ ਬ੍ਰਹਮਾਂ ਤੇ ਕ੍ਰਿਸ਼ਨ ਨੂੰ ਹੀ ਪਰਮਾਤਮਾਂ ਕਹਿੰਦੇ ਰਹੇ, ਹਾਲਾਂਕਿ ਬ੍ਰਹਮਾ, ਰਾਮ, ਕ੍ਰਿਸ਼ਨ ਨਾਨਕ ਦੇਵ ਜੀ ਵਿਚ ਵਸਣ ਵਾਲੇ ਗੁਰੂ ਦੇ ਕਾਰਨ ਹੀ ਗੁਰੂ ਸਨ। ਪਹੁੰਚਿਆ

ਆਦਮੀ ਗੁਰੂ ਕਹਿਆ ਜਾਵੇ ਤਾਂ ਅਤਿਕਥਨੀ ਨਹੀਂ ਪੂਰਨ ਸਚਾਈ ਹੈ ਪਰ ਜੰਤਾ ਤੇ ਆਉਣ ਵਾਲੇ ਸਮੇਂ ਦੇ ਲੋਕ ਭੁੱਲ ਵਿਚ ਪਏ ਜਾਂਦੇ ਹਨ। ਇਸ ਲਈ ਗੁਰਮਤ ਰਾਹ, ਆਪਣੇ ਆਤਮਾਂ ਨੂੰ ਸੰਬੰਧਨ ਕਰਕੇ ਕਹਿਣਾਂ ਕਿ ਤੂੰ ਵਹਿਗੁਰੂ ਹੈ ਜ਼ਿਆਦਾ ਉਚਿਤ ਹੈ। ਕਹਿਣਾਂ ਭਾਵੇਂ ਇਹ ਵੀ ਆਪਣ ਹੀ ਆਤਮਾ ਨੂੰ ਹੈ. ਕਿ ਤੂੰ ਵਾਹਿਗੁਰੂ ਹੈ, ਫਰਕ ਬਿਲਕੁਲ ਕੋਈ ਨਹੀ ਪਰੰਤੂ ਆਮ ਦੁਨੀਆ ਨੂੰ ਭੁਲੇਖੇ ਤੋਂ ਬਚਾਉਂਣ ਲਈ ਤੇ ਪਰਮਾਤਮਾ ਦੀ ਹਕੀਕਤ ਨੂੰ ਰੁਸ਼ਨਾਉਂਣ ਲਈ ਆਪਣੇ ਹੀ ਆਤਮਾਂ ਨੂੰ "ਤੂੰ ਵਾਹਿਗੁਰੂ" ਕਹਿਣਾਂ ਅਧਿਕ ਗੁਣਕਾਰੀ ਹੈ, ਅਤੇ ਅਮਰ ਸਚਾਈ ਹੈ। ਇਸ ਤੋਂ ਉਪਰੰਤ ਖਾਹ ਮਖਾਹ ਦੇ ਖਾਖੋਂ ਰੇੜੇ ਤੋਂ ਵੀ ਬਚਿਆ ਜਾਂਦਾ ਹੈ, ਕਰਾਮਾਤਾਂ ਵਖਾ, ਇਹ ਕਰ, ਉਹ ਕਰ ਜਿਹੇ ਸਵਾਲ ਜਵਾਬਾਂ ਦੀ ਦਲਦਲ ਤੋਂ ਵੀ ਬਚ ਕੇ ਰਹਿਆ ਜਾ ਸਕਦਾ ਹੈ ਆਮ ਲੁਕਾਈ ਦੀ ਸੁਰਤ ਏਨੀ ਉਚੀ ਤਾਂ ਹੁੰਦੀ ਨਹੀਂ ਕਿ ਹਕੀਕਤ ਨੂੰ ਸਮਝ ਸਕਣ ਇਸ ਲਈ ਗਲ ਏਂਵੇ ਦੰਦ ਕਥਿਆ ਜਿਹੀ ਬੰਣ ਕੇ ਰਹਿ ਜਾਂਦੀ ਹੈ। ਆਪਣੇ ਆਤਮਾਂ ਨੂਰ ਨੂੰ ਹੀ "ਤੂੰ ਵਾਹਿਗੁਰੂ" ਕਹਿਣਾਂ ਉਚਿਤ ਅਤੇ ਗੁਰਮਤ ਹੈ। ਹਰ ਪਰਾਂਣੀ ਵਿਚ ਇਹ ਜੀਵ ਆਤਮਾਂ ਹੀ ਉਹਦਾ ਆਪਣਾ ਗੁਰੂ ਹੈ। ਆਪਣੇ ਹੀ ਆਤਮਾਂ ਨੂੰ ਸੰਬੋਧਨ ਕਰਨ ਦਾ ਤੇ ਉਸ ਦੇ ਗੁਣ ਗਾਉਂਣ ਦਾ ਹੇਠ ਲਿਖਿਆ ਸੁਨੈਹਰੀ ਤਰੀਕਾ ਹੈ।

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ।
ਤੂੰ ਜੁਗ ਜੁਗ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ।
ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ।
ਤੁਧ ਆਪੇ ਸ੍ਰਿਸਟਿ ਉਪਾਈ ਜੀ ਤੁਧ ਆਪੇ ਸਿਰਿਜਿ ਸਭ ਗੋਈ।
ਜਨ ਨਾਨਕ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ।

---

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ, ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ
ਤੂੰ ਮੇਰਾ ਰਾਖਾ ਸਭਨੀ ਥਾਈ, ਤਾਂ ਭਉ ਕੇਹਾ ਕਾੜਾ ਜੀਉ।
ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ, ਤੂੰ ਮੇਰੀ ਓਟ ਤੂੰ ਹੈ ਮੇਰਾ ਮਾਣਾ

ਤੁਝ ਬਿਨ ਦੂਜਾ ਅਵਰੁ ਨਾ ਕੋਈ, ਸਭ ਤੇਰਾ ਖੇਲੁ ਅਖਾੜਾ ਜੀਉ।
ਜੀਅ ਜੰਤ ਸਭਿ ਤੁਧੁ ਉਪਾਏ, ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ
ਸਭ ਕਿਛੁ ਕੀਤਾ ਤੇਰਾ ਹੋਵੈ, ਨਾਹੀ ਕਿਛੁ ਅਸਾੜਾ ਜੀਉ।
ਨਾਮ ਧਿਆਇ ਮਹਾ ਸੁਖੁ ਪਾਇਆ, ਹਰਿਗੁਣ ਗਾਇ ਮੇਰਾ ਮਨੁ ਸੀਤਲਾਇਆ।
ਗੁਰਿ ਪੂਰੈ ਵਜੀ ਵਾਧਾਈ, ਨਾਨਕ ਜਿਤਾ ਬਿਖਾੜਾ ਜੀਉ।

---

ਜਾ ਤੂ ਮੇਰੈ ਵਲਿ ਹੈ ਤਾਂ ਕਿਆ ਮੁਹਛੰਦਾ।
ਤੁਧੁ ਸਭੁ ਕਿਛ ਮੈਨੂੰ ਸਉਪਿਆ ਜਾ ਤੇਰਾ ਬੰਦਾ।
ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ।
ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ।
ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ।
ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ।
ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ।
ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ।

---

ਵਡਾ ਮੇਰਾ ਗੋਵਿੰਦੁ ਅਗਮ ਅਗੋਚਰ ਆਦਿ ਨਿਰੰਜਨੁ ਨਿਰੰਕਾਰ ਜੀਉ।
ਤਾਕੀ ਗਤਿ ਕਹੀ ਨ ਜਾਈ ਅਮਿਤਿ ਵਡਿਆਈ ਮੇਰਾ ਗੋਵਿੰਦੁ ਅਲਖ ਅਪਾਰ ਜੀਉ।
ਗੋਵਿੰਦੁ ਅਲਖ ਅਪਾਰ ਅਪਰੰਪਰੁ ਆਪੁ ਆਪਣਾ ਜਾਣੈ।
ਕਿਆ ਏਹ ਜੰਤ ਵਿਚਾਰੇ ਕਹੀਅਹਿ ਜੋ ਤੁਧੁ ਆਖਿ ਵਖਾਣੈ।
ਜਿਸ ਨੋ ਨਦਰਿ ਕਰਹਿ ਤੂੰ ਆਪਣੀ ਸੋ ਗੁਰਮੁਖਿ ਕਰੇ ਵਿਚਾਰੁ ਜੀਉ।
ਵਡਾ ਮੇਰਾ ਗੋਵਿੰਦ ਅਗਮ ਅਗੋਚਰੁ ਆਦਿ ਨਿਰੰਜਨ ਨਿਰੰਕਾਰ ਜੀਉ।

---

ਨਾਂ ਉਹੁ ਮਰਤਾ ਨਾਂ ਹਮ ਡਰਿਆ ।
ਨਾ ਉਹੁ ਬਿਨਸੈਨ ਹਮ ਕੜਿਆ ।
ਨਾ ਉਹੁ ਨਿਰਧਨੁ ਨਾਂ ਹਮ ਭੂਖੇ ।
ਨਾ ਉਸੁ ਦੂਖੁ ਨਾਂ ਹਮ ਕਉ ਦੂਖੇ ।
ਹਮ ਕਿਛ ਨਾਹੀ ਏਕੈ ਓਹੀ ।
ਆਗੈ ਪਾਛੈ ਏਕੋ ਸੋਈ ।
ਨਾਨਕ ਗੁਰਿ ਖੋਏ ਭ੍ਰਮ ਭੰਗਾ ।
ਹਮ ਓਇ ਮਿਲਿ ਹੋਏ ਇਕ ਰੰਗਾ ।

———

ਨਿਜ ਆਤਮ ਪਰਮਾਤਮ ਦਰਸਯੋ, ਚਾਰ ਕਲਪ ਮਹਿ ਮੰਤ੍ਰ ਸਰਸਯੋ ।
ਸਾ ਮੰਤ੍ਰ ਪ੍ਰਭ ਖਾਲਸਹ ਦੀਨਾ, ਵਾਹਿਗੁਰੂ ਪਦਪਾਵਨ ਕੀਨਾ ।
ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ ।
ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ ।
ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਹਿ ਵਿਚਾਰਾ ਹੇ ।

———

18.8.74 ਸਾਡਾ ਸਰੀਰ ਵਜੂਦ ਦੋ ਚੀਜਾਂ ਦਾ ਸੰਗ੍ਰਿਹਿ ਹੈ । ਇਕ ਤਾਂ ਪੰਜ ਭੌਤਕ ਸਰੀਰ ਅਤੇ ਦੂਜੇ ਹੈ ਆਤਮਾਂ ਯਾਂ ਗੁਰੂ । ਇਨ੍ਹਾਂ ਦੋਨਾਂ ਦੇ ਹੇਠ ਲਿਖੇ ਵੱਖੋ ਵਖ ਗੁਣ ਹਨ । ਇਨ੍ਹਾਂ ਵਿਚੋਂ ਜਿਹੜੇ ਵੀ ਗੁਣਾਂ ਨੂੰ ਅਸੀਂ ਪਰਬਲ ਕਰ ਲਈਏ, ਸਾਡਾ ਜੀਵਨ ਉਹੋ ਜਿਹਾ ਹੀ ਹੋ ਜਾਂਦਾ ਹੈ ।

| ਸਰੀਰ, ਜਿਸਮ | ਆਤਮਾ, ਗੁਰੂ |
|---|---|
| ਹਉਮੈ | ਮਤਿ |
| ਦੁਬਿਧਾ | ਸੰਤੋਖ |
| ਤ੍ਰਿਸ਼ਨਾ | ਦਯਾ |
| ਕਾਮ | ਧਰਮ |
| ਕ੍ਰੋਧ | ਧੀਰਜ |
| ਲੋਭ | ਨੇਕੀ |
| ਮੋਹ | ਸਚਾਈ |
| ਹੰਕਾਰ | ਸਾਫਗੋਈ |
| ਝੂਠ | ਈਮਾਨਦਾਰੀ |
| ਨਿੰਦਾ | ਦਿਆਨਤਦਾਰੀ |
| ਕੁਟਿਲਤਾ | ਨਿਮਰਤਾ |
| ਠੱਗੀ | ਸੁਕ੍ਰਿਤ |
| ਧੋਖਾ | ਸੇਵਾ |
| ਧਰੋਹ | ਕੁਰਬਾਨੀ |
| ਹੇਰਾ ਫੇਰੀ | ਤਿਆਗ |
| ਕਠੋਰਤਾ | |

ਨਤੀਜੇ

| | |
|---|---|
| ਆਵਾ ਜਾਈ | ਗੈਬੀ ਮਦਦ |
| ਤਕਲੀਫਾਂ | ਸੁਖ, ਸਮਰਿਧੀ |
| ਬੀਮਾਰੀਆਂ | ਬੇਫਿਕਰੀ |
| ਲੜਾਈ ਝਗੜੇ | ਸੁਰਖਰੂਈ |
| ਕਟ ਵਢ ਦੁਖ ਭੁਖ | ਨਿਜਾਤ |
| ਰੋਣ ਹਉਕੇ ਹਾਵੇ | ਮਾਇਆ (ਠੋਸ, ਤਰਲ, ਗੈਸ ਹਾਲਤ) ਤੋਂ ਨਿਕਲ ਕੇ ਮੁੜ ਗੁਰੂ ਦੇ ਗੁਰੂ ਆਤਮ ਤੱਤ ਵਾਹਿਗੁਰੂ ਹੀ ਬਣ ਜਾਣ ਭਾਵ ਮੁਕਤਿ |
| ਕੰਮ ਕਾਰ ਦੀ ਖੇਚਲ | |
| ਅਤਿਯੰਤ ਅਮੁਕ ਚਕਰ | |

ਵਾਹਿਗੁਰੂ ਰਹਿਮਤ ਕਰ ਦਾਸਾਂ ਨੂੰ ਮੰਦੇ ਚੰਗੇ ਦੀ ਸੂਝ ਬਖਸ਼

18.8.74 ਹਰ ਪਰਾਂਣੀ ਹਰ ਵੇਲੇ ਦੋ ਕੰਮ ਕਰਦਾ ਹੈ ਇਕ ਤਾਂ ਆਪਣੀ ਪਿਛਲੀ ਬੀਜੀ ਹੋਈ ਖੇਤੀ ਨੂੰ ਕਟਦਾ ਤੇ ਉਸ ਤੋਂ ਸੁਖ ਤਥਾ ਦੁਖ ਭਗਦਾ ਹੈ ਦੂਸਰੇ ਆਉਣ ਵਾਲੇ ਸਮੇਂ ਲਈ ਬੀਜ ਬੀਜਦਾ ਹੈ । ਪਿਛੇ ਤਾਂ ਜੋ ਕੁਝ ਹੋਇਆ ਸੋ ਹੋਇਆ ਆਪਣਾ ਕੀਤਾ ਪਾਉਣਾ ਹੈ ਸੋ ਪਾ ਰਹੇ ਹਾਂ । ਪਰੰਤੂ ਹੁਣ ਤਾਂ ਸੁਲਝੇ ਅਕਲ ਵਾਲੇ ਕਿਰਸਾਨ ਬਣੋ । ਅਗੇ ਨੂੰ ਤਾਂ ਦਰੁਸਤ ਬੀਜ ਬੀਜੋ । ਠੱਗੀਆਂ, ਧੋਖੇ ਤੇ ਕੁਟਿਲਤਾ ਤੁਹਾਨੂੰ ਇਹੋ ਜਿਹੇ ਮਾਹੌਲ ਵਿਚ ਹੀ ਲਿਜਾਣਗੀਆਂ । ਤੁਹਾਡੇ ਗੁਰੂ ਦੇ ਖਿਆਲ ਹੀ ਇਹੋ ਜਿਹੇ ਹੋ ਜਾਣਗੇ । ਆਪਣੇ ਪੈਰੀਂ ਆਪ ਹੀ ਕੁਹਾੜਾ ਮਾਰਨਾ ਹੈ ਭਾਵੇਂ ਸਾਰਾ ਵਡ ਭਉ, ਪਰੰਤੂ ਜੇ ਰਬ ਨੇ ਕੁਝ ਅਕਲ ਦਿਤੀ ਹੈ ਤਾਂ ਸੋਹਣੇ ਸਤਿ ਸੰਤੋਖ ਵਾਲੇ ਕੰਮ ਕਰੋ ਸੋਹਣੇ ਬਣ ਫਬ ਕੇ ਰਹੋ । ਸ਼ਰੀਫ ਪਰੰਤੂ ਅਕਲ ਦਿਮਾਗ ਦੇ ਮਾਲਕ ਬਣ ਕੇ ਰਹੋ । ਹਰ ਦੂਜੇ ਦਾ ਭਲਾ ਚਿਤਵਣ ਵਿਚ ਤੁਹਾਡੀ ਭਲਾਈ ਹੈ । ਹੋਸ਼ ਕਰ ਬਿਸ਼ਨ ਸਿੰਘ, ਪਿਛਲੇ ਕਰਮਾਂ ਅਨੁਸਾਰ ਜੇ ਦੁਖ ਤਕਲੀਫ ਆ ਵੀ ਜਾਣ ਤਾਂ ਚਿੜ ਚਿੜਾ ਹੋ ਕੇ ਅਗੋਂ ਲਈ ਸ਼ੁਭ ਕਰਮ ਕਰਨੇ ਨਾਂ ਛਡ ਬਹੀਂ । ਪਿਛਾ ਤਾਂ ਬੀਤ ਚੁਕਾ ਹੈ ਅਗਾ ਸਵਾਰਨ ਲਈ ਅਜ ਤੋਂ ਹੀ ਦਰੁਸਤ ਤੇ ਸ਼ੁਭ ਕੰਮ ਕਰਨੇ ਲਾਜ਼ਮੀ ਹਨ ਤੇ ਉਜਲ ਭਵਿਖ ਦੀ ਗਾਰੰਟੀ ਹਨ ।

ਕੀ ਕਰਨਾ ਉਚਿਤ ਤੇ ਕੀ ਅਨਉਚਿਤ ਹੈ ਇਹ ਤੂੰ ਗੁਰਬਾਣੀ ਵਿਚੋਂ ਪੜ੍ਹ ਲਏ ।

ਵੇਖਣ ਵਿਚ ਆਇਆ ਹੈ ਕਿ ਦੁਖ ਭੁਖ ਦਾ ਸਤਾਇਆ ਆਦਮੀ ਜੇ ਵਾਹਿਗੁਰੂ ਵਾਹਿਗੁਰੂ ਕਰਨ ਲਗ ਪਵੇ ਤਾਂ ਉਹ ਦੁਖ ਭੁਖ ਨੂੰ ਵੀ ਜਿਤ ਲੈਂਦਾ ਹੈ ਤੇ ਵਾਹਿਗੁਰੂ ਨੂੰ ਭੀ ਪਾ ਲੈਂਦਾ ਹੈ । ਭਾਵੇਂ ਇਹ ਗਲ ਇਕ ਦਿਨ ਵਿਚ ਹੀ ਨਹੀਂ ਬਣਦੀ ਕੁਝ ਸਮਾਂ ਲੈਂਦੀ ਹੈ ਪਰੰਤੂ ਹੁੰਦੀ ਅਵਸ਼ ਹੈ । ਦੂਜੇ ਬੰਨੇ ਜੇ ਸੋਹਣੀ ਸੇਹਤ ਵਾਲਾ, ਅਮੀਰ ਵਿਅਕਤੀ ਵਾਹਿਗੁਰੂ ਭੁਲ ਜਾਵੇ ਨੀਚਤਾ ਵਾਲੇ ਕਰਤਬ ਕਰੇ ਤਾਂ ਉਹ ਸਮਾਂ ਪਾ ਕੇ ਜਵਾਨੀ ਤੇ ਪੈਸ਼ਾ ਦੋਵੇਂ ਚੀਜ਼ਾਂ ਗਵਾ ਬਹਿੰਦਾ

ਹੈ। ਰੋਣੇ ਹਉਕੇ ਤੇ ਰੋਗ ਪਲੇ ਪਏ ਜਾਂਦੇ ਹਨ। ਇਸ ਲਈ ਵਾਹਿਗੁਰੂ ਦੀ ਯਾਦ ਹੀ ਹਰ ਪਰਕਾਰ ਦੀ ਸਫਲਤਾ ਦੀ ਕੁੰਜੀ ਹੈ।

9.9.74 ਵਾਹਵਾ ਭਈ ਖੂਬ ਲੁਕਣ ਮੀਟੀ ਦੀ ਖੇਡ ਖਲਾਰ ਹੈ। ਸਾਰਾ ਕੁਝ ਕਰ ਕਰਵਾ ਕੇ ਵੀ ਛਿਪਿਆ ਬੈਠਾ ਹੈ। ਨਹੀਂ ਰੀਸਾਂ ਤੇਰੀ ਸਿਆਣਪ ਦੀਆਂ। ਵਡੇ ਵਡੇ ਸਿਆਣੇ ਵੇਖੇ ਪਰ ਸਭ ਤੈਥੋਂ ਥਲੇ ਮੈਂ ਤੇਰਾ ਲੋਹਾ ਮੰਨਦਾ ਹਾਂ; ਹਰ ਗਲ ਵਿਚ, ਚੀਜ਼ ਵਿਚ ਕੇਂਦਰ ਬਿੰਦੂ ਦਾ ਕੰਮ ਕਰਦਾ ਹੈਂ ਅਤੇ ਫਿਰ ਵੀ ਲੁਕਿਆ ਹੋਇਆ ਹੈਂ। ਖੈਰ ਕੁਛੜ ਕੁੜੀ ਤੇ ਸ਼ਹਿਰ ਢੰਡੋਰਾ ਤੂੰ ਬਥੇਰਾ ਦਵਾ ਚੁਕਾ। ਮੈਂ ਤੈਨੂੰ ਛੂਹ ਲਿਆ ਹੈ ਪਛਾਣ ਲਿਆ ਹੈ ਬੁਕਲ ਜਿਹੀ ਖੋਹਲ ਕੇ ਸਾਹਮਣੇ ਆ ਜਾ ਸਿਧਾ ਹੋ ਕੇ ਦੁਨੀਆਂ ਨੂੰ ਮੂੰਹ ਵਖਾ ਹੁਣ ਤੈਨੂੰ ਹੋਰ ਲੁਕਣ ਮੈਂ ਨਹੀਉਂ ਦੇਣਾ। ਲਿਖ ਲਿਖ ਕੇ, ਬੋਲ ਬੋਲ ਕੇ, ਫਿਲਮਾ ਬਣਾ ਕੇ, ਸਕੂਲਾਂ ਕਾਲਜਾਂ ਵਿਚ ਪੜ੍ਹਾ ਕੇ, ਰੇਡੀਉ ਤੋਂ ਪਰਸਾਰਣ ਕਰਕੇ, ਟੈਲੀਵੀਜ਼ਣ ਵਿਚ ਵਖਾ ਕੇ ਮੈਂ ਤੈਨੂੰ ਹਰ ਪਰਾਣੀ ਦੀ ਸੋਚ ਦਾ ਵਿਸ਼ਾ ਬਣਾ ਦੇਣਾ ਹੈ। ਤੂੰ ਆਪ ਹੀ ਦਸ ਭਈ ਐਡੀ ਚੰਗੀ ਮਹਤਵਪੂਰਨ ਇਕੋ ਇਕ ਹਕੀਕਤ ਬੰਦੇ ਦੇ ਹੱਥ ਆਵੇ ਤੇ ਫਿਰ ਉਹ ਕਿਸ ਤਰ੍ਹਾਂ ਛਡ ਸਕਦਾ ਹੈ। ਬਚ ਮਰਵਾ ਲਏ, ਮਕਾਨ ਖਵਾ ਲਏ, ਪਾਣੀ ਨਾਲ ਗੋਲੀਆਂ ਖਆ ਲਈ, ਖਹੂ ਖਹੂ ਕਰਦੇ ਭਾਵੇਂ ਮੰਜੇ ਤੇ ਸੁਟ ਛੱਡ, ਬੋਲਣ ਤਕ ਨਾ ਦੇਹ ਪਰ ਤੈਨੂੰ ਹੁਣ ਮੈਂ ਨਹੀਉਂ ਛਡਣਾ। ਉਏ ਲੋਹੜਾ ਸਾਈਂ ਦਾ ਸਾਰੀ ਦੁਨੀਆਂ ਦਾ ਕਰਤਾ ਧਰਤਾ, ਸੁਖਾਂ ਅਰਾਮਾਂ ਦਾ ਮੁਜਸਮਾਂ, ਹੋ ਕੇ ਸਾਡਾ ਆਤਮਾ, ਫਿਰ ਵੀ ਲੁਕਿਆ ਫਿਰਦਾ ਹੈ। ਸਾਹ ਲੈਹ ਜਿਨ੍ਹਾਂ ਤੂੰ ਬੰਦਿਆਂ ਨੂੰ ਖਜਲ ਖਵਾਰ ਕੀਤਾ ਉਨਾਂ ਮੈਂ ਹੁਣ ਤੈਨੂੰ ਛਜ ਵਿਚ ਪਾ ਕੇ ਛਟੂਗਾ। ਸੁਣ ਲਉ ਆਦਮ ਜ਼ਾਦ ਭਾਈਉ ਪਰਮਾਤਮਾ ਰਬ, ਵਾਹਿਗੁ ਤੁਹਾਡਾ ਆਪਣਾ ਆਤਮਾਂ ਜੇ, ਜਿਨ੍ਹਾਂ ਆਪਣੇ ਆਤਮਾ ਨੂੰ ਸਚਾ ਸੁਚਾ ਪਵਿਤਰ ਤੇ ਉਚਾ ਕਰੀ ਜਉਗੇ, ਉਤਨੇ ਹੀ ਸਰਬ ਸ਼ਕਤੀਮਾਨ ਬਣਦੇ ਜਾਉਗੇ। ਸਾਰੇ ਸੁਖ ਅਰਾਮ ਬੇਫਿਕਰੀਆਂ ਮੌਜਾਂ ਖਾਣ ਪੀਣ ਇਹ

ਦੇ ਸਕਦਾ ਜੇ ਤੇ ਏਸੇ ਦਾ ਦਿਤਾ ਹੀ ਖਾਂਦੇ ਹਾਂ । ਸਚੀ ਗਲ ਤਾਂ ਇਹ ਜੇ ਕਿ ਹਮ ਕਿਛ ਨਾਹੀ ਏਕੈ ਉਹੀ ਹੈ । ਆਪਾਂ ਹੀ ਵਾਸਤਵ ਵਿਚ ਰਬ ਹਾਂ ਆਪਣੇ ਆਪ ਨੂੰ ਹੀ ਭੁਲ ਗਏ ਤੇ ਦੁਬਿਧਾ ਤਥਾ ਹਉਮੈ ਵਿਚ ਪੈ ਗਏ ਸਾਂ, ਹੁਣ ਹਥ ਆਇਆ ਨ ਛਡਿਉ । ਆਤਮਾਂ ਹੀ ਪਰਮਾਤਮਾਂ ਹੈ ਤੇ ਇਸ ਦੀ ਪਵਿਤਰਤਾ ਦਾ ਨਾਉਂ ਵਾਹਿਗੁਰੂ ਹੈ, ਦੁਨਿਆਵੀ ਨਫੇ ਨੁਕਸਾਨਾਂ ਦੇ ਛਲਾਵ ਵਿਚ ਨਾ ਆਉ, ਕਿਸੇ ਕੀਮਤ ਉਤੇ ਵੀ ਹਿਰਦੇ ਦੀ ਪਵਿਤਰਤਾ ਨਾ ਛਡੋ, ਪਵਿਤਰਤਾ ਦਾ ਨਾਉਂ ਪਰਮਾਤਮਾ ਹੈ । ਬਚਿਆਂ ਬੁਢਿਆਂ ਨੂੰ ਪੜ੍ਹਾਉ, ਸਕੂਲਾਂ ਦਾ ਵਿਸ਼ਾ ਬਣਾਉ, ਫਿਲਮਾਂ ਤੇ ਟੈਲੀਵੀਜ਼ਨ ਰੀਲਾਂ ਬਣਾਉ, ਹਿਰਦੇ ਦੀ ਪਵਿਤਰਤਾ ਬਚੇ ਬੁਢੇ ਦਾ ਜੀਵਨ ਟੀਚਾ ਬਣਾ ਦਿਉ । ਲੁਕਾਈ ਦਾ ਕਲਿਆਣ ਤੇ ਮੁੜ ਸਵਰਗ ਲਾ ਬਣ ਜਾਵੇ ਤਾਂ ਉਲਾਮਾਂ ਮੈਂ ਸਹਾਰਾਂਗਾ ।

10.4.74 ਨੂਰ, ਵਾਹਿਗੁਰੂ ਹੀ ਮਿਟੀ ਬਣਿਆ ਫਿਰਦਾ ਜੇ, ਧਾਤਾਂ ਬਣਿਆ ਫਿਰਦਾ ਜੇ, ਪੌਦੇ, ਪੰਛੀ ਤੇ ਆਦਮੀ ਬਣਿਆ ਫਿਰਦਾ ਜੇ, ਜਿਸ ਚੀਜ਼ ਵਿਚ ਰੁਚੀ ਲਾਉਂਦਾ ਹੈ ਉਹੋ ਕੁਝ ਆਪ ਬਣ ਜਾਂਦਾ ਹੈ । ਇਸ ਤਰ੍ਹਾਂ ਆਪਣੀ ਹੀ ਰਚਨਾ ਵਿਚ ਭਜਾ ਤੇ ਭੌਂਦਾ ਫਿਰਦਾ ਹੈ । ਜਿਹੜੀ ਚੀਜ਼ ਇਸ ਦੇ ਮਨ ਨੂੰ ਭਾਉਂਦੀ ਹੈ ਉਸ ਦਾ ਰੂਪ ਆਪ ਇਹੋ ਹੀ ਧਾਰ ਲੈਂਦਾ ਹੈ । ਰੁਚੀ ਉਤੇ ਰਚਨਾ ਹੋ ਜਾਂਦੀ ਹੈ, ਪਰੰਤੂ ਹੁਣ ਇਸ ਚਕਰ ਵਿਚੋਂ ਨਿਕਲ ਕੇ ਨੂਰ ਦੇ ਨੂਰ, ਗੁਰੂ ਦੇ ਗੁਰੂ ਹੀ ਬਣਨਾ ਹੈ, ਉਸ ਦਾ ਤਰੀਕਾ ਇਹ ਹੈ ਕਿ ਜਦ ਵੀ ਤੁਹਾਨੂੰ ਕੋਈ ਚੀਜ਼ ਦਿਸੇ ਉਸ ਦੇ ਬਾਹਰੀ ਰੂਪ ਨੂੰ ਹੀ ਨਾ ਵੇਖੋ, ਸਗੋਂ ਅੰਦਰੂਨੀ ਰੂਪ ਨੂੰ ਵੇਖੋ ਭਾਵ ਇਹ ਸਮਝੋ ਕਿ ਇਹ ਰਬ ਹੀ ਫਲਾਂ ਚੀਜ਼ ਬਣਿਆ ਫਿਰਦਾ ਹੈ, ਧਿਆਨ ਦਾ ਬਿੰਦੂ ਰਬ ਨੂਰ, ਵਾਹਿਗੁਰੂ ਉਤੇ ਹੀ ਹੋਵੇ, ਸਿਰਫ ਬਾਹਰੀ ਸ਼ਕਲ ਉਤੇ ਹੀ ਨਹੀਂ । ਇਸ ਨੂੰ ਕਹਿੰਦੇ ਹਨ ਹਰ ਚੀਜ਼ ਵਿਚ ਰਬ ਵੇਖਣਾ ਇਸ ਤਰ੍ਹਾਂ ਦਾ ਖਿਆਲ ਜਦ ਪਕ ਜਾਵੇਗਾ ਤਾਂ ਅਲਟੀਮੇਟਲੀ ਤੁਸੀਂ ਵਾਹਿਗੁਰੂ ਹੀ ਬਣ ਜਾਉਗੇ, ਇਸ ਤੋਂ ਉਪਰੰਤ ਆਤਮਾਂ (ਜਿਹੜਾ ਕਿ

ਸਾਡਾ ਅੰਦਰਲਾ ਨੂਰ ਹੈ) ਨੂੰ ਪਾਕ ਪਵਿਤ ਤੇ ਸ਼ਕਤੀਸ਼ਾਲੀ ਬਣਾਣ ਦਾ ਭੀ ਖਿਆਲ ਰਖੋ। ਆਤਮਾਂ ਨੂੰ ਕਿਸ ਸੂਰਤ ਗਿਰਾਵਟ ਵਲੋ ਮਤ ਜਾਣ ਦਿਉ। ਮੈਂ ਵੇਖਿਆ ਹੈ ਪਰਾਂਣੀ ਲਖਾਂ ਰਿਸ਼ਵਤ ਭਾਵੇਂ ਨਾ ਲਵੇ ਪਰ ਚੁਆਨੀ ਦੀ ਚਾਹ ਉਤੇ ਡਿਗ ਪੈਂਦਾ ਹੈ, ਅਸਲ ਪਰਖ ਵੀ ਨਿਗੂਣੀਆਂ ਗਲਾਂ ਬਾਤਾਂ ਅਤੇ ਲੈਣ ਦੇਣ ਵਿਚ ਹੁੰਦੀ ਹੈ। ਸਾਵਧਾਨ ਰਹਿਣਾ ਲਾਜ਼ਮੀ ਹੈ।

## ਹੇਮ ਕੁੰਡ ਮਿਸ਼ਨ

20.10.74 ਸ਼ੁਕਰ ਹੈ ਕੋਈ ਜਾਗਿਆ ਤਾਂ ਸਹੀ, ਪਰੰਤੂ ਮੇਰਾ ਚਿਤ ਅਜੇ ਵੀ ਪ੍ਰਸੰਨ ਨਹੀਂ, ਮਿਸ਼ਨ ਵਾਲੇ ਕਹਿੰਦੇ ਹਨ ਲੋਕੋ ਅੰਮਰਿਤ ਛਕੋ, ਲੋਕੋ ਕੇਸ ਦਾਹੜੀਆਂ ਨਾ ਕਟਵਾਏ, ਭਲਾ ਦਸੋ ਖਾਂ ਨੌਕਰੀਆਂ ਤੇ ਕਾਰੋਬਾਰ ਤਥਾ ਪੇਟ ਪੂਰਤੀ ਦੇ ਜੀਉਂਦੇ ਜਾਗਦੇ ਸਾਧਨ ਚਾਹੀਦੇ ਹਨ ਇਕ ਨੌਜਵਾਨ ਨੂੰ ਕਿ ਲਾਰੇ? ਮਿਲਟਰੀ, ਪੌਲੀਸ ਸਿਵਲ ਸਭ ਥਾਂ ਪਕਸ਼ਪਾਤ। ਕੇਸ ਦਾਹੜੀ ਵੇਖ ਕੇ ਤਾਂ ਰੇਕਰੂਟਿੰਗ ਅਫਸਰ ਅੰਦਰੇ ਅੰਦਰ ਆਦਮ ਬੋ ਆਦਮ ਬੋ ਕਰਨ ਲਗ ਪੈਂਦੇ ਹਨ ਭਰਤੀ ਸਿਖਾਂ ਨੂੰ ਕੌਣ ਕਰੇ, ਸਿਖਾਂ ਵਾਸਤੇ ਤਾਂ ਛਡੂਲ ਕਾਸਟਾਂ ਵਾਂਗ ਸੀਟਾਂ ਰੀਜ਼ਰਵ ਹੋਣਗੀਆਂ ਤਾਂ ਭਾਵੇਂ ਸਿਖੀ ਕੁਝ ਬਚੇ ਵਰਨਾ ਹੁਣ ਵਾਲੇ ਪੈਟਰਨ ਹੇਠਾਂ ਤਾਂ ਦਸਾਂ ਸਾਲਾਂ ਵਿਚ ਹੀ ਬਸ ਹੇਮ ਕੁੰਡ ਮਿਸ਼ਨਰੀ ਬਾਕੀ ਰਹਿ ਜਾਏਗਾ, ਸਿਖੀ ਪੰਜਾਬ ਵਿਚੋਂ ਨਹੀਂ ਲਭਣੀ।

ਮੂਲ ਕਾਰਨ ਇਸ ਅਧੋਗਤੀ ਦਾ ਸਿਖ ਆਪ ਹੀ ਹਨ, ਇਹਨਾਂ ਨੂੰ ਪੜ੍ਹਾਇਆ ਤੇ ਕੁਝ ਹੋਰ ਗਿਆ ਸੀ ਪੜ ਕੁਝ ਹੋਰ ਹੀ ਬੈਠੇ ਹਨ। ਦਸਿਆ ਤਾਂ ਗਿਆ ਸੀ ਕਿ ਇਕ ਤਾਕਤ ਇਨਸਾਨ ਅੰਦਰ ਹੈ ਜਿਸ ਦਾ ਨਾਉਂ ਆਤਮਾਂ ਯਾ ਗੁਰੂ ਹੈ। ਇਸ ਗੁਰੂ ਰੂਪੀ ਰੂਹ ਦੇ ਖਿਆਲਾਤ ਮਗਰ ਸਾਡੀ ਸਾਰੀ ਜ਼ਿੰਦਗੀ ਤੇ ਕਾਇਨਾਤ ਘੁਮਦੀ ਹੈ। ਖਿਆਲਾਤ ਚੰਗੇ ਤਾਂ ਹਾਲਾਤ ਚੰਗੇ, ਖਿਆਲਾਤ ਮੰਦੇ ਤਾਂ ਹਾਲਾਤ ਮੰਦੇ। ਸ਼ਰੀਰ, ਸੁਸਾਇਟੀ, ਰੋਜ਼ਗਾਰ, ਖਾਣ ਪੀਣ ਅਤੇ ਪਹਿਨਣ ਇਸ ਗੁਰੂ ਰੂਪੀ ਸ਼ਕਤੀ ਉਤੇ ਹੀ ਨਿਰਭਰ ਹਨ। ਜਿਸ ਜੀਵ ਮਾਤਰ ਦੇ

ਆਤਮਕ ਖਿਆਲਾਤ ਮਾੜੇ ਹੋਣਗੇ ਉਹ ਰਿਸਾਤਲ ਨੂੰ ਕਦਮ ਬਕਦਮ ਤੁਰਿਆ ਜਾਵੇਗਾ। ਪਰੰਤੂ ਸਿਖਾਂ ਤਥਾ ਸਿਖੀ ਨੇ ਕੀ ਫੜ ਲਿਆ ਹੈ ਕਿ ਨਾਨਕ ਗੁਰੂ ਹੈ, ਗੋਬਿੰਦ ਗੁਰੂ ਹੈ। ਜੋ ਹਮ ਕੋ ਪਰਮੇਸ਼ਰ ਉਚਰਹਿ ਤੇ ਸਭ ਨਰਕ ਕੁੰਡ ਮਹਿ ਪਰਿਹੈ ਵਾਲੀ ਤੁਕ ਅਖੋਂ ਪਰੋਖੀ ਕਰ ਛਡੀ ਹੈ। ਜਿਸ ਕਾਰਨ ਬਿਲਕੁਲ ਰਾਮ ਨੂੰ ਭੁਲ ਗਏ ਹਨ ਡਾਲਾਂ ਨੂੰ ਫੜਦੇ ਫਿਰਦੇ ਹਨ ਅਤੇ ਮੁਢ ਦੀ ਕੋਈ ਸਾਰ ਹੀ ਨਹੀਂ ਲੈਂਦਾ। ਜੇ ਕਿਸੇ ਨੂੰ ਕਹੀਏ ਕਿ ਭਾਈ ਤੂੰ ਕੇਸ ਰਖ, ਗੁਰੂ ਕਾ ਹੁਕਮ ਹੈ ਉਹ ਉਸ ਗਲ ਨੂੰ ਪਕੀ ਤਰ੍ਹਾਂ ਮੰਨੇਗਾ, ਯਾ ਕਿ ਜੇ ਉਸ ਨੂੰ ਪਤਾ ਹੋਵੇ ਕਿ ਕੇਸ ਨਾ ਰਖਣ ਨਾਲ, ਮੇਰੀ ਅਣਖ ਗੈਰਤ ਉਡਦੀ ਹੈ, ਮੇਰੀ ਸਾਦਗੀ ਉਡਦੀ ਹੈ, ਉਹਦੀ ਥਾਂ ਤੇ ਮੇਰੇ ਵਿਚ ਫੈਸ਼ਨ ਦੀ ਰੁਚੀ ਪਰਵਰਿਤ ਹੁੰਦੀ ਹੈ, ਪਰਾਈਵੇਟ ਪਾਰਟਸ ਦੇ ਮੁੰਡਨ ਨਾਲ ਕਾਮ ਚੇਸ਼ਟਾ ਉਭਰਦੀ ਹੈ ਅਤੇ ਹੋਰ ਅਨੇਕ ਗੰਦੇ ਖਿਆਲ ਉਭਰਦੇ ਹਨ, ਜਿਹੜੇ ਕਿ ਮੈਨੂੰ ਧੂਹ ਕੇ ਗੰਦੇ ਮਾਹੌਲ ਵਿਚ ਲਏ ਜਾਣਗੇ, ਅਤੇ ਮੌਜੂਦਾ ਸਮਾਜ ਦੀ ਦੁਰਦਸ਼ਾ ਦਾ ਮੂਲ ਕਾਰਨ ਹੀ ਬਾਲ ਕਟਣੇ ਹੈ, ਮੇਰਾ ਤਥਾ ਮੇਰੇ ਪੁਤਾਂ ਪੋਤਰਿਆਂ ਦਾ ਅਤੀ ਨੁਕਸਾਨ ਹੋਇਆ ਹੀ ਇਸ ਕਾਰਨ ਹੈ, ਫਿਰ ਭਾਵੇਂ ਉਹਨੂੰ ਫਾਂਸੀ ਲਾ ਦੇਈਏ ਉਹਦੇ ਖਿਆਲ ਨਹੀਂ ਬਦਲਣਗੇ, ਉਹ ਪਤੱਤ ਨਹੀਂ ਹੋਵੇਗਾ। ਪਰੰਤੂ ਗੁਰੂ ਦਾ ਹੁਕਮ ਮੰਨ ਕੇ ਬਹੁਤ ਘਟ ਲੋਕ ਕੇਸ ਸੰਭਾਲਦੇ ਹਨ, ਕਿਉਂਕਿ ਗੁਰੂ ਦਾ ਹੀ ਪਤਾ ਨਹੀਂ ਕੀ ਹੈ ਕਿਵੇਂ ਕੰਮ ਚਲਾਂਦਾ ਹੈ ਤੇ ਹੁਕਮ ਕੀ ਮੰਨਿਆ ਜਾਵੇ ਤੇ ਕੀਹਦਾ ਮੰਨਿਆ ਜਾਵੇ, ਮਾਨੁਖ ਦੀਆਂ ਤਿੰਨ ਹਾਲਤਾਂ ਸਾਡੇ ਸਾਹਮਣੇ ਹਨ ਮੁਸਲਮਾਨ, ਹਿੰਦੂ ਅਤੇ ਸਿਖ, ਮੁਸਲਮਾਨੀ ਸਮਾਜ ਦੀ ਹਾਲਤ ਵੇਖ ਲਉ ਅਤਿ ਕਾਮੀ, ਬਹੁਤੇ ਵਿਆਹ, ਰਬ ਨੂੰ ਮਾਸ਼ੂਕ ਕਹਿ ਕੇ ਸਿਮਰਦੇ ਹਾਲਤ ਗੰਦੀ ਅਜ਼ ਗੰਦੀ, ਕਾਰਨ ਪਰਾਈਵੇਟ ਪਾਰਟ ਦੁਆਲਿਉਂ ਮਾਸ ਕਟਣਾ ਅਤੇ ਉਹ ਵੀ ਕਟੇ ਹੋਏ ਵਾਲਾਂ ਨਾਲ ਵਜ ਵਜ ਕੇ ਸ਼ਹਿਵਤ ਜਗਾਉਂਦਾ, ਨਿਰਾ ਹੀ ਕਾਮ ਚੇਸ਼ਟਾ ਦਾ ਉਭਾਰ ਮਨ ਚਿਤ ਮੱਕਾਰ, ਅਲਾ ਪਾਕ ਤੇ ਕੁਰਾਨ ਦੀਆਂ ਸੁਵਾਂ ਖਾ ਕੇ ਵੀ ਬੇਇਤਬਾਰੇ ਤੋੜ ਜਾਂਦੇ ਹਨ, ਦੂਜੀ ਹਾਲਤ ਹੈ ਹਿੰਦੂ ਦੀ, ਇਹ ਮਾਸ

ਨਾ ਕਟਣ ਕਰਕੇ ਐਨਾ ਸ਼ਹਿਵਤ ਪਰਸਤ ਨਹੀਂ ਪਰੰਤੂ ਬਾਲ ਮੁੰਨਣ ਕਰਕੇ ਕੁਝ ਕਾਮੀ ਅਤੇ ਫੈਸ਼ਨ ਪਰਸਤ ਹੈ ਏਸੇ ਫੈਸ਼ਨ ਪ੍ਰਸਤੀ ਨੇ ਇਹਦੀਆਂ ਧੀਆਂ ਹਜ਼ਾਰਾਂ ਤੇ ਲਖਾਂ ਦੀ ਗਿਣਤੀ ਵਿਚ ਕਾਮੀਆ ਦੇ ਧਕੇ ਚੜ੍ਹਾਈਆਂ, ਅਜ ਮੁਸਲਮਾਨੀਆਂ ਬਣੀਆਂ ਪਈਆਂ ਹਨ, ਦਾਹੜੀ ਮੁਖ ਤੋਂ ਕੇਸ ਮੁੰਨਣ ਕਾਰਨ ਅਣਖ ਤੇ ਗੈਰਤ ਉਡ ਗਈ, ਪੱਤ ਗਵਾ ਕੇ ਜਨੇਊ ਲੁਹਾ ਕੇ ਤੇਗ ਬਹਾਦਰ ਵਲ ਭਜਦੇ ਹਨ, ਪਰੰਤੂ ਜੋ ਤੇਗ ਬਹਾਦਰ ਦਸਦਾ ਹੈ ਕਿ ਇਹ ਹਾਲਤ ਕੇਸ ਕਟਾਣ ਨਾਲ ਹੋਈ ਹੈ ਕੇਸ ਰਖੋ ਅੰਮਰਿਤ ਛਕੋ ਤਾਂ ਮੰਨਦੇ ਨਹੀਂ । ਖੈਰ ਛੇਤੀ ਹੀ ਸਮਾਂ ਆ ਰਿਹਾ ਹੈ ਜਦੋਂ ਇਸ ਘਾਟ ਨੂੰ ਤਸਲੀਮ ਕਰ ਲੈਣਗੇ । ਤੀਜੀ ਸ਼ਰੇਣੀ ਮਾਨੁਖਾਂ ਦੀ ਦੇ ਸਿਖ ਅਮਰਿਤਧਾਰੀ ਸਾਬਤ ਸੂਰਤ ਦਸਤਾਰ ਸਿਰ ਸ਼ਕਲ ਤੇ ਅਕਲ ਦੇ ਪੂਰੇ, ਮੈਦਾਨ ਦੇ ਸੂਰੇ, ਗਹਿਰ ਗੰਭੀਰੇ, ਠੰਡੇ ਧੀਰੇ, ਸ਼ੁਧ ਖਿਆਲਾਤ ਕਰਕੇ ਲੰਮੇ ਉਚੇ ਕਦ, ਚੌੜੀਆਂ ਛਾਤੀਆਂ ਮੁਦੱਬਰ ਸੋਚ ਵਿਚਾਰ ਕੇ ਮਾਲਕ, ਖੁਲ੍ਹਾ ਖਾਣ ਪੀਣ, ਬਨੀਨੌ ਇਨਸਾਨ ਤੇ ਦੇਸ਼ ਦੇ ਸਚੇ ਸੇਵਕ, ਪੂਰਨ ਪੁਰਖ, ਮਾਨੁਖੀ ਸਮਾਜ ਦਾ ਸਿਰ ਤੇ ਸਿਟਾ । ਮਹਿਜ਼ ਉਤਪਤੀ ਚਲਾਈ ਰਖਣ ਮਾਤਰ ਕਾਮ, ਆਦਿ, ਵਾਹ ਵਾਹ ਕਿਡੀ ਸੁੰਦਰ ਸੂਰਤ ਹੈ ਮੇਰੇ ਸਤਿਗੁਰ ਦੀ, ਬਲਿਹਾਰੇ ਜਾਵਾਂ ਇਸ ਰੂਪ ਦੇ, ਬੱਲੇ ਗੁਜਰੀ ਦੇ ਲਾਲਾ, ਨਹੀਂ ਉਂ ਰੀਸਾਂ ਵੀਰ ਹੇਮ ਕੁੰਡ ਵਾਸੀਉ ਗੋਬਿੰਦ ਧਾਡੀਉ ਜੇ ਤਾਂ ਗੁਰੂ ਦਾ ਪਤਾ ਲਗ ਗਿਆ ਹੈ ਤਾਂ ਵਾਹ ਬੇਹਤਰ ਵਰਨਾ ਹੋਰ ਰੋਸ਼ਨੀ ਪਾਉਣ ਲਈ ਆਹ ਕਿਤਾਬ ਵਾਹਿਗੁਰੂ ਕੀ ਅਤੇ ਕਿਥੇ ? ਭੇਜ ਰਿਹਾ ਹਾਂ ਪੜ੍ਹ ਵਿਚਾਰ ਕੇ ਵੇਖ ਲੈਣਾ ਅਤੇ ਜੇ ਕੁਝ ਲਾਹੇਵੰਦੀ ਸਿਧ ਹੋਵੇ ਤਾਂ ਆਪਣੇ ਪਰੋਗਰਾਮਾਂ ਵਿਚ ਸ਼ਾਮਲ ਕਰ ਲੈਣਾ ਵਾਹਿਗੁਰੂ ਭਲੀ ਕਰੇ, ਸੁਮੱਤ ਹਿਮਤ ਹੌਂਸਲਾ ਤਥਾ ਲਗਨ ਬਖਸ਼ੇ । ਵੀਰ ਜੀ ਜੇ ਇਹ ਪੁਸਤਕ ਤਥਾ ਇਹੋ ਜਿਹੇ ਹੋਰ ਕੁਝ ਲੇਖ ਪਸੰਦ ਹੋਣ ਤਾਂ ਮੈਂ ਇਹ ਪੁਸਤਕ ਹੇਮ ਕੁੰਡ ਮਿਸ਼ਨ ਨੂੰ ਅਰਪਨ ਕਰ ਸਕਦਾ ਹਾਂ ਜਿਹੜੀ ਕਿ ਤੁਸੀਂ ਛਪਵਾ ਕੇ ਹਰ ਅਮਰਿਤਧਾਰੀ ਨਵੇਂ ਤਥਾ ਪੁਰਾਣੇ ਨੂੰ ਵੰਡ ਸਕਦੇ ਹੋ ਯਾ ਵੇਚ ਸਕਦੇ ਹੋ, ਜੇ ਕੁਝ ਇਹੋ ਜਿਹੇ ਵਿਚਾਰ ਬਣਨ ਤਾਂ

1256, 15-B, Chan6igarh ਦੇ ਪਤੇ ਤੇ ਮਿਲਣ ਦੀ ਖੇਚਲ ਕਰੋ ਯਾ ਪੱਤਰ ਲਿਖ ਕੇ ਦਾਸ ਨੂੰ ਬੁਲਵਾ ਭੇਜੋ ।

ਆਪ ਜੀ ਦਾ ਸ਼ੁਭਚਿੰਤਕ
ਬਿਸ਼ਨ ਸਿੰਘ

17.11.74 ਸਾਰੀ ਦੀ ਸਾਰੀ ਸਰਿਸ਼ਟੀ ਇਕ ਅਮੁਕ ਚਕਰ ਵਿਚ ਨਿਯਮ ਬਧ ਹੈ । ਐਨ ਹੁਕਮਾਂ ਨਿਯਮਾਂ ਦੇ ਤਹਿਤ ਉਸਰਦੀ ਬਣਦੀ ਤੇ ਬਿਗੜਦੀ ਰਹਿੰਦੀ ਹੈ । ਵਾਹਿਗੁਰੂ ਹੋਸ਼ਮੰਦ ਨੂਰ ਹੈ ਪੂਰਾ ਚੇਤਨ ਸੂਝ ਬੂਝ ਵਾਲਾ ਜੋਤਿ ਰੂਪ ਨੂਰ ਹੈ । ਇਹ ਜੋ ਕੁਝ ਚਾਹੇ ਕਰ ਸਕਦਾ ਹੈ, ਜੋ ਕੁਝ ਚਾਹੇ ਬਣਾ ਸਕਦਾ ਹੈ, ਸੈਭੰ ਹੈ, ਸੁਤੇਸਿਧ ਹੈ, ਕਹਿਦੇ ਹਨ ਕਿ ਇਸ ਦਾ ਕਰਤਾ ਕੋਈ ਨਹੀਂ । ਇਸ ਤੋਂ ਪਰੇ ਤੇ ਮੈਨੂੰ ਵੀ ਅਜੇ ਕੋਈ ਕੁਝ ਨਹੀਂ ਸੁਝਿਆ ਯਾ ਦਿਸਿਆ । ਬਸ ਇਹੋ ਹੀ ਹੈ, ਜਦ ਵੀ ਤੇ ਜਿਨਾ ਵੀ ਭਾਗ ਇਸ ਨੂਰ ਦਾ ਚਾਹੁੰਦਾ ਹੈ ਰੁਚੀ ਕਰਦਾ ਹੈ, ਭਾਵੇਂ ਕਰੋੜਹਾ ਸਾਲਾਂ ਦੇ ਮਗਰੋਂ ਕਰੇ. ਭਾਵੇਂ ਜੁਗਾਂ ਜੁਗਾਂਤਰਾਂ ਦੇ ਆਰਾਮ ਮਗਰੋਂ ਕਰੇ, ਇਹ ਮਨਸ਼ਾ ਅਨੁਸਾਰ ਰਚਨਾ ਕਰ ਲੈਂਦਾ ਹੈ । ਮਾਇਆ ਨਾਲ ਵਾਹ ਵਾਸਤਾ ਪੈਣ ਕਰਕੇ ਲਿਵ ਛੁੜਕ ਜਾਂਦੀ ਹੈ ਅਤੇ ਤ੍ਰਿਸ਼ਨਾ ਲਗ ਜਾਂਦੀ । ਜਿਸ ਲਈ ਅਗਿਆਨੀ ਹੋ ਕੇ ਇਕ ਸਰੀਰ ਤੋਂ ਦੂਜੇ ਸਰੀਰ ਵਿਚ ਆਪਣੀ ਹੀ ਹੁਬ ਅਤੇ ਖਿਆਲਾਤ ਦੀ ਧੁਨ ਦੇ ਤਹਿਤ ਭਜਾ ਫਿਰਦਾ ਹੈ । ਇਸ ਤਰ੍ਹਾਂ ਭਟਕਦੇ ਨੂੰ ਜਦ ਕਦੀ ਹੋਸ਼ ਵਾਲਾ ਜੀਵ (ਨਾਨਕ) ਮਿਲਦਾ ਹੈ ਤਾਂ ਅਖ ਖੁਲ੍ਹਦੀ ਹੈ । ਆਪਣੀ ਹਸਤੀ ਅਤੇ ਹਾਲਤ ਵਿਚ ਫਰਕ ਵੇਖ ਕੇ ਸ਼ਰਮ ਹੁੰਦੀ ਹੈ ਅਤੇ ਮੁੜ ਸੁਰਜੀਤ ਹੋ ਜਾਂਦਾ ਹੈ । ਸੋ ਰਬ ਸਦਾ ਹੀ ਹੋਸ਼ ਮੰਦ ਹਾਲਤ ਵਿਚ ਵੀ ਟਿਕਿਆ ਰਹਿੰਦਾ ਹੈ ਅਤੇ ਬੇਹੋਸ਼ ਸੁਤੜ ਸਾਕਤ ਰੂਪ ਵਿਚ ਵੀ ਉਹੋ ਟੁਰਿਆ ਫਿਰਦਾ ਹੈ । ਇਸ ਤਰੀਕੇ ਅਨੇਕ ਵਾਰ ਰਚਨਾ ਹੋ ਚੁਕੀ ਹੈ ਅਜ ਦੀ ਮਿਟੀ ਵਿਚਲਾ ਅਣੂ ਕਦੇ ਰਬ ਸੀ ਤੇ ਹੋ ਸਕਦਾ ਹੈ ਕਿ ਉਹ ਫੇਰ ਕਦੇ ਰਬ ਬਣ ਜਾਵੇ, ਪਰੰਤੂ ਇਹ ਤਰੱਕੀ ਉਹਦੇ ਆਪਣੇ ਹੀ ਖਿਆਲਾਤ ਦੀ ਸੁਧਤਾਈ ਉਤੇ ਨਿਰਭਰ ਹੈ, ਯਾ ਫਿਰ ਕੋਈ ਮੇਹਰਾਂ ਭਰਿਆ

ਉਹਦੇ ਖਿਆਲਾਤ ਨੂੰ ਠੀਕ ਸੇਧ ਦੇਣ ਦੀ ਰਹਿਮਤ ਕਰ ਦੇਵੇ । ਇਸ ਸਿਲਸਿਲੇ ਦੇ ਅਧੀਨ ਇਸ ਵਾਰ ਬਿਸ਼ਨ ਸਿੰਘ ਨੂੰ ਸਤਿਗੁਰੂ ਨਾਨਕ ਦੇਵ ਮਿਲਿਆ ਜਿਸ ਗੁਰੂ ਗਰੰਥ ਸਾਹਿਬ ਦੇ ਮਾਧਿਅਮ ਨਾਲ ਮੇਰੇ ਖਿਆਲਾਤ ਨੂੰ ਸੁਧ ਸੇਧ ਬਖਸ਼ੀ । ਕਲਿਆਣਕਾਰੀ ਸਤਿਗੁਰੂ ਨੂੰ ਮੇਰਾ ਪਰਨਾਮ, ਹੁਣ ਹਡ ਚੰਮ ਦੇ ਸਰੀਰ ਵਿਚੋਂ ਨਿਕਲ ਕੇ ਨਿਰਗੁਣ ਨਾਨਕ ਨੂੰ ਮਿਲਣਾ ਯਾ ਨਿਰਗੁਣ ਜੋਤਿ ਨੂਰ ਹੀ ਨੂਰ ਨੂੰ ਮਿਲਣਾ ਜੀਵਨ ਮਨੋਰਥ ਅਤੈ ਟੀਚਾ ਹੈ । ਮਿਲਣਾ ਵੀ ਕੀ ਹੈ ਮਿਲ ਕੁਕੇ ਹਾਂ ਤਾਹੀਉਂ ਇਨ੍ਹਾਂ ਗਲਾਂ ਦੀ ਸਮਝ ਆਈ ਹੈ ਅਤੇ ਪੂਰਨ ਸਹਿਜ ਅਵਸਥਾ ਦਾ ਸੁਖ ਮਾਣ ਰਹੇ ਹਾਂ । ਪੂਰਨ ਸੰਤੁਸ਼ਟਤਾ ਅਤੇ ਖੇੜਾ ਹੈ ਚਾਰ ਚੁਫੇਰੇ, ਆਪ ਜਾਗ ਪਏ ਹਾਂ ਅਤੇ ਹੋਰਨਾ ਨੂੰ ਜਗਾਈ ਜਾ ਰਹੇ ਹਾਂ । ਜਿਸ ਦੀ ਤਕਦੀਰ ਚੰਗੀ ਹੈ ਭਈ ਆਉ ਤੇ ਝੋਲੀਆਂ ਭਰੋ ਵਰਨਾ ਮੇਰਾ ਵੱਖਰ ਲਾਦਿਆ ਜਾਏ ।

ਉਪਰਲੇ ਖਿਆਲ ਚੱਕਰ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ ਲਈ ਅਸੀਂ ਰਾਤ ਅਤੇ ਦਿਨ ਦੀ ਮਿਸਾਲ ਦੇ ਸਕਦੇ ਹਾਂ । ਥੱਕ ਕੇ ਰਾਤ ਨੂੰ ਸੌਂ ਜਾਂਦੇ ਹਾਂ ਸੁਵੇਰੇ ਉਠ ਕੇ ਕੰਮ ਲਗ ਜਾਂਦੇ ਹਾਂ । ਏਸੇ ਤਰ੍ਹਾਂ ਆਯੂ ਪ੍ਰਯੰਤ ਤੁਰੇ ਰਹਿੰਦੇ ਹਾਂ । ਪਰੰਤੂ ਸਥਾਈ ਸੌਣਾ ਪਰਮਗਤੀ ਹੈ । ਪਰਮਗਤੀ ਦੀ ਹਾਲਤ ਵਿਚ ਉਹੋ ਜੀਵ ਹੀ ਰਹਿੰਦਾ ਹੈ ਜਿਹੜਾ ਨਾਮ ਅਧਾਰੀ ਹੋਵੇ । ਕਿਉਂਕਿ ਨਾਮ ਵਿਚੋਂ ਉਹਨੂੰ ਰਚਨਾ ਵਿਚ ਹੋਣ ਵਾਲੇ ਦੁਖ ਤਕਲੀਫਾਂ ਦਾ ਪਤਾ ਲਗਦਾ ਰਹਿੰਦਾ ਹੈ ਅਤੇ ਆਪਣੇ ਸੁਖ ਚੈਨ ਦਾ ਸਵਾਦ ਫਿਕਾ ਨਹੀਂ ਪੈਂਦਾ । ਨਾਮ ਆਟੋਮੈਟਿਕ ਨੂਰੀ ਰੂਹਾਂ ਦੁਆਰਾ ਸੁਣਦਾ ਰਹਿੰਦਾ ਹੈ, ਗੁਰਬਾਣੀ ਦੇ ਸ਼ਬਦ ਗਾਵੀ ਦੇ ਰਹਿੰਦੇ ਹਨ । ਗੁਰੂ ਜੀ ਦੀ ਨਸੀਹਤ ਸਦਾ ਸੁਣਦੀ ਰਹਿੰਦੀ ਹੈ, ਗੁਰੂ ਜੀ ਦੇ ਦਰਸ਼ਨ ਹੁੰਦੇ ਰਹਿੰਦੇ ਹਨ ਅਤੇ ਜੀਵ ਹੋਸ਼ ਵਿਚ ਰਹਿੰਦਾ ਹੈ । ਮੁੜ ਰਚਨਾ ਨਹੀਂ ਕਰਦਾ, ਰਚਨਾ ਵਿਚ ਨਹੀਂ ਪੈਂਦਾ ਤਥਾ ਫਸਦਾ ਅਤੇ ਸਥਾਈ ਤੌਰ ਤੇ ਮੁਕਤ ਹੋਇਆ ਰਹਿੰਦਾ ਹੈ । ਨਾਲੇ ਹੋਰ ਸੰਗਤਾਂ ਵੀ ਬਹੁਤ ਹੁੰਦੀਆਂ ਹਨ, ਜਿਥੇਂ ਅਤੇ ਜੀਹਦੇ ਕੋਲੋਂ ਮਰਜ਼ੀ ਹੈ

ਮਾਤਲੋਕ ਦੀਆਂ ਘਨਾਉਣੀਆਂ ਤਸਵੀਰਾਂ ਦੇ ਸਾਕੇ ਵੇਖ ਸੁਣ ਸਕਦੇ ਹੋ, ਜਿਸ ਨਾਲ ਚੌਕਸ ਰਹਿਣ ਵਿਚ ਮੱਦਦ ਮਿਲਦੀ ਹੈ । ਤੱਤੀਆਂ ਤਵੀਆਂ ਤੇ ਬਹਿਣ ਵਾਲੇ ਉਥੇ, ਬਾਲ ਬਚੇ ਤਥਾ ਪਰਿਵਾਰਾਂ ਦੀਆਂ ਬਲੀਆਂ ਦੇਣ ਵਾਲੇ ਉਥੇ, ਆਰਿਆਂ ਨਾਲ ਚੀਰੇ ਜਾਣ ਵਾਲੇ, ਦੇਗਾਂ ਵਿਚ ਉਬਲਣ ਵਾਲੇ, ਖੋਪਰੀ ਲੱਥੇ, ਬੰਦ ਕਟੀਏ, ਸਿਰ ਲਥੇ ਖੰਡਾ ਚਲਾਊ ਤੇ ਭੁਖਹੜਤਾਲੀਣੇ ਸੂਰਮੇ ਉਥੇ । ਗਲ ਕੀ ਹਰ ਪਰਕਾਰ ਦੇ ਸੁਲਝੇ ਹੋਏ ਮੰਨੇ ਪ੍ਰਮੰਨੇ ਵੀਰ ਬਹਾਦਰ ਉਥੇ ਹਨ, ਜਿਹੜੇ ਕਿ ਜੀਵ ਨੂੰ ਜੁਗੋ ਜੁਗ ਚੌਕਸ ਰਖਦੇ ਹਨ, ਭੁਲਣ ਨਹੀਂ ਦਿੰਦੇ । ਅਵੇਸਲਾਪਨ ਤੇ ਭੌਲ ਨਹੀਂ ਪੈਣ ਦਿੰਦੇ । ਇਸ ਲਈ ਵੀਰਨੋ ਆਓ ਹੋਸ਼ਮੰਦਾਂ ਦੇ ਦਰਬਾਰ ਵਿਚ ਆਉ, ਹੋਸ਼ਾਂ ਵਾਲੀ ਮਸਤੀ ਦਾ ਰੰਗ ਮਾਣੋ, ਏਵੇਂ ਕੀ ਨਸ਼ੇ ਖਾ ਖਾ ਬੇਹੋਸ਼ ਹੁਦੇ ਫਿਰਦੇ ਜੇ ਆਉ ਅਤੇ ਸਦੀਵੀ ਮੁਕਤ ਪਾਉ, ਪਰਮਗਤੀ ਪਾਉ । ਮੇਰਾ ਕੋਈ ਵੀਰ ਕਿੰਤੂ ਕਰ ਸਕਦਾ ਹੈ ਕਿ ਜੇ ਆਪਣੀ ਵਖਰੀ ਹੋਂਦ ਬਣਾਈ ਰਖਣੀ ਹੈ ਤਾਂ ਐਨਾ ਕੁਝ ਕਰ ਕੇ ਵੀ ਕੀ ਖਟਿਆ, ਵੀਰ ਜੀ ਬੇਨਤੀ ਹੈ ਉਹ ਸਰੀਰ ਨੂਰੀ ਹੁੰਦਾ ,ਸੂਕਸ਼ਮ ਨੂਰ ਦਾ ਇਕੱਠ ਸਮਝੋ, ਸ਼ਕਲ ਭਾਵੇਂ ਇਨਸਾਨੀ ਰੂਪ ਦੀ ਹੁੰਦੀ ਹੈ, ਪਰੰਤੂ ਹੁੰਦਾ ਨੂਰ ਦਾ ਮੁਜਸਮਾ ਹੈ, ਨੂਰ ਵਿਚ ਅਤੇ ਉਸ ਸਰੀਰ ਵਿਚ ਕੋਈ ਫਰਕ ਨਹੀਂ, ਨੂਰ ਹੀ ਨੂਰ ਹੁੰਦਾ ਹੈ, ਗੁਰਬਾਣੀ ਦਾ ਸ਼ਬਦ ਇਸ ਲਈ ਚਲਦਾ ਰਹਿੰਦਾ ਹੈ ਅਤੇ ਰਖਣਾ ਹੈ ਵੀ ਜ਼ਰੂਰੀ ਕਿਉਂਕਿ ਇਸ ਨਾਲ ਚੇਤਨ ਨੂਰੀ ਮੁਜਸ਼ਮੇ ਨੂੰ ਆਪਣੇ ਆਪ ਦੀ ਸੂਝ ਬਣੀ ਰਹਿੰਦੀ ਹੈ । ਗੁਰੂ ਸ਼ਬਦ, ਵਕਤ ਅਤੇ ਅਨੰਦ ਦੀ ਬਹੁਲਤਾ ਦੇ ਕਾਰਨ ਪੈਣ ਵਾਲੀ ਭੌਲ ਤੋਂ ਬਚਾਈ ਰਖਦਾ ਹੈ । ਆਪਣੇ ਆਪ ਦਾ ਚੇਤਾ ਰਹਿੰਦਾ ਹੈ ਕਿ ਮੈਂ ਤਾਂ ਵਾਹਿਗੁਰੂ ਹਾਂ ਹੋਰ ਕਿਸੇ ਪਾਸੇ ਰੁਚੀ ਨਾ ਲਿਜਾਵਾਂ । ਜਦੋਂ ਨੂਰ ਤੋਂ ਸਿਵਾ ਬਾਕੀ ਸਭ ਮਾਇਆ ਹੀ ਮਾਇਆਂ ਹੈ ਅਤੇ ਨੂਰ ਵਾਹਿਗੁਰੂ ਹੈ, ਉਚ ਤਰੀਂ ਹਸਤੀ ਹੈ, ਫਿਰ ਕਿਉਂ ਮਾਇਆ ਵਿਚ ਫਸਿਆ ਜਾਵੇ । ਜੇ ਵਾਹਿਗੁਰੂ ਆਪ ਮਾਇਆ ਵਿਚ ਨਹੀਂ ਆਉਂਦਾ ਕਦੀ ਆਵਾਗਵਣ ਵਿਚ ਨਹੀਂ ਪੈਂਦਾ ਤਾਂ ਅਸੀਂ

ਕਿਉਂ ਪਈਏ, ਤਥਾ ਸਚਾਈ ਵੀ ਇਹੋ ਹੈ ਕਿ ਸਦਾ ਨੂਰ ਹੀ ਨੂਰ ਬਣੇ ਰਹੀਏ, ਪਰਮਗਤੀ ਦੀ ਹਾਲਤ ਵਿਚ ਟਿਕੇ ਰਹੀਏ । ਨਾ ਦੁਨੀਆਂ ਉਤੇ ਆਈਏ ਨਾ ਪੁਵਾੜਿਆਂ ਵਿਚ ਫਸੀਏ, ਜਿਨ ਉਪਾਈ ਰੰਗ ਰਵਾਈ ਬੈਠਾ ਵੇਖੇ ਵਖ ਇਕੇਲਾ । ਅਨੰਦ ਵਿਭੋਰ ਰਹੀਏ ।

19.11.74 ਯਾਦਗਾਰੀ ਜੀਵਨ ਸਿਟੇ,

1. ਆਤਮਾਂ, ਨਿਜ ਆਤਮਾਂ ਹੀ ਪਰਮਾਤਮਾਂ ਹੈ ।
2. ਆਤਮਾਂ ਦੇ ਖਿਆਲ ਪਵਿਤਰ ਤਾਂ ਸਾਰਾ ਸਰੀਰ ਸੁੰਦਰ, ਬੀਮਾਰੀ ਦੁਖ ਤਕਲੀਫ ਤੋਂ ਪਰੇ ।

   ,, ,, ,, ,, ਤਾਂ ਕਾਰੋਬਾਰ ਚੰਗਾ, ਸੋਹਣੀ ਰੋਟੀ ਮਿਲਦੀ ਹੈ, ਕੰਮ ਬਣਦੇ ਹਨ ।

   ,, ,, ,, ,, ਤਾਂ ਸਰੀਰ ਸਡੌਲ ਬਲਵਾਨ, ਲੰਮਾ ਉਚਾ ਸੁੰਦਰ ਜਿਸਮ ।

   ,, ,, ,, ,, ਤਾਂ ਪਾਖੰਡ, ਵਹਿਮਾਂ, ਭਰਮਾਂ, ਧਾਗੇ, ਤਵੀਤਾਂ, ਜਾਦੂ ਟੂਨਿਆਂ, ਭੂਤਾਂ ਤੋਂ ਖਲਾਸੀ ।

   ,, ,, ,, ,, ਤਾਂ ਮਨ ਸ਼ਾਂਤ. ਮੁਤਮਈਅਨ, ਬੇਫਿਕਰ, ਭਟਕਣਾ ਖਤਮ ।

   ,, ,, ,, ,, ਤਾਂ ਦੁਨਿਆਵੀ ਵਿਰੋਧਤਾ ਤੋਂ ਖਲਾਸੀ, ਮਾਇਆ ਤੋਂ ਨਿਰਲੇਪਤਾ ।

   ,, ,, ,, ,, ਤਾਂ ਕਾਮ, ਕਰੋਧ, ਲੋਭ, ਮੋਹ. ਹੰਕਾਰ, ਝੂਠ, ਪਾਖੰਡ, ਕੁਟਿਲਤਾ, ਕਠੋਰਤਾ ਤਥਾ ਦਰਿਦਰਤਾ ਤੋਂ ਖੇਹੜਾ ਛੁਟ ਜਾਂਦਾ ਹੈ ।

   ,, ,, ,, ,, ਤਾਂ ਮੁੜ ਵਾਹਿਗੁਰੂ ਦੇ ਵਾਹਿਗੁਰੂ ਹੀ ਬਣ ਜਾਈਦਾ ਹੈ । ਭਾਵ ਮੁਕਤ ਪ੍ਰਾਪਤ ਕਰ ਲਈਦੀ ਹੈ ।

ਨਾਮ ਆਤਮਾ ਦਾ ਵਾਹਿਗੁਰੂ ਇਸ ਵਾਸਤੇ ਜਪਿਆ ਜਾਂਦਾ ਹੈ ਕਿ ਵਾਹਿ-ਗੁਰੂ ਦਾ ਕੁਝ ਪਤਾ ਲਗੇ, ਆਪਮਾਂ ਦੇ ਖਿਆਲਾਤ ਨੂੰ ਪਵਿਤਰ ਰਖਣਾ ਅਤੇ ਆਤਮਾਂ ਦੀ ਹੋਂਦ ਨੂੰ ਤਸਲੀਮ ਕਰਨਾ ਅਸਲੀ ਨਾਮ ਜਪਣਾ ਹੈ।

29.11.74 ਅਜ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸ਼ਵ ਦਾ ਦਿਹਾੜਾ ਹੈ। ਸੰਗਤਾਂ ਪੁਰਬ ਮਨਾਉਣ ਵਿਚ ਬੜੀਆਂ ਸਰਗਰਮ ਹਨ, ਹੋਣ ਵੀ ਕਿਉਂ ਨਾ ਉਸ ਨੂੰ ਜਾਨਣ ਵਾਲੇ ਉਹੋ ਰੂਪ ਹੀ ਤਾਂ ਹਨ। ਵਾਹਿਗੁਰੂ, ਗੁਰੂ ਨਾਨਕ ਸਾਹਿਬ ਧਾਰਕ ਕੇ ਮੂਰਤ ਹੈ ਜਗ ਆਇਉ, ਪਰੰਤੂ ਲੁਕਾਈ ਭੋਲ ਵਿਚ ਪਈ ਹੋਈ ਹੈ, ਮੇਰੇ ਖਿਆਲ ਮੁਤਾਬਕ ਵਾਹਿਗੁਰੂ ਜੀ ਨਾਨਕ ਮੂਰਤ ਧਾਰ ਕੇ ਜਗ ਆਏ ਸਨ ਮੁੜ ਵਾਹਿਗੁਰੂ ਦੇ ਵਾਹਿਗੁਰੂ ਬਣ ਗਏ, ਇਸ ਲਈ ਵਾਹਿਗੁਰੂ ਨੂੰ ਸਲਾਹੁਣਾ ਚਾਹੀਦਾ ਹੈ ਨਾ ਕਿ ਸਿਰਫ ਇਕ ਕਿਰਦਾਰ ਨੂੰ ਜਿਹੜਾ ਉਹਨਾਂ ਨਾਨਕ ਰੂਪ ਵਿਚ ਆ ਕੇ ਨਿਭਾਇਆ ਸੀ। ਲੋਕੀ ਨਾਨਕ ਦੀ ਦੇਹ ਦੇ ਨਾਲ ਹੀ ਵਾਹਿਗੁਰੂ ਨੂੰ ਭੀ ਅਲੋਪ ਹੋਇਆ ਸਮਝਦੇ ਹਨ। ਗੁਰੂ ਕਿਸੇ ਨੂੰ ਯਾਦ ਤਕ ਵੀ ਨਹੀਂ। ਕਿਸੇ ਭੀ ਬੁਲਾਰੇ ਨੇ ਵਾਹਿਗੁਰੂ ਦਾ ਵਰਣਨ ਨਹੀਂ ਕੀਤਾ, ਬਸ ਨਾਨਕ ਸਾਹਿਬ ਨੇ ਆਹ ਕੀਤਾ ਔਰ ਕੀਤਾ, ਹਿਸਟਰੀ ਦੀਆਂ ਸਾਖੀਆਂ ਸੁਨਾਣ ਵਿਚ ਹੀ ਵਿਦਵਤਾ ਜਾਤੀ ਹੈ। ਜਿਸ ਗੁਰੂ ਦਾ ਢੰਡੋਰਾ ਦੇਂਦਾ ਨਾਨਕ ਮਰ ਗਿਆ ਉਹਨੂੰ ਤੇ ਪਿਛੇ ਸੁਟ ਦਿਤਾ ਹੈ ਪਰੰਤੂ ਜਿਸ ਜਿਸਮ ਵਿਚ ਦੀ ਵਾਹਿਗੁਰੂ ਬੋਲਿਆ ਸੀ ਉਹਨੂੰ ਸਾਲਾਹੀ ਜਾਂਦੇ ਹਨ ਐਪਰ ਅਜ ਜਿਸ ਜਿਸਮ ਵਿਚ ਦੀ ਵਾਹਿਗੁਰੂ ਬੋਲ ਰਿਹਾ ਹੈ ਉਹਦੀ ਸਾਰ ਹੀ ਨਹੀਂ ਪਤਾ ਤਕ ਵੀ ਨਹੀਂ। ਵੀਰਨੋ ਗੁਰੂ ਸੀ, ਨਾਨਕ ਰੂਪੀ ਸਰੀਰ ਵਿਚ ਵਸਣ ਵਾਲਾ ਆਤਮਾ। ਅਜ ਉਹੋ ਆਤਮਾਂ ਤੁਹਾਡੇ ਤੇ ਮੇਰੇ ਵਿਚ ਵਸਦਾ ਹੈ, ਉਸ ਨੂੰ ਤੇ ਪ੍ਰਸੰਨ ਕਰਨ ਦਾ ਕੋਈ ਉਪਰਾਲਾ ਨਹੀਂ ਕਰ ਰਹੇ ਹੋ, ਲਾਭ ਕਿਥੋਂ ਭਾਲਦੇ ਹੋ। ਆਤਮਾਂ, ਰੂਹ, Soul Spirit ਆਦਿ ਦੇ ਰੂਪ ਵਿਚ ਬੈਠੇ ਵਾਹਿਗੁਰੂ ਨੂੰ ਤਾਂ ਅਸੀਂ ਭੁਲ ਬੈਠੇ ਹਾਂ ਅਤੇ ਤਾਹੀਉਂ ਬੁਰੀ ਹਾਲਤ ਨੂੰ ਅਪੜੇ ਹੋਏ ਹਾਂ। ਆਤਮਾਂ ਨੂੰ ਹੀ ਦੂਰ ਤੇ ਅਲੋਪ ਸਮਝੀ ਬੈਠੇ ਹਾਂ ਅਸਲ ਵਿਚ ਵਾਹਿਗੁਰੂ,

ਪਵਿਤਰ ਆਤਨਾਂ ਦਾ ਹੀ ਨਾਉਂ ਹੈ । ਅਜ ਵੀ ਜੇ ਕੋਈ ਆਦਮੀ ਪਵਿੱਤਰ ਹੈ ਤਾਂ ਗੁਰੂ ਉਹਦੇ ਵਿਚ ਵਸਦਾ ਹੈ । ਕਿਉਂ ਏਵੇਂ ਜੀਉਂਦੇ ਜਾਗਦੇ ਸੰਤਾਂ ਭਗਤਾਂ ਨੂੰ ਨਿੰਦੀ ਜਾਂਦੇ ਹੋ, ਜੇ ਕਿਸੇ ਮੌਜੂਦਾ ਸੰਤ ਦਾ ਵਿਵਹਾਰ ਤਰੀਕਾ ਠੀਕ ਨਹੀਂ ਤਾਂ ਨਾ ਅਪਨਾਉ ਅਪਨਾ ਵੀ ਲਿਆ ਹੈ ਤਾਂ ਛਡ ਸਕਦੇ ਹੋ, ਕੋਈ ਅਪਰਾਧ ਨਹੀਂ ਆਪਣੇ ਆਤਮਾਂ ਦੀ ਗਲ ਮੰਨੋ ਏਸੇ ਵਿਚ ਸੁਖ ਹੈ । ਕਿਉਂਕਿ ਅਸਲ ਪਰਮਾਤਮਾ ਤੇ ਤੁਹਾਡੇ ਆਪਣੇ ਵਿਚੋਂ ਪ੍ਰਗਟ ਹੋਣਾ ਹੈ, ਅਤੇ ਆਪਣੇ ਵਿਚ ਵਸਦਾ ਹੈ। ਦੂਜਿਆ ਦਾ ਤਾਂ ਵਕਤੀ ਤੌਰ ਉਤੇ ਸਹਾਰਾ ਹੀ ਲੈਣਾ ਸੀ । ਪ੍ਰਗਟ ਤਾਂ ਆਪਣੇ ਵਿਚੋਂ ਕਰਨਾ ਹੈ । ਜੇ ਤੁਹਾਡੇ ਆਪਣੇ ਵਿਚ ਵਾਹਿਗੁਰੂ ਦੀਆ ਖਸਲਤਾਂ ਨਹੀਂ ਉਭਰਦੀਆਂ ਤਾਂ ਤੁਹਾਡੀ ਸਿਖਲਾਈ ਘਟੀਆ ਅਤੇ ਅਧੂਰੀ ਹੈ, ਤੁਹਾਡਾ ਗੁਰੂ ਨਿਕੰਮਾ ਹੈ ਜਿਸ ਦੁਬਿਧਾ ਅਤੇ ਹਉਮੈਂ ਦੇ ਭਰਮ ਨੂੰ ਮਿਟਾਣ ਵਿਚ ਸਫਲਤਾ ਪਰਾਪਤ ਨਹੀਂ ਕੀਤੀ । ਸਿਟਾ ਇਹ ਨਿਕਲਿਆ ਕਿ ਗੁਰੂ ਹੈ ਨਿਜ ਆਤਮਾਂ, ਆਪਣਾ ਆਤਮਾਂ ਦੂਜੇ ਪੁਰਸ਼ ਦਾ ਆਤਮਾਂ ਦੂਜੇ ਦਾ ਗੁਰੂ ਹੈ ਤੁਹਾਡਾ ਆਪਣਾ ਨਹੀਂ, ਹਰ ਵਿਅਕਤੀ ਆਪਣੇ ਆਤਮਾ ਦੀ ਖਟੀ ਖਾਂਦਾ ਹੈ । ਹਰ ਪਰਾਂਣੀ ਨੂੰ ਫਾਇਦਾ ਉਹਦੇ ਆਪਣੇ ਗੁਰੂ ਕੋਲੋਂ ਮਿਲਦਾ ਹੈ ਦੂਜੇ ਦੇ ਗੁਰੂ ਕੋਲੋਂ ਨਹੀਂ । ਗੁਰੂ ਤੋਂ ਭਾਵ ਆਤਮਾਂ ਯਾਨੀ ਫਾਇਦਾ ਨੁਕਸਾਨ ਸਭ ਆਪਣੇ ਹੀ ਆਤਮਾਂ ਦੇ ਖਿਆਲਾਤ ਉਤੇ ਨਿਰਭਰ ਹੈ , ਹਰ ਇਨਸਾਨ ਆਪਣੀ ਭੈੜੀ ਚੰਗੀ ਹਾਲਤ ਦਾ ਆਪ ਜ਼ੁਮੇਵਾਰ ਹੈ । ਖਿਆਲਾਤ ਮਾੜੇ ਤਾਂ ਹਾਲਾਤ ਮਾੜੇ, ਖਿਆਲਾਤ ਚੰਗੇ ਤਾਂ ਹਾਲਾਤ ਚੰਗੇ । ਖਿਆਲਾਤ ਸੁਧਰਦੇ ਹਨ ਵਿਚਾਰ ਬਿਬੇਕ ਨਾਲ, ਸੋਚ ਨਾਂਲ, ਸਮਝ ਨਾਲ, ਹਿਸਾਬ, ਅਲਜਬਰੇ, ਹਿਸਟਰੀਆਂ ਤੇ ਪੜ੍ਹਾਈਆਂ ਸੋਚ ਸਮਝ ਤੇ ਵਿਵੇਕ ਨੂੰ ਪਰਚੰਡ ਕਰਦੀਆਂ ਹਨ । ਗੁਰਬਾਣੀ ਵਿਵੇਕ ਪ੍ਰਚੰਡ ਭੀ ਕਰਦੀ ਹੈ ਅਤੇ ਫਜ਼ੂਲ ਗਲਾਂ ਦੀ ਬਜਾਏ ਆਤਮਾਂ ਦੀ ਸੂਝ ਬੂਝ ਵੀ ਬਖਸ਼ਦੀ ਹੈ । ਵਾਹਿਗੁਰੂ ਦਾ, ਗੁਰੂ ਦਾ, ਆਤਮਾ ਦਾ ਵੇਰਵਾ ਬੜੀ ਹੀ ਚੰਗੀ ਤਰ੍ਹਾਂ ਗੁਰਬਾਣੀ ਵਿਚ ਲਿਖਿਆ ਹੋਇਆ ਹੈ । ਆਤਮ ਕਹਾਣੀ ਦਾ ਸਭ ਤੋਂ ਵਧੀਆ ਅਤੇ ਦਰੁਸਤ ਗਿਆਨ

ਗੁਰਬਾਣੀ ਵਿਚੋਂ ਮਿਲਦਾ ਹੈ । ਏਸੇ ਵਾਸਤੇ ਕਿਸੇ ਜੀਉਂਦੇ ਇਕ ਅਧ ਵਿਅਕਤੀ ਤੋਂ ਗੁਰਬਾਣੀ ਕਿਧਰੇ ਵਧ ਉਤਮ ਹੈ । ਗੁਰਬਾਣੀ ਨੂੰ ਕਿਸੇ ਵੇਲੇ ਪੜ੍ਹੀਏ ਸਦਾ ਆਤਮਾਂ ਦੀ ਗਲ ਦਸਦੀ ਹੈ ਅਤੇ ਦਸਦੀ ਵੀ ਸੌ ਵੀ ਸਦੀ ਦਰੁਸਤ ਹੈ, ਸੱਤ ਹੈ ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ ।

17.12.74 ਜਿਵੇਂ ਸਰੀਰ ਆਤਮਾ ਦਾ ਸਰਗੁਣ ਮੁਜਸਮਾ ਹੈ ਤਿਵੇਂ ਹੀ ਮਾਨੁਖ ਦਾ ਕਾਰ ਕਿਤਾ, ਨੌਕਰੀ ਚਾਕਰੀ, ਬਿਜ਼ਨਸ ਸਭ ਹਾਲਾਤ ਆਦਮੀ ਦੇ ਆਪਣੇ ਖਿਆਲਾਤ ਅਨੁਸਾਰ ਹੀ ਬਣਦੇ ਹਨ । ਜੇਹਲਾਂ ਵਿਚ, ਜੂਨਾਂ ਵਿਚ, ਰਾਜ ਦੀਆਂ ਪਦਵੀਆਂ ਉਤੇ ਸਭ ਜੀਵ ਆਪਣੇ ਹੀ ਖਿਆਲਾਤ ਅਨੁਸਾਰ ਲਗੇ ਫਿਰਦੇ ਹਨ, ਵਾਹਿਗੁਰੂ ਵਲੋਂ ਉਹਨਾਂ ਦੇ ਖਿਆਲਾਤ ਹੀ ਐਸੇ ਬਣ ਜਾਂਦੇ ਹਨ । ਵੇਖੋ ਮਨਿਸਟਰ ਕਿਨਾ ਜ਼ੋਰ ਲਾ ਕੇ ਰਾਜ ਪਦਵੀਆਂ ਪਾਉਂਦੇ ਹਨ, ਵੇਖੋ ਕੈਦੀ ਕਿਨਾ ਜ਼ੋਰ ਲਾ ਕੇ ਜੇਲ੍ਹ ਵਿਚ ਜਾਂਦਾ ਹੈ ਨਤੀਜੇ ਦੇ ਤੌਰ ਉਤੇ ਜੇ ਖਿਆਲ ਗੰਦਾ ਤਾਂ ਹਾਲਤ ਮਾੜੀ ਜੇ ਖਿਆਲ ਚੰਗਾ ਤਾਂ ਹਾਲਤ ਅਛੀ ਤਰੱਕੀ ਦੀ । ਜੇ ਖਿਆਲਾਤ ਵਿਚ ਕੋਈ ਤਬਦੀਲੀ ਨਹੀਂ ਤਾਂ ਹਾਲਤ ਜੂੰ ਕੀ ਤੂੰ ਭਾਵੇਂ ਸਾਰੀ ਉਮਰ ਸਿਪਾਹੀ ਪਣੇ ਵਿਚ ਹੀ ਕਟ ਲਵੇ । ਤਰੱਕੀ ਚੰਗੇ ਖਿਆਲਾਤ ਨਾਲ, ਤਨਜ਼ਲੀ ਭੈੜੇ ਮੰਦੇ ਖਿਆਲਾਤ ਤੇ ਉਹੋ ਹਾਲਤ ਦਰਮਿਆਨੇ ਖਿਆਲਾਤ ਨਾਲ ਬਣਦੀ ਹੈ । ਇਕ ਵਿਅਕਤੀ ਰਿਸ਼ਵਤ ਨਹੀਂ ਸੀ ਲੈਣੀ ਚਾਹੁੰਦਾ ਉਹਨੂੰ ਬੈਂਕ ਦੀ ਨੌਕਰੀ ਮਿਲ ਗਈ, ਇਕ ਰਿਸ਼ਵਤ ਲੈਣੀ ਚਾਹੁੰਦਾ ਸੀ, ਝੂਠੇ ਮੁਕਦਮੇ ਬਨਾਉਣਾ ਐਬ ਤੇ ਬੁਰਾ ਨਹੀਂ ਮਿਥਦਾ ਸੀ ਉਹ ਠਾਣੇਦਾਰ ਹੈ, ਅਗੇ ਕੀ ਹੋਵੇਗਾ ਬੈਂਕ ਵਾਲੇ ਦੀ ਤਰੱਕੀ ਹੋਵੇਗੀ ਅਤੇ ਬੁਰੇ ਵਿਚਾਰਾਂ ਵਾਲਾ ਠਾਣੇਦਾਰ ਪਦਵੀ ਤੋਂ ਗਿਰੇਗਾ, ਕੁਦਰਤ ਦਾ ਨਿਯਮ ਹੈ ਅਟਲ ਹੈ, ਕਿਸਾ ਕੋਤਾ ਗੱਲ ਇਹ ਬਣੀ ਕਿ ਆਦਮੀ ਦੀ ਮੌਜੂਦਾ ਹਾਲਤ ਉਹਦੇ ਆਪਣੇ ਹੀ

ਖਿਆਲਾਤ ਦੀ ਤਸਵੀਰ ਹੁੰਦੀ ਹੈ। ਆਤਮਾਂ ਦੇ ਵਿਚਾਰਾਂ ਉਤੇ ਉਹਦੀ ਸਮਾਜਕ ਪਦਵੀ ਤੇ ਪੈਸੇ ਟਕੇ ਦੀ ਹਾਲਤ ਨਿਰਭਰ ਕਰਦੀ ਹੈ। ਵਿਚਾਰਾਂ ਉਤੇ ਸਾਕ ਸਰਬੰਧ ਤੇ ਹਰ ਪਰਕਾਰ ਦੀ ਹਾਲਤ ਨਿਰਭਰ ਕਰਦੀ ਹੈ। ਜੇ ਪਿਛਲੀ ਖੇਤੀ ਚੰਗੀ ਨਹੀਂ ਤਾਂ ਹੁਣ ਚੰਗਾ ਬੀਜ ਬੀਜੋ ਚੰਗੀ ਵਾਹੀ ਕਰੋ ਹੋਰ ਨਹੀਂ ਤਾਂ ਘਟੋ ਘਟ ਆਉਣ ਵਾਲੀ ਫਸਲ ਤਾਂ ਚੰਗੀ ਹੋਊਗੀ। ਮੌਜੂਦਾ ਹਾਲਤ ਤਾਂ ਪਿਛਲੀਆਂ ਕਰਤੂਤਾਂ ਦਾ ਸਿਟਾ ਹੈ। ਇਸ ਲਈ ਹੁਣ ਤੋਂ ਹੀ ਅਗਲੀਆਂ ਫ਼ਸਲਾਂ ਲਈ ਖਿਆਲਾਤ ਅਤੇ ਕਰਤੂਤਾਂ ਚੰਗੀਆਂ ਸਰੇਸ਼ਠ ਕਰਨੀਆਂ ਲਾਜ਼ਮੀ ਹਨ। ਹਰਿ ਪਰਾਣੀ ਰਬ ਹੈ ਅਤੇ ਜਿਹੋ ਜਿਹੇ ਉਹਦੇ ਖਿਆਲਾਤ ਹੁੰਦੇ ਹਨ ਤਿਹੋ ਜਿਹੀ ਹਾਲਤ ਨੂੰ ਪੁਜ ਜਾਂਦਾ ਹੈ।

31.12.1974 ਪਿਛਲੇ ਕੀਤੇ ਕੰਮਾਂ ਦੇ ਅਨੁਕੂਲ ਆਤਮਾਂ ਦੁਆਰਾ ਮੌਜੂਦਾ ਵਾਤਾਵਰਨ ਪੈਦਾ ਕੀਤਾ ਜਾਂਦਾ ਹੈ। ਮੌਜੂਦਾ ਵਿਚ ਉਠਣ ਵਾਲੀਆਂ ਤਰੰਗਾਂ ਭਵਿਖਤ ਦਾ ਪੇਸ਼ਖੈਮਾ ਹੁੰਦੀਆਂ ਹਨ। ਇਸ ਤਰ੍ਹਾਂ ਜੀਵ ਦੇ ਖਿਆਲਾਤ ਉਸਦੀ ਅਸਲੀ ਜਿੰਦਗੀ ਦਾ ਆਧਾਰ ਬਣ ਜਾਂਦੇ ਹਨ। ਤਰੱਕੀ ਦੀ ਫਿਲਾਸਫੀ ਗੁਰਮਤ ਵਿਚ ਹੈ ਅਤੇ ਏਸੇ ਤਰ੍ਹਾਂ ਖਿਆਲਾਤ ਦੇ ਸੁਧਾਰ ਉਤੇ ਸਾਰੀ ਜ਼ਿੰਦਗੀ ਨਿਰਭਰ ਕਰਦੀ ਹੈ। ਅਜ ਦਾ ਭੈੜਾ ਇਨਸਾਨ ਕਲ ਨੂੰ ਚੰਗਾ ਹੋ ਸਕਦਾ ਹੈ। ਅਜ ਦਾ ਬਦਕਿਸਮਤ ਮਨਮੁਖ ਚੰਗੇ ਹਾਲਾਤ ਤੋਂ ਮਾੜੇ ਖਿਆਲਾਤ ਦੀ ਬਦੌਲਤ ਗਿਰ ਸਕਦਾ ਹੈ। ਇਸ ਲਈ ਬਣਨਾ ਯਾ ਬਿਗੜਨਾ ਜੀਵ ਦੇ ਆਪਣੇ ਹਥ ਹੈ। ਜੈਸੇ ਖਿਆਲਾਤ ਬਣਾਂਦਾ ਜਾਵੇਗਾ, ਅਪਨਾਂਦਾ ਜਾਵੇਗਾ ਵੈਸਾ ਬਣਦਾ ਜਾਵੇਗਾ। ਸਮੁੰਦਰ ਵਿਚੋਂ ਉਠਦੀਆਂ ਲਹਿਰਾਂ ਵਾਂਗ, ਅਨੇਕ ਖਿਆਲਾਤ ਆਤਮਾਂ ਵਿਚੋਂ ਉਤਪਨ ਹੁੰਦੇ ਹਨ। ਇਕ ਹੀ ਦਿਨ ਵਿਚ ਬੀਸੋਂ ਖਿਆਲ ਚੰਗੇ ਤਥਾ ਮੰਦੇ ਉਤਪਨ ਹੁੰਦੇ ਹਨ। ਸੰਗ ਸੁਸਾਇਟੀ ਸੰਗਤ ਦਾ ਪਰਭਾਵ ਉਹਨਾਂ ਖਿਆਲਾਤ ਉਤੇ ਨਮਾਇਆ ਤੌਰ ਤੇ ਹੁੰਦਾ ਹੈ। ਖਿਆਲਾਤ ਦੀ ਉਸ ਖਿਚੜੀ ਵਿਚੋਂ ਜਿਸ ਵੀ ਖਿਆਲ ਨੂੰ ਪ੍ਰਾਣੀ ਤੂਲ ਦੇਵੇਗਾ ਉਸ ਦਾ ਜੀਵਨ ਉਹੋ ਜਿਹਾ ਹੀ ਹੋ ਜਾਵੇਗਾ। ਅਜ ਦੀ ਗਲ ਲੈ ਲਉ, ਬਿਜ਼ਨਸਮੈਨ ਬਿਉਪਾਰ ਦੀ ਆਮਦਨ

ਵਧਾਉਣ ਦੀਆਂ ਗਲਾਂ ਕਰਦਾ ਰਹਿਆ । ਇਕ ਹੋਰ ਪਰੇਮੀ ਬੇਸਿਰਪੈਰ ਦੀਆਂ ਮਾਰਦਾ ਰਹਿਆ । ਕਦੀ ਧੌਲੀਧਾਰ ਵਡਭਾਗ ਸਿੰਘ ਦੇ ਡੇਰੇ ਦੀਆਂ ਕਦੀ ਗਲਤ ਗੰਦੇ ਇਤਹਾਸ ਦੀਆਂ ਕਦੇ ਹਿਸਾਬ ਅਲਜਬਰੇ ਦੀਆਂ, ਇਕ ਹੋਰ ਗਰੀਬ, ਗਰੀਬੀ ਤੋਂ ਚਿੰਤਤ ਸੀ, ਗਰੀਬੀ ਦੂਰ ਕਰਨ ਲਈ ਕੁਝ ਕਰਨਾ ਹੈ । ਮੇਰੇ ਮਨ ਉਤੇ ਹਰ ਇਕ ਵਾਰੋ ਵਾਰ ਪਰਭਾਵ ਪਾਉਂਦੇ ਰਹੇ, ਇਸ ਲਈ ਕਦੀ ਮੈਂ ਬੇਸਿਰਪੈਰ ਵੀਆਂ ਵਾਲੇ ਨਾਲ ਖਹਿਬੜਦਾ ਰਿਹਾ, ਕਿਉਂਕਿ ਉਹ ਮੈਨੂੰ ਦੀਮਾਗੀ ਪਿਆਰ ਤੋਂ ਨੀਵੀਆਂ ਗਲਾਂ ਜਾਪਦੀਆਂ ਸਨ । ਕਦੀ ਮੈਂ ਕੋਈ ਕੰਮ ਕਿਤਾ ਤੋਰਨ ਦੀਆ ਸਕੀਮਾਂ ਬਣਾਉਂਦਾ ਰਿਹਾ । ਕਦੀ ਮੈਂ ਕਿਸੇ ਨੂੰ ਕੰਮ ਕਰਨ ਦੀਆਂ ਸਕੀਮਾਂ ਦਸਦਾ ਰਿਹਾ । ਸੋ ਏਸ ਗੁਛੇ ਵਿਚੋਂ ਜਿਸ ਚੀਜ਼ ਉਤੇ ਵੀ ਮੈਂ ਤੁਲਾਂਗਾ ਜ਼ੋਰ ਦੇਵਾਂਗਾ, ਉਹੋ ਕੁਝ ਮੈਂ ਆਪ ਹੀ ਬਣ ਜਾਵਾਂਗਾ । ਮੈਂ ਇਨ੍ਹਾਂ ਸਾਰਿਆਂ ਤੋਂ ਵਖਰਾ ਹੋਰ ਹੀ ਕਿਤੇ ਆਪਣਾ ਦਿਲ ਟਿਕਾਇਆ ਹੋਇਆ ਹੈ ਉਹ ਮੈਨੂੰ ਹਰ ਹਮਲੇ ਵੇਲੇ ਕਹਿੰਦਾ ਹੈ ਕਿ ਤੂੰ ਠੀਕ ਹੈ, ਅਤੇ ਡੋਲਣ ਨਹੀਂ ਦਿੰਦਾ । ਸੋ ਆਦਮੀ ਦੀ ਤਰੱਕੀ ਆਦਮੀ ਦੇ ਖਿਆਲਾਤ ਉਤੇ ਨਿਰਭਰ ਕਰਦੀ ਹੈ । ਚੰਗੇ ਖਿਆਲਾਤ ਤਾਂ ਚੰਗੇ ਹਾਲਾਤ, ਪਰੰਤੂ ਜੇ ਮਾੜੇ ਖਿਆਲਾਤ ਤਾਂ ਮਾੜੇ ਹਾਲਾਤ, ਅਟੱਲ ਅਸੂਲ ਹੈ ।

## ਅਸਲ ਮਨੁੱਖ

5.1.75 ਜ਼ਿੰਦਗੀ ਦੀ ਅਸਲੀਅਤ ਸਮਝਦਾ ਭਾਲਦਾ ਮੈਂ ਅਜ ਇਸ ਨਤੀਜੇ ਉਤੇ ਅਪੜਿਆ ਹਾਂ ਕਿ ਅਸਲ ਮਾਨੁਖ ਉਹ ਹੈ ਜੋ ਭਰਪੂਰ ਪੈਸਾ ਕਮਾਉਂਦਾ ਹੋਵੇ ਪਰੰਤੂ ਨੇਕ, ਸਚੇ, ਈਮਾਨਦਾਰਾਨਾ ਤਰੀਕਿਆਂ ਢੰਗਾਂ ਨਾਲ ਅਤੇ ਆਪਣੇ ਆਪ ਨੂੰ ਪਛਾਨਣ ਦੀ ਜਿਸ ਵਿਚ ਪੂਰਨ ਲਾਲਸਾ ਹੋਵੇ, ਗਲ ਹੈ ਸੌ ਫੀ ਸਦੀ ਸੱਚ ਐਪਰ ਮੁਕਦੀ ਉਥੇ ਆ ਕੇ ਹੀ ਹੈ ਕਿ ਆਤਮਕ ਪਵਿਤਰਤਾ ਨਾਲ ਪੈਸਾ ਵੀ ਬਣ ਜਾਂਦਾ ਹੈ, ਲੋੜ ਅਨੁਸਾਰ ਅਤੇ ਬੀਮਾਰੀ, ਮੁਕਦਮਾ ਯਾਂ ਝਗੜਾ, ਵਹਿਮ ਆਦਿ ਦਾ ਰੋਗ ਵੀ ਨਹੀਂ ਲਗਦਾ । ਟੱਲੀ ਵਰਗਾ ਕੰਗਣਖਾਰ ਨਿਰੋਗ ਸਰੀਰ ਰਹਿੰਦਾ ਅਤੇ

ਸੁੰਦਰ ਸਰੀਰ ਵਿਚ ਸੁੰਦਰ ਆਤਮਾ ਅਨੰਦ ਲੈਂਦਾ ਹੈ। Face is the index of mind ਵਾਲੀ ਗਲ ਹੁੰਦੀ ਹੈ, ਖਿਆਲਾਤ ਤੋਂ ਹਾਲਾਤ ਬਣਦੇ ਹਨ, ਹਾਲਾਤ ਮੁਤਾਬਕ ਸਰੀਰ ਆਤਮਾ ਬਲਵਾਨ ਹੁੰਦੇ ਹਨ ਅਤੇ ਗ੍ਰਹਸਥ ਦੀ ਗਡੀ ਲੈਣ ਤੇ ਚਲਦੀ ਹੈ। ਕੋਈ ਠੇਡਾ ਨਹੀਂ ਲਗਦਾ ਦੁਖ ਰੋਗ ਉਤਪਨ ਨਹੀਂ ਹੁੰਦਾ। ਕਿਸੇ ਵੀ ਸਹੀ ਮਾਹਨਿਆਂ ਵਿਚ ਗੁਰਮੁਖ ਨੂੰ ਵੇਖ ਲਉ ਹਰ ਪਹਿਲੂ ਤੋਂ ਪੂਰਾ ਨਜ਼ਰ ਆਵੇਗਾ। ਸਿਹਤ, ਆਰਾਮ, ਪੈਸਾ, ਇਜ਼ਤ ਗਲ ਕੀ ਹਰ ਸ਼ੈ ਦਾ ਮਾਲਕ ਹੁੰਦਾ ਹੈ, ਇਹ ਨਾਮ ਦੀ ਗਾਰੰਟੀ ਹੈ।

6.1.75 ਸੁਰਖਰੂ ਜੀਵਨ ਜੀਊਣ ਲਈ ਆਦਮੀ ਨੂੰ ਦੋ ਚੀਜ਼ਾਂ ਦੀ ਵਿਸ਼ੇਸ਼ ਜ਼ਰੂਰਤ ਹੈ ਇਹਨਾਂ ਦੋਵਾਂ ਤੋਂ ਸਭ ਕੁਝ ਹੋਰ ਬਣ ਜਾਂਦੀ ਹੈ। ਇਹ ਹਨ ਇਖਲਾਕ ਅਤੇ ਪੈਸਾ, ਇਖਲਾਕ ਨਾਲ ਸਿਹਤ, ਖੁਸ਼ੀ, ਸੁਰਖਰੂ ਈ ਬਣ ਜਾਂਦੀ ਅਤੇ ਮਾਇਆ ਨਾਲ ਘਰ ਬਾਰ, ਖਾਣ ਪੀਣ ਪਹਿਨਣ ਵਰਗੀਆਂ ਦਾਤਾਂ ਮਿਲ ਜਾਂਦੀਆਂ ਹਨ। ਇਕ ਨੌਜਵਾਨ ਨੂੰ ਇਖਲਾਕ ਵਿਚ ਰਹਿ ਕੇ ਵਧ ਤੋਂ ਵਧ ਕਮਾਊਣ ਦੇ ਸਮਰਥ ਹੋਣਾ ਚਾਹੀਦਾ ਹੈ, ਜਿਹੜੇ ਇਖਲਾਕ ਤਿਆਗ ਕੇ ਮਾਇਆ ਕਮਾਉਂਦੇ ਹਨ, ਉਹ ਮਾਇਆ ਵੇੜੇ ਬਣ ਜਾਂਦੇ ਹਨ, ਸੁਖੀ ਨਹੀਂ ਰਹਿ ਸਕਦੇ। ਜਿਹੜੇ ਇਖਲਾਕ ਇਕੱਲਾ ਹੀ ਪਾਲਦੇ ਹਨ ਅਤੇ ਮਾਇਆ ਦਾ ਐਡਾ ਧਿਆਨ ਨਹੀਂ ਕਰਦੇ ਉਹ ਗਰੀਬ ਰਹਿੰਦੇ ਹਨ ਅਤੇ ਸਮਾਜ ਵਿਚ ਮਾਣ ਨਹੀਂ ਪਾਉਂਦੇ। East ਦੇ ਕਈ ਲੋਕ ਇਸ ਰੋਗ ਦੇ ਮਰੀਜ਼ ਹਨ। ਘਰ ਬਾਰ ਤਿਆਗ ਲੰਗੋਟੀਆਂ ਲਾਈ ਫਿਰਦੇ ਹਨ। West ਦੇ ਬਹੁਤੇ ਲੋਕ ਮਾਇਆ ਦੀ ਯਾਰਡ ਸਟਿਕ ਨਾਲ ਆਦਮੀ ਦੇ ਮਯਾਰ ਨੂੰ ਨਾਪਦੇ ਹਨ ਤਾਹੀਓਂ ਭਰਿਸ਼ਟਾਚਾਰ ਦਿਨੋ ਦਿਨ ਵਧ ਰਿਹਾ ਹੈ। ਸੋਹਣੇ ਸੋਚ ਵਿਚਾਰ ਵਾਲੇ ਸੰਜਮੀ ਇਨਸਾਨ ਬਣ ਕੇ ਰਹੋ ਅਤੇ ਧਨ ਕਮਾਉਣ ਦੇ ਦਰੁਸਤ ਉਚਿਤ ਢੰਗ ਤਰੀਕੇ ਖੋਜ ਕੇ ਵਰਤੋਂ ਕਰੋ।

6,1.1975 ਸਮੁਚੀ ਜ਼ਿੰਦਗੀ ਦੀ ਜੇ ਇਕ ਧੁਰ ਲਭਣੀ ਹੋਵੇ ਜਿਸਦੇ ਦੁਆਲੇ ਸਭੋ ਕੁਝ ਘੁਮ ਰਿਹਾ ਹੈ ਤਾਂ ਉਹ ਵਾਹਿਗੁਰੂ, ਆਤਮਾ, Soul, ਤਥਾ

ਰੂਹ । ਸਾਰਾ ਦਾਰੋਮਦਾਰ ਇਸ ਰਚਨਾ ਦਾ ਰੂਹ ਉਤੇ ਨਿਰਭਰ ਹੈ । ਰੂਹ ਮੁਤਾਬਕ ਸਰੀਰ ਮਿਲਦਾ ਹੈ, ਤੰਦਰੁਸਤੀ ਮਿਲਦੀ ਹੈ । ਰੂਹ ਕਮਾਈ ਦੇ ਸਾਧਨ ਬਣਦੇ ਹਨ, ਹਾਲਾਤ ਬਣਦੇ ਹਨ । ਮੇਲ ਮਿਲਾਪ ਵਿਛੋੜਾ ਤਥਾ ਮੁਸਾਇਟੀ ਰੂਹ ਆਤਮਾ ਤਥਾ ਵਾਹਿਗੁਰੂ ਦੀ ਬਦੋਲਤ ਬਣਦੇ ਹਨ । ਜਨਮ ਸਥਾਨ, ਮਾਂ-ਬਾਪ ਘਰ ਘਾਟ ਅਤੇ ਹੋਰ ਸਾਰੇ ਹਾਲਾਤ ਵਾਹਿਗੁਰੂ ਉਤੇ ਨਿਰਭਰ ਹਨ । ਇਸ ਲਈ Central point ਰੂਹ ਹੈ Soul ਹੈ । Soul ਵਿਚੋਂ ਉਠਦੀਆਂ ਹਨ ਖਿਆਲ ਤਰੰਗਾਂ ਇਹ ਨਾਨਾਂ ਪਰਕਾਰ ਦੀਆਂ ਹੁੰਦੀਆਂ ਹਨ ਚੰਗੀਆਂ ਵੀ ਤੇ ਮਾੜੀਆਂ ਵੀ ਕਿਉਂਕਿ ਸਾਡਾ ਮੁਜਸਮਾ ਚੰਗੇ ਮਾੜੇ ਦਾ ਮਿਲਗੋਭਾ ਹੈ । ਇਹਨਾਂ ਖਿਆਲ ਤਰੰਗਾਂ ਦੇ ਅਧਾਰ ਤੇ ਸਾਡਾ future ਨਿਰਭਰ ਹੁੰਦਾ ਹੈ ਜੇ ਚੰਗੇ ਖਿਆਲ ਅਪਨਾ ਲਏ ਤਾਂ ਚੰਗੇ ਬਣ ਜਾਵਾਂਗੇ । ਖਿਆਲ ਤਰੰਗਾਂ ਨੂੰ ਦੋ ਧੜਿਆਂ ਵਿਚ ਵੰਡਿਆ ਜਾ ਸਕਦਾ ਹੈ । ਸੰਜੋਗ ਅਤੇ ਵਿਜੋਗ । ਸੰਜੋਗ ਨਾਲ ਪਵਿਤਰ ਆਤਮਾ ਬਣਦੇ ਹਾਂ ਅਤੇ ਵਿਜੋਗ ਨਾਲ ਭੁੱਲ ਪੈਂਦੀ ਹੈ ।

| ਸੰਜੋਗ | ਵਿਜੋਗ |
|---|---|
| ਨਾਮ ਵਾਹਿਗੁਰੂ | ਹਉਮੈ |
| ਸਤਿ | ਦੁਬਿਧਾ |
| ਸ਼ੰਤੋਖ | ਤ੍ਰਿਸ਼ਨਾ |
| ਦਯਾ | ਕਾਮ |
| ਧਰਮ | ਕਰੋਧ |
| ਧੀਰਜ | ਲੋਭ |
| ਨੇਕੀ | ਮੋਹ |
| ਸਚਾਈ | ਹੰਕਾਰ |
| ਸਾਫਗੋਈ ਈਮਾਨਦਾਰੀ | ਝੂਠ |
| ਨਿਮਰਤਾ | ਨਿੰਦਾ |
| ਸੁਕ੍ਰਿਤ | ਠਗੀ, ਧੋਖਾ ਧਰੋਹ ਪਾਪ |
| ਸ਼ੇਵਾ | ਕੁਟਿਲਤਾ |
| ਕੁਰਬਾਨੀ | ਕਠੋਰਤਾ |

ਆਦਮੀ ਆਪਣੇ ਭਵਿਖ ਦਾ ਆਪ ਮਾਲਕ ਹੈ, ਜਿਸ ਕਿਸਮ ਦੇ ਖਿਆਲਾਤ ਅਪਨਾਵੇਗਾ ਵੈਸਾ ਬਣ ਜਾਗੇਗਾ।

9.1.1975 ਅਜ ਰਬ ਬੈਠਾ ਵੇਖੇ ਵਖ ਇਕੇਲਾ ਜਾਪਦਾ ਹੈ। ਸਾਰਾ ਬ੍ਰਹਮੰਡ ਰਚ ਕੇ ਐਸਾ ਪ੍ਰਬੰਧ ਕੀਤਾ ਹੈ ਕਿ ਪਕੇ ਪੀਡੇ ਨੀਯਮ ਅਸੂਲ ਹੁਕਮ ਬਣਾ ਰਖੇ ਹਨ। ਉਹਨਾਂ ਦੇ ਅਧੀਨ ਸਾਰੀ ਰਚਨਾ ਆਟੋਮੈਟਿਕ ਤ੍ਰੀਕੇ ਉਤੇ ਚਲ ਰਹੀ ਹੈ। ਕਿਤੇ ਕੋਈ ਉਪਦਰ, ਧੋਖਾ ਫਰੇਬ ਯਾਂ ਲੁਟ ਘਸੁਟ ਤੇ ਪਾਪ ਜੁਲਮ ਨਹੀਂ ਹੋ ਰਹਿਆ। ਸਭ ਠੀਕ ਠਾਕ ਐਨ ਅਸਲਾਂ ਦੇ ਤਹਿਤ ਦਰੁਸਤ ਹੋ ਰਿਹਾ ਹੈ। ਦੁਨਿਆਵੀ ਲੋਕਾਂ ਨੂੰ ਭਾਵੇਂ ਜੁਲਮੋਸਿਤਮ ਹੀ ਜਾਪਣ ਪਰੰਤੂ ਹੁਦੇ ਬਿਲਕੁਲ ਕਾਨੂੰਨੀ ਨੁਕਤਾ ਨਜਰ ਨਾਲ ਠੀਕ ਹਨ। ਬੰਦਿਆਂ ਦੀ ਉਮਰ ਛੋਟੀ ਹੋਣ ਕਰਕੇ ਇਹਨਾਂ ਨੂੰ ਇਕ ਪਖ ਹੀ ਨਜਰ ਆਉਂਦਾ ਹੈ। ਭਾਵ ਜਿਹੜਾ ਇਹਨਾਂ ਦੇ ਸਾਹਮਣੇ ਵਾਪਦਾ ਹੈ ਪਰੰਤੂ ਇਹਨਾਂ ਨੂੰ ਉਹਦੇ ਪਿਛਲੇ ਇਤਿਹਾਸ ਦਾ ਪਤਾ ਸਹੀ ਹੁੰਦਾ। ਇਹ ਸਿਰਫ ਮੌਜੂਦਾ ਨੂੰ ਵੇਖ ਕੇ ਰੌਲਾ ਪਾ ਦੇਂਦੇ ਹਨ ਦਰ ਪਰਦਾ ਜੋ ਕੁਝ ਹੋਇਆ ਹੁੰਦਾ ਹੈ ਉਹਦਾ ਇਹਨਾਂ ਨੂੰ ਪਤਾ ਨਹੀਂ ਹੁੰਦਾ। ਐਨਾ ਲੰਙਾਂ ਤੰਗ ਆਏ ਕਹਿੰਦੇ ਹਨ ਰਬਾ ਅਸੀਂ ਕੀ ਗਵਾਇਆ ਸੀ ਸਾਨੂੰ ਇਹ ਸਜਾ ਦਿਤੀ। ਪਰ ਉਹਨਾਂ ਨੂੰ ਆਪਣਾ ਭੂਤਕਾਲ ਵਿਸਰ ਚੁਕਾ ਹੁੰਦਾ ਹੈ ਇਹ ਤਾਂ ਸਿਰਫ ਜੋ ਮੈਂ ਕੀਆ ਸੋ ਮੈਂ ਪਾਇਆ ਹੀ ਹੋਇਆ ਹੁੰਦਾ ਹੈ ਉਹ ਵੀ ਕਈ ਵਾਰ Repeat ਕਰਨ ਦੇ ਬਾਦ ਹੋਇਆ ਹੈ ਐਵੇਂ ਸਹਿਵਨ ਬਿਲਕੁਲ ਨਹੀਂ। ਆਪੇ ਬੀਜ ਕੇ ਉਸਦਾ ਫਲ ਖਾਣ ਲਗਿਆਂ ਨੂੰ ਕੁੜਤਣ ਮਹਿਸੂਸ ਹੁੰਦੀ ਤਾਂ ਗਲੇਡੂ ਭਰਦੇ ਨੇ ਤਦ ਬੁਰਾ ਲਗਦਾ ਹੈ ਜਦੋਂ ਉਸ ਨੂੰ ਅਪਨਾਉਂਦੇ ਸਨ ਉਦੋਂ ਨਹੀਂ। ਇਕ ਆਦਮੀ ਨੂੰ ਧੌਲੇ ਆ ਗਏ ਹਨ ਪਰੰਤੂ ਅਜੇ ਵੀ ਬੜੀ ਢੀਠਤਾਈ ਨਾਲ ਸ਼ੇਖੀ ਮਾਰਦਾ ਹੈ ਕਿ ਜਦ ਤਕ ਮੈਂ ਕਾਮ ਚੇਸ਼ਟਾ ਇਧਰੋਂ ਉਧਰੋਂ ਪੂਰੀ ਨ ਕਰ ਲਵਾਂ ਸਬਰ ਨਹੀਂ ਆਉਂਦਾ, ਬੇਵਕੂਫ ਨੂੰ ਪਤਾ ਨਹੀਂ ਜੀਹਨਾਂ ਦੇ ਦਿਲ ਪਰਚਾਉਂਦਾ ਰਿਹਾ ਹੈ ਉਹਨਾਂ ਕੋਲੋਂ ਲੇਖਾ ਲਏ ਰਿਹਾ ਹੈ ਅਤੇ ਇਸ ਨੀਤੀ ਉਤੇ ਚਲਦਿਆਂ ਅਗੇ ਨੂੰ ਫੇਰ ਉਹੋ ਕੁਝ ਬਣੇਗਾ ਜਿਸਦਾ ਉਸਨੂੰ ਬੜਾ

ਧਿਆਨ ਰਹਿੰਦਾ ਹੈ। ਅਕਲ ਹੀ ਨਹੀਂ ਹੈ ਮਤ ਬੁਧ ਰਬ ਨੇ ਮਾਰੀ ਹੋਈ ਹੈ ਅਗਿਆਨਤਾ ਦੀ ਨਿਸ਼ਾਨੀ ਕਾਲਾ ਰੰਗ ਦੂਰੋਂ ਹੀ ਅਕਲ ਵਾਲਿਆਂ ਨੂੰ ਦਿਸ ਆਉਂਦਾ ਹੈ। ਕਲ ਨੂੰ ਜੇ ਇਹ ਜਨਾਨੀ ਦੇ ਰੂਪ ਵਿਚ ਆ ਕੇ ਆਖੇ ਮੇਰੇ ਨਾਲ ਫਲਾਂ ਨੇ ਆਹ ਕੀਤਾ ਉਹ ਧੋਖਾ ਕੀਤਾ ਤਾਂ ਭਈ ਤੇਰੀਆਂ ਕੀਤੀਆਂ ਹੀ ਤੇਰੇ ਸਾਹਮਣੇ ਹਨ। ਹੁਣ ਦੋਸ਼ ਨ ਦੀਜੈ ਅਵਰ ਜਨਾ। ਕੋਈ ਕਿਸੇ ਨੂੰ ਮਾਰਦਾ ਨਹੀਂ ਵਢਦਾ ਨਹੀਂ ਕਟਦਾ ਨਹੀਂ, ਆਪਣਾ ਕੀਤਾ ਹੀ ਸਾਹਮਣੇ ਆਉਂਦਾ ਹੈ ਜੋ ਮੈਂ ਕੀਆ ਸੋ ਮੈਂ ਪਾਇਆ ਦੋਸ਼ ਨ ਦੀਜੈ ਅਵਰ ਜਨਾ! ਆਤਮਾ ਹਰ ਇਕ ਦੇ ਨਾਲ ਪੂਰਨ ਇਨਸਾਫ ਕਰਦਾ ਹੈ। ਜੋ ਕੁਝ ਅਸੀਂ ਚਿਤਵਦੇ ਹਾਂ ਉਸੇ ਦਾ ਰੂਪ ਧਾਰਨ ਕਰ ਲੈਂਦੇ ਹਾਂ ਉਹੋ ਕੁਝ ਪਾ ਲੈਂਦੇ ਹਾਂ।

## ਡੀਂਗਾਂ

12.1.75 ਮੈਂ ਕਦੀ ਮਨ ਹੀ ਮਨ ਡੀਂਗਾਂ ਮਾਰਦਾ ਹੁੰਦਾਂ ਸਾਂ ਕਿ ਜੇ ਪ੍ਰਭੂ ਮੈਨੂੰ ਸ਼ਾਸਨ ਦੀ ਵਾਗ ਡੋਰ ਦੇ ਦੇਵੇ ਤਾਂ ਮੈਂ ਕੁਰਪਸ਼ਨ ਨੂੰ ਖਤਮ ਕਰ ਦੇਵਾਂ। ਕੁਰਪਟ ਆਦਮੀਆਂ ਨੂੰ ਐਉਂ ਫੜਾਂ ਅਤੇ ਮਾਰਨ ਤਕ ਦੀਆਂ ਸਖਤ ਸਜਾਵਾ ਦੇਵਾਂ। ਪਰ 10 ਤਾਰੀਖ ਏਸੇ ਮਹੀਨੇ ਦੀ ਸਾਰੀ ਹੀਜ ਪਿਆਜ ਨਿਕਲ ਗਈ। ਮੇਰੇ ਸਾਹਮਣੇ ਕੁਰਪਸ਼ਨ ਹੋਈ, ਮੈਂ ਆਪਣੀ ਡਿਊਟੀ ਠੀਕ ਤਰੀਕੇ ਨਹੀਂ ਕਰ ਸਕਿਆ। ਮਾਤਹਿਤ ਉਤੇ ਵਿਸ਼ਵਾਸ ਕਰਕੇ ਦੀਦਾ ਦਾਨਿਸਤਾ ਕੁਰਪਸ਼ਨ ਹੋਣ ਦਿਤੀ ਡਰਾਇਵਰ ਨੇ ਘਟ ਪੈਟਰੋਲ ਪਵਾਇਆ ਸੀ। ਪਰੰਤੂ ਮੈਨੂੰ ਜਿਆਦਾ ਕਹਿ ਕੇ ਜਿਆਦਾ ਦੀ ਪਰਚੀ ਮੇਰੇ ਕੋਲੋਂ ਲਏ ਗਿਆ, ਜੇ ਮੈ ਪੈਟਰੋਲ ਮੀਟਰ ਨੂੰ ਆਪ ਵੇਖਿਆ ਹੁੰਦਾ ਤਾਂ ਸ਼ਾਇਦ ਇਹ ਗਲ ਨ ਹੁੰਦੀ, ਕੀਤਾ ਕੀ ਜਾਵੇ ਕਿਹਨੂੰ ਕਿਹਨੂੰ ਵੇਖਿਆ ਜਾਵੇ ਏਥੇ ਤਾਂ ਆਵਾ ਹੀ ਊਤਿਆ ਪਿਆ ਹੈ। ਦੂਜਾ ਡਰਾਈਵਰ ਗਡੀ ਦਾ ਮਾਈਲੋਮੀਟਰ ਖੋਲ੍ਹ ਕੇ ਉਹਨੂੰ ਠੀਕ ਕਰਨ ਦੇ ਬਹਾਨੇ ਮੀਲ ਅਗੇ ਕਰ ਰਿਹਾ ਸੀ। ਕੀਹਦੇ ਕੀਹਦੇ ਵਲੋ ਹੁੰਦਾ...ਭਾਰਤ ਵਿਚ ਕੁਰਪਸ਼ਨ ਬਹੁਤ ਬੁਰੀ ਤਰ੍ਹਾਂ ਫੈਲ ਚੁਕੀ ਹੈ, ਰੋਕ ਅਟਕਾ ਤਾਂ ਕੀ ਪੈਣੀ ਹੈ ਹੁਣ ਤਾਂ ਕੁਰਪਸ਼ਨ ਨ ਕਰਨ ਵਾਲੇ ਨੂੰ ਮਾੜਾ

ਸਮਝਿਆ ਜਾਣ ਲਗ ਪਿਆ ਹੈ। ਹਟਾਵੇ ਕਿਹੜਾ, ਜਦ ਤਕ ਮਨੁਖ ਦਾ ਅਪਣੇ ਪਰਾਪਟੀ ਦਾ ਅਧਿਕਾਰ ਖਤਮ ਨਹੀਂ ਕੀਤਾ ਜਾਂਦਾ, ਲੋਕਾਂ ਦੀ ਮਾਇਆ ਲਾਲਸਾ ਖਤਮ ਨਹੀਂ ਹੋਣੀ, ਪੈਸੇ ਦੀ ਆਮਦ ਤੋਂ ਇਲਾਵਾ ਖਰਚ ਉਤੇ ਨਿਯੰਤਰਣ ਵੀ ਹੋਣਾ ਚਾਹੀਦਾ ਹੈ। ਜਮੀਨ, ਮਕਾਨ, ਕਾਰਖਾਨੇ, ਉਤਪਾਦਨ, ਤਕਸੀਮ ਗਲ ਕੀ ਹਰ ਸ਼ੈ ਸਰਕਾਰੀ ਕੀਤੀ ਜਾਂਵੇ, ਆਦਮੀਆਂ ਨੂੰ ਖੁਲਾ ਰੋਟੀ ਪਾਣੀ ਜੋਗਾ ਪੈਸਾ ਦਿਤਾ ਜਾਵੇ। ਕੀਮਤੀ ਵਡੀਆਂ ਚੀਜਾਂ ਦੀ ਵਿਕਰੀ ਸਰਕਾਰੀ ਦੇਖ ਰੇਖ ਵਿਚ ਹੋਵੇ। ਮਨੋ ਵੇਗ ਹੈ ਲਿਖ ਦਿਤਾ ਹੈ। ਕੋਰੀ ਕਲਪਣਾ ਹੈ। ਇਸ ਧਰਤੀ ਦਾ ਜੀਵ ਜਿਸ ਤਰਾਂ ਦੇ ਖਿਆਲ ਅਪਨਾਉਂਦਾ ਹੈ ਉਹ ਉਹੋ ਜਿਹਾ ਹੋ ਜਾਂਦਾ ਹੈ ਸੋ ਮੈਂ ਆਪ ਹੀ ਆਪਣਾ ਕਾਫੀਆ ਕਿਉਂ ਤੰਗ ਕਰਾਂ। ਤੰਗ ਹੋਣ ਹੇਰਾ ਫੇਰੀਆਂ ਕਰਨ ਵਾਲੇ ਮੈਂ ਕਿਉਂ ਤੰਗ ਹੋਵਾਂ। ਜਿਹੋ ਜਿਹੀਆਂ ਗਲਾਂ ਇਹ ਜੀਵ ਕਰਦੇ ਹਨ ਤਿਹੋ ਜਿਹੇ ਨਤੀਜੇ ਭਰਦੇ ਫਿਰਦੇ ਹਨ। ਕੁਰਪਟ ਸਰਕਾਰ ਹੈ ਤੇ ਕੁਰਪਟ ਇਸ ਦੇ ਕਰਮਚਾਰੀ ਅਤੇ ਟੈਕਸਚੋਰ ਇਸ ਦੀ ਜੰਤਾ। ਸਾਰਾ ਕੋੜਮਾ ਹੀ ਇਕ ਦੂਜੇ ਤੋਂ ਵਧ ਹਨ। ਸਪ ਨੂੰ ਸਪ ਲੜੇ ਵਿਹੁ ਕਿਹਨੂੰ ਚੜੇ। ਇਸ ਲਈ ਬਿਸ਼ਨ ਸਿੰਘਾ ਕਰ ਯਾਦ ਨਿਰੰਕਾਰ ਆਤਮਾ ਨੂੰ ਅਤੇ ਆਪਣੇ ਆਤਮਾ ਦੇ ਖਿਆਲਾਂ ਨੂੰ ਸੁਧਾਰਦਾ ਹੋਇਆ ਵਧ ਤੋਂ ਵਧ ਪਵਿਤਰ ਜੀਵਨ ਬਤੀਤ ਕਰ। ਵੇਖ ਉਸੇ ਹਿਸਾਬ ਤੈਨੂੰ ਖੁਸ਼ੀ ਸੁਰਖਰੂਈ ਹੋਈ ਜਾਂਦੀ ਹੈ। ਤੇਰੇ ਨਾਲੋਂ ਸੁਖੀ ਤਾਂ ਰਾਸ਼ਟਰਪਤੀ ਵੀ ਨਹੀਂ ਹੋ ਸਕਦਾ। ਤੂੰ ਨਿਰੰਕਾਰ ਬਣਿਆ ਪਿਆ ਹੈ ਵਾਹਿਗੁਰੂ ਬਣਿਆ ਪਿਆ ਹੈ। ਪੂਰਨ ਮੌਜ ਮੇਲੇ ਵਿਚ ਤੇਰੇ ਦਿਨ ਬਤੀਤ ਹੋ ਰਹੇ ਹਨ। ਕੀ ਲੈਣਾ ਹੈ ਦੁਨੀਆਂ ਬਾਰੇ ਸੋਚ ਵਿਚਾਰ ਕਰਕੇ ਦੁਨੀਆਂ ਤਾਂ ਨਿਰੀ ਉਸਤਰਿਆਂ ਦੀ ਮਾਲਾ ਹੈ। ਕਰਨ ਦੇਹ ਜਿਵੇਂ ਇਹਨਾਂ ਦਾ ਜੀਅ ਕਰਦਾ ਹੈ ਤੇ ਕਰਨ ਦੇ ਲੇਖੇ ਬਲੇਖੇ, ਤੈਨੂੰ ਤਾਂ ਆਨੰਦ ਹੈ ਨਾਂ।

### Selfishness ਖੁਦਗਰਜੀ

12.1.75 ਵੀਰ ਜੀ ਬਥੇਰੇ ਹਥ ਪੈਰ ਮਾਰੇ ਹਨ ਕਖ ਨਹੀਂ ਬਣਿਆ ਦੁਨੀਆਂ

ਨੂੰ ਸੁਧਾਰਨ ਦੀਆਂ ਬਥੇਰੀਆਂ ਗਪਾਂ ਮਾਰੀਆਂ ਪਰੰਤੂ ਬੇਸੂਦ। ਹਰ ਪਰਾਣੀ ਆਪਣੇ ਖਿਆਲਾਤ ਮਗਰ ਚਲਦਾ ਹੈ। ਸਗੋਹਨ ਗਲਤ ਗਲ ਨੂੰ ਸਚੀ ਸਮਝੀ ਤੇ ਕਹੀ ਜਾਂਦਾ ਹੈ ਜਦ ਤਕ ਨਵੇ ਸਚ ਦਾ ਪਤਾ ਤੇ ਯਕੀਨ ਨਾ ਹੋਵੇ ਬਦਲਦਾ ਨਹੀਂ। ਸਦੀਆਂ ਸੂਰਜ ਨੂੰ ਰਬ ਕਹਿੰਦਾ ਰਿਹਾ। ਅਜੇ ਵੀ ਮਾਇਆ ਨੂੰ ਅਨਾਦੀ ਮੰਨੀ ਜਾਂਦਾ ਹੈ। ਬਾਵਜੂਦ ਗੁਰੂ ਨਾਨਕ ਦੇਵ ਜੀ ਦੇ ਆਤਮਾ ਦੀ ਥਿਊਰੀ ਨੂੰ ਉਜਾਗਰ ਕਰਨ ਅਤੇ ਹੋਰ ਭਗਤਾਂ ਦੀਆਂ ਗਵਾਹੀਆਂ ਸਮੇਤ ਆਤਮਾ ਦੇ ਵਰਣਨ ਨੂੰ ਲਿਖਤ ਰੂਪ ਵਿਚ ਪੇਸ਼ ਕਰਨ ਦੇ, ਅਜੇ ਵੀ ਦੁਨੀਆਂ ਨੂੰ ਆਤਮਾ ਦਾ ਪਤਾ ਨਹੀਂ ਲਗਾ। ਅਜੇ ਵੀ ਦੁਨੀਆਂ ਆਤਮਾਂ ਅਤੇ ਆਤਮਾਂ ਦੇ ਕੰਮ ਕਰਨ ਦੇ ਤਰੀਕੇ ਨੂੰ ਸਮਝ ਨਹੀਂ ਸਕੀ। ਏਥੇ ਕੋਈ ਕਿਸੇ ਨੂੰ ਨਹੀਂ ਸੁਣਦਾ, ਮੰਨਦਾ। ਏਥੇ ਤਾਂ ਆਪਣੇ ਆਪ ਦਾ ਸੁਧਾਰ ਹੀ ਸੰਭਵ ਹੈ ਹੋਰ ਕਿਸੇ ਦੀ ਜਾਮਨੀ ਨਹੀਂ ਲਈ ਜਾ ਸਕਦੀ। ਮੇਰੇ ਤਜਰਬੇ ਵਿਚ ਆਇਆ ਹੈ ਕਿ ਅੰਤ ਆਪਣੇ ਆਪ ਨੂੰ ਹੀ ਸੁਧਾਰਿਆ ਜਾ ਸਕਦਾ ਹੈ। ਆਪਣੇ ਆਪ ਦੀ ਹੀ ਗਾਰੰਟੀ ਦਿਤੀ ਜਾ ਸਕਦੀ ਹੈ ਦੂਜੇ ਦੀ ਨਹੀਂ। ਸਕੇ ਸੋਦਰਿਆ ਇਥੋਂ ਤਕ ਕਿ ਮੀਆਂ ਬੀਵੀ ਵਿਚ ਵੀ ਭੇਦ ਮੌਜੂਦ ਹੁੰਦਾ ਹੈ। ਅਜਿਹੇ ਹਾਲਾਤ ਵਿਚ ਸਵਾਏ ਆਪਣੇ ਆਪ ਦਾ ਧਿਆਨ ਰਖਣ ਦੇ ਹੋਰ ਕੀ ਹੋ ਸਕਦਾ ਹੈ ਇਸ ਨੂੰ ਤੁਸੀ- ਭਾਵੇਂ Selfishness ਕਹੋ ਭਾਵੇਂ ਕੁਝ ਹੋਰ, ਮੁਕਦੀ ਗਲ ਏਥੇ ਆ ਕੇ ਹੀ ਹੈ ਕਿ ਬੈਠਾ ਵੇਖੇ ਵਖ ਇਕੇਲਾ। ਅਲਗ ਥਲਗ ਹੋ ਕੇ ਦੁਨੀਆਂ ਦਾ ਤਮਾਸ਼ਾ ਵੇਖਣ ਤੋਂ ਸਿਵਾ ਹੋਰ ਕੁਝ ਵੀ ਏਥੇ ਨਹੀਂ ਹੋ ਸਕਦਾ। ਬਾਕੀ ਸਭ ਹੈ ਵੀ ਤਾਂ ਹਉਮੈ ਦਾ ਹੀ ਪਸਾਰਾ। ਹਉ ਹਉ ਦੀ ਹੋੜ ਹਉ ਹਉ ਦਾ ਰਾਗ ਸਭ ਹਉ ਹੀ ਹਉ, ਮੈਂ ਹੀ ਮੈਂ। ਬਸ ਸੁਕੀਆ ਫੂਕਾਂ ਸ਼ਕਦੇ ਹਨ। ਲੋਕ, ਚਪੜਾਸੀ ਤੇ ਕਲਰਕ ਆਪਣੇ ਆਪ ਨੂੰ ਅਫਸਰ ਦਸਦੇ ਹਨ ਤੇ ਅਫਸਰਾਂ ਦਾ ਤੇ ਕਹਿਣਾ ਹੀ ਕੀ। ਸਾਰੀ ਸਰਕਾਰ ਦਾ ਮੇਨ ਥੰਮ ਬਣੇ ਬੈਠੇ ਹਨ। ਇਉਂ ਗਲਾਂ ਕਰਦੇ ਹਨ, ਕਿ ਬਸ ਖੁਦਾ ਦੀ ਖੁਦਾਈ ਹੀ ਇਨ੍ਹਾਂ ਦੇ ਦਮ ਨਾਲ ਚਲਦੀ ਹੈ। ਮਾਂ ਭਾਵੇਂ ਫੋਸੀ ਫੋਸੀ ਨੂੰ ਫਿਰੇ ਪਰੰਤੂ ਪੁਤ ਗੂਹਰੇ ਬਖਸ਼ਣ ਵਾਲੀਆਂ

ਫੂਟਾਂ ਮਾਰਨ ਦਾ ਤੇ ਸਮਾਜ ਵਿਚ ਫੈਸ਼ਨ ਜਿਹਾ ਹੀ ਹੋ ਗਿਆ ਹੈ । ਰਬ ਬਚਾਵੇ ਇਨ੍ਹਾਂ ਲੋਕਾਂ ਤੋਂ ਅਤੇ ਇਨ੍ਹਾਂ ਦੀਆਂ ਚਾਲਾਕੀਆਂ ਤਥਾ ਫੂਟਾਂ ਤੋਂ ।

## ਮੇਰੀ ਤਮੰਨਾ

18.2.75 ਮੈਂ ਕਿਸੇ ਦੀ ਗੁਲਾਮੀ ਪਸੰਦ ਨਹੀਂ ਕਰਦਾ, ਹਤਾ ਕਿ ਰਬ ਦੀ ਗੁਲਾਮੀ ਦੇ ਵੀ ਵਿਰੁਧ ਹਾਂ । ਮੈਂ ਐਸਾ ਆਤਮਾਂ ਨਹੀਂ ਬਣਨਾ ਚਾਹੁੰਦਾ ਜਿਹਨੂੰ ਵਾਹਿਗੁਰੂ ਜਿਧਰ ਚਾਹੇ ਘੁਮਾਈ ਫਿਰੇ । ਮੇਰੀ ਮੁਕਤ ਮੇਰੇ ਆਪਣੇ ਹਥ ਵਿਚ ਹੈ, ਕਿਸੇ ਦੂਸਰੀ ਹਸਤੀ ਦੇ ਹਥਾਂ ਵਿਚ ਨਹੀਂ । ਮੈਂ ਚਾਹਵਾਂ ਮੁਕਤ ਰਹਾਂ, ਤੇ ਰਹਿ ਸਕਦਾ ਹਾਂ, ਮੇਰੇ ਉਤੇ ਕੋਈ ਅਥੌਰਿਟੀ ਨਹੀਂ । ਕੋਈ ਹਾਕਮ ਨਹੀਂ । ਮੈਟੀਰੀਅਲ ਸਾਰੀ ਮੇਰੀ ਸੇਵਾਦਾਰ ਹੈ ।

ਮੈਂ ਪੂਰਨ ਧਨਵਾਨ ਬਣਨਾ ਚਾਹੁੰਦਾ ਹਾਂ, ਪਰੰਤੂ ਸਚਾਈ ਉਤੇ ਨਿਰਭਰ ਹੋ ਕੇ । ਇਹ ਖਵਾਹਸ਼ ਵੀ ਉਦੋਂ ਤਕ ਹੈ ਜਦ ਤਕ ਮੈਂ ਸਰੀਰ ਵਿਚ ਹਾਂ । ਮਰਨ ਮਗਰੋਂ ਨ ਸ਼ਰੀਰ ਦੀ ਲੋੜ ਹੈ ਨ ਧਨ ਆਦਿ ਦੀ, ਖਾਣ, ਪਹਿਨਣ ਸਭ ਨਾਮ ਹੀ ਨਾਮ ਦਾ ਹੋਵੇਗਾ ਭਾਵ ਜਦ ਤਕ ਇਸ ਦੁਨੀਆਂ ਉਤੇ ਇਨਸਾਨੀ ਰੂਪ ਵਿਚ ਹਾਂ ਮੇਰੀ ਤਮੰਨਾਂ ਇਹ ਹੈ ਕਿ ਮੈਂ ਸਤਿ, ਸੰਤੋਖ, ਦਯਾ, ਧਰਮ, ਧੀਰਜ ਨੇਕੀ ਸਚਾਈ, ਸਾਫਗੋਈ, ਈਮਾਨਦਾਰੀ, ਦਿਆਨਤਦਾਰੀ, ਨਿਮਰਤਾ, ਸੁਕ੍ਰਿਤ, ਸੇਵਾ, ਸਿਮਰਨ ਅਤੇ ਕੁਰਬਾਨੀ ਵਾਲਾ ਜੀਵਨ ਬਤੀਤ ਕਰਾਂ । ਮਰਨ ਮਗਰੋਂ ਜਾਂ ਸਰੀਰ ਛਡਣ ਪਿਛੋਂ ਪਰਮ-ਆਤਮਾਂ ਦਾ ਪਰਮਾਤਮਾਂ ਭਾਵ ਵਾਹਿਗੁਰੂ ਹੀ ਬਣ ਜਾਵਾਂ ਅਤੇ ਬਸ ਉਹੋ ਮੇਰਾ ਆਦਿ ਸੀ ਉਹੋ ਮੇਰਾ ਅੰਤ ਹੈ ।

## ਬੁਝ ਮੈਂ ਕੀ ਹਾਂ

19.2.75 ਮੇਰੇ ਥਲੇ ਉਤੇ ਅਗੇ ਪਿਛੇ. ਦਾਹਨੇਂ ਬਾਏਂ, ਅੰਦਰ ਬਾਹਰ ਚਾਰ ਚੁਫੇਰੇ ਵਾਹਿਗੁਰੂ ਹੀ ਵਾਹਿਗੁਰੂ ਹੈ । ਮੈਂ ਖਾਂਦਾ ਪੀਂਦਾ ਵਾਹਿਗੁਰੂ ਹਾਂ ਸੁੰਘਦਾ ਵਾਹਿਗੁਰੂ ਹਾਂ ਪਹਿਨਦਾ ਵਾਹਿਗੁਰੂ ਹਾਂ ਵਰਤਦਾ ਵਾਹਿਗੁਰੂ

ਹਾਂ। ਮੈਂ ਬਣਿਆਂ ਵਾਹਿਗੁਰੂ ਤੋਂ ਹਾਂ ਅਤੇ ਵਾਹਿਗੁਰੂ ਦਾ ਹਾਂ। ਫਿਰ ਦਸੋ ਮੈਂ ਕੀ ਹਾਂ ? ਭੋਲਿਆ ਤੂੰ ਵਾਹਿਗੁਰੂ ਦਾ ਸਰਗੁਣ ਮੁਜਸਮਾ ਹੈਂ। ਵਾਹਿਗੁਰੂ ਹੀ ਮਾਇਆ ਵਿਚ ਤੁਰਿਆ ਫਿਰਦਾ ਹੈ। ਇਸ ਲਈ ਤੇਰੇ ਲਈ ਕਰਤੂਤਾਂ ਤੋਂ ਵੀ ਵਾਹਿਗੁਰੂ ਬਣ ਕੇ ਰਹਿਣਾ ਅਤੀ ਜ਼ਰੂਰੀ ਹੈ। ਸਰੀਰ ਵਿਚ ਹੀ ਆਪਣੇ ਆਪ ਨੂੰ ਨਿਰਗੁਣ ਅਨੁਭਵ ਕਰੇ ਤਾਂ ਹੀ ਪਕਾ ਨਿਰਗੁਣ ਬਣ ਸਕੇਂਗਾ।

20.2.75 ਮੈਂ ਇਕ ਸਾਧਾਰਨ ਆਤਮਾਂ ਸਾਂ. ਅੰਮਿਰਤ ਛਕਣ ਦੇ ਬਾਦ ਗੁਰਸਿਖਾਂ ਕੋਲੋਂ ਪੁਛਦਾ, ਗੁਰਬਾਣੀ ਵਿਚੋਂ ਸਮਝਦਾ ਇਸ ਹਾਲਤ ਨੂੰ ਪਹੁੰਚ ਗਿਆ, ਕਿ ਵਾਹਿਗੁਰੂ ਮੇਰੇ ਵਿਚ ਪ੍ਰਗਟ ਹੋ ਗਿਆ, ਮੇਰਾ ਸਾਧਾਰਨ ਆਤਮਾਂ ਵਾਹਿਗੁਰੂ ਬਣ ਗਿਆ। ਸਬੂਤ ਦਰਸ਼ਨ ਅਤੇ ਕਰਾਮਾਤਾਂ, ਅਜ ਮੇਰਾ ਆਤਮਾ ਵਾਹਿਗੁਰੂ ਹੈ, ਮੈਂ ਜੀਉਂਦਾ ਜਾਗਦਾ ਵਾਹਿਗੁਰੂ ਹਾਂ ਕੰਮ ਹੈ ਮੇਰਾ ਲੋਕ ਸਿਖਿਆ, ਜਿਹੜਾਂ ਕਿ ਭਾਸ਼ਨਾ ਅਤੇ ਪੰਫਲਟਾ ਰਾਹੀਂ ਕਰ ਰਿਹਾ ਹਾਂ, ਜਿਨਾਂ ਦੇ ਭਾਗ ਧੁਰ ਦਰਗਾਂਹੋਂ ਚੰਗੇ ਹਨ, ਉਹ ਮੈਨੂੰ ਮਿਲਦੇ ਹਨ ਤਥਾ ਮੇਰੀ ਲਿਖਤ ਨੂੰ ਪੜਦੇ ਹਨ।

23.2.75 ਕੀ ਲਿਖਾਂ, ਲਿਖਣ ਨੂੰ ਕੁਝ ਬਾਕੀ ਵੀ ਨਹੀਂ ਰਹਿ ਗਿਆ। ਫੇਰ ਵੀ ਕਲਮ ਚੁਕੀ ਹੈ ਕੁਝ ਨ ਕੁਝ ਦਿਲ ਦਾ ਵੇਗ ਤਾਂ ਪ੍ਰਗਟ ਕਰਦਾ ਹਾਂ। ਵਾਹਿਗੁਰੂ ਇਕ ਸਪਿਰਟ ਹੈ ਰੂਹ ਹੈ ਆਤਮਾ ਹੈ soul ਹੈ। ਮੈਂ ਵੀ ਇਕ ਆਤਮਾਂ ਹਾਂ, ਮੇਰੇ ਅਤੇ ਵਾਹਿਗੁਰੂ ਵਿਚ ਫਰਕ ਕੀ ਹੈ ? ਪਵਿਤਰਤਾ ਦਾ ! ਜਦ ਮੈਂ ਮਲੀਨ ਖਿਆਲਾਂ ਵਾਲਾ ਸਾਂ ਤਾਂ ਆਪਣੇ ਹੀ ਵਿਚਾਰਾਂ ਦੇ ਤਹਿਤ ਨਾਨਾ ਪਰਕਾਰ ਦੀਆਂ ਜੂਨਾਂ ਵਿਚ ਭੌਂਦਾ ਰਿਹਾ। ਅਜ ਸਤਿਗੁਰ ਨਾਨਕ ਦੀ ਸਿਖਿਆ ਦਾ ਸਦਕਾ ਮੈਂ ਖਿਆਲਾਂ ਵਿਚੋਂ ਗੰਦਗੀ ਕਢ ਦਿਤੀ। ਹਉਮੈ, ਦੁਬਿਧਾ, ਤ੍ਰਿਸ਼ਨਾ, ਕਾਮ, ਕਰੋਧ, ਲੋਭ, ਮੋਹ, ਹੰਕਾਰ, ਝੂਠ ਨਿੰਦਾ, ਠੱਗੀ, ਧੋਖਾ, ਧਰੋਹ, ਕੁਟਿਲਤਾ, ਕਠੋਰਤਾ, ਅਗਿਆਨਤਾ, ਵੈਹਿਮ, ਭਰਮ, ਪਾਖੰਡ, ਜਾਦੂ ਟੂਣੇ, ਧਾਗੇ ਤਵੀਤਾਂ ਅਤੇ ਭੂਤਾਂ ਆਦਿ ਦਾ ਭਰਮ ਤੇ ਡਰ ਭੌ ਦੂਰ ਕੀਤਾ ਅਤੇ ਅਜ ਮੈਂ ਪਵਿਤਰ ਆਤਮਾ ਬਣ ਗਿਆ ਹਾਂ, ਭਾਵ ਵਾਹਿਗੁਰੂ ਬਣ ਗਿਆ ਹਾਂ।

ਇਸ ਗਲ ਦਾ ਇਹ ਮਤਲਬ ਹੋਇਆ ਕਿ ਦੁਨੀਆ ਭਰ ਦਾ ਸੁਖ ਅਰਾਮ, ਅਤੇ ਸਵਰਗੀ ਨਿਆਮਤਾ ਆਤਮਕ ਪਵਿਤਰਤਾ ਦੇ ਪਿਛੇ ਹਨ, ਆਤਮਕ ਪਵਿਤਰਤਾ ਦੀ ਬਦੌਲਤ ਸਭ ਕੁਝ ਬਣਦਾ ਹੈ ਸੇਹਤ, ਆਰਾਮ, ਸੁਖ, ਪੈਸਾ, ਜਸ, ਸਭ ਕੁਝ ਪਵਿਤਰ ਆਤਮਾ ਦੇ ਹਥਾਂ ਵਿਚ ਹੈ। ਪਵਿਤਰ ਆਤਮਾਂ ਦਾ ਹਰ ਖਿਆਲ ਪੂਰਾ ਹੁੰਦਾ ਹੈ, ਚੂੰਕਿ ਖ਼ਿਆਲ ਪਵਿਤਰ ਹੁੰਦੇ ਹਨ ਇਸ ਵਾਸਤੇ ਸੁਖ ਬਣ ਆਉਂਦਾ ਹੈ। ਖਿਆਲ ਪਵਿਤਰ ਕਰਨ ਲਈ ਨਾਮ, ਵਾਹਿਗੁਰੂ, ਸਤਿ, ਸੰਤੋਖ, ਦਯਾ, ਧਰਮ, ਧੀਰਜ ਨੇਕੀ ਸਚਾਈ ਸਾਫਗੋਈ ਈਮਾਨਦਾਰੀ ਦਿਆਨਤਦਾਰੀ ਨਿਮਰਤਾ, ਸੁਕ੍ਰਿਤ, ਸੇਵਾ, ਕੁਰਬਾਨੀ ਨੂੰ ਅਪਨਾਉਂਣਾ ਅਤੀ ਜ਼ਰੂਰੀ ਹੈ। ਇਹ ਹੀ ਜੀਵਨ ਦਾ ਸਾਰ ਹੈ ਅਤੇ ਸਫਲਤਾ ਦੀ ਪੂੰਜੀ ਹੈ।

26.2.75 ਆਤਮ ਪਸਾਰਾ ਕਰਨਹਾਰਾ ਵਾਹਿਗੁਰੂ ਹੈ, ਜਿਨੇ ਵੀ ਦਰਸ਼ਨ ਖ਼ਵਾਬਾਂ ਵਿਚ ਯਾਂ ਖੁਲੀਆਂ ਚੇਤਨ ਅਖਾਂ ਦੇ ਦੇਖਣ ਵਿਚ ਆਏ ਹਨ ਉਹ ਸਭ ਤੁਹਾਡੇ ਹੀ ਆਤਮਾਂ ਨੇ ਰੂਪ ਧਾਰੇ ਹੋਏ ਹੁੰਦੇ ਹਨ। ਰਚਨਾ ਕੀਤੀ ਹੋਈ ਹੈ। ਜਿਹੋ ਜਿਹਾ ਆਤਮਾਂ ਤੁਹਾਡੇ ਵਿਚ ਹੈ ਬਸ ਉਹੋ ਜਿਹਾ ਆਤਮਾਂ ਹੀ ਸਾਰੇ ਇਹਨਾਂ ਭਿੰਨ ਭਿੰਨ ਰੂਪਾਂ ਵਿਚ ਵਿਚਰਦਾ ਹੈ। ਸਭ ਆਤਮ ਰਾਮ ਹੀ ਆਤਮ ਰਾਮ ਹੈ। ਆਤਮਾਂ ਵਿਚ ਇਕ ਵਡਿਆਈ ਬੜੀ ਵਚਿਤਰ ਹੈ ਕਿ ਇਹ ਹਰ ਥਾਂ ਹੀ ਪੂਰਨ ਹੈ। ਘਟ ਕਿਧਰੇ ਬਿਲਕੁਲ ਨਹੀਂ। ਪੂਰਨ ਵੀ ਹੈ ਅਤੇ ਵਡੇ ਤੋਂ ਵਡਾ ਵੀ ਹੈ। ਜੇ ਤੁਹਾਨੂੰ ਆਪਣੇ ਆਤਮਾ ਵਿਚ ਵਿਸ਼ਵਾਸ ਹੈ ਕਿ ਇਹ ਵਡੇ ਤੋਂ ਵਡਾ ਹੈ ਤਾਂ ਨਿਰਸੰਦੇਹ ਇਹ ਅਕਾਲ ਪੁਰਖ ਹੈ। ਇਹ ਸਭ ਕੁਝ ਕਰ ਸਕਦਾ ਹੈ। ਵਡੀਆਂ ਕਰਾਮਾਤਾਂ ਜਿਹਨਾਂ ਨੂੰ ਦੁਨਿਆਵੀ ਲੋਕ ਅਨਹੋਣੀਆਂ ਕਹਿਣ, ਇਹ ਕਰ ਸਕਦਾ ਹੈ। ਬਸ਼ਰਤੇ ਕਿ ਤੁਹਾਨੂੰ ਇਹਦੇ ਵਿਚ ਵਿਸ਼ਵਾਸ ਹੋਵੇ, ਆਤਮਾਂ ਯਾਂ ਗੁਰੂ ਦੀ ਤਾਕਤ ਉਤੇ ਵਿਸ਼ਵਾਸ ਨੂੰ ਫਲ ਲਗਦੇ ਹਨ। ਤੁਹਾਡੇ ਆਤਮਾਂ ਦਾ ਵਿਸਵਾਸ ਹੀ ਪਰਤੱਖ ਹੁੰਦਾ ਹੈ। ਜ਼ਿੰਦਗੀ ਦੇ ਕਿਸੇ ਮਰਹਲੇ ਵਲ

ਵੇਖ ਲਉ, ਤੁਹਾਡੀ ਹਰ ਹਾਲਤ ਤੁਹਾਡੀ ਆਤਮਾਂ ਦੇ ਖਿਆਲਾਤ ਉਤੇ ਨਿਰਭਰ ਕਰਕੇ ਬਣੀ ਹੈ। ਅਜ ਜੇ ਅਸੀਂ ਆਦਮੀ ਰੂਪ ਵਿਚ ਹਾਂ ਤਾਂ ਇਹ ਹਾਲਤ ਸਾਡੇ ਆਪਣੇ ਖਿਆਲਾਂ ਸਦਕਾ ਹੀ ਬਣੀ ਹੈ। ਆਵਾ ਗੌਣ ਸਾਰੀ ਪ੍ਰਾਣੀ ਦੇ ਆਪਣੇ ਖਿਆਲਾਤ ਉਤੇ ਨਿਰਭਰ ਕਰਦੀ ਹੈ। ਤੁਸੀਂ ਮੁਕਤ ਹੋਣਾ ਚਾਹੋਂਗੇ ਤਦ ਹੀ ਮੁਕਤ ਪਦਵੀ ਨੂੰ ਪਾਉਗੇ, ਵਰਨਾਂ ਜਿਸ ਚੀਜ਼ ਯਾਂ ਹਾਲਾਤ ਦੀ ਚਾਹਨਾਂ ਕਰੋਗੇ ਉਹੀ ਕੁਝ ਹੋ ਜਾਉਗੇ। ਬਣ ਜਾਉਗੇ। ਵਾਹਿਗੁਰੂ ਨਾਮ ਤੁਹਾਡੇ ਆਪਣੇ ਆਤਮਾਂ ਦਾ ਹੈ। ਅਤੇ ਵਾਹਿਗੁਰੂ ਦਾ ਕੀਤਾ ਹੀ ਸਭੋ ਕੁਝ ਹੁੰਦਾ ਹੈ।

2.3.1975 ਵਾਹਿਗੁਰੂ ਜੋਤਿ ਰੂਪ ਬੱਦਲ ਵਰਗਾ, ਧੁੰਦ ਵਰਗਾ, ਨੂਰ ਹੈ। ਉਸ ਨੇ ਆਪਣੇ ਵਿਚੋਂ ਆਪਣੇ ਵਰਗੇ ਰੂਹ ਪੈਦਾ ਕੀਤੇ। ਇਹ ਰੂਹ, Soul Spirit, ਆਤਮਾਂ ਆਪਣੀ ਇਛਾ ਨਾਲ ਰਚਨਾ ਵਿਚ ਆਉਂਦੀਆਂ ਹਨ। ਮਿਟੀ ਤੋਂ ਲਗ ਕੇ ਮਨੁਖ ਤਕ ਸਾਰੇ ਕਿਰਦਾਰ ਇਹ ਆਤਮਾਵਾਂ ਹੀ ਨਿਭਾ ਰਹੀਆਂ ਹਨ। ਵੈਸੇ ਪ੍ਰਭੂ ਅਜੂਨੀ ਹੈ, ਜਨਮ ਮਰਨ ਦੇ ਗੇੜ ਵਿਚ ਸਿਆਣਾ ਬਿਆਣਾ ਹੋਣ ਕਰਕੇ ਨਹੀਂ ਆਉਂਦਾ। ਅਜ ਤਕ ਜਿੰਨੇ ਵੀ ਮਹਾਂਪੁਰਖ ਆ ਚੁਕੇ ਹਨ ਯਾਂ ਅਗੇ ਆਉਣਗੇ ਸਾਰੇ ਇਹਨਾਂ ਆਤਮਾਵਾਂ ਵਿਚੋਂ ਸਨ। ਜਿਹੜਾ ਆਤਮਾ ਪਵਿਤਰ ਹੋ ਕੇ ਜੀਉਂਦਾ ਹੀ ਜੋਤੀ ਜੋਤਿ ਮਿਲਾ ਗਿਆ। ਪ੍ਰਭੂ ਨੂੰ ਸਮਝ ਗਿਆ, ਪਾ ਗਿਆ, ਉਹ ਸੰਤ ਹੋ ਗਿਆ। ਗੁਰੂ ਹੋ ਗਿਆ। ਕਿਉਂਕਿ ਉਸ ਵਿਚ ਗੁਰੂ ਵਸਣ ਲਗ ਪਿਆ। ਇਸ ਲਈ ਵੀਰਨੋ ਤੁਹਾਡੇ ਅੰਦਰ ਵਸਣ ਵਾਲਾ ਆਤਮਾ ਹੀ ਸਚੇ ਅਰਥਾਂ ਵਿਚ ਗੁਰੂ ਹੈ, ਵਾਹਿਗੁਰੂ ਹੈ, ਪਵਿਤਰ ਹੋ ਕੇ ਆਪਣੇ ਆਪ ਨੂੰ ਲਭ ਲਿਆ ਪਛਾਣ ਲਿਆ ਤਾਂ ਪੂਰਨ ਵਾਹਿਗੁਰੂ, ਨਹੀਂ ਪਛਾਣ ਸਕਿਆ ਤਾਂ ਆਪਣੇ ਹੀ ਖਿਆਲਾਂ ਦੀ ਧੁਨ ਮਗਰ ਤੁਰਿਆ ਫਿਰੇਗਾ। ਮਿਟੀ ਤੋਂ ਆਦਮੀ ਤਕ ਤੇ ਆਦਮੀ ਤੋਂ ਮਿਟੀ ਤਕ ਨਾਨਾ ਪਰਕਾਰ ਦੀਆਂ ਜੂਨਾਂ ਵਿਚ ਜਮਦਾ ਮਰਦਾ ਫ਼ਿਰੇਗਾ। ਮਨੁਖਾ ਦੇਹੀ ਦਾ ਸਰਬ ਉਤਮ ਮਨੋਰਥ ਆਪਣੇ ਆਤਮਾ ਨੂੰ ਪਰਮਾਤਮਾ ਨਾਲ ਮਿਲਾਉਣ ਦਾ ਹੈ। ਆਤਮਾ ਨੂੰ ਵਾਹਿ-

ਗੁਰੂ ਬਨਾਉਣ ਦਾ ਹੈ। ਇਹ ਹੁੰਦਾ ਹੈ ਆਤਮਾ ਬਾਰੇ ਵਿਚਾਰ ਕੀਤਿਆਂ, ਆਤਮਾਂ ਦੀਆਂ ਵਡਿਆਈਆਂ ਤੇ ਗੁਣਾਂ ਦਾ ਖਿਆਲ ਕੀਤਿਆਂ ਅਸੀਂ ਲੋਕ ਸਰਬ ਉਤਮ ਆਤਮਾ (ਵਾਹਿਗੁਰੂ) ਦਾ ਜਸ ਏਸੇ ਵਾਸਤੇ ਗਾਉਂਦੇ ਹਾਂ ਕਿ ਸਾਨੂੰ ਆਪਣੇ ਟੀਚੇ ਦਾ ਪਤਾ ਲਗ ਜਾਵੇ। ਧਨ ਹਨ ਉਹ ਜਨ ਜਿਨਾਂ ਦਰਸ਼ਨ ਕੀਤੇ ਆਪਣੇ ਆਤਮਾਂ ਨੂੰ ਪ੍ਰਮਾਤਮਾ ਦੇ ਰੂਪ ਵਿਚ ਵੇਖਿਆ। ਵਾਹਿਗੁਰੂ ਐਸੇ ਜਨਾਂ ਦੀ ਸੰਗਤ ਬਖਸ਼ੇ।

2.3.75 ਅਜ ਉਹ ਵਾਹਿਗੁਰੂ ਉਹਨਾਂ ਪੁਰਸ਼ਾਂ ਵਿਚ ਹੈ, ਜਿਨਾਂ ਨੇ ਉਸ ਨੂੰ ਵੇਖ ਲਿਆ, ਪਾ ਲਿਆ। ਜਿਹੜੇ ਸਮਝਦੇ ਤੇ ਜਾਣਦੇ ਹਨ, ਕਿ ਉਹ ਉਹਨਾਂ ਵਿਚ ਵਸ ਰਿਹਾ ਹੈ। ਉਹ ਪੁਰਖ ਹੋਰਨਾਂ ਚਾਹਵਾਨਾਂ ਨੂੰ ਵੀ ਪਰਮਾਤਮਾਂ ਦਿਖਾ ਸਕਦੇ ਹਨ। ਇਹ ਸਮਰਥ ਹੈ ਉਹਨਾਂ ਵਿਚ, ਵਾਹਿਗੁਰੂ ਐਸੇ ਮਹਾਂਪੁਰਖਾਂ ਦੀ ਸੰਗਤ ਬਖਸ਼ੇ।

1158 ਬੋਲਨ ਹਾਰੁ ਪਰਮ ਗੁਰੁ ਏਹੀ

1163 ਜਿਨ ਕੈ ਭੀਤਰਿ ਹੈ ਅੰਤਰਾ, ਜੈਸੇ ਪਸੁ ਤੈਸੇ ਓਇ ਨਰਾ

535 ਸਫਲ ਮੂਰਤਿ ਗੁਰੁ ਮੇਰੈ ਮਾਥੈ, ਜਤ ਕਤ ਪੇਖਉ ਤਤ ਤਤ ਸਾਥੈ

16.3.75 ਵਾਹਿਗੁਰੂ ਇਕ ਨੂਰ ਹੈ, ਕਿਸ ਤਰਾਂ ਦਾ ਨੂਰ ਹੈ ਬਿਲਕੁਲ ਸਹੀ ਤੌਰ ਉਤੇ ਵਰਣਨ ਨਹੀਂ ਕੀਤਾ ਜਾ ਸਕਦਾ। ਵੇਖਿਆ ਹੀ ਪਰਵਾਨ ਹੈ, ਉਹ ਨੂਰ ਇਕ ਤੋਂ ਅਨੇਕ ਹੋ ਗਿਆ। ਬੇਓੜਕ ਵਾਹਿਗੁਰੂ ਹੋ ਗਿਆ। ਪੂਰਨ ਸਮਝਦਾਰ ਤਾਂ ਆਪਣੇ ਨੂਰੀ ਰੂਪ ਨਿਰਗੁਣ ਰੂਪ ਵਿਚ ਹੀ ਰਹਿਆ। ਪਰੰਤੂ ਕਈ ਵਾਹਿਗੁਰੂ ਦੇ ਕਣਾਂ ਨੇ ਚੇਤਨਤਾ ਦੇ ਕਾਰਨ ਜਿਸ ਰੂਪ ਦਾ ਧਿਆਨ ਕੀਤਾ ਉਹ ਉਹੋ ਬਣਦੇ ਗਏ। ਪਿਛਾ ਭੁਲਦਾ ਗਿਆ ਅਤੇ ਅਗੇ ਤੋਂ ਅਗੇ ਤੁਰ ਗਏ ਜਿਵੇਂ ਛੋਟਾ ਬਚਾ ਦੁਨਿਆਵੀ ਦਿਸਦੀਆਂ ਚੀਜ਼ਾਂ ਵਸਤਾਂ ਦੇ ਧਿਆਨ ਪਿਛਾ ਭੁਲ ਜਾਂਦਾ ਹੈ ਅਤੇ ਅਗੇ ਤੋਂ ਅਗੇ ਤੁਰਿਆ ਜਾਂਦਾ ਹੈ। ਕਦੀ ਡਾਕਟਰ, ਕਦੀ ਜਿਮੀਨਦਾਰ ਕਦੇ ਪਰੋਫੈਸਰ ਕਦੇ ਅਫਸਰ ਕਦੇ ਸਿਆਸੀ ਸੇਵਾਦਾਰ

ਬਣਦਾ ਫਿਰਦਾ ਹੈ। ਕਿਸੇ ਵੀ ਦੁਨਿਆਵੀ ਢਾਂਚੇ ਵਿਚ ਇਹਨੂੰ ਪੂਰਨ ਸੁਖ ਨਹੀਂ। ਸਭ ਤੋਂ ਉਤਮ ਦੇਹ ਮਨੁਖ ਦੀ ਹੈ ਪਰੰਤੂ ਵੇਖ ਲਉ ਕਿੰਨੇ ਦੁਖਾਂ ਦੀ ਭਰੀ ਹੈ। ਹਾਰ ਹੰਭ ਕੇ ਤੰਗ ਆ ਕੇ ਆਪਣੇ ਅਸਲੇ ਦੀ ਸੋਚ ਵਿਚਾਰ ਕਰਦਾ ਹੈ। ਭਲੇ ਪੁਰਸ਼ ਦਸਦੇ ਹਨ ਤੇਰਾ ਨਾਉਂ ਵਾਹਿਗੁਰੂ ਹੈ ਤੇਰਾ ਅਸਲਾ ਇਕ ਨੂਰ ਹੈ ਬਦਲ ਵਰਗਾ, ਆਤਮਾਂ ਹੈ। ਉਸਦੇ ਬਾਰੇ ਖੋਜ ਪੜਤਾਲ ਜਾਰੀ ਕਰਦਾ ਹੈ। ਪਹਿਲਾਂ ਸਿਰਫ ਨਾਮ ਹੀ ਜਪਦਾ ਹੈ ਫਿਰ ਸੋਚ ਵਿਚਾਰ ਕਰਦਾ ਕਰਦਾ ਵਾਹਿਗੁਰੂ ਨੂੰ ਪਰਗਟ ਕਰ ਲੈਂਦਾ ਹੈ। ਵਾਹਿਗੁਰੂ ਹਰ ਵੇਲੇ ਮਥੇ ਵਿਚ ਦਿਸਣ ਲਗ ਪੈਂਦਾ ਹੈ ਅਤੇ ਪਤਾ ਲਗਦਾ ਹੈ ਕਿ ਮੇਰਾ ਹੀ ਆਤਮਾਂ ਹੈ ਇਹ ਮੈਂ ਹੀ ਵਾਹਿਗੁਰੂ ਹਾਂ ਆਪ ਹੀ ਆਪਣੀ ਖੁਸ਼ੀ ਨਾਲ ਰਚਨਾ ਕੀਤੀ ਸੀ ਅਤੇ ਆਪ ਹੀ ਆਪਣੀ ਤਮੰਨਾਂ ਨਾਲ ਰਚਨਾ ਤੋਂ ਬਾਹਰ ਨਿਰਗੁਣ ਸਰੂਪ ਵਿਚ ਰਹਿਣਾਂ ਸੰਭਵ ਹੈ। ਆਪ ਹੀ ਜੀਉਂਦਿਆਂ ਹੀ ਜੋਤਿ ਨਾਲ ਇਕ ਰੂਪ ਹੋ ਜਾਂਦਾ ਹੈ ਅਤੇ ਸ਼ਰੀਰ ਛਡਣ ਪਿਛੋਂ ਆਪਣੇ ਹੀ ਬਣੇ ਖਿਆਲਾਂ ਅਨੁਸਾਰ ਜੋਤਿ ਦਾ ਜੋਤਿ, ਨੂਰ ਦਾ ਨੂਰ ਹੀ ਹੋਇਆ ਰਹਿੰਦਾ ਹੈ। ਪੂਰਨ ਹੋਸ ਵਾਲਾ ਚੇਤਨ ਤੇ ਸਿਆਣਾ ਹੁੰਦਾ ਹੈ ਦੁਨਿਆਵੀ ਸਰੀਰਾਂ ਦੇ ਦੁਖ ਕਲੇਸਾਂ ਤੋਂ ਜਾਣੂ ਹੁੰਦਾ ਹੈ ਅਤੇ ਨਿਰ-ਗੁਣ ਵਾਹਿਗੁਰੂ ਨਾਲ ਸਦੀਵ ਮਿਲਿਆ ਰਹਿੰਦਾ ਹੈ।

541 ਹਰਿ ਕਾ ਏਕ ਅਚੰਭਉ ਦੇਖਿਆ ਮੇਰੇ ਲਾਲ ਜੀਉ ਜੋ ਕਰੇ ਸੁ ਧਰਮ ਨਿਆਇ ਰਾਮ
ਸਚੁ ਕਹੈ ਨਾਨਕੁ ਸੁਣਹੁ ਸੰਤਹੁ ਹਰਿ ਵਰਤੈ ਧਰਮ ਨਿਆਇ

548 ਨਾਨਕ ਮਨਮੁਖ ਜਗਤੁ ਧਨਹੀਣੁ ਹੈ ਅਗੈ ਭੁਖਾ ਕਿ ਖਾਇ।

549 ਤੇਰੀ ਵਡਿਆਈ ਤੂਹੈ ਜਾਣਦਾ ਤੁਧੁ ਜੇਵਡੁ ਅਵਰੁ ਨ ਕੋਈ
ਤੁਧੁ ਜੇਵਡ ਹੋਰੁ ਸਰੀਕ ਹੋਵੈ ਤਾਂ ਆਖੀਐ ਤੁਧੁ ਜੇਵਡੁ ਤੂਹੈ ਹੋਈ
ਜਿਨਿ ਤੂ ਸੇਵਿਆ ਤਿਨਿ ਸੁਖੁ ਪਾਇਆ ਹੋਰੁ ਤਿਸਦੀ ਰੀਸ ਕਰੇ ਕਿਆ ਕੋਈ

ਤੂ ਭੰਨਣ ਘੜਣ ਸਮਰਥੁ ਦਾਤਾਰੁ ਹਰਿ ਤੁਧੁ ਅਗੈ ਮੰਗਣ ਨੋ ਹਥ ਜੋੜਿ ਖਲੀ

ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ ਤੁਧੁ ਸਭਸੈ ਨੂੰ ਦਾਨ ਸਭ ਹੋਈ

ਦਿਤਾ ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ

556 ਗਿਆਨੀ ਹੋਇ ਸੁ ਚੇਤੰਨ ਹੋਇ ਅਗਿਆਨੀ ਅੰਧੁ ਕਮਾਇ
ਨਾਨਕ ਏਥੈ ਕਮਾਵੈ ਸੋ ਮਿਲੈ ਅਵਗੈ ਪਾਏ ਜਾਇ

574 ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ ਨ ਪਾਇਆ ਰਾਮ
ਤਿਨ ਨਿਹਫਲੁ ਤਿਨ ਨਿਹਫਲੁ ਜਨਮੁ ਸਭੁ ਬ੍ਰਿਥਾ ਗਵਾਇਆ ਰਾਮ

602 ਐਥੈ ਬੂਝੈ ਸੋ ਆਪ ਪਛਾਣੈ ਹਰਿ ਪ੍ਰਭੁ ਹੈ ਤਿਸੁ ਕੇਰਾ

602 ਸੋ ਗੁਰੂ ਸੋ ਸਿਖੁ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ

646 ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ
ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ

655 ਕਿਆ ਪੜੀਐ ਕਿਆ ਗੁਨੀਐ, ਕਿਆ ਬੇਦ ਪੁਰਾਨਾ ਸੁਨੀਐ
ਪੜੇ ਸੁਨੇ ਕਿਆ ਹੋਈ, ਜਉ ਸਹਜ ਨ ਮਿਲਿਓ ਸੋਈ

661 ਆਤਮਾ ਪਰਾਤਮਾ ਏਕੋ ਕਰੈ, ਅੰਤਰ ਕੀ ਦੁਬਿਧਾ ਅੰਤਰਿ ਮਰੈ

7.4.75
1. ਇਕ ਵਾਹਿਗੁਰੂ ਅਨੇਕ ਹੋ ਗਿਆ
2. ਕਈ ਜੁਗ ਧੁੰਦੂਕਾਰੇ ਦੀ ਸ਼ਕਲ ਵਿਚ ਪਿਆ ਰਿਹਾ
3. ਸੁਖ ਅਰਾਮ ਦੀ ਬਹੁਲਤਾ ਵਿਚੋਂ ਕਈ ਰੂਹਾਂ ਨੇ ਫਿਰ ਤੁਰ ਕੇ ਮੇਲਾ ਵੇਖਣ ਦਾ ਇਰਾਦਾ ਕੀਤਾ। ਰਚਨਾ ਕਰਨੀ ਪਸੰਦ ਕੀਤੀ ਅਤੇ ਮਾਇਆ ਵਿਚ ਆ ਗਏ, ਸਗੁਣ ਬਣ ਗਏ।

4. ਪਹਿਲਾਂ ਪਈ ਹਉਮੈ, ਫੇਰ ਦੁਬਿਧਾ ਤ੍ਰਿਸਨਾ ਨੇ ਸਾਰੇ ਘੁੰਡ ਚੁਕ ਦਿਤੇ, ਕਾਮ, ਕਰੋਧ ਆਦਿ ਦਾ ਪਰਵੇਸ਼ ਹੋ ਗਿਆ। ਜੀਵ ਅਗੇ ਤੋਂ ਅਗੇ ਆਪਣੇ ਹੀ ਖਿਆਲਾਂ ਮਗਰ ਤੁਰਿਆ ਗਿਆ, ਪਿਛਾ ਬਿਲਕੁਲ ਭੁਲ ਗਿਆ। ਹਜਾਰਾਂ ਸਰੀਰ ਧਾਰੇ, ਹਜਾਰਾਂ ਕਿਤੇ ਕੀਤੇ, ਬੁਰਿਆਈਆਂ ਵਧ ਗਈਆਂ ਚੰਗਿਆਈਆਂ ਘਟ ਗਈਆਂ, ਦੁਖ ਤਕਲੀਫਾਂ, ਬੀਮਾਰੀਆਂ ਆਦਿ ਪੇਸ਼ ਆਈਆਂ, ਰੋਇਆ, ਕੁਰਲਾਇਆ।

5. ਗੁਰਮੁਖਿ ਮਿਲਿਆ, ਉਸ ਦਸਿਆ ਤੂੰ ਤਾਂ ਵਾਹਿਗੁਰੂ ਹੈ। ਆਪਣੇ ਮੂਲ ਰੂਪ ਨੂੰ ਪਛਾਣ ਕੇ ਉਸ ਵਿਚ ਮਿਲ।

6. ਵਾਹਿਗੁਰੂ ਵਾਹਿਗੁਰੂ ਕਰਨ ਲਗਾ। ਫਿਰ ਵਾਹਿਗੁਰੂ ਬਾਰੇ ਸੋਚਣ ਵਿਚਾਰਨ ਲਗ ਪਿਆ। ਕਈ ਮਨੁਖਾਂ ਨੂੰ ਪੁਛਿਆ ਕਿਤਾਬਾਂ ਪੜ੍ਹੀਆਂ, ਗੁਰਬਾਣੀ ਘੋਖਦੇ ਕਰਦੇ ਨੂੰ ਵਾਹਿਗੁਰੂ ਨਜ਼ਰ ਆਇਆ। ਪਰੰਤੂ ਪਛਾਣਿਆਂ ਨਹੀਂ ਗਿਆ।

7. ਟਕਰਾਂ ਮਾਰਦੇ ਨੂੰ ਪਛਾਣ ਕਰਾਉਣ ਵਾਲੇ ਵੀ ਮਿਲ ਪਏ ਪਤਾ ਲਗਾ ਉਹ ਵਾਹਿਗੁਰੂ ਤਾਂ ਮੇਰਾ ਆਤਮਾ ਹੈ। ਮੇਰੇ ਆਪਣੇ ਵਿਚ ਰੂਹ ਰੂਪ ਵਿਚ ਵਸਦਾ ਹੈ। Soul ਦਾ ਕੀਤਾ ਹੀ ਸਭ ਕੁਝ ਹੁੰਦਾ ਹੈ, Soul ਹੀ ਵਾਹਿਗੁਰੂ ਹੈ।

8. Soul ਦੇ ਬਿਗੜੇ ਹੋਏ ਖਿਆਲਾਤ ਨੂੰ ਸ਼ੁਧ, ਪਵਿਤਰ ਕਰਨ ਲਗ ਪਿਆ। ਗੁਰਬਾਣੀ ਰੂਹ Soul ਦਾ ਜਿਕਰ ਮਿਠਾ ਲਗਣ ਲਗ ਪਿਆ। ਦੁਖ ਤਕਲੀਫਾਂ ਦੂਰ ਹੋ ਗਈਆਂ। ਸਾਰੀ ਸਰਿਸ਼ਟੀ ਭਾਈਚਾਰਾ ਜਾਪਿਆ। ਆਪੋਂ ਗੁਰਮੁਖ ਬਣ ਗਿਆ।

9. ਟਿਕ ਗਿਆ, ਸਹਿਜ ਅਵਸਥਾ ਪਾ ਲਈ, ਭਟਕਣਾ ਮੁਕ ਗਈ।

10. ਸਰੀਰ ਛਡਿਆ, ਮਾਇਆ ਛਡੀ ਅਤੇ ਜਿਸ ਨਿਰਗੁਣ ਦਾ ਧਿਆਨ ਕਰਦਾ ਸੀ ਉਸੇ ਵਿਚ ਉਹੋ ਕੁਝ ਹੋ ਕੇ ਸਮਾ ਗਿਆ,

ਨਿਰਗੁਣ ਤੋਂ ਉਠਿਆ ਕਿਣਕਾ, ਭੁਲਾ ਭਟਕਾ ਦਾ ਲੰਮਾ ਸਫਰ ਕਰਕੇ ਮੁੜ ਨਿਰਗੁਣ ਹੋ ਕੇ ਅਨੰਦ ਵਿਭੋਰ ਹੋ ਗਿਆ ।

28.6.75 1. ਰੂਹ ਉਤੇ ਬਣੇ ਚੰਗੇ ਮੰਦੇ ਇਮਰੈਸ਼ਨ ਜੀਵ ਦੇ ਸੁਖ ਤਥਾ ਦੁਖ ਦਾ ਕਾਰਨ ਬਣਦੇ ਹਨ ।

2. ਥੋੜੇ ਸਮੇਂ ਲਈ ਮਿਲੇ ਕਿਸੇ ਵੀ ਜੀਵਨ ਲਈ ਵਕਤੀ ਸੁਖਾਂ ਦੀ ਹਵਸ ਵਿਚ ਇਨਸਾਨ ਮਾੜੇ ਕਰਮ ਕਰਦਾ ਹੈ ਅਤੇ ਅੰਤ ਮਾੜੀ ਰੁਚੀ ਵਿਚ ਫਸ ਜਾਂਦਾ ਹੈ ।

3. ਕਾਮ, ਕਰੋਧ, ਲੋਭ, ਮੋਹ, ਹੰਕਾਰ, ਝੂਠ ਅਤਿ ਦਰਜੇ ਦੇ ਕੀਤੇ ਜਾਣ ਤਾਂ ਮਾੜੀਆਂ ਰੁਚੀਆਂ ਹਨ ।

4. ਭਾਵੇਂ ਵਕਤੀ ਸੁਖਾਂ ਤੋਂ ਵਾਂਝਿਆ ਹੀ ਰਹਿਣਾ ਪਵੇ ਪਰੰਤੂ ਮਾੜੀਆਂ ਰੁਚੀਆਂ ਨਹੀਂ ਅਪਨਾਉਣੀਆਂ ਚਾਹੀਦੀਆਂ ।

5. ਜੈਸਾ ਸਿਮਰੋਗੇ ਵੈਸੇ ਬਣ ਜਾਉਗੇ, ਇਸ ਲਈ ਮਾਈ, ਸ਼ਿਵ ਕਹਿ ਕੇ ਨ ਸਿਮਰੋ, ਵਰਨਾ ਜਨਾਨੀ ਬਣੋਗੇ ਤੇ ਸੁਕੇ ਪਹਾੜਾਂ ਉਤੇ ਜਮੋਗੇ, ਸਦਾ ਗੁਰਮੁਖ ਰੂਪ ਦਾ ਧਿਆਨ ਰਖੋ । ਵਾਹਿਗੁਰੂ ਕਹਿ ਕੇ ਸਿਮਰੋ, ਜੇ ਆਦਮੀ ਬਣੋਗੇ ਤਾਂ ਨਾਨਕ ਗੋਬਿੰਦ ਵਰਨਾਂ ਨਿਰਗੁਣ ਜੋਤਿ ਹੋ ਜਾਉਗੇ ।

6. ਪਿਛਲੇ ਪਏ ਖਿਆਲਾਂ ਅਨੁਸਾਰ ਮਨ ਮਾੜੇ ਕੰਮਾਂ ਦੀਆਂ ਤਰੰਗਾਂ ਦੇਂਦਾ ਹੈ, ਇਨ੍ਹਾਂ ਮਾੜੀਆਂ ਤਰੰਗਾਂ ਨੂੰ ਗੁਰਸ਼ਬਦੀ ਹੋੜਨਾ ਚਾਹੀਦਾ ਹੈ। ਇਕ ਵੇਰ ਦੀ ਹਾਰ ਸਦੀਵੀ ਹਾਰ ਨਹੀਂ ਪਰੰਤੂ ਇਕ ਵਾਰ ਦੀ ਜਿਤ ਸਦੀਵੀ ਪਕੀ ਜਿਤ ਦਾ ਮੁਢ ਹੈ ।

7. ਨਿਵਣ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ

8. ਇਕੁ ਫਿਕਾ ਨ ਗਲਾਇ ਸਭਨਾਂ ਮੈਂ ਸਚਾ ਧਣੀ
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ

65 ਜਿਸੁ ਸਿਉ ਰਾਤਾ ਤਿਸੋ ਹੋਵੇ ਸਚੇ ਸਚਿ ਸਮਾਇਆ

88 ਸਤਿਗੁਰੁ ਸੇਵੇ ਆਪਣਾ ਸੋ ਸਿਰ ਲੇਖੈ ਲਾਇ
ਦੂਜੈ ਭਾਇ ਅਗਿਆਨੀ ਪੂਜਦੇ ਦਰਗਹ ਮਿਲੈ ਸਜਾਇ
ਆਤਮ ਦੇਉ ਪੂਜੀਐ ਬਿਨੁ ਸਤਿਗੁਰੂ ਬੂਝ ਨ ਪਾਇ

117 ਸੋ ਨਿਗੁਰਾ ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ

120 ਸਭ ਏਕਾ ਜੋਤਿ ਜਾਣੈ ਜੇ ਕੋਈ
ਸਤਿਗੁਰੁ ਸੇਵੀਐ ਪਰਗਟ ਹੋਈ
ਗੁਪਤੁ ਪਰਗਟੁ ਵਰਤੈ ਸਭ ਥਾਈ ਜੋਤੀ ਜੋਤਿ ਮਿਲਾਵਣਿਆ

125 ਏਕਾ ਜੋਤਿ ਜੋਤਿ ਹੈ ਸਰੀਰਾ, ਸਬਦਿ ਦਿਖਾਏ ਸਤਿਗੁਰੁ ਪੂਰਾ

130 ਪਹਿਲੋ ਦੇ ਤੈ ਰਿਜਕ ਸ਼ਮਾਹਾ, ਪਿਛੋਂ ਦੇ ਤੈ ਜੰਤੁ ਉਪਾਹਾ

136 ਆਪ ਕਮਾਣੈ ਵਿਛੁੜੀ ਦੋਸ ਨ ਕਾਹੂ ਦੇਣ

159 ਸਚੀ ਭਗਤਿ ਵਿਚਹੁ ਆਪੁ ਖੋਇ

401 ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ
ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ
ਪੁੰਨਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ
ਹਰਿ ਹਰਿ ਰਸਨਾਂ ਜੋ ਜਪੈ ਤਿਸੁ ਪੂਰਨ ਕਾਮੁ

407 ਅਲਖ ਲਖਾਇਆ ਗੁਰ ਤੇ ਪਾਇਆ ਨਾਨਕ ਇਹੁ ਹਰਿ ਕਾ ਚੋਲਾ

417 ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ

435 ਸਤਿਗੁਰ ਬਾਝਹੁ ਗੁਰੁ ਨਹੀਂ ਕੋਈ ਨਿਗੁਰੇ ਕਾ ਹੈ ਨਾਉ ਬੁਰਾ
ਨਾਨਕ ਜਿਨ ਕਉ ਸਤਿਗੁਰੁ ਮਿਲਿਆ ਤਿਨ ਕਾ ਲੇਖਾ ਨਿਬੜਿਆ

509 ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦ ਕਮਾਇ

583 ਇਕਿ ਰੋਵਹ ਪਿਰਹਿ ਵਿਛੁਨੀਆਂ ਅੰਧੀਨ ਜਾਣੈ ਪਿਰੁ ਨਾਲੇ
ਇਹ ਤਨੁ ਰੁਲੈ ਰੁਲਾਇਆ ਕਾਮਿ ਨਾ ਆਇਆ ਜਿਨਿ ਖਸਮੁ ਨ ਜਾਤਾ ਹਦੂਰੇ

602 ਐਥੈ ਬੁਝੈ ਸੁ ਆਪੁ ਪਛਾਣੈ ਹਰਿ ਪ੍ਰਭੁ ਹੈ ਤਿਸੁ ਕੇਰਾ
ਸੋ ਗੁਰੂ ਸੋ ਸਿਖ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ

667 ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕਿਲਾਲੀ

755 ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ
ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ

758 ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ ਵਿਚੁ ਦੇ ਤੁਝੈ ਧਿਆਈ
ਜੋ ਤੁਧੁ ਸੇਵਹਿ ਤੂਹੈ ਹੋਵਹਿ ਸੇਵਕ ਪੈਜ ਰਖਾਈ

1041 ਝੂਠੀ ਜਗ ਹਿਤ ਕੀ ਚਤੁਰਾਈ

1042 ਭਗਤਿ ਹੇਤਿ ਗੁਰ ਸਬਦਿ ਤਰੰਗਾ

1229 ਸੁਭ ਬਚਨ ਬੋਲਿ ਗੁਨ ਅਮੋਲ

1386 ਊਚੇ ਤੇ ਊਚੌ ਜਾਨੀਜੈ ਪ੍ਰਭ ਤੇਰੋ ਥਾਨੰ

1386 ਹਰਿ ਗੁਰੁ ਨਾਨਕੁ ਜਿਨ ਪਰਸਿਓ ਤੇ ਇਤ ਉਤ ਸਦਾ ਮੁਕਤੇ

30.6.75 ਜੋ ਦਰਸ਼ਨ ਹੋਏ ਸਨ ਯਾ ਹੁੰਦੇ ਹਨ ਉਹ ਆਪਣੇ ਆਤਮਾਂ ਦੇ ਸਨ ਅਤੇ ਹਨ। ਜੋ ਦੁਨੀਆਂ ਹੈ ਸਭ ਵਿਚ ਅੰਦਰਖਾਨੇ ਆਤਮਾਂ ਹੈ। ਮੈਂ ਇਕ ਆਤਮਾਂ ਹੀ ਸਰੀਰ ਵਿਚ ਬੈਠਾ ਹਾਂ। ਮੈਂ ਵੀ ਆਤਮਾਂ ਹਾਂ ਅਤੇ ਵਾਹਿਗੁਰੂ ਭੀ ਆਤਮਾਂ ਹੈ। ਫੰਡਾਮੈਂਟਲ ਫਰਕ ਬਿਲਕੁਲ ਕੋਈ ਨਹੀਂ, ਹਾਂ ਜਿਵੇਂ ਮੈਂ ਕਿਸੇ ਦੂਸਰੇ ਪੁਰਸ਼ ਨਾਲੋਂ ਆਤਮਕ ਪਵਿਤਰਤਾ ਵਿਚ ਭਿੰਨ ਹਾਂ, ਹੋ ਸਕਦਾ ਹੈ ਮੇਰੇ ਨਾਲੋਂ ਵਾਹਿਗੁਰੂ ਬਹੁਤ ਜ਼ਿਆਦਾ ਪਵਿਤਰ ਹੋਵੇ। ਪਰੰਤੂ ਚੀਜ਼ ਤਾਂ ਦੋਵੇਂ ਇਕ ਹਾਂ। ਇਸ ਲਈ ਜੇ ਮੈਂ ਅਤਿ ਦਾ ਪਵਿਤਰ ਬਣ ਜਾਵਾਂ ਤਾਂ ਮੈਂ ਪਰਮਾਤਮਾ ਬਣ ਸਕਦਾ ਹਾਂ।

ਦਰਸ਼ਨ ਤੇ ਕਰਾਮਾਤਾਂ ਹੁੰਦੀਆਂ ਹੀ ਆਤਮਕ ਪਵਿਤਰਤਾ ਦੀ ਗਾਰੰਟੀ ਹਨ ਜਿਹੜੀਆਂ ਕਿ ਮੇਰੇ ਨਾਲ ਹੋ ਚੁਕੀਆਂ ਹਨ ਅਤੇ ਪ੍ਰਤੀਦਿਨ ਵਾਪਰ ਰਹੀਆਂ ਹਨ। ਇਸ ਵਾਸਤੇ ਮੈਨੂੰ ਇਹ ਮੰਨਣ ਵਿਚ ਹਿਚਕਚਾਹਟ ਨਹੀਂ ਕਿ ਮੇਰੇ ਵਿਚ ਰਬ ਵਸਦਾ ਹੈ ਯਾ ਇੰਜ ਕਹਿ ਲਉ ਕਿ ਮੇਰਾ ਆਤਮਾਂ, ਪ੍ਰਮਾਤਮਾਂ ਬਣ ਗਿਆ ਹੈ। ਹਛਾ ਜੇ ਇਹ ਗਲ ਹੈ ਤਾਂ ਤੂੰ ਮਨਮਰਜ਼ੀ ਦੀਆਂ ਕਰਾਮਾਤਾਂ ਕਿਉਂ ਨਹੀਂ ਕਰ ਸਕਦਾ ? ਹੁੰਦਾ ਨਿਰਸੰਦੇਹ ਉਹੋ ਕੁਝ ਹੈ ਜੋ ਮੇਰਾ ਆਤਮਾਂ ਚਾਹੁੰਦਾ ਹੈ ਪਰੰਤੂ ਦੇਰੀ ਯਾਂ ਤਤਫਟ ਨਿਰਭਰ ਹੈ ਕੰਮ ਉਤੇ। ਤਤਫਟ ਹੋਣ ਵਾਲੇ ਕੰਮ ਛੇਤੀ ਹੋ ਜਾਂਦੇ ਹਨ ਪਰੰਤੂ ਦੇਰ ਵਾਲੇ ਕੰਮ ਵਿਚ ਦੇਰੀ ਲਗਦੀ ਹੈ! ਅਗੇ ਪਿਛੇ ਜਾਣਾਂ ਹੈ ਤਿਆਰ ਹੋਣਾ ਹੈ ਝਟ ਪਟ ਹੋ ਜਾਂਦੇ ਹਨ ਪਰੰਤੂ ਮਕਾਨ ਬਨਾਉਣਾਂ ਹੈ ਯਾ ਹੋਰ ਇਹੋ ਜਿਹੇ ਕੰਮ ਲਈ ਦੇਰੀ ਅਤੇ ਬਹੁਤ ਦੇਰੀ ਵੀ ਹੁੰਦੀ ਹੈ ਸਾਲਹਾ ਸਾਲ ਵੀ ਲਗਦੇ ਹਨ ਪਰੰਤੂ ਹੁੰਦੇ ਜਰੂਰ ਹਨ ਜੇ ਮੇਰੀ ਰੁਚੀ ਉਸ ਕੰਮ ਦੇ ਕਰਨ ਵਿਚ ਲਗੀ ਰਵੇਂ ਇਸ ਨਜ਼ਰੀਏ ਤੋਂ ਇਹ ਗਲ ਮੰਨੀ ਜਾਣੀ ਚਾਹੀਦੀ ਹੈ ਕਿ ਹਰ ਮਨੁਖ ਵਾਹਿਗੁਰੂ ਹੈ ਇਕ ਆਤਮਾਂ ਹੈ। ਪਵਿਤਰਤਾ ਵਿਚ ਫਰਕ ਹੋਣ ਕਰਕੇ ਖਿਆਲਾਂ ਤਥਾ ਸ਼ਕਲਾਂ ਵਿਚ ਫਰਕ ਹੈ। ਬਿਲਕੁਲ ਦਰੁਸਤ ਇਹੋ ਰਾਜ਼ ਹੈ, ਖਿਆਲਾਂ ਵਿਚ ਭਿੰਨਤਾ ਦੇ ਕਾਰਨ ਏਈ ਆਤਮਾਂ ਦਰਖਤ ਹੈ, ਕੋਈ ਮਿਟੀ ਹੈ, ਕੋਈ ਪੰਛੀ ਤੇ ਜਾਨਵਰ ਹੈ ਅਤੇ ਕੋਈ ਮਨੁਖ ਹੈ। ਮਨੁਖਾ ਦੇਹੀ ਤੋਂ ਅਗਲਾ ਤਰੱਕੀ ਦਾ ਪੜਾ ਨਿਰਗੁਣ ਆਤਮਾਂ ਦਾ ਅਨੁਭਵ ਕਰਨਾ, ਮੰਨਣਾ ਰਿਆਲੀਜ਼ ਕਰਨਾ ਹੈ, ਸੋ ਮੈਂ ਕਰ ਲਿਆ ਹੈ ਅਜ ਮੈਂ ਜੀਉਂਦਾ ਜਾਗਦਾ ਰਬ ਹਾਂ, ਮਨੁਖਾ ਦੇਹੀ ਵਿਚ ਦੇਵ ਹਾਂ, ਅਤੇ ਇਸ ਤਰ੍ਹਾਂ ਹੀ ਹਰ ਆਦਮੀ ਨੂੰ ਮਹਿਸੂਸ ਕਰਨਾ ਅਤੇ ਬੀਹੇਵ ਕਰਨਾ ਚਾਹੀਦਾ ਹੈ। ਏਸੇ ਵਿਚ ਮਾਨੁਖਤਾ ਦਾ ਕਲਿਆਣ ਹੈ। ਕੋਈ ਰਬ ਭਲਾ ਕਦੋਂ ਮਾੜੀਆਂ ਰੁਚੀਆਂ ਵਾਲਾ ਹੋ ਸਕਦਾ ਹੈ। ਸਾਰੇ ਰਬ ਵਾਂਗੂੰ ਬੀਹੇਵ ਕਰਨ ਲਗ ਪੈਣ ਤਾਂ ਧਰਤੀ ਸਵਰਗ ਬਣ ਜਾਵੇ।

8.7.75 ਬੰਦਾ ਜਿਹੋ ਜਿਹੇ ਕੰਮ ਕਰਦਾ ਹੈ ਉਹੋ ਜਿਹੇ ਖਿਆਲਾਤ ਹੁੰਦੇ ਹਨ। ਸਵਾਦ ਵਿਚ ਮੁੜ ਮੁੜ ਰਪੀਟ ਕਰਨ ਨਾਲ ਸੁਭਾਵ ਬਣ ਜਾਂਦਾ ਹੈ।

ਮਾੜੇ ਸੁਭਾਵ ਦਾ ਪਤਾ ਲਗਣ ਉਤੇ ਉਹਨਾਂ ਮਾੜੇ ਕੰਮਾਂ ਨੂੰ ਛਡਣਾਂ ਚਾਹੁੰਦਾ ਹੈ। ਪਰੰਤੂ ਉਹ ਛੇਤੀ ਛੁਟਦੇ ਨਹੀਂ। ਸੁਭਾਵ ਹੋਣ ਕਰਕੇ ਰਹਿ ਰਹਿ ਉਹੀ ਮਾੜੀਆਂ ਤਰੰਗਾਂ ਫੁਟਦੀਆਂ ਹਨ। ਚੰਗਾ ਬਣਨਾ ਚਾਹੁੰਦਿਆਂ ਹੋਇਆਂ ਨੂੰ ਭੀ ਮਾੜੀਆਂ ਮਾੜੀਆਂ ਫੁਟਦੀਆਂ ਰਹਿੰਦੀਆਂ ਹਨ। ਲਖ ਦੁਧ ਪਿਲਾਉ ਸਪ ਦਾ ਬਚਾ ਡੰਗ ਮਾਰਨੋਂ ਨਹੀਂ ਟਲਦਾ, ਪਰੰਤੂ ਚੰਗੇ ਬਣਨ ਦਾ ਲਗਾਤਾਰ ਖਿਆਲ ਅਤੇ ਕੋਸ਼ਿਸ਼ ਅੰਤ ਭੈੜ ਉਤੇ ਵਿਜੈ ਪਾ ਲੈਂਦੀ ਹੈ ਮਾੜੇ ਇਸ ਵਿਚ ਪਏ ਲੋਕ ਮਾੜੇ ਚੰਗੇ ਦੀ ਪਛਾਣ ਛਡ ਬਹਿੰਦੇ ਹਨ, ਆਪਣੇ ਭੈੜ ਨੂੰ ਹੀ ਚੰਗਾ ਕਹੀ ਜਾਂਦੇ ਹਨ ਤੇ ਨੁਕਸਾਨ ਪਾਉਂਦੇ ਹਨ। ਰਾਸ਼ੀ ਕੁਰਪਟ ਲੋਕ ਚਾਂਬੜ ਚਾਂਬੜ ਕੇ ਖਾਂਦੇ ਪੀਂਦੇ ਤੇ ਹਸਦੇ ਖੇਡਦੇ ਵਰਾਛਾਂ ਤਕ ਮੂੰਹ ਖੋਲ ਖੋਲ ਗਲਾਂ ਕਰਦੇ ਹਨ। ਭਗਤਾਂ ਦਾ ਮੂੰਹ ਚਿੜਾਂਦੇ, ਮਖੌਲ ਕਰਦੇ ਹਨ। ਵਾਹ ਵਾਹ ਮੂਰਖ ਪਵਿਤਰਤਾ ਤੋਂ ਮੂੰਹ ਮੋੜੀ ਨੀਚਤਾ ਵਲ ਜਾਂਦੇ ਹਸਦੇ ਹਨ, ਪਰੰਤੂ ਜਦੋਂ ਨੀਚਤਾ ਵਿਚ ਦੁਖ ਹੋਇਆ ਛਿਤਰ ਪੈਣ ਲਗੇ ਆਟੇ ਦਾਲ ਦਾ ਭਾ ਉਦੋਂ ਪਤਾ ਲਗਦਾ ਹੈ। ਕੁਰਪਟ ਨੂੰ ਖਾਂਦੇ ਨ ਵੇਖੋ ਕੁਟੀਂਦੇ ਨੂੰ ਵੇਖੋ।

10-7.75 ਹਰ ਪਰਾਣੀ ਦਾ ਆਪਣਾ ਗੁਰੂ ਉਹਦਾ ਆਪਣਾਂ ਆਤਮਾਂ ਹੈ, ਆਤਮਾਂ ਸੂਝ ਬੂਝ ਵਾਲਾ ਪਵਿਤਰ ਤਾਂ ਗੁਰੂ ਵਾਲਾ, ਵਰਨਾਂ ਨਿਗੁਰਾ, ਆਤਮਾਂ ਦਾ ਹੋਸ਼ਮੰਦ ਨ ਹੋਣਾਂ ਆਦਮੀ ਦਾ ਨਿਗੁਰਾ ਹੋਣਾ ਹੈ ਏਸੇ ਵਾਸਤੇ ਗਿਆਨ ਭੰਡਾਰ ਪੜੇ ਲਿਖੇ ਵਿਚਾਰੇ ਜਾਂਦੇ ਹਨ ਕਿ ਆਤਮਾਂ ਬਚਿਖਣ ਹੋ ਜਾਵੇ। ਆਪਣੇ ਆਪ ਵਿਚ ਹਰ ਆਦਮੀ ਸਿਆਣਾ ਹੈ, ਕਿਸੇ ਨਾਲ ਗਲ ਕਰ ਕੇ ਵੇਖੋ ਉਹ ਕਹੇਗਾ ਜੋ ਮੈਂ ਕਹਿੰਦਾ ਹਾਂ ਸੋਈ ਠੀਕ ਹੈ। ਸਰੀਹਨ ਸਚੇ ਆਦਮੀ ਨੂੰ ਹਿੰਡ ਨਾਲ ਹੀ ਝੂਠਾ ਕਰੀ ਜਾਵੇਗਾ, ਜਿਹੜੀ ਉਹਦੀ ਆਪਣੀ ਹਾਲਤ ਉਹਨਾਂ ਖਿਆਲਾਂ ਕਰਕੇ ਬਣੀ ਹੁੰਦੀ ਹੈ ਉਹ ਵੀ ਉਸ ਨੂੰ ਦਿਖਾਈ ਨਹੀਂ ਦਿੰਦੀ ਭਗਤ ਕਹਿੰਦਾ ਭਗਤੀ ਤਾਂ ਫਕੀਰੀ ਹੈ ਉਹਦੀ ਹਾਲਤ ਫਕੀਰਾਂ ਵਰਗੀ ਹੋ ਜਾਵੇਗੀ। ਜਾਇਦਾਦ ਗਵਾ ਬਹੇਗਾ। ਬੇਹਿਮਤਾ, ਸਾਹਸਹੀਣ ਕਾਸੇ ਨ ਜੋਗਾ ਹੋ ਜਾਵੇਗਾ। ਸਿਖੀ ਦੇ ਜਨਮ ਵੇਲੇ ਮੁਸਲਮਾਨੀ ਰਾਜ ਸਾਹਮਣੇ ਜੋ

ਹਿੰਦੂਆਂ ਦੀ ਹਾਲਤ ਸੀ ਬਸ ਉਹੀ ਨਮੂਨਾ ਬਣ ਜਾਵੇਗਾ। ਮੂੰਹ ਤੋਂ ਮਖੀ ਵੀ ਆਖੇਗਾ। ਰਬ ਹੀ ਆਣ ਕੇ ਉਡਾ ਦੇਵੇ। ਮੈਂ ਹਥ ਪੈਰ ਨਹੀਂ ਹਿਲਾਉਂਣੇ। ਇਹੋ ਜਿਹੀ ਹਾਲਤ ਉਹਨਾਂ ਦੇ ਗਲਤ ਵਿਚਾਰ ਕਾਰਨ ਬਣਦੀ ਹੈ, ਨਾਮ ਨੂੰ ਸਮਝਿਆ ਨਹੀਂ ਹੁੰਦਾ ਪੂਰੀ ਤਰਾਂ ਆਪਣੇ ਗਲਤ ਵਿਚਾਰਾਂ ਦੇ ਕਾਰਨ ਦੁਖ ਪਾਉਂਦੇ ਹਨ।

## ਮੁਕਦੀ ਗੱਲ, ਯਾਂ ਸਿਟਾ

20.7.75 ਵਾਹਿਗੁਰੂ ਇਕ ਨੂਰ ਹੈ ਜਿਹੜਾ ਦੁਧੀਆ, ਧੁੰਦ, ਬਦਲ ਵਰਗਾ ਨੀਲੇ, ਹਰੇ, orange ਰੰਗਾਂ ਵਿਚ ਨਜਰ ਆਉਂਦਾ ਹੈ। ਕਈ ਵੇਰ ਤਾਂ ਤਰੰਗੇ (ਨੀਲੇ, ਹਰੇ, orange) ਰੰਗ ਦੇ ਅਸਮਾਨੀ ਪੀਂਗ ਵਾਂਗੂ ਭੀ ਨਜ਼ਰ ਆਉਂਦਾ ਹੈ। ਉਸਦੇ ਦੇਣ ਸੁਤੇ ਸੁਧ ਪਰਕਾਸ਼ਮਾਨ ਹੁੰਦੇ ਹਨ। ਜਾਜ਼ਬ ਕਿਸਮ ਦੇ ਹੁੰਦੇ ਹਨ। Reflectiong Body ਨਹੀਂ ਹੈ। ਭਾਵੇਂ ਹਰ ਚੀਜ ਉਸ ਤੋਂ ਬਣੀ ਹੈ ਤੇ ਉਹ ਹਰ ਚੀਜ਼ ਵਿਚ ਵਸਦਾ ਹੈ, ਪਰੰਤੂ ਮਿਟੀ ਨਾਲੋਂ ਪੌਦਿਆਂ ਵਿਚ ਵਧੇਰੇ ਚੇਤੰਨ ਹੈ, ਪੌਦਿਆਂ ਨਾਲੋਂ ਜੀਵ ਜੰਤੂਆਂ ਵਿਚ ਵਧ ਹੈ, ਜੀਵ ਜੰਤੂਆਂ ਨਾਲੋਂ ਜਾਨਵਰ ਪੰਛੀਆਂ ਵਿਚ ਚੇਤੰਨ ਰੂਪ ਹੈ, ਜਾਨਵਰਾਂ ਨਾਲੋਂ ਆਦਮੀ ਵਿਚ ਵਧੇਰੇ ਚੇਤੰਨ ਹੈ, ਆਦਮੀਆਂ ਨਾਲੋਂ ਉਹਨਾਂ ਮਹਾਪੁਰਖਾਂ ਵਿਚ ਸਾਕਸ਼ਾਤ ਰੂਪ ਵਿਚ ਹੈ ਜਿਹੜੇ ਜਾਣਦੇ ਹਨ ਕਿ ਸਾਡੇ ਵਿਚ ਹੈ। ਸਾਡੇ ਵਿਚ ਪਰਗਟ ਹੋ ਚੁਕਾ ਹੈ।

ਹੈ ਉਹ ਕੀ ? ਸਾਡੇ ਅੰਦਰ ਸਾਡਾ ਆਤਮਾ, ਰੂਹ Soul ਇਹ ਸੁਤੇ ਸੁਧ ਹੈ ਕਦੀ ਮਰਦਾ ਨਹੀਂ ਮੁਕਦਾ ਨਹੀਂ, ਬਸ ਰਾਤ ਪਈ ਸੌਂ ਗਿਆ ਸਵੇਰੇ ਉਠ ਕੇ ਆਪਣੀ ਹੁੱਬ ਵਿਚ ਫੇਰ ਕੰਮੇ ਲਗ ਗਿਆ। ਸੁਖ ਦੁਖ, ਖੁਸ਼ੀਆਂ, ਗਮੀਆਂ ਅਰੋਗਤਾ ਤੇ ਬੀਮਾਰੀਆਂ ਸਭ ਏਸੇ ਦੀ ਦੇਣ ਹਨ ਪਰੰਤੂ ਮੰਗ ਦੇ ਮੁਤਾਬਕ। ਜੋ ਮਾਂਗੇ ਠਾਕੁਰ ਆਪਨੇ ਤੇ ਸੋਈ ਸੋਈ ਦੇਵੇ। ਚੰਗਾ ਤੇ ਮਾੜਾਪਨ ਇਸ ਰੂਹ, ਆਤਮਾ, Soul ਦੀ ਪਵਿਤਰਤਾ ਉਤੇ ਨਿਰਭਰ ਹਨ। ਆਤਮਾ ਪਵਿਤਰ ਤਾਂ ਸਭ ਸੁਖ ਆਤਮਾਂ ਦੇ ਖਿਆਲ ਗੰਦੇ ਤਾਂ ਹਾਲਾਤ ਗੰਦੇ, ਆਪਣੇ ਆਤਮਾਂ ਵਾਹਿ-ਗੁਰੂ ਦਾ ਇਨਸਾਨੀ ਮੁਜਸਮਾਂ ਵੇਖਣਾਂ ਹੋਵੇ ਤਾਂ ਆਪਣਾ ਮੂੰਹ ਸ਼ੀਸ਼ੇ

ਵਿਚ ਵੇਖ ਲਵੋ, ਇਹ ਉਹਦੀ ਸ਼ਾਕਸ਼ਾਤ ਤਸਵੀਰ ਹੈ। ਰੂਹਾਨੀ ਤੌਰ ਤੇ ਵੇਖਣਾ ਹੋਵੇ ਤਾਂ ਆਤਮਾਂ ਨੂੰ ਪਵਿਤਰ ਕਰਦੇ ਜਾਉ ਰਬ ਮਗਰ ਮਗਰ ਤੁਰਿਆ ਫਿਰੇਗਾ, ਕਹਿਤ ਕਬੀਰ ਕਬੀਰ। ਆਤਮਾਂ ਪਵਿਤਰ ਸਾਬਣਾਂ ਨਾਲ ਹੀ ਨਹੀਂ ਹੁੰਦਾ, ਉਹ ਧੋਪੇ ਨਾਵੇ ਦੇ ਰੰਗ। ਨਾਮ ਵਾਹਿਗੁਰੂ ਵਾਹਿਗੁਰੂ ਹੀ ਕਰੀ ਜਾਣਾ ਨਹੀਂ, ਇਸ ਦੀਆਂ ਸ਼ਕਲਾਂ ਫਾਰਮਾਂ ਤਬਦੀਲ ਹੁੰਦੀਆਂ ਜਾਂਦੀਆਂ ਹਨ ਵਕਤ ਮੁਤਾਬਕ ਨਾਮ ਹੈ ਵਾਹਿਗੁਰੂ ਬਾਰੇ ਵਿਚਾਰ ਕਰਨੀ। ਆਤਮਾਂ ਬਾਰੇ ਵਿਚਾਰ ਕਰਨੀ ਅਤੇ ਹੁਣ ਸਤਿ, ਸੰਤੋਖ, ਦਯਾ, ਧਰਮ, ਨੇਕੀ ਸਚਾਈ, ਸਾਫਗੋਈ ਈਮਾਨ-ਦਾਰੀ ਨਿਮਰਤਾ, ਸੁਕ੍ਰਿਤ, ਸੇਵਾ ਤੇ ਕੁਰਬਾਨੀ ਉਤੇ ਚਲਣ ਨੂੰ ਪਰੈਕਟੀ-ਕਲ ਨਾਮ ਜਪਣਾ ਕਹਿੰਦੇ ਹਨ ਭਾਵ ਕਦੀ ਵੀ ਇਹ ਗਲ ਨ ਵਿਸਰੇ ਕਿ ਅਸਾਂ ਹਰ ਸੂਰਤ ਆਤਮਾਂ ਨੂੰ ਸਚਾ ਸੁਚਾ ਤੇ ਉਚਾ ਰਖਣਾ ਹੈ। ਸਚਾ ਸੁਚਾ ਤਾਂ ਭਲਾ ਇਹਨਾਂ ਤਰੀਕਿਆਂ ਨਾਲ ਹੋ ਗਿਆ। ਉਚਾ ਕਿਵੇਂ ਰਖਿਆਜਾਂਦਾ ਹੈ। ਉਚਾ ਰਖਣ ਲਈ ਇਸ ਨੂੰ ਕਹਿਣਾ ਪੈਂਦਾ ਹੈ ਕਿ ਤੂੰ ਸਭਸ ਥੀ ਉਚਾ ਹੈ ਵਡਾ ਹੈ।

549 ਤੇਰੀ ਵਡਿਆਈ ਤੂਹੈ ਜਾਣਦਾ ਤੁਧੁ ਜੇਵਡੁ ਅਵਰੁ ਨ ਕੋਈ
ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾਂ ਆਖੀਐ ਤੁਧੁ ਜੇਵਡੁ ਤੂੰਹੈ ਹੋਈ
ਜਿਸ ਤੂੰ ਸੇਵਿਆ ਤਿਨਿ ਸੁਖੁ ਪਾਇਆ ਹੋਰ ਤਿਸਦੀ ਰੀਸ ਕਰੇ ਕਿਆ ਕੋਈ
ਤੂੰ ਭੰਨਣ ਘੜਣ ਸਮਰਥੁ ਦਾਤਾਰੁ ਹਰਿ ਤੁਧੁ ਅਗੈ ਮੰਗਣ ਨੋ ਹਥ ਜੋੜਿ ਖਲੀ ਸਭ ਹੋਈ
ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ, ਤੁਧ ਸਭਸੈ ਨੂੰ ਦਾਨੁ ਦਿਤਾ ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ
ਵਡਾ ਮੇਰਾ ਗੋਬਿੰਦ ਅਗਮ ਅਗੋਚਰ ਆਦਿ ਨਿਰੰਜਨੁ ਨਿਰੰਕਾਰ ਜੀਉ
ਤਾਕੀ ਗਤਿ ਕਹੀ ਨ ਜਾਇ ਅਮਿਤਿ ਵਡਿਆਈ ਮੇਰਾ ਗੋਬਿੰਦ ਅਲਖ ਅਪਾਰ ਜੀਉ
ਗੋਬਿੰਦ ਅਲਖ ਅਪਾਰ ਅਪਰੰਪਰੁ ਆਪੁ ਆਪਣਾ ਜਾਣੈ

ਕਿਆ ਇਹ ਜੰਤ ਵਿਚਾਰੇ ਕਰੀਅਹਿ ਜੋ ਤਧੁ ਆਖ ਪਛਾਣੇ
ਜਿਸਨੂੰ ਨਦਰਿ ਕਰਹਿ ਤੂੰ ਆਪਣੀ ਸੋ ਗੁਰਮੁਖਿ ਕਰਹਿ ਵਿਚਾਰੁ ਜੀਉ
ਵਡਾ ਮੇਰਾ ਗੋਬਿੰਦ ਅਗਮ ਅਗੋਚਰ ਆਦਿ ਨਿਰੰਜਨ ਨਿਰੰਕਾਰ ਜੀਉ

511 ਪਉੜੀ ਮੇਰਾ ਸਾਹਿਬੁ ਅਤਿ ਵਡਾ ਸਚੁ ਗਹਿਰ ਗੰਭੀਰਾ
ਸਭੁ ਜਗੁ ਤਿਸਕੈ ਵਸਿ ਹੈ ਸਭੁ ਤਿਸਕਾ ਚੀਰਾ
ਗਰਪਰਸਾਦੀ ਪਾਈਐ ਨਿਹਚਲ ਧਨੁ ਧੀਰਾ
ਕਿਰਪਾ ਤੇ ਹਰਿ ਮਨਿ ਵਸੈ ਭੇਟੈ ਗੁਰ ਸੂਰਾ
ਗਣਵੰਤੀ ਸਾਲਾਹਿਆ ਸਦਾ ਥਿਰੁ ਨਿਹਚਲੁ ਹਰਿ ਪੂਰਾ
ਸਚੀ ਭਗਤਿ ਵਿਚਹੁ ਆਪ ਖੋਇ




28.11.75 ਇਕ ਨੂਰ ਜਿਹਾ, ਬਦਲ ਵਰਗਾ ਵਾਹਿਗੁਰੂ, ਧੁੰਦ ਵਰਗਾ, ਬਿਖਰੇ ਹੋਏ ਪੌਡਰ ਵਰਗ , ਦੁਧੀਆ, ਨੀਲਾ, ਹਰਾ, ਸੰਗਤਰਾ ਪਾਣੀ ਦੇ ਰੰਗ ਵਰਗਾ, ਆਦਿ ਰੂਪਾਂ ਵਿਚ ਦਿਸਣ ਵਾਲਾ, ਸਾਡਾ ਆਤਮਾਂ, ਪਰਾਣੀ ਮਾਤਰ ਦਾ ਆਤਮਾਂ, ਹਰ ਚੀਜ਼ ਦੀ ਹੋਂਦ ਦਾ ਕਾਰਨ , ਸੁਖਾਂ ਦੁਖਾਂ ਦਾ ਵਾਹਿਦ ਕਾਰਨ, ਰੂਹ ਰੂਪ ਵਿਚ ਵਸਣ ਵਾਲਾ, ਅਤੀ ਪਵਿਤਰ ਤਾਂ ਵਾਹਿਗੁਰੂ ਅਖਵਾਉਂਦਾ ਹੈ, ਵਰਨਾਂ ਆਤਮਾਂ ਯਾਂ ਜੀਵ ਆਤਮਾਂ,

ਮਨੁਖ ਅਤੇ ਪਸ਼ੂ ਡੰਗਰ ਵੀ ਇਹੋ ਬਣਦਾ ਫਿਰਦਾ ਹੈ। ਇਹ ਕਦੀ ਮਰਿਆ ਨਹੀਂ, ਮਿਟਿਆ ਨਹੀਂ, ਸਦੀਵੀ ਹੈ, ਆਦਿ ਜੁਗਾਦ ਤੋਂ ਏਸੇ ਚਕਰ ਵਿਚ ਹੈ, ਕਦੀ ਰਚਨਾ ਕਰ ਲਈ ਤਾਂ ਰਚਨਾ ਵਿਚ ਘੁਮਦਾ ਫਿਰਦਾ ਰਿਹਾ, ਕਦੀ ਮੁਕਤ ਅਤੇ ਸਹਿਜ ਅਵਸਥਾ ਪਾ ਲਈ, ਤਾਂ ਆਰਾਮ ਨਾਲ ਵਾਹਿਗੁਰੂ ਵਿਚ ਅਭੇਦ ਹੋ ਗਿਆ, ਵਡੇ ਨੂਰ ਸੰਗ੍ਰਹਿ ਨਾਲ ਜਾ ਮਿਲਿਆ, ਸਮਾ ਗਿਆ ਕਹਿੰਦੇ ਹਨ ਸੱਚੇ ਹੈ, ਸੁਤੇ ਸਿਧ ਹੀ ਹੋਇਆ। ਇਸ ਦਾ ਕਰਤਾ ਇਹ ਆਪ ਹੀ ਹੈ। ਪੀਰ ਨੂੰ ਚੰਗਾ ਤਮਾਸ਼ਾ ਸੁਝਾ ਹੈ, ਚੰਗੀ ਖੇਡ ਰਚੀ ਹੈ, ਜਿਨ ਰਚ ਰਚਿਆ ਪੁਰਖ ਬਿਧਾਤੇ ਨਾਲੇ ਹਉਮੈ ਪਾਈ, ਜਨਮ ਮਰਨ ਉਸਹੀਕੋ ਹੈ ਰੇ ਓਹਾ ਆਵੈ ਜਾਈ ਆਪ ਹੀ ਆਪਣੇ ਮਨ ਦੀਆਂ ਖਿਆਲ ਤਰੰਗਾਂ, ਉਲਝਣਾਂ ਵਿਚ ਫਸਿਆ ਰਹਿੰਦਾ ਹੈ, ਧਨ ਤੂੰ ਤੇ ਕੀ ਕਹਿਣਾਂ ਤੇਰੀ ਅਕਲ ਨੂੰ, ਮੈਨੂੰ ਤਾਂ ਬਿਸ਼ਨ ਸਿੰਘ, ਤੂੰ ਪਰਲੇ ਦਰਜੇ ਦਾ ਮੂਰਖ ਨਜ਼ਰ ਆਉਂਦਾ ਹੈ। ਹੋਰ ਤਾਂ ਹੋਰ, ਐਨਾ ਸਮਝ ਬੁਝ ਕੇ ਵੀ ਕੁਤੇ ਦੀ ਪੂਛਲ ਡਿੰਗੀ ਦੀ ਡਿੰਗੀ ਰਹੀ, ਅਜੇ ਵੀ ਜਨਮ ਲੈਣਾ ਚਾਹੁੰਦਾ ਹੈ, ਲਖ ਲਾਹਨਤ ਹੈ ਤੇਰੀ ਸੋਚ ਵਿਚਾਰ ਦੇ, ਨਿਗੁਰਾ, ਮੂਰਖ ਤੇ ਮਨਮੁਖ ਹੈ ਤੂੰ, ਆਈ ਹੋਸ਼, ਕਈ ਦਿਨਾਂ ਦਾ ਤੈਨੂੰ ਸਮਝਾ ਰਿਹਾ ਸਾਂ, ਪਰੰਤੂ ਲਤਾਂ ਦੇ ਭੂਤ ਬਾਤਾਂ ਨਾਲ ਕਿਥੋਂ ਮੰਨਦੇ ਹਨ। ਖੈਰ ਸੰਭਲ ਅਜੇ ਵਕਤ ਨਹੀਂ ਬੀਤਿਆ, ਪਕਾ ਹੋ ਜਾਹ, ਦ੍ਰਿੜ ਇਰਾਦਾ ਕਰ ਲਏ ਕਿ ਹੋਰ ਜਨਮ ਨਹੀਂ ਧਾਰਨਾਂ। ਦੁਨੀਆਂ ਦੇ ਦੁਖ ਤਕਲੀਫ ਤਾਂ ਏਵੇਂ ਭਰਮ ਹਨ ਤੇਰਾ, ਲੋਕ ਆਪਣਾ ਕੀਤਾ ਪਾ ਰਹੇ ਹਨ। ਮਾੜੇ ਚੰਗੇ ਕੰਮ ਸਾਰੇ ਪ੍ਰਭੂ ਹੀ ਕਰ ਰਿਹਾ ਹੈ। ਜਿਸ ਤੈਨੂੰ ਅਕਲ ਦਿਤੀ ਹੈ, ਉਹ ਉਹਨਾਂ ਨੂੰ ਵੀ ਸਿਖਾ ਸਮਝਾ ਰਿਹਾ ਹੈ। ਜਦ ਉਹ ਅਕਲ ਤੇ ਗਿਆਨ ਦੇ ਰਿਹਾ ਹੈ ਤੂੰ ਏਥੇ ਆ ਕੇ ਕੀ ਕਰੇਂਗਾ। ਤੂੰ ਆਪਣਾ ਕਿਰਦਾਰ ਨਿਭਾਉਣਾ ਸੀ, ਨਿਭਾ ਚਲਿਆ ਹੈਂ ਲਿਖ ਦਿਤਾ ਹੈ, ਪਰਕਾਸ਼ਤ ਕਰ ਦਿਤਾ ਹੈ, ਵੰਡ ਦਿਤਾ ਹੈ ਜਿਨਾਂ ਦੇ ਭਾਗ ਧੁਰ ਦਰਗਾਹੋਂ ਉਜਲ ਹੋਏ, ਲਏ ਗਏ ਹਨ, ਪੜ੍ਹ ਕੇ ਵਿਚਾਰ ਕਰ ਰਹੇ ਹਨ। ਮੁੜ ਆਣ ਕੇ

ਦਸ ਕਿਹੜਾ ਵਿਸ਼ੇਸ਼ ਤੀਰ ਮਾਰਨਾਂ ਹੈਈ। ਛਡ ਮੂੜ ਦੀ ਰਟ ਨੂੰ, ਦਿਲੋਂ ਕਢ ਇਸ ਖਿਆਲ ਨੂੰ। ਝੂਠੀ ਜਨ ਹਿਤ ਕੀ ਚਤਰਾਈ ਦੇ ਮਹਾਂਵਾਕ ਦੀ ਸਚਾਈ ਨੂੰ ਸਮਝਦਾ ਹੋਇਆ ਸੁਖ ਸ਼ਾਂਤੀ ਮਾਣ, ਅਨੰਦ ਦਾ ਜੀਵਨ ਬਤੀਤ ਕਰਦਾ, ਸਥਾਈ ਅਨੰਦ ਵਿਚ ਲੀਣ ਹੋਣ ਦੀ ਤਿਆਰੀ ਕਰ। ਖਫਣ, ਕਛਹਿਰੇ ਜੋ ਕੁਝ ਵੀ ਸਰੀਰ ਨੂੰ ਪਾ ਕੇ ਸਸਕਾਰਨਾ ਚਾਹੁੰਦਾ ਹੈ, ਬਣਾ ਲਏ, ਸੋ ਦਿਨ ਨੇੜੇ ਆ ਰਿਹਾ ਹੈ ਕਿ ਤਿਆਰੀ ਕਰ ਲਏ।

19.12.75 ਰਜ ਗੁਣ, ਤਮ ਗੁਣ, ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ
ਚਉਥੇ ਪਦ ਕਉ ਜੋ ਨਰ ਚੀਨੈ ਤਿਨਹੀ ਪਰਮ ਪਦ ਪਾਇਆ
ਰਜ, ਤਮ ਅਤੇ ਸਤ ਗੁਣਾਂ ਤੋਂ ਅਤੀਤ ਵਾਹਿਗੁਰੂ ਹੈ

ਜਿਸ ਵਾਹਿਗੁਰੂ ਦੇ ਦਰਸ਼ਨ ਕੀਤੇ ਉਹ ਵਾਸਤਵ ਵਿਚ ਸਾਡਾ ਹੀ ਆਤਮਾਂ ਸੀ ਅਤੇ ਹੈ। ਵਾਹਿਗੁਰੂ ਹਰ ਇਕ ਵਿਚ ਪੂਰਨ ਹੈ। ਘਟ ਵਧ ਕਿਛੁ ਨਾਹੀਂ ਅਤੇ ਸਾਡੇ ਅੰਦਰ ਸਾਡੀ ਆਤਮਾਂ ਦੇ ਰੂਪ ਵਿਚ ਵਸਦਾ ਹੈ, ਆਤਮਾਂ ਹੀ ਪਰਮਾਤਮਾਂ ਹੈ।

17.1.76 ਵਾਹਿਗੁਰੂ ਹੈ ਇਕ ਆਤਮਾਂ ਧੁੰਦ, ਬਦਲ ਵਰਗਾ ਨੂਰ ਚਿਟਾ, ਹਰਿਆ, ਸੁਨੈਹਰੀ, ਨੀਲਾ, ਉਹ ਹੈ ਆਪਣੇ ਆਪ ਵਿਚ ਆਪਣਾ ਆਤਮਾਂ। ਇਸ ਦੀ ਬਦੌਲਤ ਹਰ ਜੀਵ ਜਿੰਦਾ ਹੈ, ਕਮਾਉਂਦਾ ਹੈ, ਖਾਂਦਾ ਹੈ ਪਹਿਨਦਾ ਹੈ। ਹਰ ਹਰਕਤ ਇਸ ਦੀ ਬਦੌਲਤ ਹੈ ਇਹੋ ਜਿੰਦਗੀ ਹੈ। ਜੀਵ ਦਾ ਆਤਮਾਂ ਕੰਮ ਕਰਦਾ ਹੈ ਖਿਆਲਾਤ ਉਤੇ ਨਿਰਭਰ ਹੋ ਕੇ। ਮੰਦੇ ਮਾੜੇ ਖਿਆਲ ਤਾਂ ਮੰਦੇ ਹਾਲ, ਚੰਗੇ ਖਿਆਲ ਤਾਂ ਚੰਗੇ ਹਾਲਾਤ। ਖਿਆਲ ਸੁਧਰਦੇ ਹਨ ਗੁਰਬਾਣੀ ਪੜ੍ਹਨ ਨਾਲ ਯਾਂ ਸੁਣਨ ਨਾਲ ਯਾਂ ਫਿਰ ਚੰਗੇ ਗੁਰਮੁਖਾਂ ਦੀ ਸੰਗਤ ਨਾਲ, ਗੁਰਮੁਖਾਂ ਜੀਉਂਦਿਆਂ ਦੀ ਸੰਗਤ ਤਾਂ ਬਹੁਤ ਮੁਸ਼ਕਲ ਹੈ। ਘਟ ਮਿਲਦੀ ਹੈ ਪਰੰਤੂ ਗੁਰਬਾਣੀ ਆਸਾਨੀ ਨਾਲ ਮਿਲ ਜਾਂਦੀ ਹੈ ਉਹਦੇ ਵਿਚੇ ਹੀ ਸੰਗਤ ਬਣ ਜਾਂਦੀ ਹੈ। ਨਾਨਕ ਦੇਵ, ਕਬੀਰ, ਨਾਮਦੇਵ. ਧਨਾਂ, ਅਰਜਨ ਦੇਵ, ਗੋਬਿੰਦ ਸਿੰਘ ਤਥਾ ਬਹੁਤ ਉਘੇ ਪਰਾਣੀਆਂ ਦੀ

ਸੰਗਤ ਬਣ ਜਾਂਦੀ ਹੈ। ਜਿਹੜੇ ਕਹਿੰਦੇ ਹਨ ਮੋਇਆਂ ਦੀ ਸਿਖਿਆ ਨੂੰ ਕੀ ਸਿਮਰਨਾ ਹੈ ਉਹ ਆਪਣੇ ਹਲਵੇ ਮਾਂਡੇ ਲਈ ਜਗਿਆਸੂਆਂ ਨੂੰ ਟਪਲੇ ਲਾਉਂਦੇ ਹਨ, ਗੁਰਬਾਣੀ ਰਾਹੀਂ ਸਤਿਗੁਰ ਦਸਦੇ ਹਨ ਕਿ ਮਾਇਆਂ ਤੋਂ ਨਿਰਲੇਪ ਰਹੋ ਅਤੇ ਆਤਮਾਂ ਨੂੰ ਸਿਮਰੋ, ਮਾਇਆ ਤੋਂ ਨਿਰਲੇਪਤਾ ਦਾ ਅਰਥ ਪੈਸੇ ਟਕੇ ਤੋਂ ਪਰੇ ਪਰੇ ਰਹਿਣਾ ਨਹੀਂ ਸਗੋਂ ਹਰ ਪਰਕਾਰ ਦੇ ਠੋਸ, ਤਰਲ ਗੈਸ ਅਤੇ ਸ਼ਰੀਰ ਤੋਂ ਵੀ ਪਰੇ ਰਹੋ ਆਤਮਾਂ ਨੂੰ ਸਿਮਰਨਾ ਉਸ ਨੂੰ ਸਚਾ ਸੁਚਾ ਅਤੇ ਉਚਾ ਰਖਣਾ ਹੈ। ਹਰ ਗਲ ਵਿਚ, ਹਰ ਹਾਲਤ ਵਿਚ ਹਰ ਕੰਮ ਵਿਚ ਹਰ ਸੋਚਣੀ ਤੇ ਕਹਿਣੀ ਕਰਨੀ ਵਿਚ ਆਤਮਾਂ ਸਚਾ ਅਤੇ ਬਾਲਾਤਰ ਰਹਵੇ। ਸਚਾ ਸੁਚਾ ਤੇ ਉਚਾ ਰਵੇ। ਜਿਉਂ ਜਿਉਂ ਆਤਮਾਂ ਪਵਿਤਰ ਹੁੰਦਾ ਜਾਂਦਾ ਹੈ ਤਿਉਂ ਤਿਉਂ ਚੰਗੇ ਵਿਚਾਰ ਫੁਟਦੇ ਹਨ ਅਤੇ ਤਰੱਕੀ ਹੁੰਦੀ ਜਾਂਦੀ ਹੈ। ਗਰੀਬ ਤੋਂ ਅਮੀਰ ਹੋ ਜਾਈਦਾ ਹੈ, ਰੋਗੀ ਤੋਂ ਨਿਰਰੋਗ, ਨਿਮਾਣੇ ਤੋਂ ਮਾਣ ਇਜਤ ਵਾਲੇ ਬਣ ਜਾਈਦਾ ਹੈ। ਬਾਲ ਪਰਵਾਰ ਸੁਖੀ, ਦੋਸਤ ਮਿਤਰ ਸੁਖੀ, ਹਰ ਮੈਦਾਨ ਫਤੇਹਿ ਹੁੰਦੀ ਹੈ, ਤਾਂ ਤੇ ਨਾਮ ਜਪਣਾ, ਬਾਣੀ ਪੜ੍ਹਨਾ, ਆਤਮਾਂ ਤੋਂ ਹਰ ਸੂਰਤ ਸਚੇ ਸੁਚੇ ਰਹਿਣਾ ਅਤੀ ਜ਼ਰੂਰੀ ਹੈ। ਆਤਮਾਂ ਦੀ ਪਵਿਤਰ ਸਟੇਜ ਦਾ ਨਾਉਂ ਹੀ ਵਾਹਿਗੁਰੂ ਹੈ। ਜਿਹੜਾਂ ਜੀਉਂਦਾ ਵਾਹਿਗੁਰੂ ਨਾ ਬਣਿਆ ਉਹਨੇ ਮਰਕੇ ਕੀ ਬਣਨਾ ਹੈ। ਜੀਉਂਦੇ God ਦੀ ਨਿਸ਼ਾਨੀ ਹੈ। ਉਸ ਪਰਾਣੀ ਨੂੰ ਅਪਣੇ ਪ੍ਰਭੂ ਦੇ ਦਰਸ਼ਨ ਹੋਏ ਹੁੰਦੇ ਹਨ। ਉਹ ਆਪਣੇ ਆਪ ਨੂੰ ਅਨੁਭਵ ਕਰ ਲੈਂਦਾ ਹੈ। ਉਹਨੂੰ ਆਪਣੇ ਆਪ ਦਾ ਪਤਾ ਤੇ ਵਿਸ਼ਵਾਸ ਹੁੰਦਾ ਹੈ। ਜਿਨ੍ਹਾਂ ਨੂੰ ਦਰਸ਼ਨ ਹੋ ਚੁਕੇ ਹਨ ਉਹ ਵਡਭਾਗੇ ਹਨ. ਜਿਨ੍ਹਾਂ ਨੂੰ ਨਹੀਂ ਹੋਏ ਉਹ ਆਤਮਾਂ ਤੋਂ ਹੋਰ ਸਚੇ ਸੁਚੇ ਰਹਿਣ ਦੀ ਕੋਸ਼ਿਸ਼ ਕਰਨ ਵਾਹਿਗੁਰੂ ਸਹਾਈ ਹੋਵੇ।

16.2.76 ਵੇਖ ਤਾਂ ਮੈਂ ਪਹਿਲੇ ਵੀ ਚੁਕਾ ਹਾਂ ਕਿ ਵਾਹਿਗੁਰੂ ਹਰ ਪਰਾਂਣੀ ਦੇ ਵਿਚੋਂ ਦੀ ਬੋਲਦਾ ਹੈ। ਇਥੋਂ ਤਕ ਕਿ ਛੋਟੇ ਛੋਟੇ ਬਚੇ ਵੀ ਅੰਤਰਯਾਮੀਆਂ ਅਤੇ ਗੁਰਮੁਖਾਂ ਵਾਂਗੂੰ ਕੰਮ ਅਤੇ ਐਕਟ ਕਰਦੇ ਹਨ ਪਰੰਤੂ ਰਾਤੀਂ ਤਾ

ਹਦ ਹੋ ਗਈ। ਪਰਵਾਰ ਸਾਡਾ ਇਕੱਠਾ ਹੋਇਆ ਗਲਾਂ ਕਰ ਰਿਹਾ ਸੀ। ਗਲ ਵਾਹਿਗੁਰੂ ਉ੍ਰ ਚਲੀ ਗਈ। ਮੇਰੇ ਬਚੇ ਕਹਿੰਦੇ ਗੁਰਬਾਣੀ ਦਾ ਕੀ ਫਾਇਦਾ ਹੈ। ਮੈਂ ਕਿਹਾ ਕਿ ਇਹ ਮਾਨੁਖ ਨੂੰ ਰਬ ਬਣਾਉਂਦੀ ਹੈ। ਐਥੇ ਸੁਖ ਅਗੇ ਢੋਈ ਮਿਲਦੀ ਹੈ ਦਨੀਆਂ ਉਤੇ ਆਦਮੀ ਸੁਖ ਸਾਂਤੀ ਅਰਾਮ ਸਹਿਜ ਅਵਸਥਾ ਨੂੰ ਪਰਾਪਤ ਕਰ ਲੈਦਾ ਹੈ ਅਤੇ ਮਰ ਕੇ ਨਿਰਗੁਣ ਨੂਰ ਵਿਚ ਸ਼ਮਾਂ ਜਾਂਦਾ ਹੈ, ਮੋਕਸ਼ ਪਰਾਪਤ ਕਰ ਲੈਂਦਾ ਹੈ। ਜਾਈ ਜਾਣਾ ਅਤੇ ਆਈ ਜਾਣਾਂ ਤਾਂ ਤੇਹਨਾਂ ਰੂਹਾ ਲਈ ਹੈ. ਜਿਹੜੇ ਰਬ ਨਹੀ ਬੰਣਦੇ ਰਬ ਨਹੀ ਪਾਉਂਦੇ ਨਿਗੁਰੇ ਹਨ। ਜਿਹੜ ਵਾਹਿਗੁਰੂ ਵਾਲੇ ਬੰਣ ਜਾਂਦ ਹਨ ਉਹ ਵਾਹਿਗਰੂ ਹੀ ਹੋ ਜਾਂਦੇ ਹਨ। ਆਵਾ ਗਵਣ ਤੋਂ ਖੈਹਿੜਾ ਛੁਡਾ ਲੈਂਦੇ ਹਨ ਸਥਾਈ ਅਨੰਦ ਨੂੰ, ਸੁਖ ਸਾਂਤੀ ਅਰਾਮ ਨੂੰ, ਪਰਾਪਤ ਹੁੰਦ ਹਨ। ਝਟ ਮੋੜਵਾਂ ਸਵਾਲ ਹੋਇਆ ਕਿ ਹੁਣ ਤਾਂ ਚਲੋ ਮੰਨ ਲੈਂਦ ਹਾਂ ਕਿ ਜੀਵਾਂ ਵਿਚ ਕੋਈ ਗਲਤੀ ਹੋਊ ਪਰੰਤੂ ਜਦ ਪਹਿਲੀ ਵਾਰ ਰਚਨਾ ਕੀਤੀ ਉਦੋ ਤਾਂ ਜੀਵਾਂ ਦਾ ਕੋਈ ਕਸੂਰ ਨਹੀਂ ਸੀ ਕਿਉਂ ਇਕ ਤੋਂ ਅਨੇਕ ਹੋਇਆ, ਕਿਉਂ ਜ਼ੀਵਾਂ ਦੇ ਖਿਆਲ ਬਦਲੇ, ਕਿਉਂ ਜੂਨਾਂ ਵਿਚ ਪਾਏ। ਪਿਉ ਦ ਪਿਉ ਨੂੰ ਫੜਨ ਵਾਲੀ ਗਲ ਕੀਤੀ ਬਚਿਆ ਨੇ। ਬਥੇਰਾ ਕਿਹਾ ਕਿ ਉਸਦੀ ਖੇਡ ਹੈ, ਉਹਦੀਆਂ ਉਹੋ ਹੀ ਜਾਣੇਂ ਪਰੰਤੂ ਬਚਿਆਂ ਨੇ ਗਲ ਹਾਸੇ ਵਿਚ ਉੜਾ ਦਿਤੀ ਕਹਿਣ ਲਗੇ ਕਿ ਤੁਸੀ ਕਹਿੰਦੇ ਹੋ ਕੇਸ ਰਖੋ ਦਾਹੜੀਆ ਰਖੋ, ਦਸਾ ਸਾਲਾਂ ਬਾਦ ਦੇਖਿਉ ਅਜ ਨਾਲੋਂ ਅਧੇ ਵੀ ਸਿਖ ਨਹੀਂ ਰਹਿ ਜਾਣੇ ਪੰਜਾਬ ਵਿਚ ਪੱਛਮੀ ਦੇਸ਼ਾਂ ਦੀ ਮੁਕਮਲ ਨਕਲ ਹੋਵੇਗੀ ਉਹਨਾਂ ਕਈ ਪਤੱਤ ਹੋਏ ਸਿਖ ਨੌਜਵਾਨਾ ਦੀਆਂ ਮਿਸਾਲਾ ਪੇਸ਼ ਕੀਤੀਆਂ।

ਮੈਂ ਸੋਚਦਾ ਹਾਂ ਕਿ ਦਾਤਿਆਂ ਕੀ ਇਨਸਾਨੀਅਤ ਦੇ ਬੂਟੇ ਸਿਖ ਦਾ ਇਹ ਹਸ਼ਰ ਹੋਵੇਗਾ। ਘਟੋ ਘਟ ਸਾਨੂੰ ਤਾਂ ਉਹ ਦਿਨ ਨ ਦਖਾਵੀਂ ਦੁਨੀਆਂ ਵਿਚ ਜਾਗਰਤਾ ਦੀ ਥਾਵੇਂ ਕੀ ਅਗਿਆਨ ਫੈਲੇਗਾ ਗਿਆਨਵਾਨ ਗੁਰਮੁਖ ਸਿਘ ਚਮਕਦੇ ਰਹਿਣਗੇ ਭਾਵੇਂ ਵਿਰਲੇ ਵਾਂਝੇ ਹੀ ਹੋਣ ਅਤੇ ਅਜ ਵੀ ਵਿਰਲੇ ਵਾਂਜੇ ਹੀ ਹਨ। ਪਰੰਤੂ ਅਜ ਵੀ ਹੈਗੇਂ ਨੇ

ਅਤੇ ਅਗੇ ਨੂੰ ਵੀ ਰਹਿਣਗੇ, ਗੁਰਮੁਖ ਵਧਣਗੇ, ਸਿਖ ਭਾਵੇਂ ਥੋੜੇ ਹੰਣ ।

4.3.76 ਆਦਮੀ, ਸਰੀਰ ਵਿਚ ਵਾਹਿਗੁਰੂ ਹੈ, ਪਰੰਤੂ ਕਿਹੋ ਜਿਹਾ, ਜਿਹੋ ਜਿਹੇ ਇਹਦੇ ਖਿਆਲ । ਖਿਆਲ ਗੰਦੇ ਤਾਂ ਮਨਮੁਖ, ਖਿਆਲ ਚੰਗੇ ਤਾਂ ਗੁਰਮੁਖ । ਜਿਹੋ ਜਿਹਾ ਮਨਮੁਖ ਯਾਂ ਗੁਰਮੁਖ ਪਰਾਂਣੀ ਤੇਹੋ ਜਿਹੇ ਕੰਮ । ਪਿਛਲੇ ਕੰਮ ਮੌਜੂਦਾ ਹਾਲਤ ਦਾ ਕਾਰਨ ਅਤੇ ਮੌਜੂਦਾ ਹਾਲਤ ਅਗੇ ਦਾ ਕਾਰਨ । ਜੇ ਪਿਛਲੇ ਮਾੜੇ ਸਨ ਵੀਰ ਤਾਂ ਹੁਣ ਹੀ ਸਵਾਰ ਲਉ ਆਉਣ ਵਾਲੇ ਦਿਨ ਸਹਿਜੇ ਸਹਿਜੇ ਚੰਗੇ ਆ ਜਾਣਗੇ । ਜੇ ਅਜ ਖਾਣ ਜੋਗੇ ਦਾਣੇ ਵੀ ਨਹੀਂ ਹੋਏ ਤਾਂ ਇਹ ਤੇਰੇ ਪਿਛੇ ਦਾ ਕਸੂਰ ਹੈ । ਹੁਣ ਤਾਂ ਖੂਬ ਵਾਹ ਸਵਾਹਗ ਕੇ ਕਣਕ ਵਧੀਆ ਕਿਸਮ ਦੀ ਬੀਜ, ਨਾਨਕ ਦੀ ਦੁਕਾਨ ਤੋਂ ਬੀ ਲਿਆ ਵੇਖੀ ਫੇਰ ਫਸਲ ਦੇ ਨਜਾਰੇ । ਨਾਨਕ ਦੀ ਦੁਕਾਨ ਉਤੇ ਲੇਬਲ ਲਗਾ ਹੋਇਆ ਹੈ ਕਿ ਆਤਮਾਂ ਹੀ ਪਰਮਾਤਮਾ ਹੈ । ਇਹਨੂੰ ਸੱਚਾ ਸੁਚਾ ਤੇ ਉਚਾ ਰਖਣਾ ਹੀ ਨਾਮ ਜਪਣਾਂ ਹੈ । ਜਿਹੜਾ ਜਬਾਨ ਨਾਲ ਸ਼ਰੂ ਕਰਕੇ ਅਜਪਾ ਜਾਪ ਉਤੇ ਖਤਮ ਕੀਤਾ ਜਾਂਦਾ ਹੈ । ਸੋ ਵੀਰ ਤੂੰ ਸਰੀਰ ਵਿਚ ਵਾਹਿਗੁਰੂ ਹੈ । ਕਿਹੋ ਜਿਹਾ ਵਾਹਿਗੁਰੂ, ਇਹ ਤੂੰ ਆਪ ਵੇਖ ਲਏ, ਕਿਸੇ ਨੇ ਕੀ ਦਸਣਾਂ ਹੈ, ਸਾਕਸ਼ਾਤ ਦਿਸ ਹੀ ਰਿਹਾ ਹੈ । Face is the index of mind ਹੈ, ਮੂੰਹ ਵੇਖਣਾਂ ਚਾਹੁੰਦਾ ਹੈ ਜੇ ਆਪਣੇ ਵਾਹਿਗੁਰੂ ਦਾ ਤਾਂ ਸੀਸ਼ੇ ਵਿਚ ਵੇਖ ਲਏ । ਜੇ ਕਰਤੂਤ ਵਖਣੀ ਚਾਹੁੰਦਾ ਹੈਂ ਆਪਣੇ ਵਾਹਿਗੁਰੂ ਦੀ ਤਾਂ ਉਹਦਾ ਤੈਨੂੰ ਪੂਰਾ ਪੂਰਾ ਪਤਾ ਹੀ ਹੈ । ਕੋਈ ਗੁਝੀ ਛਿਪੀ ਗਲ ਨਹੀਂ । ਸੋ ਵਾਹਿਗੁਰੂ ਤੂੰ ਆਪ ਹੈ ਅਤੇ ਮਾੜੇ ਚੰਗੇ ਹਾਂਲਾਤ ਦਾ ਜੁਮੇਵਾਰ ਵੀ ਤੂੰ ਆਪ ਹੀ ਹੈ । ਤੂੰ ਆਪ ਹੀ ਆਪਣੀ ਤਕਦੀਰ ਲਿਖਦਾ ਹੈ ਤੇ ਆਪ ਹੀ ਉਹਨਾਂ ਖਿਆਲਾਤਾਂ ਮੁਤਾਬਕ ਭੋਗਣੇ ਭੋਗਦਾ ਹੈ । ਸੁਵਰਗ ਬੰਣਾ ਲਏ ਯਾਂ ਨਰਕ ਤੇਰੇ ਆਪਣੇ ਵਸ ਹੈ ਆਪਣੇ ਹਥ ਹੈ । ਆਤਮਾ ਨੂੰ ਪਵਿਤਰ ਰਖ, ਮੇਹਨਤ ਕਰ ਫਲ ਅਵੱਸ਼ ਚੰਗਾ ਲਗੇਗਾ ਸਿਟਾ ਜਰੂਰ ਬਰਜਰੂਰ ਚੰਗਾ ਨਿਕਲੇਗਾ ।

10.3.76 ਮਨ ਵਿਚੋਂ ਕਿਸੇ ਕੰਮ ਨੂੰ ਚਾਹੁੰਣਾ ਪਰੰਤੂ ਉਹਦੇ ਕਰਨ ਲਈ ਉਦਮਨ

ਕਰਨਾ ਸੁਸਤੀ ਦੇ ਕਾਰਨ ਹਨ । ਫਰਜ ਕਰੋ ਬਚਾ ਕਲਾਸ ਵਿਚੋਂ ਪਾਸ ਹੋਣਾ ਚਾਹੁੰਦਾ ਹੈ ਪਰੰਤੂ ਪੜਦਾ ਹਈ ਨਹੀਂ ਮੇਹਨਤ ਨਹੀਂ ਕਰਦਾ ਸਫਲਤਾ ਕਿਵੇਂ ਮਿਲੇਗੀ ਫਰਜ ਕਰੋ ਇਕ ਆਦਮੀ ਨੌਕਰੀ ਚਾਹੁੰਦਾ ਹੈ ਪਰੰਤੂ ਨੌਕਰੀ ਲਈ ਪਰਜਾਪਤ ਯੋਗਤਾ ਨਹੀਂ ਬਣਾਉਂਦਾ, ਨੌਕਰੀਆਂ ਦੇ ਵਿਗਿਆਪਨ ਨਹੀਂ ਵੇਖਦਾ । ਪ੍ਰਾਥਨਾ ਪੱਤਰ ਨਹੀਂ ਘਲਦਾ, ਨੌਕਰ ਕਿਸ ਤਰਾਂ ਹੋਵੇਗਾ, ਵਾਹਿਗੁਰੂ ਹਿਰਦੇ ਵਿਚ ਵਸਦਾ ਹੈ, ਆਦਮੀ ਦੇ ਖਿਆਲਾਤ ਦੇ ਮੁਤਾਬਕ ਹਾਲਾਤ ਬਣਾ ਕੇ ਅਗੇ ਲਿਆਉਂਦਾ ਹੈ । ਮੌਕੇ ਦੇ ਸਦਉਪਯੋਗ ਵਿਚ ਪਰਾਣੀ ਦੀ ਤਰੱਕੀ ਹੈ, ਭਲਾ ਹੈ । ਹਿਰਦਯ ਦੀ ਤਰੰਗ ਮੁਤਾਬਕ ਹਾਲਾਤ ਦਾ ਜਾਇਜ ਫਾਇਦਾ ਉਨਾ ਲੈਣਾ, ਹੁਕਮ ਰਜਾਈ ਚਲਣਾ ਹੈ ।

1. ਇਕ ਤਾਂ ਹੁਕਮ ਰਜਾਈ ਚਲਣਾ ਹੈ ਕਾਨੂੰਨੇ ਕੁਦਰਤ ਮੁਤਾਬਕ ਚਲਣਾ ਕੁਦਰਤ ਦੇ ਨਿਯਮਾਂ ਅਨੁਸਾਰ ਜਿੰਦਗੀ ਬਿਤਾਉਂਣੀ ਦਿਨ ਚੜਿਆ ਹੈ ਦੁਨੀਆਂ ਦੇ ਕੰਮ ਕਰੋ । ਰਾਤ ਪਈ ਹੈ ਹਨੇਰਾ ਹੈ ਸੋ ਜਾਉ । ਮੀਂਹ ਪਿਆ ਹੈ ਜਮੀਨ ਪੋਲੀ ਹੈ ਵਾਹ ਲਉ । ਸਚਾਈ ਤੇ ਚਲਦਿਆਂ ਨੂੰ ਦੁਖ ਤਕਲੀਫ ਦਾ ਤੌਖਲਾ ਨਹੀਂ, ਆਦਿ
2. ਦੂਜੇ ਹੈ ਆਪਣੇ ਆਤਮਾ ਦੀਆ ਸਚੀਆਂ ਇਨਟੂਸਨ (Intutions) ਤਰੰਗਾ ਨੂੰ ਵਰਤੋਂ ਵਿਚ ਲਿਆਉਣਾ । ਫੁਰਨਾ ਫੁਰਿਆ ਹੈ ਲਿਖ ਲਉ ਕਿਸੇ ਕੰਮ ਲਈ ਕਿਸੇ ਨੂੰ ਮਿਲਣ ਦਾ ਖਿਆਲ ਆਇਆ ਹੈ, ਜਾ ਆਉ ।

ਮਨ ਦੀਆਂ ਸਾਰੀਆਂ ਤਰੰਗਾ 100% ਦਰੁਸਤ ਤਾਂ ਕਿਸੇ ਕਾਮਲ ਪੁਰਖ ਦੀਆਂ ਹੀ ਹੁੰਦੀਆਂ ਹਨ । ਇਹਨਾਂ ਵਿਚ ਪਿਛਲੇ ਵਿਚਾਰਾਂ ਦੀ ਅਮੇਜ਼ਸ ਹੁੰਦੀ ਹੈ । ਇਸ ਲਈ ਚੰਗੀਆਂ ਵਿਚਾਰਾਂ ਉਤੇ ਹੀ ਅਮਲ ਕਰਨਾ ਚਾਹੀਦਾ ਹੈ । ਗੰਦੀਆਂ ਯਾਂ ਭੇੜੀਆਂ ਵਿਚਾਰ ਤਰੰਗਾ ਨੂੰ ਕੰਡਮ ਕਰਕੇ ਤਰਕ ਕਰਨਾ ਲਾਜਮੀ ਹੈ । ਵਰਨਾਂ ਮਨਮੁਖ ਬੰਣ ਜਾਉਗੇ ।

ਕੋਈ ਕੰਮ ਤਾਂ ਬਨਾਉਂਣਾ ਚਾਹੁੰਣਾ ਪਰੰਤੂ ਕਹਿਣਾ ਕਿ ਜਦ ਰਬ

ਨੂੰ ਮਨਜ਼ੂਰ ਹੋਵੇਗਾ ਤਦ ਹੀ ਹੋਵੇਗਾ, ਸੁਸਤੀ ਹੈ।

ਰਬ ਤੁਹਾਥੋਂ ਬਾਹਰ ਨਹੀਂ ਹੈ ਤੁਹਾਡੇ ਹਿਰਦੇ ਵਿਚ ਵਸਦਾ ਹੈ। ਤੁਹਾਡਾ ਸੋਚਿਆ ਤੁਹਾਡੇ ਰਬ ਦਾ ਹੀ ਸੋਚਿਆ, ਸਮਝਿਆ ਤੇ ਫੈਸਲਾ ਕੀਤਾ ਕੰਮ ਹੈ। ਲੱਕ ਬੰਨ ਨੇਪਰੇ ਤੁਸਾਂ ਹੀ ਚੜ੍ਹਾਉਣਾਂ ਹੈ ਤੁਹਾਡੇ ਰਬ ਨੇ ਹੀ ਚੜ੍ਹਾਉਣਾ ਹੈ। ਬਲ ਧਾਰੋ ਤੇ ਆਪਣੇ ਪਵਿਤਰ ਆਤਮਾਂ ਦੇ ਪਵਿਤਰ ਖਿਆਲਾਤ ਨੂੰ ਨੇਪਰੇ ਚੜ੍ਹਣ ਲਈ ਲੱਕ ਬੰਨ ਲਉ ਇਸੇ ਵਿਚ ਗੈਬੀ ਮਦਦ ਵੀ ਆਵੇਗੀ, ਵਰਨਾਂ ਆਪ ਰਬ ਕਰ ਦੇਉ ਆਲਸੀਆ ਦਾਂ ਨਾਹਰਾ ਹੈ।

13.4-76 ਅਜ ਵੈਸਾਖੀ ਸੀ, ਚੰਡੀਗੜ੍ਹ ਪ੍ਰਸ਼ਾਸਨ ਵਿਚ ਵੀ ਜੇ ਛਟੀ ਸੀ ਤਾਂ ਵੀ ਸਾਨੂੰ ਛਟੀ ਨਹੀਂ ਸੀ, ਨਵਾਂ S.S.P. ਆਇਆ ਤੇ ਉਹਦੀ ਪਹਿਲੀ ਪਰੇਡ ਅਜ ਸੀ। ਮਜਬੂਰਨ ਕਿਸੇ ਗੁਰਦੁਆਰੇ ਨਾਂ ਜਾ ਸਕੇ ਨਿਰੰਕਾਰੀਆਂ ਨੇ ਵਡਾ ਜਲੂਸ ਕਢਿਆ ਸੀ, ਤੇ ਦੀਵਾਨ ਵੀ ਥਾਣੇ ਦੇ ਸਾਹਮਣੇ ਗਰਾਊਂਡ ਵਿਚ ਸੀ, ਇਸ ਲਈ ਇਰਾਦਾ ਇਹੋ ਬੰਣਿਆ ਕਿ ਚਲੋ ਅਜ ਇਹਨਾਂ ਨੂੰ ਸੁਣੋ। ਨਿਰੰਕਾਰੀ ਸੰਤ ਇਕੱਤਰ ਹੋਏ ਹਨ ਕੀ ਕਹਿੰਦੇ ਹਨ। ਚੁਨਾਂਚਿ 3 ਤੋਂ 6 ਵਜੇ ਤਕ ਨਿਰੰਕਾਰੀ ਦੀਵਾਨ ਦਾ ਅਨੰਦ ਮਾਣਿਆ, ਸੌ ਫੀ ਸਦੀ ਸਚਾਈ ਹੈ ਕਿ ਦੀਵਾਨ ਵਿਚ ਸਿਗਰਟ ਬੀੜੀ ਆਮ ਚਲਦੀ ਸੀ, ਦਾਹੜੀ ਕੇਸ ਕਟੇ ਤਾਂ ਸਾਰੇ ਸਨ ਸਿਵਾਏ ਗੁਰੂ ਯਾਂ ਬਹੁਤ ਨਿਕਟਵਰਤੀਆਂ ਦੇ ਮੁਸਲਮਾਨ ਤੇ ਹੋਰ ਸ਼ਰੇਣੀਆਂ ਦੇ ਆਦਮੀ ਸਨ ਆਮ ਜੰਤਾ ਦੇ ਜੀੜੇ ਕਪੜੇ ਵੀ ਘਟੀਆ। ਹਾਲਤ ਵੀ ਘਟੀਆਂ, ਰਬ ਦਾਂ ਪਤਾ ਸ਼ਾਇਦ ਹੀ ਕਿਸੇ ਨੂੰ ਹੋਵੇ। ਗੁਰੂ ਗੁਰ ਬਚਨ ਸਿੰਘ ਦੀ ਧਰਮਪਤਨੀ ਨ ਤੇ ਉਹਨਾਂ ਆਪ ਜੋ ਬਿਆਨ ਦਿਤਾ, ਮਹਿਜ਼ ਪਾਰਟੀ ਪਰਾਪੇਗੰਡਾ ਸੀ, ਵਾਹਿਗੁਰੂ ਬਾਰੇ ਕਿਸੇ ਕੁਝ ਨਹੀਂ ਦਸਿਆ ਕਿ ਵਾਹਿਗੁਰੂ ਕੀ ਹੈ, ਕਿਤਰਾਂ ਦਾ ਹੈ ਕਿਥੇ ਹੈ ਕਿਵੇ ਕੰਮ ਚਲਾਂਦਾ ਹੈ। ਬਸ ਸੌ ਹਥ ਕਸਾ ਸਿਰੇ ਤੇ ਗੰਢ ਇਹੋ ਪ੍ਰਤੀਤ ਹੋਈ, ਦੁਨੀਆ ਲੁਟੀਏ ਮੱਕਰ ਨਾਲ ਤੇ ਰੋਟੀ ਖਾਈਏ ਸ਼ਕਰ ਨਾਲ, ਪਰੰਤੂ ਹਰ ਚੀਜ ਵਿਚ ਸਿਰਫ ਅੰਬ ਹੀ ਵੇਖਣ ਦੀ ਮੇਰੀ ਨਜ਼ਰ ਨਹੀਂ ਮੈਂ ਬੁਰਿਆਈ ਵਿਚੋਂ ਵੀ ਚੰਗਿਆਈ ਨੂੰ ਲਭਣ ਦਾ

ਸ਼ੁਕੀਨ ਹਾਂ । ਇਸ ਲਈ ਇਹ ਗਲ ਹੈ ਕਿ ਨਿਰੰਕਾਰੀ ਮਿਸ਼ਨ ਦ ਜੀਵ, ਸਿਖ ਨੂੰ ਗੁਰੂ ਕਹਿੰਦੇ ਹਨ, ਜੈਸਾ ਸਿਮਰੋ ਵੈਸਾ ਹੋਇ ਅਨੁਸਾਰ ਉਹ ਸਿੱਖ ਬੰਣਨਾ ਸਿਖ ਰਹੇ ਹਨ । ਸਿਖੀ ਨੂੰ ਸੱਧੇ ਬਚੇ ਦੇ ਦੀ ਨਰਸਰੀ ਅਛੀ ਹੈ, ਉਹਨਾ ਦਾ ਉਪਰਾਲਾ ਬਿਲਕੁਲ ਨਿੰਦਿਣ ਯੋਗ ਹੀ ਨਹੀਂ ਹੈ । ਸਲਾਘਾ ਯੋਗ ਵੀ ਹੈ । ਵੈਸੇ ਰਾਮ ਰਹੀਮ ਉਬਾਰ ਨ ਸਾਕੈ ਜਾ ਕੈ ਨਾਮ ਰਟੇ ਹੈਂ ਅਨੁਸਾਰ ਆਪਣੀ ਆਤਮਾਂ ਤੋਂ ਸਿਵਾ ਕਿਸੇ ਗੁਰੂ ਪੀਰ, ਸਕੇ ਸੋਦਰੇ ਨੇ ਸਹਾਈ ਨਹੀਂ ਹੋਣਾ ਪਤਾ ਉਹਨਾਂ ਦੇ ਸੇਵਕਾ ਨੂੰ, ਇਸ ਗਲ ਦਾ ਅਜੇ ਨਹੀਂ ਹੈ ।

23.4.76 ਵਾਹਿਗੁਰੂ, ਹਰੀ, ਰਾਮ (ਰਮਿਆ ਹੋਇਆ) ਰਬ God ਭਗਵਾਨ ਇਕ ਸਪਿਰਟ ਹੈ ਰੂਹ ਹੈ ਆਤਮਾ ਹੈ । ਉਹੋ ਸਤਿਗੁਰ ਹੀ ਸਾਡੇ ਵਿਚ ਆਤਮਾ ਦੇ ਰੂਪ ਵਿਚ ਬਿਰਾਜਮਾਨ ਹੈ । ਅਸੀਂ ਹਕੀਕਤ ਵਿਚ ਰਬ ਹੀ ਹਾ । ਕਿਸੇ ਨੂੰ ਪਛਾਣ ਨ ਹੋਵੇ ਆਪਣੇ ਆਪ ਦੀ ਤਾਂ ਭਾਵੇਂ ਆਦਮੀ ਵਗੈਦਾ ਕਹਿੰਦਾ ਫਿਰੇ ਪਰੰਤੂ ਅਸਲ ਵਿਚ ਧਰਤੀ ਦਾ ਸਭ ਕੁਝ ਹੀ ਆਤਮਾ ਤੋਂ ਬਣਿਆ ਹੈ ਅਤੇ ਫੰਡਾਮੈਂਟਲੀ ਆਤਮ ਤੱਤ ਹੀ ਹੈ । ਇਹ ਇਨਸਾਨ ਨੂੰ ਅੰਦਰੋਂ intutions ਵੀ ਦਿੰਦਾ ਹੈ ਪਰੰਤੂ ਅੰਦਰੋ ਹੀ ਅੰਦਰੋ ਨਹੀਂ ਬਾਹਰੋਂ ਵੀ ਹਾਲਾਤ ਬਣਾ ਕੇ ਆਦਮੀ ਦੇ ਸਾਹਮਣੇ ਲਿਆਉਂਦਾ ਹੈ । ਜਿਹੜੇ ਕਿ ਕਈ ਵੇਰਾਂ ਅੰਦਰਲੇ ਖਿਆਲਾਤ ਨਾਲ ਬਿਲਕੁਲ ਹੀ ਟੈਲੀ ਨਹੀਂ ਕਰਦੇ ਹੁੰਦੇ । ਫਰਜ ਕਰੋ ਮੈਂ ਜਾਂਦਾ ਹਾ ਪੀਪਾ ਘਿਉ ਦਾ ਲੈਣ, ਰਾਹ ਵਿਚ ਐਕਸੀਡੈਂਟ ਹੋ ਗਿਆ । ਸੱਚਿਆ ਕੁਝ ਸੀ ਹੋ ਗਿਆ ਕਝ ਹੋਰ ਜਾਣਾ ਕਈ ਵਾਰੀ East ਨੂੰ ਹੋਵੇ ਤਾਂ ਲਏ west ਹੀ ਜਾਂਦਾ ਹੈ । ਉਸ ਸੂਰਤ ਵਿਚ ਤੁਸੀਂ ਆਪਣੇ ਦਿਲ ਵਿਚ ਲਗੇ ਹੋਏ ਛਾਨਣੇ ਉਤੇ ਨਿਰਭਰ ਕਰੋ ਜਿਸ ਵੇਲੇ ਵੀ ਕੋਈ ਇਹੋ ਜਿਹੀ ਗਲ ਬਣੇ, ਯਾਂ ਕੋਈ ਦੋਸਤ ਮਿਤਰ ਹੀ ਖਿਆਲ ਤਰੰਗ ਦੇਵੇ ਝਟ ਇਹ ਸੋਚਿਆ ਕਰੋ ਕਿ ਕੀ ਇਹ ਸਚਾਈ, ਹਕੀਕਤ, ਸਤ, ਸੰਤੋਖ. ਦਯਾ ਧਰਮ, ਨੇਕੀ ਆਦਿ ਹੈ ਜੇ ਹੋਵ ਤਾਂ ਅਪਨਾਂਉ ਵਰਨਾ ਤਰਕ ਕਰ ਦਿਉ । ਇਉਂ ਆਤਮਾ ਬਲਵਾਨ ਹੁੰਦਾ ਜਾਂਦਾ ਹੈ ਤੇ ਪਵਿਤਰਤਾ

ਵਧਦੀ ਹੈ। ਸੁਖ ਬਣ ਆਉਂਦਾ ਹੈ ਦੁਖ ਨਹੀਂ ਸਹਿਣੇ ਪੈਂਦੇ। ਹਰ ਚੰਗੀ ਮਾੜੀ ਤਰੰਗ ਸਾਹਮਣੇ ਝੁਕ ਜਾਣਾ ਭਾਣਾ ਮੰਨਣ ਨਹੀਂ ਹੈ ਸਗੋਂ ਮਨ ਦੇ ਸਚੇ ਸੁਚੇ ਫੈਸਲੇ ਮੁਤਾਬਕ ਚਲਣਾ ਹੁਕਮਿ ਰਜਾਈ ਚਲਣਾ ਹੈ। ਆਪਣੇ ਆਤਮਾ ਦੇ ਫੈਸਲੇ ਤੇ ਫੁਲ ਚੜ੍ਹਾਉਣਾ ਹੁਕਮ ਮੰਨਣਾ ਹੈ ਹਰ ਕਿਸਮ ਦੀ ਤਰੰਗ ਜਿਸ ਵਿਚ ਮਾੜੀਆਂ ਭੀ ਸ਼ਾਮਲ ਹਨ ਦੇ ਸਾਹਮਣੇ ਢਹਿ ਪੈਣਾ ਹੁਕਮ ਰਜਾਈ ਨਹੀਂ, ਸਚੀ ਸੁਚੀ ਤਰੰਗ ਤੇ ਪੂਰਨੇ ਪਾਉਣੇ ਭਾਣਾ ਮੰਨਣਾ ਹੈ।

24.4.76 ਵਾਹਿਗੁਰੂ ਇਕ ਸਪਿਰਟ ਹੈ, ਰੂਹ ਹੈ, ਆਤਮਾ ਹੈ। ਉਸੇ ਆਤਮਾ ਤੋਂ ਸਾਰਾ ਸੰਸਾਰ ਬਣਿਆ ਹੈ। ਹਵਾ ਪਾਣੀ ਮਿਟੀ, ਦਰਖਤ ਪੌਦੇ, ਜੀਵ ਜੰਤੂ ਇਨਸਾਨ ਸਭ ਉਹ ਆਤਮਾ ਹੀ ਆਤਮਾ ਹਨ। ਇਕ ਦੂਜੇ ਤੋਂ ਭਿੰਨ ਇਸ ਲਈ ਹਨ ਕਿ ਇਹਨਾਂ ਆਤਮਾਵਾਂ ਦੇ ਖਿਆਲ ਵਖਰੇ ਵਖਰੇ ਹਨ। ਖਿਆਲਾਤ ਮੁਤਾਬਕ ਹਾਲਾਤ ਬਣਦੇ ਹਨ। ਸਭ ਆਪਣੇ ਖਿਆਲਾਤ ਦਾ ਖੱਟਿਆ ਖਾਂਦੇ ਹਨ। ਬੀਮਾਰੀਆਂ ਮਾੜੀਆਂ ਮੰਦੀਆਂ ਹਾਲਾਤਾਂ ਤਥਾ ਐਸ਼ੋਅਰਾਮ ਸਭ ਇਹਨਾਂ ਜੀਵਾਂ ਦੇ ਆਪਣੇ ਖਿਆਲਾਤ ਮੁਤਾਬਕ ਬਣਦਾ ਹੈ। ਇਹਨਾਂ ਦਾ ਆਤਮਾ ਹੀ ਪਰਮਾਤਮਾ ਹੈ ਜੈਸੇ ਖਿਆਲਾਤ ਆਤਮਾ ਦੇ ਹੋਣਗੇ ਵੈਸੀ ਹਾਲਤ ਬਣ ਜਾਵੇਗੀ। ਰਬ ਕੋਈ ਡਿਕਟੇਟਰ ਨਹੀਂ ਕਿ ਫੜਿਆ ਕਿਸ ਨੂੰ ਮਨੁਖ ਬਣਾ ਦਿਤਾ ਕਿਸੇ ਨੂੰ ਪਸ਼ੂ ਬਣਾ ਦਿਤਾ। ਰਬ ਨੇ ਅਸੂਲ ਬਣਾਏ ਹੋਏ ਹਨ ਉਹਨਾਂ ਅਸੂਲਾਂ ਦੇ ਤਹਿਤ ਸਭ ਜੂਨਾਂ ਦੀ ਅਦਲਾ ਬਦਲੀ ਹੁੰਦੀ ਰਹਿੰਦੀ ਹੈ। ਅਸਲ ਇਕੋ ਹੀ ਹੈ, ਸ਼ਾਖਾਂ ਭਾਵੇਂ ਹਜਾਰ ਕਢ ਲਈਏ ਪਰੰਤੂ ਬੇਸਿਕ ਅਸੂਲ ਆਤਮਕ ਪਵਿਤਰਤਾ ਹੀ ਹੈ। ਆਤਮਾ ਪਵਿਤਰ ਤਾਂ ਹਾਲਤ ਚੰਗੀ ਆਤਮਾ ਮਲੀਨ ਤਾਂ ਹਾਲਤ ਮਲੀਨ। ਆਤਮਾ ਖਿਆਲਾਤ ਨਾਲ ਚਲਦਾ ਹੈ। ਖਿਆਲਾਤ ਨੂੰ ਪਰਾਣੀ ਖੁਦ ਕੰਟਰੋਲ ਕਰਦਾ ਹੈ, ਇਸ ਵਾਸਤੇ ਰਬ, ਬੰਦਾ ਆਪ ਹੀ ਹੈ। ਆਪਣੇ ਖਿਆਲਾਤ ਦੀ ਮਾਸਟਰੀ ਵਿਚ ਹੀ ਤਰੱਕੀ ਦਾ ਸਾਰਾ ਰਾਜ ਲੁਕਿਆ ਪਿਆ ਹੈ। Be your

Command। ਰਬ ਹੈ ਜ਼ਰੂਰ, ਹੁੰਦਾ ਸਭ ਰਬ ਦਾ ਕੀਤਾ ਹੀ ਹੈ। ਪਰੰਤੂ ਰਬ ਹੈ ਸਾਡਾ ਆਤਮਾ ਅਤੇ ਸਾਡੇ ਆਤਮਾ ਦਾ ਹੀ ਕੀਤਾ ਹੁੰਦਾ ਹੈ। ਰਬ ਵਿਚ ਅਤੇ ਆਤਮਾ ਵਿਚ ਰਾਈ ਭਰ ਵੀ ਫਰਕ ਨਹੀਂ ਹੈ ਜਿਨੇ ਤੁਸੀਂ ਰਬ ਦੇ ਭਾਵ ਆਪਣੇ ਆਤਮਾ ਦੇ ਗੁਣ ਗਾਉਗੇ ਉਤਨੇ ਬਲਵਾਨ ਤੇ ਸ਼ਕਤੀਸ਼ਾਲੀ ਹੁੰਦੇ ਜਾਉਗੇ। ਜੇ ਤੁਸੀਂ ਆਪਣੇ ਵਾਹਿਗੁਰੂ ਨੂੰ ਸਾਰੀ ਸਰਿਸ਼ਟੀ ਦਾ ਕਰਤਾ ਧਰਤਾ ਮੰਨੋਗੇ ਤਾਂ ਤੁਸੀਂ ਬਜਾ ਤੇ ਖ਼ੁਦ ਸਰਿਸ਼ਟੀ ਦੇ ਕਰਤਾ ਧਰਤਾ Supreme Power ਬਣ ਜਾਉਗੇ। ਇਸ ਪਾਸੇ ਲਗੋ ਵਾਹਿਗੁਰੂ ਭਲੀ ਕਰੇ।

## ਪੱਤਰ

੧੯

ਪਿਆਰੇ ਵੀਰ ਸ੍ਰ. ਜੁਗਿੰਦਰ ਸਿੰਘ ਜੀ,

ਚੰਡੀਗੜ੍ਹ

5.6.76

ਵਾਹਿਗੁਰੂ ਜੀ ਦੀ ਫਤਹਿ ਪ੍ਰਵਾਨ ਹੋਵੇ

ਆਪ ਜੀ ਦਾ ਪੱਤਰ 1.6.76 ਦਾ ਮਿਲਿਆ, ਪੜ ਕੇ ਚਿੱਤ ਪ੍ਰਸੰਨ ਹੋਇਆ, ਸ਼ੁਕਰ ਹੈ ਅਤੇ ਵਡਭਾਗੇ ਹੋ, ਜਿਨ੍ਹਾਂ ਨੂੰ ਵਾਹਿਗੁਰੂ ਜੀ ਦੀ ਲਗਨ ਲਗੀ ਹੈ। ਜਿਨ ਪ੍ਰੇਮ ਕੀਆ ਤਿਨ ਹੀ ਪ੍ਰਭ ਪਾਇਆ, ਹਾਰੀ ਸਾਰੀ ਨਾਲ ਪ੍ਰੇਮ ਨਹੀ, ਵਾਹਿਗੁਰੂ ਨਾਲ ਪ੍ਰੇਮ। ਅਖੀਆਂ ਮੀਟਣ ਯਾਂ ਖੋਲ੍ਹਣ ਵਿਚ ਕੋਈ ਭੇਦ ਨਹੀਂ, ਤੁਹਾਡੀ ਖੁਸ਼ੀ ਹੈ ਮੌਕੇ ਮੁਤਾਬਕ ਭਾਵੇਂ ਮੀਟੋ ਤੇ ਭਾਵੇਂ ਖੋਲ੍ਹ ਛਡੋ। ਪ੍ਰਭੂ ਮਿਲਦਾ ਹੈ, ਅਮਰਤਿ ਵੇਲਾ ਸਚ ਨਾਉ ਵਡਿਆਈ ਦੀ ਵੀਚਾਰ ਕੀਤਿਆਂ? ਰਟਿਆਂ ਨਹੀਂ। ਹਾਂ ਗੁਰਬਾਣੀ ਦਾ ਪੜ੍ਹਨਾ ਜ਼ਰੂਰ ਅਸਰ ਪਾਂਦਾ ਹੈ ਪਰੰਤੂ ਸਮਝ ਕੇ ਕਿ ਗੁਰਬਾਣੀ ਕੀ ਕਹਿੰਦੀ ਹੈ। ਵਾਹਿਗੁਰੂ ਕਿਸਤਰਾਂ ਦਾ ਹੈ ਅਤੇ ਕਿਥੇ ਹੈ ਆਦਿ। ਵਾਹਿਗੁਰੂ ਇਕ ਰੂਹ ਹੈ ਅਤੇ ਸਾਡਾ ਰੂਹ ਸਾਡੇ ਵਿਚ ਹੀ

ਵਸਦਾ ਹੈ। ਆਦਖ ਹੁੰਦਾ ਹੋਇਆ ਦਿਸ ਪੈਂਦਾ ਹੈ, ਇਕ ਅਧੀ ਵਾਰ ਵੀ ਨਹੀਂ ਸਗੋਂ ਹਜ਼ਾਰਾ ਵਾਰ। ਅਗੋਚਰ ਤਕ ਪਹੁੰਚਿਆ ਜਾ ਸਕਦਾ ਹੈ। ਵਿਧੀ ਹੈ ਵਾਹਿਗੁਰੂ ਵਿਚ ਪ੍ਰੇਮ। ਹਰਿ ਵੇਲੇ ਸੋਚ ਵਿਚਾਰ ਦਾ ਕੇਂਦਰ ਬਿਦੂ ਹੀ ਵਾਹਿਗੁਰੂ ਰਵੇ। ਦਿਮਾਗ ਦੇ ਮਸਲੇ ਵਜੋਂ ਹਰ ਵੇਲੇ ਚੇਤਾ ਧਿਆਨ ਖਿਆਲ ਵਾਹਿਗੁਰੂ ਨੂੰ ਲਭਣ ਭਾਲਣ ਵਿਚ ਹੀ ਰਹਵੇ। ਕਿ ਵਾਹਿਗੁਰੂ ਕੀ ਹੈ ਕਿਥੇ ਹੈ ਕਿਸਤਰਾਂ ਦਾ ਹੈ ਤਥਾ ਕਿਵੇ ਕੰਮ ਚਲਾਂਦਾ ਹੈ। ਪਹਿਲੇ ਪਹਿਲ ਸੁਪਨੇ ਵਿਚ ਰੌਸ਼ਨੀ ਜਿਹੀ ਨਜਰ ਆਵੇਗੀ। ਫੇਰ ਖੁਲ੍ਹੀਆ ਅਖਾਂ ਨਾਲ ਦਿਸਣ ਲਗ ਪੈਂਦਾ ਹੈ। ਖੈੜਾ ਨਾ ਛਡੋ, ਪਰੰਤੂ ਜੇ ਪਾਗਲਪਨ ਦੀ ਹਾਲਤ ਹੋ ਜਾਵੇ ਤਾਂ ਨਾਮ ਬਿਲਕੁਲ ਘਟ ਕਰ ਦੇਣਾ, ਤਕਲੀਫ ਨਾਲ ਸਗੋਂ ਗਲ ਗਵਾਚਦੀ ਹੈ, ਬਣਦੀ ਨਹੀਂ। ਹੈ ਉਹ ਆਪਣੇ ਵਿਚ ਆਪਣਾ ਆਤਮਾ, ਸਿਰਫ ਪਹਿਲੇ ਪਹਿਲ ਭਾਸਦਾ ਇਸਤਰਾਂ ਹੈ ਕਿ ਬਾਹਰੋ ਪਰਗਟ ਹੋਇਆ ਹੈ। ਹੁੰਦਾ ਅੰਦਰ ਹੀ ਬੈਠਾ ਹੈ ਮੇਰੇ ਇਕ ਮਿੱਤਰ ਨੇ ਦਸਿਆ ਹੈ ਕਿ ਨਾਮ ਦੇਵ ਜੀ ਦੀ ਮਿਸਾਲ, ਗਊ ਦੇ ਬਛੜੇ ਵਿਚ ਪਿਆਰ ਨਾਰੀ ਨੂੰ ਭਤਾਰ ਦਾ ਪਿਆਰ, ਪਨਿਹਾਰਨ ਨੂੰ ਸਿਰ ਤੇ ਚੁਕੇ ਭਾਂਡੇ ਦਾ ਧਿਆਨ। ਉਹ ਅਖਾਂ ਖੋਲ੍ਹ ਕੇ ਚੌਕਸ ਹੋ ਕੇ ਸਿਰ ਉਤਲੇ ਘੜੇ ਦਾ ਬੈਲੰਸ ਠੀਕ ਹੀ ਰਖਦੀ ਹੈ, ਆਦਿ ਢੰਗ ਹੀ ਵਾਹਿਗੁਰੂ ਨੂੰ ਪਾਉਣ ਵਿਚ ਸਹਾਈ ਹੁੰਦੇ ਹਨ। ਪਰੰਤੂ ਫੋਕੇ ਇਹ ਢੰਗ ਜਿਨੇ ਮਰਜੀ ਕਰੀ ਜਾਈਏ ਨਹੀਂ ਮਿਲਦਾ, ਹਾਂ ਇਨ੍ਹਾਂ ਢੰਗਾਂ ਤੋਂ ਇਲਾਵਾ ਆਤਮਾ ਨੂੰ ਸਦਾ ਸੁਚਾ ਤੇ ਉਚਾ ਰਖਿਆ ਬਹੁਤ ਛੇਤੀ ਮਿਲਦਾ ਹੈ। ਸਭ ਤੋਂ ਉਤਮ ਤਰੀਕਾ (ਰਹਿ ਕਾ ਨਾਮੁ ਜਪਿ ਨਿਰਮਲ ਕਰਮ) ਹੈ। ਨਾਮ ਨਾਲ ਸਚੇ ਸੁਚੇ ਕਰਮ ਕਰਨੇ ਅਤੀ ਜਰੂਰੀ ਹਨ। ਰਾਤ ਨੂੰ ਸੌਂਣ ਲਈ ਬਿਸਤਰੇ ਉਤੇ ਲੇਟ ਕੇ ਦੋਨਾ ਅਖਾਂ ਦੇ ਵਿਚਕਾਰੇ, ਮਥੇ ਵਿਚ ਜਿਥੇ ਨਕ ਦੀ ਹਡੀ ਖਤਮ ਹੋ ਕੇ ਮਥਾ ਸ਼ੁਰੂ ਹੋਦਾ ਹੈ, ਪਹਿਲਾਂ 5 ਮਿੰਟ ਸੋਚਣਾਂ ਕਿ ਮੈਂ ਅਜ ਕੋਈ ਮਾੜਾ ਕਰਮ ਤੇ ਨਹੀਂ ਕੀਤਾ। ਫੇਰ ਸਿਮਰਨ ਵਾਹਿਗੁਰੂ ਵਾਹਿਗੁਰੂ ਕਰਨਾ ਭੀ ਲਾਭਦਾਇਕ ਹੈ ਅਤੇ ਏਥੇ ਹੀ ਅਨੇਕਾਂ ਵਾਰ ਦਰਸ਼ਨ ਹੁੰਦੇ ਹਨ। ਆਦਮ ਰੂਪ ਵਿਚ ਵੀ ਅਤੇ ਸਪਿਰਟ ਰੂਪ ਵਿਚ ਵੀ ਏਥੇ ਹੀ ਮਿਲਦਾ ਹੈ। ਮੈਂ

ਇਸਤਰਾਂ ਕਰਦਾ ਰਹਿਆ ਹਾਂ ਪਰੰਤੂ ਪਾਗਲਪਨ ਤੋਂ ਬਚਣਾ।

2. ਪੰਚ ਸ਼ਬਦ ਤੋਂ ਭਾਵ ਪੰਚਾ ਦੇ ਸ਼ਬਦ (ਗੁਰੂਬਾਣੀ) ਦਰਗਾਹ ਵਿਚ ਜਾਣ ਤੋਂ ਪਹਿਲਾਂ ਸੁਣੀਦਾ ਕੀਰਤਨ ਹੈ। ਫਰ ਇਹ ਅੰਦਰੋਂ ਫੁਟਦੇ ਸ਼ਬਦ ਹਨ ਵਿਸ਼ੇਸ਼ ਸ਼ਬਦ ਕੋਈ ਨਹੀਂ, ਸਾਰੀ ਗੁਰਬਾਣੀ ਵਿਚੋਂ ਵੱਧ ਚੰਗੀਆ ਲਗਣ ਵਾਲੀਆਂ ਤੁਕਾ ਹੀ ਹਨ, ਆਪ ਫੁਟ ਫੁਟ ਕੇ ਚੇਤੇ ਆਉਂਦੀਆ ਰਹਿੰਦੀਆਂ ਹਨ। ਵਿਸ਼ੇਸ਼ ਸ਼ਬਦ ਕੋਈ ਨਹੀਂ ਹਨ. ਇਨ੍ਹਾਂ ਹੀ ਧੁਨਾ ਤੇ ਸ਼ਬਦਾਂ ਦਾ ਅਨੰਦ ਸਾਹਿਬ ਵਿਚ ਜ਼ਿਕਰ ਹੈ।

3. ਤੁਹਾਨੂੰ ਬੀਮਾਰੀ ਕੋਈ ਨਹੀਂ, ਸੁਸਤੀ ਭੀ ਕੋਈ ਨਹੀਂ। ਥਕ ਕੇ ਚੂਰ ਹੋਇਆ ਸਰੀਰ ਆਰਾਮ ਭਾਲਦਾ ਹੈ, ਆਰਾਮ ਦਿਉ। ਦਰਸ਼ਨ ਹੋ ਚੁਕੇ ਹੋਣਗੇ ਪਛਾਣੇ ਨਹੀਂ ਗਏ ਹੋਣੇ ਸਰੀਰ ਨੂੰ ਹੋਰ ਨਾ ਤੋੜੋ, ਰੋਗੀ ਹੋਣ ਦੀ ਸੰਭਾਵਨਾ ਹੈ। ਦਸੋਂ ਖਾਂ ਕਦੇ ਤੁਹਾਨੂੰ ਰੋਸ਼ਨੀ ਜਿਹੀ, ਨੂਰ ਜਿਹਾ, ਧੁੰਦ ਵਰਗਾ, ਬਦਲ ਵਰਗਾ, ਸੁਪਨੇ ਵਿਚ ਯਾਂ ਜਾਗਦਿਆਂ ਨਜ਼ਰ ਨਹੀਂ ਆਇਆ। ਕੀ ਤੁਹਾਨੂੰ ਦਸਾਂ ਪਾਤਸ਼ਾਹੀਆਂ ਵਿਚੋਂ ਕੋਈ ਵਿਅਕਤੀ ਨਹੀਂ ਸੁਪਨੇ ਵਿਚ ਮਿਲਿਆ। ਬਹੁਤ ਸੰਭਵ ਹੈ ਕਿ ਦਰਸ਼ਨ ਹੋ ਚੁਕੇ ਹੋਣ ਪਰੰਤੂ ਹੋ ਸਕਦਾ ਹੈ ਪਛਾਣ ਨ ਸਕੇ ਹੋਵੋ।

ਵਿਸਥਾਰ ਨਾਲ ਹਾਲ ਲਿਖਣਾ

ਆਪ ਦਾ ਵੀਰ,
ਬਿਸ਼ਨ ਸਿੰਘ,
1256, 15-ਬੀ
ਚੰਡੀਗੜ੍ਹ।
5.6.76

## ਨਿਚੋੜ

21.7.76 ਸਾਰੀ ਸਰਿਸ਼ਟੀ ਉਤੇ ਵਾਹਿਗੁਰੂ ਹੀ ਵਾਹਿਗੁਰੂ ਫੈਲਿਆ ਹੋਇਆ ਹੈ। ਸਾਡੀ ਧਰਤੀ ਤੇ ਧਰਤੀ ਉਤਲੇ ਜੀਵ ਵਾਹਿਗੁਰੂ ਵਿਚੋਂ ਹੀ ਬਣੇ ਹਨ। ਪਰਮਾਤਮਾ ਇਕ ਸਪਿਰਟ, ਰੂਹ, ਆਤਮਾ, soul ਹੈ, ਆਤਮਾ ਪਰਮਾਤਮਾ ਹੀ ਹੈ।

ਸਰੇਸ਼ਟ ਪਵਿਤਰ ਆਤਮਾ ਨਾਲ ਹੀ ਦੋਸਤੀ ਵਧਾਉ ਤੇ ਰਖੋ,
ਆਪਣੇ ਹੀ ਆਤਮਾ ਨੂੰ ਪਵਿਤਰ ਕਰਕੇ ਪਰਮਾਤਮਾ ਬਣਾਉ, ਆਪ ਵਾਹਿਗੁਰੂ ਬਣੋ ।

ਦਰਸ਼ਨ ਤੇ ਕਰਾਮਾਤਾਂ ਵਾਹਿਗੁਰੂ ਬਣਨ ਦੀਆਂ ਨਿਸ਼ਾਨੀਆਂ ਹਨ ।
ਵਾਹਿਗੁਰੂ ਯਾਂ ਪਵਿਤਰ ਆਤਮਾ ਬਣਨ ਨਾਲ ਸਾਰੇ ਸੁਖ ਬਣ ਆਉਂਦੇ ਹਨ ।

ਹਰ ਪਰਕਾਰ ਦੀ ਸੁਖ ਸਹੂਲੀਅਤ ਆਤਮਕ ਪਵਿਤਰਤਾ ਉਤੇ ਨਿਰਭਰ ਹੈ ।

ਸਹਿਜ, ਆਰਾਮ, ਸੰਤੁਸ਼ਟਤਾ, ਚੈਨ ਟਿਕਾਉ ਪਵਿਤਰਤਾ ਉਤੇ ਨਿਰਭਰ ਹਨ ।

ਖਾਣ ਪੀਣ, ਸਿਹਤ, ਘਰ ਬਾਰ ਰਿਸ਼ਤੇਦਾਰੀਆਂ ਤੇ ਕਾਰੋਬਾਰ ਆਤਮਾ ਦੀ ਪਵਿਤਰਤਾ ਅਤੇ ਖਿਆਲਾਤ ਉਤੇ ਨਿਰਭਰ ਹਨ ।
ਮੁਕਤਿ ਆਤਮਾ ਦੀ ਪਵਿਤਰਤਾ ਕਰਕੇ ਮਿਲਦੀ ਹੈ ।
ਮੁਕਤਿ ਹੈ ਸਭ ਬੰਧਨਾਂ ਤੋਂ ਛੁਟਕਾਰਾ, ਮਾਇਆ ਤੋਂ ਛੁਟਕਾਰਾ ਮਾਇਆ ਹੈ ਠੋਸ, ਤਰਲ ਗੈਸ ਹਾਲਤ, ਹਰਪਰਕਾਰ ਦਾ ਸਰੀਰ ਅਤੇ ਕਾਮ, ਕਰੋਧ ਲੋਭ ਮੋਹ ਹੰਕਾਰ ਆਦਿ ਦਾ ਜਜ਼ਬਾ ।

20.8.76 ਉਹ ਸਪਿਰਟ ਰੂਪ ਹੀ ਵਾਹਿਗੁਰੂ ਹੈ, ਆਤਮਾ ਹੈ, ਆਤਮਾ ਪ੍ਰਮਾਤਮਾ ਇਕੋ ਚੀਜ਼ ਹਨ । ਹੁੰਦਾ ਅੰਦਰ ਹੀ ਹੈ ਪਰੰਤੂ ਭਾਸਦਾ ਇਂਜ ਹੈ ਜਿਵੇਂ ਬਾਹਰੋਂ ਆ ਕੇ ਮਿਲਿਆ ਹੈ । ਕੰਮ ਸਾਰੇ ਇਸ ਦੇ ਕੀਤੇ ਹਨ ਬਾਹਰੋ ਇਹੋ ਹੀ ਹਾਲਾਤ ਤੇ ਮੌਕੇ ਬਣਾਦਾ ਹੈ ਪਰੰਤੂ ਅੰਦਰੋ ਪਰੀਸ਼ਰਮ ਤੁਹਾਡਾ ਹੈ । ਫਰਜ ਕਰੋ ਪੜਾਈ ਦਾ ਮੌਕਿਆ ਬਣਾ ਦਿਤਾ ਸਕੂਲ ਕਾਲਜ ਮਿਲ ਗਏ ਦਾਖਲ ਹੋ ਗਏ ਅਗੋਂ ਫ਼ਲ ਤੁਹਾਡੀ ਮਿਹਨਤ ਉਤੇ ਨਿਰਭਰ ਹਨ । ਪਰੀਸ਼ਰਮ ਕਰੋਗੇ ਤਾਂ ਅਵਲ ਨਹੀਂ ਤਾਂ ਫੇਹਲ ਯਾਂ 3rd division ਨੌਕਰੀ ਦਾ ਸੰਜੋਗ ਬਣ ਗਿਆ, ਨੌਕਰ ਹੋ ਗਏ ਪਰੰਤੂ ਈਮਾਨਦਾਰੀ ਨਾਲ ਕੰਮ ਨਹੀਂ ਕੀਤਾ, ਰਿਸ਼ਵਤਾਂ ਲਈਆਂ, ਮੁਅਤਲ ਹੋ ਗਏ । ਨੌਕਰੀ ਖੁਸ ਗਈ ਯਾਂ ਚੰਗੀ ਮਿਹਨਤ ਲਗਨ ਈਮਾਨਦਾਰੀ ਨਾਲ ਕੰਮ

ਕੀਤਾ ਤੇ ਤਰੱਕੀਆਂ ਪਾਈਆਂ। ਸੋ ਹਾਲਾਤ ਪਰਾਲਭਦ ਬਣਾਉ-ਦੀ ਹੈ ਤਰੱਕੀ ਮਿਹਨਤ ਨਾਲ ਮਿਲਦੀ ਹੈ। ਵਾਤਾਵਰਨ ਮੌਕਿਆਂ ਪ੍ਰਭ ਬਖਸ਼ਦਾ ਹੈ ਅਤੇ ਨਤੀਜਾ ਤੁਹਾਡੀ ਮਿਹਨਤ ਅਨੁਸਾਰ ਨਿਕਲਦਾ ਹੈ।

24.8.76 ਵਾਂਹਿਗੁਰੂ ਇਕ ਸਪਿਰਟ ਹੈ, ਰੂਹ ਹੈ ਆਤਮਾਂ ਹੈ soul ਹੈ। ਇਹ soul ਰੂਪ ਵਿਚ ਹੀ ਸਾਡੇ ਜੀਵਾਂ ਵਿਚ ਵਸਦਾ ਹੈ। ਹਰ ਆਦਮੀ ਆਪਣੇ soul ਦਾ ਸਾਕਸ਼ਾਤ ਮੁਜਸਮਾ ਹੈ, ਭਾਵ ਹਰ ਪਰਾਂਣੀ ਇਕ ਜ਼ੀਊਂਦਾ ਜਾਗਦਾ ਰਬ ਹੈ ਪਰੰਤੂ Behave ਆਂਪਣੇ ਖਿਆਲਾਤ ਅਨੁਸਾਰ ਕਰਦਾ ਹੈ। ਖਿਆਲਾਤ ਦੀ ਬਦੋਲਤ ਬੰਦਾ ਹੈ, ਪਸ਼ੂ ਹੈ, ਬਨਾਸਪਤ ਹੈ ਯਾਂ ਬਿਲਕੁਲ ਮਿਟੀ ਹੈ। ਖਿਆਲਾਤ ਉਤੇ ਤਰੱਕੀ ਹੈ ਤੇ ਖਿਆਲਾਤ ਉਤੇ ਹੀ ਤਨੱਜਲੀ ਹੈ। ਆਤਮਾ ਦੇ ਖਿਆਲਾਤ ਇਕ ਪਰਾਣੀ ਨੂੰ ਬਾਦਸ਼ਾਹ ਬਣਾ ਦਿੰਦੇ ਹਨ ਤੇ ਮਾੜੇ ਖਿਆਲਾਤ ਹੀ ਫਕੀਰ ਬਣਾ ਦਿੰਦੇ ਹਨ। ਭਾਰਤ ਦੇ ਸੰਤਾਂ ਨੇ ਆਤਮਾ ਨੂੰ ਹਰ ਗਲ ਦਾ ਕਰਤਾ ਧਰਤਾ ਲਭਿਆਂ ਤੇ ਪਰਚਾਰਿਆ ਪਰੰਤੂ ਬਦਕਿਸਮਤੀ ਨੂੰ ਅਗਿਆਨੀ ਲੋਕ ਆਗੂ ਬਣ ਬੈਠੇ ਹਨ। ਸਾਰੀ ਸਿਖਿਆ ਹੀ ਉਲਟ ਗਈ ਹੈ, ਕਿਸੇ ਆਪ ਤੋਂ ਬਾਹਰ ਬੈਠੇ ਰਬ ਨੂੰ ਕਰਤਾ ਧਰਤਾ ਮੰਨ ਕੇ ਬੇਹਿਮਤੇ ਤੇ ਆਲਸੀ ਹੋਈ ਜਾ ਰਿਹਾ ਹੈ ਜਗਤ। ਇਥੋਂ ਤਦ ਕਿ ਕੁਝ ਕਿਤਾਬਾ ਪੜ੍ਹ ਕੇ ਬਣੇ ਗਿਆਨੀ, ਗੁਰਬਾਣੀ ਦੀ ਵਜ਼ਾਹਤ ਵੀ ਤਰੋੜ ਮਰੋੜ ਕੇ ਕਰਦੇ ਹਨ। ਕਿਸੇ ਰਬ ਦੇ ਗਾਣੇ ਗਾਈ ਜਾਂਦੇ ਹਨ ਆਪਣੀ ਗਲ ਹੀ ਨਹੀਂ ਕਰਦੇ। ਆਪਣੇ ਰਾਮ ਨੂੰ ਜਾਣਦੇ ਪਛਾਣਦੇ ਹੀ ਨਹੀਂ ਹਨ ਤੇ ਅਖਵਾਉਂਦੇ ਹਨ ਗਿਆਨੀ। ਖੈਰ ਨਿਦ ਚਿੰਦ ਵਿਚ ਕੀ ਰਖਿਆ ਹੈ ਆਪਣਾ ਆਤਮਾ ਹੀ ਪ੍ਰਮਾਤਮਾ ਹੈ ਪਰੰਤੂ ਕਦੋਂ, ਜਦੋਂ ਉਹਨੇ ਦਰਸ਼ਨ ਕਰ ਲਏ ਹੋਣ ਰਬ ਦੇ ਆਪਣੇ ਆਪ ਦੇ ਜਦੋਂ ਉਹਦੇ ਨਾਲ ਕਰਾਮਾਤਾਂ ਹੋ ਚੁਕੀਆਂ ਹੋਣ। ਜਦੋਂ ਉਹ ਜਾਣਦਾ ਬੁਝਦਾ ਹੋਵੇ ਕਿ ਆਤਮਾ ਹੀ ਪਰਮਾਤਮਾ ਹੈ। ਜਦੋਂ ਉਹ ਜਾਣਦਾ ਹੋਵੇ ਕਿ ਰਬ ਮੇਰੇ ਵਿਚ ਹੀ ਵਸਦਾ ਹੈ। ਏਵੇ ਚੰਦ ਕਿਤਾਬਾ ਪੜ੍ਹ ਕੇ ਰਬ ਨ ਬਣਿਆ ਹੋਵੇ ਹਕੀਕੀ ਮਹਿਨਿਆ ਵਿਚ ਰਬ ਹੋਵੇ।

26.10.76 ਦੁਨੀਆਂ ਦਾ ਦਾਰੋਮਦਾਰ ਇਕ ਚੀਜ਼ ਉਤੇ ਹੈ, ਜਿਸਦਾ ਨਾਮ ਕੋਈ ਲਿਪੀ ਵਾਹਿਗੁਰੂ ਦਸਦੀ ਹੈ ਕੋਈ ਪ੍ਰਮਾਤਮਾ, ਅੱਲਾ ਤੇ God ਦਸਦੀ ਹੈ। ਹਕੀਕਤ ਵਿਚ ਉਹ ਇਕ ਸਪਿਰਟ, ਰੂਹ, ਆਤਮਾ soul ਹੈ। ਉਸੇ soul ਰੂਹ ਵਿਚੋਂ ਹੀ ਸਾਰਾ ਸੰਸਾਰ ਬਣਿਆ ਹੈ, ਸਭ ਕੁਝ ਉਸੇ soul ਦਾ ਹੋਣ ਕਰਕੇ ਆਪਣੇ ਆਪਣੇ ਖਿਆਲਾਤਾਂ ਮੁਤਾਬਕ ਜਿਸਮ ਧਾਰੀ ਫਿਰਦੇ ਹਨ। ਬਾਹਰ ਦਿਸਦੇ ਇਨ੍ਹਾਂ ਜਿਸਮਾਂ ਦੇ ਅੰਦਰ ਖਾਨੇ ਉਹ soul ਹੀ ਹੈ ਅੰਦਰ ਰੂਹ ਹੈ spirit ਹੈ। ਸੋ ਵਾਸਤਵ ਵਿਚ ਅਸੀਂ ਤੇ ਹੋਰ ਸਭ ਕੁਝ ਰਬ ਹੀ ਹਾਂ। ਪਸਾਰਾ ਜੋ ਕੁਝ ਮਿਲੇਗਾ ਸਾਡੇ ਆਪਣੇ ਖਿਆਲਾਤ ਦੇ ਕਾਰਨ ਹੀ ਮਿਲੇਗਾ। ਜੇ ਤੁਹਾਡੇ ਆਪਣੇ ਖਿਆਲਾਤ ਪਵਿਤਰ ਹੋਣਗੇ ਤਾਂ ਸਮਾ ਪਾ ਕੇ ਤੁਹਾਡੀ ਸੁਸਾਇਟੀ ਪਵਿਤਰ ਜੀਵਾਂ ਨਾਲ ਹੋ ਜਾਵੇਗੀ। ਵਰਨਾ ਉਹੋ ਜਿਹੇ ਲੋਕ ਮਿਲਦੇ ਜਾਣਗੇ ਜਿਸਤਰਾਂ ਦੀ ਤੁਹਾਡੀ ਆਪਣੀ ਰੂਹ ਹੋਵੇਗੀ! ਸੋ ਦੁਨੀਆਂ ਉਤੇ ਮਾੜੇ ਚੰਗੇ ਦੀ ਖਿਚੜੀ ਵਿਚੋਂ ਤੁਸੀਂ ਚੰਗੇ ਪੁਰਸ਼ਾਂ ਨਾਲ ਹੀ ਦੋਸਤੀ ਵਧਾਉ। ਰੂਹ ਦੀ ਪਵਿਤਰਤਾ ਦਾ ਹੀ ਖਿਆਲ ਰਖੋ। ਆਤਮਾ ਨੂੰ ਸਦਾ ਸਚਾ, ਸੁਚਾ ਤੇ ਉਚਾ ਰਖੋ। ਲੜਾਈ ਝਗੜਿਆਂ ਤੋਂ ਖਹਿੜਾ ਛਡਾਉਣਾ ਯਾਂ ਬੀਮਾਰੀਆਂ ਤੋਂ ਜਾਨ ਬਚਾਉਣੀ, ਯਾਂ ਪੈਸੇ ਟਕੇ ਦੀ ਬਹੁਲਤਾ ਚਾਹੀਦੀ ਹੋਵੇ, ਇਜਤ ਮਾਣ ਚਾਹੀਦਾ ਹੋਵੇ ਤਾਂ ਹਰ ਸੂਰਤ ਆਤਮਾਂ ਨੂੰ ਪਵਿਤਰ ਰਖੋ। ਆਤਮਾ ਦੀ ਹਰ ਮਸਾਲੇ ਪਿਪਲਾ ਮੂਲ ਦਾ ਕੰਮ ਕਰਦਾ ਹੈ। ਆਤਮਾ ਦੀ ਪਵਿਤਰਤਾ ਵਿਚ ਸੁਖ ਸਮਰਿਧੀ ਤੇ ਮੁਕਤ ਹੈ ਤੇ ਅਪਵਿਤਰਤਾ ਵਿਚ ਦੁਖ ਹੈ। ਜੂਨਾਂ ਹਨ ਤੇ ਆਵਾ ਜਾਈ ਹੈ। ਆਤਮਾਂ ਹੀ ਪਰਮਾਤਮਾ ਹੈ ਅਤੇ ਪਵਿਤਰ ਆਤਮਾਂ ਨਿਰਗੁਣ ਸਰੂਪ ਦਾ ਨਾਉ ਵਾਹਿਗੁਰੂ ਹੈ।

## ਟੇਪ ਰੀਕਾਰਡ

30.10.76 ਵਾਹਿਗੁਰੂ ਜੀ ਦਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ, ਜ਼ਿੰਦਗੀ ਦਾ ਦਾਰੋਮਦਾਰ ਇਕ ਹਸਤੀ ਉਤੇ ਹੈ, ਉਸ ਦਾਂ ਨਾਉ ਕੋਈ ਪ੍ਰਮਾਤਮਾ ਦਸਦਾ ਹੈ ਕੋਈ ਵਾਹਿਗੁਰੂ, ਅੱਲਾ ਤੇ God ਦਸਦਾ ਹੈ। ਇਹ ਨਾਉ

ਸਾਡੀਆਂ ਆਪਣੀਆਂ ਲਿਪੀਆਂ ਦੇ ਅੱਖਰ ਹਨ ਜੋ ਉਸ ਰੂਹ ਆਤਮਾ ਸਪਿਰਟ ਵਾਸਤੇ ਮੁਕਰਰ ਕੀਤੇ ਹੋਏ ਹਨ। ਹਕੀਕਤ ਵਿਚ ਉਹ ਇਕ ਰੂਹ ਹੈ, spirit ਹੈ ਆਤਮਾ ਹੈ soul ਹੈ। ਉਸੇ spirit, soul ਵਿਚੋਂ ਸਾਰੀ ਦੁਨੀਆਂ ਬਣੀ ਹੈ ਸਾਰੀ ਲੁਕਾਈ ਉਤੇ ਜੋ ਕੁਝ ਵੀ ਹੈਗਾ ਏ ਸਭ ਉਸ ਦਾ ਹੀ ਬਣਿਆ ਹੋਇਆ ਹੈ। ਵਾਹਿਗੁਰੂ ਹੀ ਵਾਹਿਗੁਰੂ ਹੈ। ਇਸ ਲਈ ਅਸੀਂ ਇਨਸਾਨ ਲੋਕ ਵੀ ਵਾਹਿਗੁਰੂ ਹੀ ਹਾਂ, ਇਹੋ ਸਾਡਾ spirit ਹੀ ਪਵਿਤਰ ਹੋ ਕੇ ਵਾਹਿਗੁਰੂ ਬਣ ਜਾਂਦਾ ਹੈ, ਅਤੇ ਇਹੋ soul ਹੀ ਅਪਵਿਤਰ ਹੋ ਕੇ ਪਸ਼ੂ ਡੰਗਰ ਤੇ ਹੋਰ ਰੂਪ ਧਾਰਦਾ ਫਿਰਦਾ ਹੈ। ਸੋਈ ਜੇ ਕਰ ਤਾਂ ਜ਼ਿੰਦਗੀ ਸੁਖੀ ਸਮਰਿਧ ਤੇ ਸੁਰਖਰੂ ਗੁਜ਼ਾਰਨੀ ਹੈ ਤਾਂ ਤੇ ਆਤਮਾ ਨੂੰ ਪਵਿਤਰ ਰਖੋ, ਨਾ ਕੋਈ ਲੜਾਈ ਝਗੜਾ ਗਲ ਪਵੇਗਾ, ਨਾਂ ਬੀਮਾਰੀ ਗਲ ਪਵੇਗੀ ਅਤੇ ਨਾਂ ਕੋਈ ਦੁਖ ਤਕਲੀਫ ਉਠਾਉਣਾ ਪਵੇਗਾ। ਪਰੰਤੂ ਜੇ ਆਤਮਾ ਨੂੰ ਪਵਿਤਰ ਨਾਂ ਰਖਿਆ ਜਾਵੇ ਤਾਂ ਲੜਾਈਆਂ ਝਗੜੇ ਵੀ ਗਲ ਪੈਂਦੇ ਨੇ, ਬੀਮਾਰੀਆਂ ਵੀ ਗਲ ਪੈਂਦੀਆਂ ਨੇ ਤੇ ਹੋਰ ਕਈ ਪਰਕਾਰ ਦਾ ਅਬਦੂਮਾਨਾਂ ਗਲਆ ਚਿੰਬੜਦਾ ਹੈ। ਇਥੋਂ ਤਕ ਕਿ ਜੇ ਪੈਸੇ ਟਕੇ ਦੀ ਹਾਲਤ ਸੁਧਾਰਨੀ ਚਾਹੁੰਦੇ ਹੋ ਮਾਇਕ ਗਲਤ ਵੀ ਸੁਧਾਰਨੀ ਚਾਹੁੰਦੇ ਹੋ ਤਦ ਵੀ ਆਤਮਾ ਨੂੰ ਪਵਿਤਰ ਕਰੋ, ਆਤਮਾ ਪਵਿਤਰ ਹੋਵੇਗਾ ਚੰਗੇ ਕੰਮਾਂ ਦੇ Intutions ਆ ਜਾਣਗੇ ਖਿਆਲਆ ਜਾਣਗ, ਚੰਗੇ ਆਦਮੀਆਂ ਨਾਲ ਮੇਲ ਮਿਲਾਪ ਹੋਵੇਗਾ ਜਿਹੜੇ ਚੰਗੀ ਸਲਾਹ ਦੇ ਕੇ ਚੰਗੇ ਕੰਮ ਬਣਾ ਦੇਣਗੇ ਤੇ ਪੈਸਾ ਟਕਾ ਵੀ ਆ ਜਾਵੇਗਾ। ਸੋਈ ਦੁਨੀਆਂ ਦੇ ਉਤੇ ਖ਼ੁਸ਼ਹਾਲੀ ਚਾਹੀਦੀ ਹੋਵੇ ਯਾਂ ਪੈਸਾ ਟਕਾ ਚਾਹੀਦਾ ਹੋਵੇ ਯਾਂ ਸਰੀਰਕ ਅਰੋਗਤਾ ਚਾਹੀਦੀ ਹੋਵੇ ਯਾਂ ਇਜ਼ਤ ਮਾਣ ਚਾਹੀਦਾ ਹੋਵੇ ਤਾ ਹਰ ਗਲਦਾ ਹਰ ਮਸਾਲੇ ਪਿਪਲਾ ਮੂਲ ਵਾਲੀ ਗਲ ਆਤਮਾ ਦੀ ਪਵਿਤਰਤਾ ਹੀ ਦਾਰੂ ਹੈ। ਆਤਮਾ ਜਿਨਾਂ ਪਵਿਤਰ ਉਨੇ ਇਨਸਾਨ ਦੇ ਹਾਲਾਤ ਅਛੇ ਆਤਮਾ ਜਿਨਾਂ ਅਪਵਿਤਰ ਉਨੇ ਹੀ ਹਾਲਾਤ ਮਾੜੇ ਤੇ ਮੰਦੇ। ਜੈਸਾ ਆਤਮਾ ਵੈਸੇ ਹਾਲਾਤ, ਜੈਸ ਖਿਆਲਾਤ ਵੈਸੇ ਹਾਲਾਤ, ਆਤਮਾ ਦੀ ਪਵਿਤਰਤਾ ਦੋ ਕੰਮਾਂ ਉਤੇ ਨਿਰਭਰ

ਹੈ ਇਕ ਤਾਂ ਕੀਤੇ ਹੋਏ ਕੰਮਾਂ ਉਤੇ ਦੂਜ ਖਿਆਲ ਉਤੇ । ਕੰਮਾਂ ਨਾਲੋਂ ਵੀ ਜ਼ਿਆਦਾ ਖਿਆਲ ਉਤੇ ਨਿਰਭਰ ਹੈ, ਕੋਈ ਵੀ ਕੰਮ ਕਰੀਏ ਯਾਂ ਕਰਨਾ ਚਾਹੀਏ, ਉਹਦੇ ਬਾਰੇ ਪਹਿਲਾਂ ਖਿਆਲ ਸਾਡੇ ਮਨ ਵਿਚ ਆਉਂਦਾ ਹੈ ਅਤੇ ਫੇਰ ਉਸ ਕੰਮ ਨੂੰ ਕਰੀਦਾ ਹੈ ਇਸ ਵਾਸਤੇ ਜੇ ਆਪਣੇ ਖਿਆਲ ਧੁਰੋਂ ਹੀ ਪਵਿਤਰ ਕਰ ਲਉ, ਸਚੇ ਸੁਚੇ ਤੇ ਉਚੇ ਕਰ ਲਉ, ਆਤਮਾ ਨੂੰ ਸਚਾ ਸੁਚਾ ਤੇ ਉਚਾ ਰਖ ਲਉ ਤਾਂ ਤੇ ਹਰ ਚੀਜ ਠੀਕ ਹੋ ਜਾਂਦੀ ਹੈ, ਹਰ ਗਲ ਠੀਕ ਹੋ ਜਾਂਦੀ ਹੈ । ਸਾਰਾ ਵਾਤਾਵਰਨ ਠੀਕ ਹੋ ਜਾਂਦਾ ਹੈ ਜੇ ਆਤਮਾ ਦੇ ਖਿਆਲਾਤ ਨੂੰ ਮੰਦੇ ਕਰ ਲਈਏ, ਮਾੜੇ ਕਰ ਲਈਏ, ਮਲੀਨ ਕਰ ਲਈਏ, ਕਿਸੇ ਦੀ ਚੁਗਲੀ, ਕਿਸੇ ਦੀ ਨਿਦਿਆਂਹ ਠਗੀ ਧੋਖਾ, ਧਰੋਹ, ਹੇਰਾ ਫੇਰੀ ਕਟਿਲਤਾ ਕਠੋਰਤਾ ਚਾਲਾਕੀਆਂ ਖੇਡਦੇ ਰਹੀਏ ਤਾਂ ਉਹੋ ਜਿਹਾ ਮਲੀਨ ਆਤਮਾ ਹੋ ਜਾਂਦਾ ਹੈ, ਤੇ ਮਲੀਨ ਆਤਮਾ ਦੀ ਬਦੌਲਤ ਮਲੀਨ ਹਾਲਾਤ ਹੋ ਜਾਂਦੇ ਹਨ । ਸੌਖੀ ਕਿਸਾ ਕੋਤਾ ਗਲ ਇਹ ਹੈ ਕਿ ਜੇ ਕਰ ਤਾਂ ਜੂਨਾਂ ਵਿਚ ਭੌਂਦੇ ਫਿਰਨਾਂ ਹੈ, ਕਦੀ ਡਾਕਟਰ ਬਣ ਗਏ, ਕਦੇ ਅੰਜਨੀਅਰ ਬਣ ਗਏ ਕਦੇ ਕਿਸਾਨ ਤੇ ਕਦੇ ਸਰਕਾਰੀ ਕਰਮਚਾਰੀ ਤਥਾ ਪਸ਼ ਡੰਗਰ ਆਦਿ ਬਣ ਗਏ ਤਾਂ ਤੇ ਜਿਹੋ ਜਿਹੇ ਮਰਜੀ ਹੈ ਖਿਆਲ ਲਈ ਜਾਉ । ਉਹੋ ਜਿਹੇ ਹੀ ਬਣਦੇ ਜਾਉਗੇ ਤੇ ਜੇ ਕਰਾਂ ਤਾਂ ਮੁਕਤ ਚਾਹੀਦੀ ਹੈ ਤਾਂ ਆਪਣੇ ਖਿਆਲਾਤ ਨੂੰ ਪਵਿਤਰ ਕਰਕੇ ਮੜ ਵਾਹਿਗੁਰੂ ਦੇ ਵਾਹਿਗੁਰੂ ਬਣ ਜਾਉ । ਵਾਹਿਗੁਰੂ ਕਹਿਣ ਨੂੰ ਹੀ ਨ ਹੈ ਵਾਹਿਗੁਰੂ ਦਿਸ ਵੀ ਪੈਂਦਾ ਹੈ ਤੇ ਚਮ ਦੀਆਂ ਅਖਾਂ ਨੂੰ ਦਿਸ ਪੈਂਦਾ ਹੈ ਅਤੇ ਵਾਹਿਗੁਰੂ ਸਾਰੇ ਕੰਮਾਂ ਵਿਚ Sole ਅਥਾਰਟੀ ਦਾ ਕੰਮ ਕਰਦਾ ਹੈ । ਇਥੋਂ ਤਕ ਕਿ ਇਨਟੂਸ਼ਨਾਂ ਤਰੰਗਾ ਮੇਲ ਮਿਲਾਪ ਔਰ ਕੰਮ ਦਾ ਬਣਨਾ ਬਨਾਉਣਾ ਸਭ ਵਾਹਿਗੁਰੂ ਦੇ ਉਤੇ ਨਿਰਭਰ ਹੈ ਭਾਵ ਪਵਿਤਰ ਆਤਮਾ ਉਤੇ ਨਿਰਭਰ ਹੈ । ਤਹਾਡੀ ਆਤਮਾ ਉਤੇ ਨਿਰਭਰ ਹੈ । ਇਸ ਵਾਸਤੇ ਸਾਰੇ ਹਾਲਾਤ ਤੁਹਾਡੇ ਆਪਣੇ ਹਥ ਹਨ । ਜੇ ਤਾਂ ਤੁਸੀਂ ਆਪਣ ਆਤਮਾ ਨੂੰ ਪਵਿਤਰ ਰਖ ਲਉਗ ਤਾਂ ਤੁਹਾਡੇ ਸਾਰੇ ਖਿਆਲਾਤ ਤੇ ਹਾਲਾਤ ਚੰਗੇ ਬਣ ਜਾਣਗੇ.

ਪਰੰਤੂ ਜੇ ਆਤਮਾ ਨੂੰ ਅਪਵਿਤਰ ਕਰ ਲਉਗੇ ਤਾਂ ਸਭ ਕੁਝ ਖਰਾਬ, ਬੁਰਾ ਹਾਲ ਤੇ ਬਾਂਕੇ ਦਿਹਾੜੇ । ਇਸ ਲਈ ਤੁਹਾਡਾ ਭਵਿਸ਼ ਤੇ ਜ਼ਿੰਦਗੀ ਤੁਹਾਡੇ ਆਪਣੇ ਹਥ ਹੈ, ਤਰੱਕੀ ਕਰਨੀ ਚਾਹੁੰਦੇ ਹੋ ਤਾਂ ਆਤਮਾ ਨੂੰ ਪਵਿਤਰ ਰਖੋ, ਨਹੀਂ ਤਰੱਕੀ ਕਰਨੀ ਚਾਹੁੰਦੇ ਤਾਂ ਜਿਵੇਂ ਤੁਹਾਡੀ ਇਛਾ ਹੈ ਜੀ ਸਦਕੇ ਵਰਤੋ । ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ।

## ਲਬੋ ਲੁਬਾਬ

30.10.76 ਵਾਹਿਗੁਰੂ ਇਕ ਆਤਮਾ ਹੈ । ਉਹ ਸਾਡੇ ਵਿਚ ਸਾਡੇ ਆਤਮਾ ਦੇ ਰੂਪ ਵਿਚ ਵਸਦਾ ਹੈ ਭਾਵ ਸਾਡਾ ਆਤਮਾ ਹੀ ਪ੍ਰਮਾਤਮਾ ਹੈ । ਸਾਰੇ ਕੰਮ ਉਹ ਕਰਦਾ ਬਣਾਦਾ ਹੈ ਪਰੰਤੂ ਤਾਂ ਜੇ ਤਕੜਾ ਹੋਵੇ ਪਵਿਤਰ ਹੋਵੇ ਵਾਹਿਗੁਰੂ ਹੋਵੇ । ਜੇ ਆਤਮਾ ਕਮਜ਼ੋਰ ਮਲੀਨ ਹੋਵੇ ਤਾਂ ਚੰਗੇ ਕੰਮ ਤਾਂ ਕਿਥੋਂ ਬਣਨੇ ਹਨ ਸਗੋਂ ਪਸ਼ੂ ਡੰਗਰਾਂ ਵਾਲੀ ਬਿਰਤੀ ਬਣ ਜਾਂਦੀ ਹੈ । ਲੁਟ ਘਸੁਟ ਖੋਹ ਮਾਰ, ਦੂਜੇ ਦੀ ਖੁਰਲੀ ਦੇ ਪਠੇ ਸੁਆਦ ਜਾਪਣੇ, ਵਹਿਮ ਭਰਮ, ਜਾਦੂ ਟੂਣੇ ਧਾਗੇ ਤਵੀਤ ਭੂਤ ਪਰੇਤ ਸਚ ਜਾਪਣ ਲਗ ਪੈਂਦੇ ਹਨ । ਤੇ ਉਹੋ ਜਿਹੇ ਲੋਕਾ ਨਾਲ ਵਾਹ ਵਾਸਤਾ ਪੈ ਜਾਂਦਾ ਹੈ । ਇਸ ਵਾਸਤੇ ਜੇ ਚਾਹੋ ਕਿ ਰੱਬ ਆਪੇ ਸਾਡੇ ਕੰਮ ਸਵਾਰ ਦੇਵੇਗਾ, ਤਾਂ ਪਹਿਲਾਂ ਰਬ ਨੂੰ ਤਕੜਾ ਤੇ ਸਹੀ ਮਾਹਨਿਆਂ ਵਿਚ ਰਬ ਬਣਾਉ । ਭਾਵ ਆਤਮਾ ਨੂੰ ਸਹੀ ਤੌਰ ਤੇ ਪਮੇਸ਼ਵਰ ਬਣਾਉ, ਇਸ ਲਈ ਆਤਮਾ ਦੀ ਪਵਿਤਰਤਾ ਹੀ ਲਬੋ ਲਬਾਬ ਹੈ ਜਿੰਦਗੀ ਦਾ । ਪਵਿਤਰ ਆਤਮਾ ਜਿੰਦਗੀ ਵਿਚ ਸੋਣੇ ਚੰਗੇ ਵਡੇ ਵਡੇ ਕੰਮ ਕਰਦਾ ਰਹਿੰਦਾ ਹੈ ਤੇ ਮਰ ਕੇ ਮੁਕਤ ਹੋ ਜਾਂਦਾ ਹੈ, ਅਪਵਿਤਰ ਆਤਮਾਂ ਜੀਉਂਦੇ ਰੋਂਦੇ ਹਉਕੇ ਲੈਂਦੇ ਤੇ ਮਰ ਕੇ ਜੂਨਾਂ ਵਿਚ ਖਜਲ ਖਰਾਬ ਹੁੰਦੇ ਰਹਿੰਦੇ ਹਨ । ਇਸ ਲਈ ਆਤਮਾ ਦੀ ਪਵਿਤਰਤਾ ਹੀ ਧੁਰੇ ਦੀ ਗਲ ਹੈ ਆਤਮਾ ਕੋਈ ਲੀੜਾ ਕਪੜਾ ਨਹੀਂ ਜਿਹੜਾ ਸਾਬਣ ਨਾਲ ਸਾਫ ਹੋ ਜਾਉ ਉਹ ਧੋਪੇ ਨਾਵੇ ਕੇ ਰੰਗ । ਨਾਮ ਵਾਹਿਗੁਰੂ ਵਾਹਿਗੁਰੂ ਕਰੀ ਜਾਣਾਂ ਹੀ ਨਹੀਂ ਸਗੋਂ

ਵਾਹਿਗੁਰੂ ਬਾਰੇ ਸੋਚ ਵਿਚਾਰ ਕਰਨੀ ਨਾਮ ਜਪਣ ਦਾ ਉਤਮ ਤਰੀਕਾ ਹੈ ਯਾਂ ਆਪਣੇ ਆਪ ਨੂੰ ਵਾਹਿਗੁਰੂ ਕਹਿਣਾ ਮੰਨਣਾਂ ਤੇ ਬੀਹੇਵ ਕਰਨਾ ਭਗਤੀ ਦਾ ਉਤਮ ਤਰੀਕਾ ਹੈ। ਗੁਰਮੁਖਾਂ ਨੇ ਇਕ ਪਰਪਾਟੀ ਵੀ ਤਿਆਰ ਕੀਤੀ ਹੈ ਉਹ ਇਹ ਹੈ ਕਿ ਕਾਮ, ਕਰੋਧ, ਲੋਭ, ਮੋਹ, ਹੰਕਾਰ ਝੂਠੀ ਠਗੀ ਧੋਖਾ ਖਰੋਹ ਕੁਟਿਲਤਾ ਕਠੋਰਤਾ ਆਦਿ ਖਿਆਲਾਤ ਛਡ ਦਿਉ ਤੇ ਇਸ ਜਗਾ ਸਤਿ, ਸੰਤੋਖ, ਦਯਾ, ਧਰਮ, ਧੀਰਜ, ਨੇਕੀ, ਸਚਾਈ, ਸਾਫਗੋਈ, ਈਮਾਨਦਾਰੀ, ਦਯਾਨਤਦਾਰੀ, ਨਿਮਰਤਾ, ਸੁਕ੍ਰਿਤ ਸੇਵਾ ਕੁਰਬਾਨੀ ਦੇ ਜਜ਼ਬੇ ਨੂੰ ਅਪਨਾਉ। ਇਸ ਨੀਯਮ ਉਤੇ ਚਲਣ ਨਾਲ ਆਤਮਾ ਪਵਿਤਰ ਹੁੰਦਾ ਹੈ ਤਕੜਾ ਹੁੰਦਾ ਹੈ ਸਹੀ ਮਾਹਨਿਆ ਵਿਚ ਵਾਹਿਗੁਰੂ ਬਣ ਜਾਂਦਾ ਹੈ। ਫੇਰ ਇਹ ਸਾਰੇ ਕੰਮ ਠੀਕ ਹੈ ਤੇ ਸੂਤੇ ਸਿਧ ਕਰਦਾ ਕਰਾਉਂਦਾ ਹੈ। ਸਭ ਆਤਮਾਵਾ ਉਤੇ ਹਾਵੀ ਰਹਿੰਣਾ ਹੈ ਤੇ ਵਡੇ ਤੋਂ ਵਡਾ ਬਣਿਆ ਰਹਿੰਦਾ ਹੈ ਤਾਂ ਹੀ ਤੁਸੀਂ ਵੀ ਕਹਿ ਸਕਦੇ ਹੋ ਸਤਿਗੁਰ ਮੇਰਾ ਸਰਬ ਸਮਰਥ ਹੈ। ਸੋ ਆਤਮਾ ਦੀ ਪਵਿਤਰਤਾ ਸੁਖੀ ਜ਼ਿੰਦਗੀ ਦਾ ਮੂਲ ਕਾਰਨ ਹੈ ਅਤੇ ਆਤਮਾਂ ਦੀ ਪਵਿਤਰਤਾ ਹੀ ਜ਼ਿੰਦਗੀ ਦਾ ਲਬੋ ਲਬਾਬ ਹੈ।

9.11.76 ਪੂਰਬਲੇ ਕਰਮਾਂ ਦਾ ਅਸਰ ਚੰਗੇ ਅਤੇ ਮੰਦੇ ਖਿਆਲ ਬਣ ਬਣ ਕੇ ਸਾਡੇ ਸਾਹਮਣੇ ਆਉਂਦਾ ਰਹਿੰਦਾ ਹੈ। ਉਸ ਵਿਚੋਂ ਚੰਗੇ ਖਿਆਲਾਤ ਨੂੰ ਪਕੜਨਾਂ ਤੇ ਮਾੜਿਆਂ ਨੂੰ ਛਡਣਾਂ ਸਾਡਾ ਮੌਜੂਦਾ ਕਿਰਦਾਰ ਹੋਣਾ ਚਾਹੀਦਾ ਹੈ।

## ਟੇਪ ਰੀਕਾਰਡ

19.11.76 ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

ਵਾਹਿਗੁਰੂ ਇਕ ਨੂਰ ਹੈ, ਸਪਿਰਟ ਹੈ, ਰੂਹ ਹੈ ਆਤਮਾ ਹੈ। ਪਵਿਤਰ ਹੋ ਗਿਆ ਤਾਂ ਉਸ ਦਾ ਨਾਮ ਵਾਹਿਗੁਰੂ, ਅਪਵਿਤਰ ਹੋ ਗਿਆ ਤਾਂ ਪਸ਼ੂ ਡੰਗਰ ਤਥਾ ਖਿਆਲਾਤ ਮੁਤਾਬਕ ਜੂਨਾਂ। ਵਸਦਾ ਹੈ ਸਾਡੇ ਵਿਚ ਸਾਡੇ ਆਤਮਾ ਦੇ ਰੂਪ ਵਿਚ। ਅਸੀਂ ਇਨਸਾਨ ਵਾਸਤਵ ਵਿਚ ਬਿਕ

ਆਤਮਾ ਹਾਂ ਜੇ ਪਵਿਤਰ ਹੋ ਜਾਈਏ, ਆਤਮਾ ਨੂੰ ਪਵਿਤਰ ਕਰ ਲਈਏ ਤਾਂ ਵਾਹਿਗੁਰੂ ਬਣ ਜਾਈਦਾ ਹੈ, ਜੇ ਅਪਵਿਤਰ ਕਰ ਲਈਏ ਤਾਂ ਪਸ਼ੂ ਡੰਗਰ ਤਥਾ ਹੋਰ ਜੂਨਾਂ ਵਿਚ ਵੀ ਭੌਣਾਂ ਪੈਂਦਾ ਹੈ। ਇਹ ਕੋਈ ਲੀੜਾ ਕਪੜਾ ਤੇ ਹੈ ਨਹੀਂ ਕਿ ਸਾਬਣ ਲਾਇਆਂ ਤੇ ਧੁਪ ਜਾਵੇਗਾ, ਇਹ ਆਤਮਾ ਹੈ ਇਹ ਧੋਪੈ ਨਾਵੈ ਕੇ ਰੰਗ, ਇਸ ਨੂੰ ਪਵਿਤਰ ਕਰਨ ਦਾ ਢੰਗ ਨਿਰਾਲਾ ਹੈ ਹਮੇਸ਼ਾ ਸਤਿ, ਸੰਤੋਖ ਦਯਾ ਧਰਮ ਧੀਰਜ ਨੇਕੀ ਸਚਾਈ ਈਮਾਨਦਾਰੀ, ਦਿਆਨਤਦਾਰੀ, ਸ਼ਾਫਗੋਈ ਨਿਮਰਤਾ ਸੁਕ੍ਰਿਤ ਸੇਵਾ ਤੇ ਕਰਬਾਨੀ ਦੇ ਜਜ਼ਬੇ ਨੂੰ ਅਪਨਾਉ, ਅਤੇ ਇਹਨਾ ਦੇ ਮੁਕਾਬਲੇ ਹਉਮੈ, ਦੁਬਿਧਾ, ਤ੍ਰਿਸ਼ਨਾ, ਕਾਮ, ਕਰੋਧ, ਲੋਭ, ਮੋਹ, ਹੰਕਾਰ, ਝੂਠ, ਨਿੰਦਾ, ਠੱਗੀ, ਧੋਖਾ ਧਰੋਹ, ਹੇਰਾ ਫੇਰੀ, ਕੁਟਿਲਤਾ, ਚਾਲਾਕੀਆਂ ਤੇ ਕਠਰਤਾ ਇਹ ਸਭ ਤਿਆਗੋ। ਸਹਿਜੇ ਸਹਿਜੇ ਤਿਆਗਦਿਆਂ ਤਿਆਗਦਿਆਂ ਇਹ ਤਿਆਗੀਆਂ ਜਾਣਗੀਆਂ ਅਤੇ ਆਤਮਾ ਪਵਿਤਰ ਹੁੰਦਾ ਹੁੰਦਾ ਹੋਵਗਾ। ਇਕ ਦਮ ਚਾਹੀਏ ਤਾਂ ਨਾ ਇਹ ਵਹਿਬਤਾ ਮਨੋਂ ਲਹਦੀਆਂ ਨੇ ਤੇ ਨਾ ਕੋਈ ਇਕ ਦਮ ਪਵਿਤਰ ਬਣ ਸਕਿਆ ਹੈ। ਇਥੋਂ ਤਕ ਕਿ ਮਾਮੂਲੀ ਪਾਨ, ਸਿਗਰਟ, ਸ਼ਰਾਬ ਦੀ ਆਦਤ ਵੀ ਇਕ ਦਮ ਨਹੀਂ ਛੁਟਦੀ ਰਹਿ ਰਹਿ ਕੇ ਮਨ ਤੇ ਖਿਆਲ ਆਉਂਦੇ ਰਹਿੰਦੇ ਹਨ, ਤੇ ਕਈ ਵੇਰੀਂ ਇਨਸਾਨ ਫਿਰ ਲਗ ਪੈਂਦਾ ਹੈ। ਇਹ ਵਹਿਬਤਾਂ ਦਿਲੋਂ ਭੈੜ ਛਡਣ ਦਾ ਖਿਆਲ ਬਣਾ ਕੇ ਹੀ ਛਡੀਆ ਜਾ ਸਕਦੀਆਂ ਹਨ, ਜਿਉਂ 2 ਭੈੜ ਛਡਣ ਦੇ ਖਿਆਲ ਬਣਦੇ ਹਨ ਯਾ ਕੁਝ ਛਡੀ ਦੇ ਹਨ ਤਿਉਂ ਤਿਉਂ ਆਤਮਾ ਪਵਿਤਰ ਹੁੰਦਾ ਜਾਂਦਾ ਹੈ। ਜਿਸ ਦੇ ਫਲ ਸਰੂਪ ਸਰੀਰਕ ਸੁਖ ਸ਼ਾਂਤੀ, ਅਰੋਗਤਾ, ਪੈਸੇ ਟਕੇ ਦੀ ਬਹੁਲਤਾ ਬਣਦੀ ਜਾਂਦੀ ਹੈ। ਦੁਨਿਆਵੀ ਜਿਨੇ ਵੀ ਪਹਿਲੂ ਨੇ ਸਾਰੇ ਦੇ ਸਾਰੇ ਪਹਿਲੂ ਆਤਮਕ ਪਵਿਤਰਤਾ ਉਤੇ ਨਿਰਭਰ ਹਨ। ਆਤਮਾਂ ਦੀ ਪਵਿਤਰਤਾ ਨਾਲ ਪਰਬਲ ਹੋ ਜਾਂਦੇ ਹਨ ਬਲਵਾਨ ਹੋ ਜਾਂਦੇ ਹਨ ਵਾਸਤਵ ਵਿਚ, Prime minister, ਡਿਕਟੇਟਰ, ਇੰਜਨੀਅਰ, ਡਾਕਟਰ, ਪਰੋਫੈਸਰ ਬਣਦੇ ਹੀ ਆਤਮਕ ਪਵਿਤਰਤਾ ਦੇ ਬਲ ਬੂਤੇ ਹਨ। ਆਤਮਕ

ਪਵਿਤਰਤਾ ਦੇ ਬਲ ਬੂਤੇ ਹਾਲਾਤ ਤੇ ਚੰਗੀਆਂ ਤਰੰਗਾ ਆਉਂਦੀਆਂ ਹਨ। ਜਿਨ੍ਹਾਂ ਦਾ ਸਦਉਪਯੋਗ ਕਰਕੇ ਬੰਦਾ ਉਚ ਪਦਵੀ ਵਾਲਾ ਬਣਦਾ ਹੈ। ਇਹਨਾਂ ਦੇ ਉਲਟ ਖੋਤੇ, ਘੋੜੇ, ਬੈਲ, ਪਸ਼ੂ ਤੇ ਹੋਰ ਜੂਨੀਆਂ ਆਤਮਾ ਦੀ ਅਪਵਿਤਰਤਾ ਦੇ ਕਾਰਨ ਬਣਦੀਆਂ ਹਨ। ਆਤਮਾਂ ਦੀ ਮਲੀਨਤਾ ਹੀ ਇਹਨਾਂ ਹਾਲਤਾਂ ਦਾ ਕਾਰਨ ਹੈ। ਜੈਸਾ ਆਤਮਾਂ ਵੈਸੀ ਹਾਲਤ, ਜੈਸੇ ਖਿਆਲਾਤ ਵੈਸੇ ਹਾਲਾਤ, ਸੋ ਆਤਮਾਂ ਉਤੇ ਹੀ ਨਿਰਭਰ ਕਰਦੇ ਹਨ ਹਾਲਾਤ, ਖਿਆਲਾਤ ਤੇ ਇਨਸਾਨ ਦੀ ਸਾਰੀ ਜ਼ਿੰਦਗੀ। ਪਿਛੇ ਅਸੀਂ ਜੋ ਕੁਝ ਸੋਚਿਆ ਸੀ ਉਹ ਅਜ ਹਾਂ ਤੇ ਅਜ ਜੋ ਖਿਆਲਾਤ ਹਨ ਇਹਦਾ ਵਿਵਜਾਨਾ future ਭਵਿਖਤ ਵਿਚ ਮਿਲੇਂਗੇ, ਇਸ ਲਈ ਜੇ ਆਪਣੇ ਭਵਿਖਤ ਨੂੰ ਸੰਵਾਰਨਾਂ ਚਾਹੁੰਦੇ ਹੋ, ਬਿਗਾੜਨ ਦੀ ਥਾਂ ਤੇ ਬਨਾਉਣਾ ਚਾਹੁੰਦੇ ਹੋ ਤਾਂ ਆਪਣੇ ਆਤਮਾ ਨੂੰ ਸਚਾ ਸੁਚਾ ਤੇ ਉਚਾ ਰਖਣਾ ਅਜ ਤੋਂ ਹੀ ਸ਼ੁਰੂ ਕਰ ਦਿਉ। ਸਤਿ ਸੰਤੋਖ ਵਾਲੇ ਕੰਮ ਕਰਨੇ ਸ਼ੁਰੂ ਕਰ ਦਿਉ। ਜੇ ਆਪਣੇ ਆਤਮਾ ਨੂੰ ਖਰਾਬ ਕਰ ਲਿਆ ਤਾਂ ਹਾਲਤ ਮਾੜੀ ਬਣ ਜਾਵੇਗੀ, ਜੇ ਆਪਣੇ ਆਤਮਾ ਨੂੰ ਚੰਗਾ ਕਰ ਲਉਗੇ ਤਾਂ ਹਾਲਤ ਚੰਗੀ ਬਣ ਜਾਵੇਗੀ। ਇਥੋਂ ਤਕ ਕਿ ਇਨਸਾਨ ਤੋਂ ਤੁਸੀਂ ਪਰਮਾਤਮਾ ਬਣ ਸਕਦੇ ਹੋ। ਆਤਮਾ ਤਾਂ ਤੁਸੀਂ ਅਜ ਐਸ ਵੇਲੇ ਹੋ ਹੀ ਪਰੰਤੂ ਆਤਮ ਤੋਂ ਪਰਮ ਆਤਮਾ ਵਾਹਿਗੁਰੂ ਬਣ ਸਕਦੇ ਹੋ ਜੇ ਤੁਸੀਂ ਆਪਣੇ ਆਤਮਾ ਨੂੰ ਪਵਿਤਰ ਕਰ ਲਉ। ਸਾਰੀ ਦੀ ਸਾਰੀ ਗਲ ਦਾ ਦਾਰੋਮਦਾਰ ਆਤਮਾ ਦੀ ਪਵਿਤਰਤਾ ਉਤੇ ਹੈ, ਇਹ ਆਤਮਾ ਦੀ ਪਵਿਤਰਤਾ ਸਤਿ ਸੰਤੋਖ ਦੀ ਪਟੀ ਨੂੰ Adopt ਕਰਨ ਤੇ ਨਾਮ ਜਪਣ ਨਾਲ ਹੁੰਦੀ ਹੈ ਅਤੇ ਉਸ ਦੇ ਮੁਕਾਬਲੇ ਕਾਮ ਕਰੋਧ ਨੂੰ ਛਡਣ ਨਾਲ ਹੁੰਦੀ ਹੈ। ਭੇੜੀਆਂ ਕੁਚੀਆਂ ਵਹਿਮ, ਭਰਮ ਪਾਖੰਡ, ਜਾਦੂ ਟੂਣੇ ਤਵੀਤ ਧਾਗੇ ਗੁਗੇ ਪੀਰ ਮੜੀ ਮਸਾਂਣ ਅਤੇ ਵਰਤ ਸ਼ਰਤ ਇਹ ਸਾਰੇ ਪਾਖੰਡ ਆਤਮਾਂ ਤੋਂ ਲਾਹ ਦੇਣੇ ਚਾਹੀਦੇ ਨੇ। ਇਹ ਵੇਖੋ ਕਿ ਗੁਰਮਤ ਵਿਚ ਜਿਸ ਵੇਲੇ ਅੰਮਰਤਿ ਛਕਾਉਂਦੇ ਨੇ ਉਸ ਵੇਲੇ ਵੀ ਦਸਿਆ ਜਾਂਦਾ ਹੈ ਕਿ ਇਹਨਾਂ ਚੀਜ਼ਾਂ ਨੂੰ ਛਡਣਾ ਹੈ। ਇਹ ਸਤਿਗੁਰਾਂ ਨੇ ਆਤਮਾਂ ਦੀ

ਪਵਿਤਰਤਾ ਲਈ ਨਚੋੜ ਕਢਿਆ ਹੋਇਆ ਹੈ ਤੇ ਤਾਂ ਸਾਨੂੰ ਦਸਿਆ ਹੈ। ਆਹ ਛਿਕ ਪੈਗਈ ਹੈ ਜੀ, ਆਹ ਬਿਲੀ ਲੰਘ ਗਈ ਹੈ ਆਹ ਕੁਤੇ ਕੰਨ ਫਟਕਿਆ ਅਜ ਮੰਗਲ ਹੈ ਛਨਿਚਰ ਹੈ ਵੀਰ ਹੈ ਮਸਾਂਦ ਹੈ ਸ਼ਰਾਧ ਹਨ ਆਦਿ ਸਗਨ ਅਪਸਗਨ ਤਾ ਉਹਨੂੰ ਲਗਦੇ ਹਨ ਜਿਸ ਨਾਹੀ ਚੀਤ। ਵਹਿਮ ਕਰਨ ਵਾਲੇ ਨੂੰ ਵਹਿਮ ਲਗਦੇ ਹਨ ਜਿਹੜੇ ਕਹਿੰਦੇ ਨ ਕਿ ਮੋਹੀ ਤੋਹੀ ਅੰਤਰ ਕੈਸਾ ਹੇ ਪ੍ਰਮਾਤਮਾ ਤੂੰ ਮੇਰੇ ਵਿਚ ਵਸਦਾ ਹੈ ਮੈਂ ਤੇਰਾ ਇਨਸਾਨੀ ਰੂਪ ਹਾਂ ਉਹਨਾਂ ਨੂੰ ਇਹ ਦਿਨ ਵਾਰ ਤੇ ਬਿਲੀਆਂ ਕੁਤੇ ਲੰਘਣ ਨਾਲ ਕੀ ਫਰਕ ਪੈ ਸਕਦਾ ਹੈ। ਪਵਿਤਰ ਆਤਮਾਂ ਦੇ ਸਾਹਮਣੇ ਕੁਤੇ ਬਿਲੀਆਂ ਛਿਕਾਂ ਛਕਾਂ ਕੋਈ ਮਹਿਨਾਂ ਨਹੀ ਰਖਾਉਂਦੀਆਂ। ਰਬ ਨੂੰ ਭਲਾਂ ਇਹਨਾਂ ਗਲਾਂ ਦੀ ਕੀ ਕਾਂਣ ਹੈ, ਇਹ ਏਵੇਂ ਫਕੇ ਵਹਿਮ ਹਨ ਜਿਹੜਾ ਵਹਿਮ ਕਰੇ। ਰਬ ਰੂਪ ਇਨਸਾਨਾਂ ਨੂੰ ਇਹ ਕੁਝ ਨਹੀਂ ਕਹਿੰਦਾ। ਇਸ ਵਾਸਤੇ ਵਹਿਮ ਕਰਨੇ ਛਡ ਦਿਉ, ਪਾਖੰਡ ਕਰਨੇ ਛਡ ਦਿਉ। ਝੂਠ ਕਰਨਾ ਛਡ ਦਿਉ, ਆਤਮਾਂ ਨੂੰ ਸਚਾ ਸੁਚਾ ਤੇ ਉਚਾ ਰਖੋ, ਪਵਿਤਰ ਰਖੋ, ਹਰ ਸੂਰਤ ਹਰ ਹਾਲਤ ਤੇ ਹਰ ਵੇਲੇ। ਆਤਮਕ ਪਵਿਤਰਤਾ ਉਤੇ ਤੁਹਾਡੀ ਜ਼ਿੰਦਗੀ ਦਾ ਦਾਰੋਮਦਾਰ ਹੈ, ਆਤਮਾ ਦੀ ਪਵਿਤਰਤਾ ਉਤੇ ਤੁਹਾਡੀ ਜ਼ਿੰਦਗੀ ਦੀ ਤਰੱਕੀ ਹੈ, ਸਿਹਤ ਹੈ, ਆਮਦਨ ਹੈ ਬਾਲ ਬਚੇ ਦੀ ਸੁਖ ਸ਼ਾਂਤੀ ਹੈ ਅਤੇ ਆਤਮਾ ਦੀ ਪਵਿਤਰਤਾ ਨਾਲ ਤੁਹਾਨੂੰ ਸਹਿਜ ਮਿਲੇਗੀ ਚੈਨ ਮਿਲੇਗਾ ਟਿਕਾਉ ਮਿਲੇਗਾ ਤੇ ਮੁਤਮਈਅਨ ਹੋ ਜਾਉਗੇ। ਜੇ ਆਤਮਾ ਦੀ ਪਵਿਤਰਤਾ ਨਹੀਂ ਹੋਵੇਗੀ ਤਾਂ ਤ੍ਰਿਸ਼ਨਾਂ ਵਿਚ ਭਟਕੋਗੇ। ਮੈਂ ਆਹ ਕਰਨਾ ਸੀ ਉਹ ਕਰਨਾ ਸੀ ਇਥੋਂ ਤਕ ਕਿ ਬੁਢੇ ਹੋਇਆ ਵੀ ਇਹ ਖਿਆਲ ਗਲੋਂ ਨਹੀਂ ਲਹਿੰਦੇ। ਬੁਢੇ ਹੋ ਕੇ ਵੀ ਕਈ ਆਦਮੀ ਟਿਕ ਕੇ ਨਹੀਂ ਬਹਿੰਦੇ। ਸਾਰੀ ਉਮਰ ਵਿਚ ਸ਼ਾਂਤੀ ਉਹਨਾਂ ਨੂੰ ਆਈ ਹੀ ਨਹੀਂ ਹੁੰਦੀ ਟਿਕ ਕੇ ਕਿਥੇਂ ਬਹਿ ਜਾਣ। ਟਿਕ ਕੇ ਤਾਂ ਉਹ ਆਦਮੀ ਬਹਿੰਦਾ ਜਿਹੜਾ ਸਹਿਜ ਅਵਸਥਾ ਨੂੰ ਪਰਾਪਤ ਕਰ ਜਾਵੇ, ਟਿਕ ਕੇ ਬਹਿੰਣ ਦਾ ਮਤਲਬ ਸਹਿਜ ਅਵਸਥਾ ਹੈ। ਸਹਿਜ ਨਾਮ ਨਾਲ ਹੁੰਦੀ ਹੈ, ਸਹਿਜ ਨਾਮ ਜਪਣ ਤੇ

ਛਪਦੀ ਵਰਤੋਂ ਕਰਨ ਨਾਲ ਮਿਲਦੀ ਹੈ। ਇਹ ਪਤਾ ਲਗਣ ਨਾਲ ਹੁੰਦੀ ਹੈ ਕਿ ਮੇਰਾ ਆਤਮਾ ਹੀ ਪਰਮਾਤਮਾ ਹੈ, ਅਤੇ ਪਰਮਾਤਮਾ ਬਣ ਕੇ ਪਰਮਾਤਮਾ ਵਾਲੇ ਕੰਮ ਕਰਨ ਵਿਚ ਸਹਿਜ ਅਵਸਥਾ ਹੈ ਇਸ ਦੇ ਉਲਟ ਪਸ਼ੂ ਡੰਗਰ ਯਾਂ ਬੰਟੇ ਬਣ ਕੇ ਇਹੋ ਜਿਹੇ ਕੰਮ ਕਰਨ ਨਾਲ ਸਹਿਜ ਅਵਸਥਾ ਨਹੀਂ ਟਿਕਾਉ ਨਹੀਂ ਸੋ ਵੀਰਨੋ ਤੁਹਾਡੀ ਜ਼ਿੰਦਗੀ ਤੁਹਾਡੇ ਆਪਣੇ ਹਥ ਹੈ। ਜੋ ਸੋਚੋਗੇ ਉਹੀ ਹੋਵੇਗਾ। ਜੋ ਕਰੋਗੇ ਉਹੀ ਹੋਵੇਗਾ। ਤੁਸੀਂ ਹੀ ਰਬ ਜੇ ਤੇ ਆਪਣੀ ਜ਼ਿੰਦਗੀ ਦੇ ਆਪ ਹੀ ਨਿਰਮਾਤਾ ਜੇ ਉਚੇ ਖਿਆਲ ਤਾਂ ਉਚੀ ਹਾਲਤ, ਮਲੀਨ ਖਿਆਲ ਤਾਂ ਮੰਦੀ ਹਾਲਤ। ਆਤਮਾ ਦੀ ਪਵਿਤਰਤਾ ਨਾਲ ਹੀ ਤਰੱਕੀਆਂ ਤੇ ਮੌਜਾਂ ਹਨ। ਇਸ ਲਈ ਆਤਮਾ ਨੂੰ ਹਰ ਵੇਲੇ ਹਰ ਗਲ ਵਿਚ ਸਚਾ ਸੁਚਾ ਤੇ ਉਚਾ ਰਖੋ।

## ਟੇਪ ਰੀਕਾਰਡ

23.11.76 ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

ਪਰਮ ਪੁਰਖ ਪਰਮਾਤਮਾ ਜਿਹੜਾ ਸਾਰੀ ਸਰਿਸ਼ਟੀ ਦੀ ਰਚਨਾ ਦਾ ਮੂਲ ਕਾਰਨ ਏ, ਉਹ ਇਕ ਨੂਰ ਹੈ, ਇਕ ਸਪਿਰਟ ਹੈ ਇਕ ਰੂਹ ਹੈ। ਐਸਤਰਾਂ ਦਾ ਜਾਪਦਾ ਹੈ ਜਿਵੇਂ ਧੁੰਦ ਹੋਵੇ ਬੱਦਲ ਹੋਵੇ, ਜਾਨ ਭਰਪੂਰ ਹੈ, Reflecting Body ਨਹੀਂ ਸੁਤੇਸੁਧ ਪ੍ਰਕਾਸ਼ਮਾਨ ਹੈ। ਉਹ ਨੂਰ ਸਾਰੀ ਸਰਿਸ਼ਟੀ ਉਤੇ ਫੈਲਿਆ ਹੋਇਆ ਹੈ ਪਰੰਤੂ ਮਾਇਕ ਰੂਪ ਧਾਰ ਕੇ, ਐਹ ਸਾਡੇ ਆਲੇ ਦੁਆਲੇ ਜੋ ਕੁਛ ਕੀ ਹੈਗਾ ਏ, ਇਹ ਸਾਰਾ ਉਹ ਪ੍ਰਮਾਤਮਾ ਹੀ ਪ੍ਰਮਾਤਮਾ ਹੈ। ਪ੍ਰੰਤੂ ਉਸਦੇ ਮਾਇਕ ਰੂਪ ਵਿਚ। ਅਸੀਂ ਇਨਸਾਨ ਭੀ ਉਹੋ ਪ੍ਰਮਾਤਮਾ ਹੀ ਹਾਂ ਪਰੰਤੂ ਮਾਇਕ ਸ਼ਕਲ ਵਿਚ। ਜੇ ਅਸੀਂ ਇਹਨਾਂ ਮਾਇਕ ਰੂਪ ਵਿਚੋਂ ਖਲਾਸੀ ਚਾਹੁੰਦੇ ਹਾਂ, ਛੁਟਕਾਰਾ ਚਾਹੁੰਦੇ ਹਾਂ ਤਾ ਸਾਨੂੰ ਮੁੜ ਨਿਰਗੁਣ ਪ੍ਰਮਾਤਮਾ ਬਣਨਾਂ ਪਵੇਗਾ ਨਿਰਗੁਣ ਪ੍ਰਮਾਤਮਾ ਬਣਨ ਲਈ ਨਿਰਗੁਣ ਨੂੰ ਯਾਦ ਕਰਨਾ ਅਤੇ ਨਿਰਗੁਣ ਪ੍ਰਮਾਤਮਾ ਦੇ ਗੁਣ Adopt ਕਰਨੇ ਪੈਣਗੇ। ਉਹਦੀਆਂ ਖਸਲਤਾ ਨੂੰ

ਆਪਣੇ ਵਿਚ ਲਿਆਉਣਾ ਜ਼ਰੂਰੀ ਹੈ। ਪ੍ਰਮਾਤਮਾ ਦੀਆਂ ਖਸਲਤਾਂ ਹਨ ਸਤਿ, ਸੰਤੋਖ, ਦਯਾ, ਧਰਮ ਧੀਰਜ, ਨੇਕੀ ਸਚਾਈ, ਸਾਫਗੋਈ, ਈਮਾਨਦਾਰੀ, ਦਯਾਨਤਦਾਰੀ, ਨਿਮਰਤਾ ਸੁਕ੍ਰਿਤ ਸੇਵਾ ਤੇ ਕੁਰਬਾਨੀ ਜ਼ਦ ਕਿ ਅਸੀਂ ਹਉਮੈ, ਦੁਬਿਧਾ, ਤ੍ਰਿਸ਼ਨਾ, ਕਾਮ, ਕਰੋਧ, ਲੋਭ, ਮੋਹ, ਹੰਕਾਰ ਝੂਠ ਨਿੰਦਾ, ਠੱਗੀ, ਧੋਖਾ ਧਰੋਹ ਹੇਰਾ ਫੇਰੀ, ਚਲਾਕੀਆਂ, ਕੁਟਿਲਤਾ ਤੇ ਕਠੋਰਤਾ ਨੂੰ ਅਪਨਾਈ ਫਿਰਦੇ ਹਾਂ। ਜੇ ਤਾਂ ਬਣਨਾ ਹੈ ਪਰਮ-ਆਤਮਾ ਤਾਂ ਤੇ ਸਾਨੂੰ ਪਰਮਾਤਮਾ ਵਾਲੇ ਕੰਮ, ਪਰਮਾਤਮਾਂ ਵਾਲੀ ਖਸਲਤਾਂ ਅਪਨਾਉਣੀਆਂ ਪੈਣਗੀਆਂ, ਜੇ ਅਸੀਂ ਜੂਨਾਂ ਵਿਚ ਭੌਣਾ ਏ ਉਹ ਕਾਮ ਕਰੋਧ ਵਾਲੀ ਪਟੀ ਦੀਆਂ ਗਲਾਂ ਹਨ, ਅਸੀਂ ਕਰੀ ਹੀ ਜਾਂਦੇ ਹਾਂ ਤਾਹੀਉਂ ਜੂਨਾਂ ਵਿਚ ਬੈਠੇ ਹਾਂ। ਜੂਨਾਂ ਵਿਚ ਆਏ ਪਰਾਣੀ ਨੂੰ ਕਦੀ ਵੀ ਸੁਖ ਨਹੀਂ ਕਦੀ ਵੀ ਚੈਨ ਨਹੀਂ ਕਦੀ ਵੀ ਟਿਕਾਉ ਨਹੀਂ ਕਦੀ ਵੀ ਆਰਾਮ ਨਹੀਂ। ਸਾਰੀਆਂ ਜੂਨਾਂ ਨਾਲੋਂ ਆਹਲਾ ਜੂਨ ਇਨਸਾਨ ਦੀ ਹੈ ਪਰ ਇਸ ਜੂਨ ਵਿਚ ਵੀ ਤੁਹਾਨੂੰ ਨਜ਼ਰ ਆ ਚੁਕਾ ਹੈ ਕਿੰਨੇ ਕੁ ਦੁਖ ਹਨ, ਜੇ ਦੋ ਦਿਨ ਸੁਖ ਦੇ ਗੁਜ਼ਰਦੇ ਨੇ ਤੇ ਚਾਰ ਦਿਨ ਦੁਖ ਦੇ ਆ ਜਾਂਦੇ ਨੇ। ਇਸ ਲਈ ਜੋ ਸਦੀਵੀ ਸੁਖ ਚਾਹੀਦਾ ਹੈ, ਸਦੀਵੀ ਚੈਨ ਚਾਹੀਦਾ ਹੈ ਤਾਂ ਪ੍ਰਮਾਤਮਾ ਵਾਲੇ ਗੁਣ ਅਪਣਾਉ। ਪਰਮਾਤਮਾ ਬਣੋ ਉਹਨੂੰ ਕੋਈ ਦੁਖ ਨਹੀਂ, ਪ੍ਰਮਾਤਮਾਂ ਵਾਲੀਆਂ ਖਸਲਤਾਂ ਤੇ ਗੁਣ ਅਪਨਾਉ। ਪਰਮਾਮਾ ਵਾਲੇ ਗੁਣ ਅਪ-ਨਾਉਣ ਨਾਲ ਸਾਨੂੰ ਸਹਿਜ ਮਿਲ ਜਾਂਦੀ ਹੈ, ਟਿਕਾਉ ਮਿਲ ਜਾਂਦਾ ਹੈ ਚੈਨ ਮਿਲ ਜਾਂਦਾ ਹੈ। ਇਹ ਵਹਿਮ ਭਰਮ, ਜਾਦੂ ਟੂਣੇ ਧਾਗੇ ਤਵੀਤ, ਕਬਰਾਂ ਗੁਗੇ ਮੜ੍ਹੀ ਮਸਾਣ ਵਰਤ ਸਰਾਧ ਕੰਜਕਾਂ ਮੰਗਲ ਸ਼ਨਿਸ਼ਰ ਬਿਲੀਆਂ ਕੁਤੇ ਆਦਿ ਸਭ ਭਰਮ ਨੇ ਫੋਕੇ ਵਹਿਮ ਹਨ। ਇਹਨਾਂ ਵਿਚ ਕੋਈ ਸਚਾਈ ਨਹੀਂ ਪਰੰਤੂ ਇਹ ਉਹਨਾਂ ਲਈ ਸਚ ਬਣ ਜਾਂਦੇ ਹਨ ਜਿਹੜੇ ਇਹ ਵਹਿਮ ਕਰਦੇ ਹਨ। ਉਹਨਾਂ ਦੀ ਆਤਮਾ ਦਾ ਖਿਆਲ ਬਣ ਜਾਂਦਾ ਹੈ ਤੇ ਉਹਨਾਂ ਲਈ ਸਚ ਹੋ ਨਿਬੜਦਾ ਹੈ। ਪਰੰਤੂ ਰਬ ਰੂਪ ਆਦਮੀ ਨੂੰ ਇਹ ਕੁਝ ਨਹੀਂ ਹਨ ਤੇ ਬਿਲਕੁਲ ਨਿਰਮੂਲ ਤੇ ਉਕੀ ਕੋਈ ਹਕੀਕਤ ਨਹੀਂ ਹਨ। ਗੁਰਬਾਣੀ

ਦਾ ਕਥਨ ਹੈ ਸਗਨ ਅਪ ਸਗਨ ਤਿਸ ਕਉ ਲਗੇ ਜਿਸ ਚੀਤ ਨ ਆਵੇ। ਵਹਿਮਾਂ ਨੂੰ ਫੜਨ ਨਾਲ ਅਸੀਂ ਫਸੇ ਬੈਠੇ ਹਾਂ ਤੇ ਇਹਨਾਂ ਨੂੰ ਛਡਣ ਨਾਲ ਪ੍ਰਮਾਤਮਾ ਬਣ ਜਾਈਦਾ ਹੈ। ਸੋਈ ਜੇ ਤਾਂ ਆਪਣਾ ਕਲਿਆਣ ਚਾਹੀਦਾ ਹੈ, ਆਪਣਾ ਫਾਇਦਾ ਹੈ ਤਾਂ ਸਤਿ ਸੰਤੋਖ ਵਾਲੀ ਪਟੀ ਦੇ ਗੁਣ ਅਪਨਾਉ। ਭਰਮਾਂ ਦਾ ਤਿਆਗ ਕਰ ਦਿਉ, ਕਾਮ ਕਰੋਧ ਜ਼ਰੂਰਤ ਤੋਂ ਜਿਆਦਾ ਨਾ ਅਪਨਾਉ। ਤਾਂ ਤੇ ਤੁਸੀਂ ਮੁੜ ਰਬ ਬਣ ਜਾਉਗੇ, ਵਾਹਿਗੁਰੂ ਬਣ ਜਾਉਗੇ, ਸਹਿਜ ਮਿਲ ਜਾਵੇਗੀ ਟਿਕਾਉ ਮਿਲ ਜਾਵੇਗਾ, ਚੈਨ ਮਿਲ ਜਾਵੇਗਾ। ਜੇ ਇਸ ਦੇ ਉਲਟ ਕਾਮ ਕਰੋਧ ਵਾਲੇ ਖਿਆਲ ਕੀਤੇ ਤਾਂ ਫਿਰ ਜੂਨਾਂ ਹੈਗੀਆਂ ਨੇ, ਕੋਈ ਖੋਤਾ ਏ, ਬੈਲ ਏ ਕਣਕ ਏ ਗਨਾ ਏ ਇਹਨਾਂ ਵਿਚ ਭੌਣਾ ਪਵੇਗਾ। ਸੋਈ ਤੁਹਾਡੀ ਤਕਦੀਰ ਤੁਹਾਡੇ ਆਪਣੇ ਹੱਥ ਹੈ ਬਚਣਾ ਚਾਹੁੰਦੇ ਹੋ, ਰਬ ਬਣ ਜਾਣਾ ਚਾਹੁੰਦੇ ਹੋ ਤਾਂ ਕਿ ਕੋਈ ਦੁਖ ਤਕਲੀਫ ਨਾ ਹੋਵੇ ਕੋਈ ਫਿਕਰ ਨ ਹੋਵੇ ਕੋਈ ਚਿੰਤਾ ਨਾ ਆਵੇ, ਤਾਂ ਭਾਈ ਰਬ ਦੀਆਂ ਖਸਲਤਾ ਅਪਨਾਉ, ਰਬ ਨੂੰ ਛੇਤੇ ਕਰੋ, ਵਾਹਿਗੁਰੂ ਨੂੰ ਚੇਤੇ ਕਰੋ, ਉਸ ਨੂਰ ਨੂੰ ਚੇਤੇ ਕਰੋ ਅਤੇ ਉਹੋ ਜਿਹੇ ਕੰਮ ਕਰੋ ਜਿਹੜੇ ਪਰਮਾਤਮਾ ਨੂੰ ਸੋਂਜਦੇ ਨੇ ਪਰਮਾਤਮਾ ਨੂੰ ਚੰਗੇ ਲਗਗੇ ਹਨ ਅਤੇ ਪਰਮਾਤਮਾ ਬਣਨ ਲਈ ਜਰੂਰੀ ਹਨ। ਤਕਦੀਰ ਤੁਹਾਡੇ ਆਪਣੇ ਹਥ ਹੈ ਚਾਹੇ ਬਿਗਾੜ ਲਉ ਚਾਹੇ ਬਣਾ ਲਉ, ਜੇ ਖਿਆਲ ਗੰਦ ਕਰ ਲਉਗੇ ਤਾਂ ਬਿਗੜਦੀ ਬਿਗੜ ਜਾਵੇਗੀ ਜੇ ਖਿਆਲਾਤ ਪਵਿਤਰ ਕਰ ਲਉਗੇ ਤਾਂ ਸੰਵਰਦੀ ਜਾਵੇਗੀ। ਸੋ ਪਰਾਰਥਨਾ ਹੈ ਕਿ ਤੁਸੀਂ ਆਪਣਾ ਫਾਇਦਾ ਆਪ ਸੋਚੋ ਤੇ ਆਪਣਾ ਫਾਇਦਾ ਆਪ ਹੀ ਕਰੋ। ਕੋਈ ਤੁਹਾਨੂੰ ਕਹਿ ਦੇਵੇ ਰਬ ਦਿਖਾ ਦਿੰਦਾ ਤਾਂ ਰਬ ਕਿਸੇ ਦਾ ਗੁਲਾਮ ਨਹੀਂ ਜੋ ਦੂਜੇ ਦੇ ਆਖ ਤੇ ਦੂਜੇ ਨੂੰ ਦਰਸ਼ਨ ਦਿੰਦਾ ਫਿਰੂ ਤੇ ਉਹਦੀ ਤਕਦੀਰ ਸੰਵਾ-ਰਦਾ ਫਿਰੂ, ਸਭ ਪਾਖੰਡ ਹਨ। ਰਬ ਦੇਖੀਦਾ ਹੈ ਤਾਂ ਆਪ ਦੇਖੀਦਾ ਹੈ ਆਪਣੀ ਹਿਮਤ ਨਾਲ ਦੇਖੀਦਾ ਹੈ ਦੂਜੇ ਤਾਂ ਰਾਹ ਰਸਤਾ ਹੀ ਦਸਦੇ ਹਨ ਉਹਦੀ Dfinition ਦਸ ਦੇਂਦੇ ਹਨ ਪਰ ਲਭਣਾ ਆਪ ਪੈਂਦਾ

ਹੈ ਤੇ ਹੈਗਾ ਤੁਹਾਡਾ ਆਤਮਾ ਹੈ ਤੁਹਾਡੇ ਹੀ ਵਿਚ ਹੈ ਬਾਹਰ ਕਿਸੇ ਅਸਮਾਨ ਉਤੇ ਟੰਗਿਆ ਹੋਇਆ ਨਹੀਂ। ਜੋ ਜੇ ਕਰਤਾ ਪਰਮਾਤਮਾ ਬਣਨਾ ਹੈ ਤਾਂ ਪਰਮਾਤਮਾ ਵਾਲੀਆਂ ਖਸਲਤਾਂ ਆਪਣੇ ਵਿਚ ਲਿਆਉ। ਐਹੋ ਜਿਹੇ ਕੰਮ ਕਰੋ ਜਿਹੜੇ ਪ੍ਰਮਾਤਮਾ ਦੇ ਨਾਮ ਨੂੰ ਢੁਕਵੇਂ ਹੋਣ, ਐਹੋ ਜਿਹੇ ਕੰਮ ਨਾ ਕਰੋ ਜਿਹੜੇ ਸ਼ੈਤਾਨਾਂ ਵਾਲੇ ਹੋਣ। ਸ਼ੈਤਾਨਾਂ ਨੇ ਤਾਂ ਜੂਨਾਂ ਜਾਣਾ ਹੈ ਪਰੰਤੂ ਤੁਸਾਂ ਅਜੂਨੀ ਹੋਣਾ ਹੈ ਅਬਿਨਾਸੀ ਨਿਰਭਉ ਤੇ ਨਿਰਵੈਰ ਬਣਨਾ ਹੈ। ਵਾਹਿਗੁਰੂ ਜੀ ਕਾਲਸਾ ਵਾਹਿਗੁਰੂ ਜੀ ਕੀ ਫਤੇਹਿ।

9.12.76 ਰਬ ਨੇ ਆਪਣੇ ਵਿਚੋਂ ਆਤਮਾਵਾਂ ਪੈਦਾ ਕੀਤੀਆਂ। ਨੂਰ ਦੇ ਨੂਰੀ ਕਣ ਹੀ ਆਤਮਾਵਾਂ ਹਨ। ਇਹ ਰਬ ਦੇ ਨਾਲ ਹੀ ਪੈਦਾ ਹੋਈਆਂ ਤੇ ਨਾਲ ਹੀ ਜੁਗੋ ਜੁਗ ਰਹਿਣਗੀਆਂ। ਇਹਨਾਂ ਦੀ ਹਸਤੀ ਹੀ ਰਬ ਦੀ ਹਸਤੀ ਹੈ। ਰਬ ਏਹਨਾਂ ਆਤਮਾਵਾਂ ਦੇ ਰੂਪ ਵਿਚ ਹੀ ਫੈਲਿਆ ਹੋਇਆ ਹੈ। ਇਸ ਲਈ ਭੌਂਦੇ ਫ਼ਿਰਨ ਨਾਲੋਂ ਟਿਕਾਉ ਸਹਿਜ, ਆਰਾਮ ਤੇ ਅਨੰਦ ਹੀ ਵਡੀ ਤੋਂ ਵਡੀ ਪਦਵੀ ਹੈ ਜੋ ਅਸੀਂ ਪਾ ਸਕਦੇ ਹਾਂ। ਹੋਰ ਅਸੀਂ ਨਾ ਕਦੇ ਜੰਮੇ ਹੀ ਸਾਂ ਔਰ ਨਾ ਮਰਨਾ ਹੈ ਬਸ ਚੈਨ ਆਰਾਮ ਹੀ ਹੈ (ਜਿਹੜਾ ਮੁਕਤ ਕਿਹਾ ਜਾਂਦਾ ਹੈ) ਜੋ ਅਸੀਂ ਪਾ ਸਕਦੇ ਹਾਂ। ਭਟਕਣਾਂ ਤੋਂ ਬਚ ਕੇ ਮੁੜ ਵਾਹਿਗੁਰੂ ਦੇ ਵਾਹਿਗੁਰੂ ਬਣੇ ਰਹਿ ਸਕਦੇ। ਵਾਸਤਵ ਵਿਚ ਅਸੀਂ ਸਦਾ ਹੀ ਨੂਰੀ ਨਿਰਗੁਣ ਸ਼ਕਲ ਵਿਚ ਰਹਿੰਦੇ ਹਾਂ ਸਿਰਫ ਗੰਦੇ ਖਿਆਲ ਹੀ ਹਨ ਜਿਹੜੇ ਸਾਨੂੰ ਭਟਕਾਈ ਫਿਰਦੇ ਹਨ ਤੇ ਟਿਕਣ ਨਹੀਂ ਦਿੰਦੇ ਅਤੇ ਸਰਗੁਣ ਕਰਕੇ ਜੂਨਾਂ ਵਿਚ ਲਈ ਫਿਰਦੇ ਹਨ। ਇਸ ਵਾਸਤੇ ਮਾੜੇ, ਗੰਦੇ ਮਲੀਨ ਖਿਆਲਾਤ ਨੂੰ ਛਡਣ ਵਿਚ ਹੀ ਸਾਰਾ ਤਰੱਕੀ ਦਾ ਰਾਜ ਹੈ। ਨਾਮ ਵੀ ਏਸੇ ਵਾਸਤੇ ਜਪਦੇ ਹਾਂ, ਗੁਰਬਾਣੀ ਵੀ ਏਸੇ ਵਾਸਤੇ ਪੜ੍ਹਦੇ ਤਾਂ ਕਿ ਸਾਨੂੰ ਗੰਦੇ ਖਿਆਲਾਂ ਦਾ ਪਤਾ ਲਗ ਜਾਵੇ ਤੇ ਉਹਨਾਂ ਤੋਂ ਛੁਟਕਾਰਾ ਪਾ ਲਈਏ, ਪਵਿਤਰ ਬਣ ਜਾਈਏ। ਸਤਿਗੁਰਾਂ ਵੀ ਕਿਹਾ ਹੈ ਨਾਨਕ ਅਵਗੁਣ ਜੇਹੜੇ ਤੇਰੇ ਗਲੀਂ ਜੰਜੀਰ, ਇਹ ਭੈੜੇ ਖਿਆਲ ਹੀ ਸਾਨੂੰ

ਜੰਜੀਰ ਪਏ ਹੋਏ ਹਨ। ਜਾਦੂ ਟੂਣੇ, ਵਹਿਮ ਭਰਮ, ਧਾਗੇ ਤਵੀਤ, ਮੜ੍ਹੀ ਮਸਾਣ, ਪਿਛੋਵਾਜ ਪਏ ਗਈ, ਬਿਲੀ ਲੰਘ ਗਈ, ਕੁਤੇ ਕੰਨ ਫਟਕੇ ਛਿਕ ਪਈ, ਮਨਹੂਸ ਆਦਮੀ ਮਿਲਿਆ। ਤਥਾ ਕਾਮ ਕਰੋਧ ਆਦਿ ਸਾਰੇ ਜੰਜੀਰ ਹਨ। ਇਹਨਾਂ ਨੂੰ ਤੋੜਨਾ ਵੀ ਹੋਰ ਕਿਸੇ ਨਹੀਂ ਤੁਹਾਨੂੰ ਆਪੇ ਹੀ ਤੋੜਨੇ ਪੈਣਗੇ ਅਤੇ ਚਾਹੀਦੇ ਹਨ। ਸਾਰੇ ਰੋਗ ਅਸਲ ਵਿਚ ਆਤਮਾ ਦੇ ਮਾੜੇ ਖਿਆਲ ਹੀ ਹਨ ਸੋ ਸਰੀਰ ਉਤੇ ਰੋਗ ਦਾ ਰੂਪ ਧਾਰ ਕੇ ਨਮੂਦਾਰ ਹੁੰਦੇ ਹਨ। ਲੰਙੇ ਲੁੰਡੇ, ਕਾਣੇ ਮਧਰੇ, ਮਾਤਾ ਦੇ ਦਾਗਾ ਵਾਲੇ ਤਥਾ ਹੋਰ ਇਹੋ ਜਿਹੇ ਲੋਕ ਮੰਦੇ ਖਿਆਲਾਂ ਦੇ ਕਾਰਨ ਇਸ ਤਰ੍ਹਾਂ ਹੋਏ ਹੂੰਦੇ ਹਨ। ਚਲਾਕੀਆਂ ਕਰਨ ਵਾਲੇ, ਮੂੰਹ ਥੀਂ ਹੋਰ ਦਿਲ ਥੀਂ, ਹੋਰ, ਵਾਲਿਆਂ ਦੇ ਚੇਹਰੇ ਦਾਗੀ ਹੁੰਦੇ ਹਨ। ਇਸ ਲਈ ਦਸਾਂ ਪਾਤਸ਼ਾਹੀਆ ਵਿਚੋਂ ਕਿਸੇ ਗੁਰਮੁਖ ਆਦਮੀ ਨੂੰ ਗੁਰੂ ਜਾਣੋ ਸੰਤ ਜਾਣੋ ਏਵੇਂ ਕਾਣਿਆ ਨਾਣਿਆਂ ਨੂੰ ਸੰਤ ਕਹਿ ਮਥੇ ਨ ਟੇਕਦੇ ਫਿਰੋ, ਇਥੋਂ ਤਕ ਵੀ ਹਦਾਇਤ ਹੈ ਕਿ ਸ਼ਿਵ ਸ਼ਿਵ ਕਰਕੇ ਜੋ ਨਰ ਧਿਆਵੇ ਬਲਦ ਚੜੇ ਡੌਰੂ ਡਮਕਾਵੇ, ਅਤੇ ਮਹਾ ਮਾਈ ਕੀ ਪੂਜਾ ਕਰੇ ਨਰ ਸੇ ਨਾਰ ਹੋਇ ਅਉਤਰੈ। ਪਹਾੜਾਂ ਤੇ ਜਮੋਗੇ, ਸਪ ਗਲ ਵਿਚ ਪਾਈ ਫਿਰੋਗੇ ਅਤੇ ਮਾਈ ਮਾਈ ਕਹਿਕੇ ਪੂਜਣ ਵਾਲੇ ਜਨਾਨੀਆਂ ਬਣਨਗੇ। ਸੋ ਵੀਰਨੋ ਅਸੀਂ ਹਾਂ ਹੀ ਆਤਮਾਂ ਅਤੇ ਗੰਦੇ ਖਿਆਲਾਂ ਦੀਆਂ ਵਹਿਬਤਾਂ ਗਲੋਂ ਲਾਹ ਦੇਈਏ ਤਾਂ ਵਾਹਿਗੁਰੂ ਬਣ ਜਾਈਦਾ ਹੈ। ਏਸੇ ਹੀ ਸੂਰਤ ਕਲਿਆਣ ਤੇ ਮੁਕਤ ਹੈ। ਵਾਹਿਗੁਰੂ ਕਰੇ ਸਾਰੀ ਲੁਕਾਈ ਗੰਦੇ ਖਿਆਲਾਂ ਨੂੰ ਦੂਰ ਕਰਕੇ ਵਾਹਿਗੁਰੂ (ਪਵਿਤਰ ਆਤਮਾ) ਬਣਨ ਵਿਚ ਸਫਲ ਹੋਵੇ।

## ਟੇਪ ਰੀਕਾਰਡ

9 12.79 ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ॥

ਵਾਹਿਗੁਰੂ, ਪਰਮਾਤਮਾ, ਇਕ soul ਹੈ, spirit ਹੈ, ਆਤਮਾ ਹੈ। ਵਸਦਾ ਹਰ ਚੀਜ਼ ਵਿਚ ਹੈ ਕਿਉਂ ਹਰ ਚੀਜ਼ ਬਣੀ ਉਹਦੇ ਤੋਂ ਹੈ,

ਪਰੰਤੂ ਜੜ ਵਸਤੂਆਂ ਨਾਲੋਂ ਮਿੱਟੀ ਪਥਰਾਂ ਨਾਲੋਂ ਪੌਦਿਆਂ ਵਿਚ ਵਧੇਰੇ ਚੇਤੰਨ ਹੈ, ਪੌਦਿਆਂ ਨਾਲੋਂ ਜੀਵ ਜੰਤੂਆਂ ਵਿਚ ਵਧੇਰੇ ਚੇਤੰਨ ਹੈ, ਪਸ਼ੂ ਡੰਗਰਾ ਨਾਲੋਂ ਆਦਮੀਆਂ ਵਿਚ ਵਧੇਰੇ ਚੇਤੰਨ ਤੇ ਸਮਝ ਵਾਲਾ ਹੈ ਇਨਸਾਨਾਂ ਵਿਚੋਂ ਉਸ ਇਨਸਾਨ ਵਿਚ ਵਧੇਰੇ ਚੇਤਨ ਤੇ ਸਾਕਸ਼ਾਤ ਹੈ ਜਿਸਨੇ ਉਸਦੇ ਦਰਸ਼ਣ ਦੀਦਾਰੇ ਪਾ ਲਏ ਹੋਣ ਜਿਸਦੇ ਹਥੋਂ ਦਾਤੇ ਕਰਾਮਾਤਾਂ ਕਰਵਾਈਆਂ ਹੋਣ ਅਤੇ ਜਿਸਨੂੰ ਅਨਭਵ ਤੇ ਗਿਆਨ ਹੋ ਗਿਆ ਹੋਵ, ਕਿ ਪ੍ਰਮਾਤਮਾ ਮੇਰੇ ਵਿਚ ਵਸਦਾ ਹੈ। ਚਿਤਵੀਆਂ ਗਲਾਂ ਪੂਰੀਆਂ ਹੁੰਦੀਆ ਜਾਣੀਆਂ, ਮਨ ਸੋਚੀਆਂ ਇਛਾਵਾਂ ਪੂਰੀਆਂ ਹੁੰਦੀਆਂ ਜਾਣੀਆ, ਜਬਾਨ ਤੋਂ ਜੋ ਕਹਿ ਦੇਈਏ ਸੋ ਠੀਕ ਹੋ ਜਾਣਾ, ਇਹਨਾਂ ਗਲਾਂ ਨਾਲ ਵਿਸ਼ਵਾਸ ਬਝ ਜਾਂਦਾ ਹੈ ਕਿ ਪਰਮਾਤਮਾ ਮੇਰੇ ਵਿਚ ਵਸਦਾ ਹੈ, ਮੇਰਾ ਆਤਮਾ ਹੀ ਪਰਮਾਤਮਾ ਬਣ ਗਿਆ ਹੈ। ਪਵਿਤਰ ਬਣ ਗਿਆ ਹੈ। ਜੇ ਇਹੋ ਜਹੀਆਂ ਗਲਾ ਹੋਣ ਤਾਂ ਇਨਸਾਨ ਹੀ ਪਰਮਾਤਮਾ ਦਾ ਰੂਪ ਹੋ ਜਾਂਦਾ। ਉਸ ਇਨਸਾਨ ਵਿਚ ਤੇ ਵਾਹਿ-ਗੁਰੂ ਵਿਚ ਕੋਈ ਭਿੰਨ ਭੇਤ ਨਹੀਂ ਰਹਿੰਦਾ। ਉਹ ਇਨਸਾਨ ਪਰਮਾਤਮਾ ਰੂਪ ਹੋ ਜਾਂਦਾ ਹੈ। ਐਸੀ ਸੂਰਤ ਵਿਚ ਤਾਂ ਸਾਰੇ ਸੁਖ ਬਣ ਜਾਂਦੇ ਹਨ ਉਸ ਇਨਸਾਨ ਨੂੰ ਕੋਈ ਤਾਂ ਕਸ਼ਟ ਨਹੀਂ ਰਹਿੰਦਾ, ਕੋਈ ਤਾਂ ਰੋਗ ਨਹੀਂ ਰਹਿੰਦਾ, ਕੋਈ ਤਾਂ ਝਗੜਾ ਨਹੀਂ ਰਹਿੰਦਾ, ਕੋਈ ਤਾਂ ਬਿਪਤਾ ਨਹੀਂ ਰਹਿੰਦੀ, ਕੋਈ ਤਾਂ ਦੁਖ ਨਹੀਂ ਰਹਿੰਦਾ, ਕਿਸੇ ਕਿਸਮ ਦੀ ਥੁੜ ਨਹੀਂ ਰਹਿੰਦੀ, ਕਿਸੇ ਚੀਜ਼ ਦੀ ਕਮੀ ਨਹੀਂ ਰਹਿੰਦੀ, ਹਰ ਚੀਜ਼ ਪੂਰਨ ਤੇ ਸਹੀ ਹੁੰਦੀ ਜਾਂਦੀ ਹੈ ਹਰ ਚੀਜ਼ ਬਹੁਤਾਤ ਵਿਚ ਮਿਲਦੀ ਹੈ। ਜੋ ਮਾਂਗੇ ਠਾਕਰ ਆਪਣੇ ਤੇ ਸੋਈ ਦੇਵੈ, ਤਾਂ ਕਿ ਇਨ-ਸਾਨ ਸਹਿਜ ਵਿਚ ਆ ਜਾਵੇ, ਚੈਨ ਵਿਚ ਆ ਜਾਵੇ, ਟਿਕ ਜਾਵੇ। ਉਂਜ ਤਾਂ ਅਸੀਂ ਆਤਮਾ ਹਾਂ, ਬਣੇ ਉਦੋਂ ਦੇ ਹਾਂ ਜਦੋਂ ਦਾ ਪ੍ਰਮਾਤਮਾ ਬਣਿਆ ਅਤੇ ਪਰਮਾਤਮਾ ਦੇ ਨਾਲ ਹੀ ਰਹਿਣਾ ਹੈ। ਇਹ ਤਾਂ ਪਰ-ਮਾਤਮਾ ਹੀ ਹੈ ਹਰ ਥਾਂ ਉਹ ਆਪ ਪੂਰਨ ਹੈ ਉਸ ਦੇ ਨੂਰੀ ਕਣ ਹਾਂ ਵਖਰੀ ਸ਼ੈ ਨਹੀਂ ਹਾਂ ਇਸ ਲਈ ਜਦ ਤਕ ਪਰਮਾਤਮਾ ਮੌਜੂਦ ਹੈ

ਅਸੀਂ ਏਸੇ ਤਰ੍ਹਾਂ ਮੌਜੂਦ ਚਲੇ ਜਾਣਾ ਹੈ ਇਸ ਲਈ ਇਕੋ ਇਕ ਕਮਾਈ ਜਿਹੜੀ ਕਰ ਸਕਦੇ ਹਾਂ ਉਹ ਹੈ ਚੈਨ, ਸੇਵਾ ਨਹੀਂ ਸੇਵਾ ਵਾਲੇ ਸੇਵਾ ਵਿਚ ਹੀ ਤੁਰੇ ਫਿਰਨਗੇ। ਅਸਲ ਕਮਾਈ ਹੈ ਚੈਨ, ਟਿਕਾਉ, ਆਰਾਮ, ਸ਼ਹਿਜ। ਜਿਸ ਤਰ੍ਹਾਂ ਸਵੇਰੇ ਕੰਮ ਕਰਦੇ ਥਕ ਗਏ ਰਾਤ ਪਈ ਸੌਂ ਗਏ ਸਵੇਰੇ ਫੇਰ ਉਠ ਖਲੋਤੇ। ਇਹ ਮਸਾਂ ਜੀਉਣ ਤਾਂ ਬਸ ਏਸੇ ਤਰਾਂ ਦੀ ਘਟਨਾਂ ਹੈ ਬਾਕੀ ਚੈਨ ਹੈ, ਸਹਿਜ ਹੈ ਟਿਕਾਉ ਹੈ ਯਾ ਮੁਕਤ ਹੈ ਯਾ ਪਰਮਾਤਮਾ ਦੇ ਨਾਲ ਮਿਲ ਜਾਣਾ। ਇਸ ਸੂਰਤ ਵਿਚ ਇਨਸਾਨ ਨੂੰ ਕੋਈ ਆਵਾਜਾਈ ਨਹੀਂ ਪੈਂਦੀ। ਇਨਸ਼ਾਨ ਮਾਇਆ ਤੋਂ ਆਜ਼ਾਦ ਹੋ ਜਾਂਦਾ ਹੈ। ਮਾਇਆ ਦੇ ਭਰਮ ਭੁਲੇਖੇ ਸਾਰੇ ਉਤਰ ਜਾਂਦੇ ਹਨ, ਇਨਸਾਨ ਵਾਹਿਗੁਰੂ ਨਾਲ ਹੀ ਜੋਤੀ ਵਿਚ ਜੋਤਿ ਸਮਾਇਆ ਰਹਿੰਦਾ ਹੈ। ਸੋ ਸੁਖ ਚੈਨ ਆਰਾਮ ਜੇ ਲੈਣਾ ਹੋਵੇ ਕਿਸੇ ਨੇ, ਇਸ ਭੌਣ ਤੋਂ ਜੇ ਕਿਸੇ ਨੇ ਛੁਟਕਾਰਾ ਪਾਉਣਾ ਹੋਵੇ ਤਾਂ ਉਸ ਲਈ ਜਰੂਰੀ ਹੈ ਕਿ ਉਹ ਆਤਮਾ ਨੂੰ ਪਵਿਤਰ ਕਰੇ ਭਾਵ ਖਿਆਲਾਤ ਨੂੰ ਪਵਿਤਰ ਕਰੇ। ਵਾਹਿਗੁਰੂ ਵਾਹਿਗੁਰੂ ਕਰਨ ਨਾਲ ਵਾਹਿਗੁਰੂ ਨਹੀਂ ਮਿਲਦਾ, ਇਹ ਤਾਂ ਆਤਮਾ ਹੈ, ਮਿਲਦਾ ਹੈ ਆਤਮਾ ਨੂੰ ਪਵਿਤਰ ਕੀਤਿਆਂ ਅਵਗੁਣਾਂ ਦੇ ਜੰਜੀਰਾਂ ਨੂੰ ਤੋੜਿਆਂ। ਆਤਮਾ ਨੂੰ ਮਲੀਨ ਰੱਖ ਕੇ ਭਾਵੇਂ ਜਿਨਾ ਮਰਜੀ God God ਵਾਹਿਗੁਰੂ ਵਾਹਿਗੁਰੂ ਕਰੀ ਜਾਈਏ ਨਹੀਂ ਮਿਲਦਾ। ਇਸ ਲਈ ਹਰਿ ਕਾ ਨਾਮ ਜਪ ਨਿਰਮਲ ਕਰਮ ਚੋਟੀ ਦਾ ਗੁਰ ਹੈ ਰਬ ਪਾਉਣ ਲਈ। ਵਾਹਿਗੁਰੂ ਵਾਹਿਗੁਰੂ ਦੇ ਨਾਲ ਆਤਮ ਪਵਿਤਰ ਰਖਣਾ। ਅਤੀ ਜ਼ਰੂਰੀ ਹੈ। ਇਸ ਤਰਾਂ ਹੀ ਮੁੜ ਵਾਹਿਗੁਰੂ ਦੇ ਵਾਹਿਗੁਰੂ ਬਣਨ ਵਿਚ ਸਫਲਤਾ ਪਰਾਪਤ ਕੀਤੀ ਜਾ ਸਕਦੀ ਹੈ। ਵਾਹਿਗੁਰੂ ਸਹਾਈ ਹੋਵ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਫਤਹਿ।

720 ਕਾਇਆ ਨਗਰਿ ਬਸਤ ਰਹਿ ਸੁਆਮੀ ਹਰਿ ਨਿਰਭਉ ਨਿਰਵੈਰੁ ਨਿਰੰਕਾਰਾ
ਹਰਿ ਨਿਕਟਿ ਬਸਤ ਕਛੂ ਨਦਰਿ ਨ ਆਵੈ ਹਰਿ ਲਾਧਾ ਗੁਰ ਵੀਚਾਰਾ

ਹਰਿ ਆਪੇ ਸਾਹੁ ਸਰਾਫੁ ਰਤਨੁ ਹੀਰਾ ਹਰਿ ਆਪਿ ਕੀਆ ਪਾਸਾਰਾ
ਨਾਨਕ ਜਿਸੁ ਕ੍ਰਿਪਾ ਕਰੇ ਸੁ ਹਰਿ ਨਾਮੁ ਵਿਹਾਝੇ ਸੋ ਸਾਹੁ ਸਚਾ
ਵਣਜਾਰਾ

11.12.76 ਚੂੰਕਿ ਵਾਹਿਗੁਰੂ ਆਤਮਾ ਹੈ ਅਤੇ ਵਸਦਾ ਹਰ ਜੀਵ ਵਿਚ, ਉਹਦੀ ਆਪਣੀ ਆਤਮਾ ਦੇ ਰੂਪ ਵਿਚ ਹੈ ਇਸ ਲਈ, ਆਤਮਾ ਦੇ ਹੀ ਸਾਰੇ ਖਿਆਲ ਸਾਕਸ਼ਾਤ ਹੋ ਜਾਂਦੇ ਹਨ। ਆਤਮਾ ਦੇ ਖਿਆਲਾਤ ਗੰਦੇ ਤਾਂ ਆਦਮੀ ਦੀ ਹਾਲਤ ਗੰਦੀ ਅਤੇ ਮਾੜੀ ਆਤਮਾ ਦੇ ਖਿਆਲਾਤ ਚੰਗੇ ਤਾਂ ਆਦਮੀ ਦੀ ਹਾਲਤ ਚੰਗੀ। ਜ਼ਮੀਨਾਂ ਦੇ ਖਿਆਲਾਤ ਜ਼ਮੀਨਾਂ ਬਣਾ ਦੇਂਦੇ ਹਨ, ਮਕਾਨਾਂ ਦੇ ਖਿਆਲਾਤ ਮਕਾਨ ਬਣਾ ਦੇਂਦੇ ਹਨ। ਨੌਕ-ਰੀਆਂ ਦੇ ਖਿਆਲ ਨੌਕਰੀਆਂ ਕਰਵਾ ਦੇਂਦੇ ਹਨ, ਜਨ ਸੇਵਾ ਦੇ ਪਿਆਰ ਲੀਡਰ ਤੇ ਸੇਵਕ ਬਣਾ ਦੇਂਦੇ ਹਨ। ਹਰ ਪਰਾਣੀ ਦੀ ਆਤਮਾ ਦ ਖਿਆਲ ਹੀ ਸਾਕਸ਼ਾਤ ਹੋ ਨਿਤਰਦੇ ਹਨ' ਇਸ ਲਈ ਵਹਿਮ ਭਰਮ ਤੇ ਹੋਰ ਅਵਗਣ ਸਭ ਜੰਜੀਰ ਹੀ ਹਨ, ਜਿਹਨਾਂ ਦਾ ਤੋੜਨਾ ਹੈ ਤਾਂ ਭਾਵੇਂ ਮੁਸ਼ਕਿਲ ਪਰੰਤੂ ਤੋੜਿਆਂ ਬਗੈਰ ਛੁਟਕਾਰਾ ਨਹੀਂ। ਇਸ ਲਈ ਵੀਰਨੋ ਜਿਵੇਂ ਕਿਵੇਂ ਆਪਣੇ ਮਨ ਨੂੰ ਸਮਝਾ ਕੇ ਸਾਰੇ ਭਰਮ ਭੁਲੇਖੇ ਵਹਿਮ ਤੇ ਮੰਦੇ ਖਿਆਲਾਂ ਨੂੰ ਦੂਰ ਕਰੋ। ਸਮਝ ਕੇ ਪੜਨ ਨਾਲ ਗੁਰਬਾਣੀ, ਇਹਨਾਂ ਤੇ ਨਮਾਇਆਂ ਤੇ ਸਿਧਾ ਅਸਰ ਪੈਂਦਾ ਹੈ। ਗੁਰਬਾਣੀ ਇਸ ਜਗ ਵਿਚ ਚਾਨਣ ਫੈਲਾ ਰਹੀ ਹੈ ਹੋਸ਼ ਲਿਆ ਰਹੀ ਹੈ ਇਹਦੇ ਲਗ ਲਗੋ ਤੇ ਢੋਂਗੀਆਂ ਤੋਂ ਬਚੋ। ਗੁਰੂ ਵਾਸਤਵ ਵਿਚ ਵਾਹਿਗੁਰੂ ਆਪ ਹੈ ਜਿਹੜਾ ਸਾਡ ਅੰਦਰ ਸਾਡੇ ਆਤਮਾ ਦੇ ਰੂਪ ਵਿਚ ਬੈਠਾ ਹੈ ਅਤੇ ਆਤਮਾ ਦੇ ਖਿਆਲਾਤ ਦੇ ਮੁਤਾਬਕ ਹਾਲਾਤ ਬਣਾ ਕੇ ਸਾਰੀ ਰਚਨਾ ਨੂੰ ਚਲਾ ਰਿਹਾ ਹੈ। ਐਵੇਂ ਨ ਡੰਗੀਆਂ ਨੂੰ ਮਥੇ ਟੇਕੀ ਜਾਓ ਤੇ ਬਲੈਕ ਮੇਲ ਹੁੰਦੇ ਫਿਰੋ। ਹੋਸ਼ ਵਿਚ ਆਉ ਸੁਰਜੀਤ ਹੋਵੋ ਆਪ ਬਚੋ ਤੇ ਨਸਲਾਂ ਨੂੰ ਬਚਾਉ। ਜਾਦੂ ਟੂਣਿਆਂ ਤੇ ਭੂਤਾਂ ਦੇ ਵਹਿਮ ਭਰਮ ਹੀ

ਜਾਦੂ ਟੂਣੇ ਪਾ ਦੇਂਦੇ ਹਨ ਤੇ ਭੂਤ ਚੰਬੇੜ ਦੇਂਦੇ ਹਨ ਜਦ ਕਿ ਹਕੀਕਤ ਵਿਚ ਇਹ ਉਕੇ ਹੀ ਨਿਰਮੂਲ ਹਨ ਤੇ ਕੋਈ ਹਸਤੀ ਹੀ ਨਹੀਂ ਹਨ । ਬਸ ਆਤਮਾ ਦੇ ਖਿਆਲਾਤ ਹੀ ਸਾਕਸ਼ਾਤ ਹੋ ਜਾਂਦੇ ਹਨ । ਇਸ ਲਈ ਵਹਿਮ ਭਰਮ ਕਰਨੇ ਛਡ ਦਿਉ, ਤੇ ਖਜਲ ਖਵਾਰ ਨ ਹੁੰਦੇ ਫਿਰੋ ।

ਭਉਜਲ ਤੇ ਆਵਾਗਵਣ ਵੀ ਵਾਹਿਗੁਰ ਦੀ ਬਣਾਈ ਹੋਈ ਇਕ ਖੇਡ ਹੈ ਆਪ ਉਹ ਸਦਾ ਨਿਰਗੁਣ ਨਿਰੰਕਾਰੀ ਸਰੂਪ ਵਿਚ ਰਹਿੰਦਾ ਹੈ ਤੇ ਜਦੋਂ ਜੂਨਾ ਵਿਚ ਨਹੀਂ ਆਉਂਦਾ ਫਿਰ ਸਾਨੂੰ ਕਿਹੜੇ ਮੂੰਹ ਨਾਲ ਕਹਿ ਸਕਦਾ ਹੈ ਕਿ ਜੂਨਾਂ ਵਿਚ ਭੌਂਦੇ ਫਿਰੋ ਅਸਲ ਵਿਚ ਅਸੀਂ ਆਪ ਹੀ ਆਪਣੇ ਖਿਆਲਾਤ ਇਹੋ ਜਿਹੇ ਬਣਾ ਲਏ ਸਨ ਤੇ ਤਾਂਹੀ ਜੂਨਾਂ ਵਿਚ ਭੌਂਦੇ ਫਿਰਦੇ ਹਾਂ । ਹੁਣ ਨਿਕਲਣਾ ਵੀ ਆਪਣੇ ਹੀ ਖਿਆਲਾਂ ਨੂੰ ਸੁਧਾਰ ਕੇ ਸੰਭਵ ਹੈ । ਨਾ ਕਿਸੇ ਨੇ ਸਾਨੂੰ ਜੂਨਾਂ ਵਿਚ ਪਾਇਆ ਸੀ ਤੇ ਨਾ ਕਿਸੇ ਕਢਣਾ ਹੈ, ਪਏ ਵੀ ਆਪ ਸਾਂ ਤੇ ਨਿਕ-ਲਣਾ ਵੀ ਆਪ ਹੈ, ਸਤਿਗੁਰ ਨੇ ਗਿਆਨ ਦੇਣਾ ਸੀ ਦੇ ਦਿਤਾ ਅਗੋਂ ਗਿਆਨ ਨੂੰ ਸਮਝ ਕੇ ਵਰਤੋਂ ਵਿਚ ਤੁਸੀਂ ਆਪ ਹੀ ਲਿਆਉਣਾ ਹੈ, ਤੇ ਆਪ ਹੀ ਫਾਇਦਾ ਉਠਾਉਣਾ ਹੈ । ਵੇਖੀਏ ਕਿਨੇ ਕੁ ਵਡਭਾਗੀ ਆਵਾਗਵਣ ਤੋਂ ਮੁਕਤ ਹੁੰਦੇ ਹਨ ਤੇ ਵਾਹਿਗੁਰੂ ਦੇ ਵਾਹਿਗੁਰੂ ਹੀ ਬਣਦੇ ਹਨ ।

19.2.77 ਵਾਹਿਗੁਰੂ ਇਕ ਨੂਰ ਹੈ, ਬੱਦਲ ਵਰਗਾ, ਧੁੰਦ ਵਰਗਾ, ਰੰਗ ਕੋਈ ਨਹੀਂ ਪਰੰਤੂ ਦਰਸ਼ਨ ਦੇਣ ਲਈ ਸਾਰੇ ਰੰਗ ਧਾਰ ਲੈਂਦਾ ਹੈ ਤੇ ਕਈ ਵਾਰੀ ਤਰੰਗਾ ਵੀ ਬਣ ਜਾਂਦਾ ਹੈ, ਵਸਦਾ ਹਰ ਚੀਜ਼ ਵਿਚ ਹੈ ਪਰੰਤੂ ਸਭ ਤੋਂ ਚਿੱਤਨ ਅਕਲ ਸਮਝ ਵਾਲਾ ਮਾਨੁਖ ਵਿਚ ਹੈ ਅਤੇ ਮਾਨੁਖ ਤੋਂ ਉਤਮ ਨਿਰਗੁਣ ਨਿਰੰਕਾਰੀ ਰੂਹ ਰੂਪ ਵਿਚ ਹੈ । ਕਦੀ ਜਮਦਾ ਮਰਦਾ ਨਹੀਂ ਸਦੀਵੀ ਰਹਿੰਦਾ ਹੈ । ਜੂਨਾਂ ਵਿਚ ਨਹੀਂ ਆਉਂਦਾ ਪਰੰਤੂ ਪਰਵੇਸ਼ ਕਰਦਾ ਤੇ ਨਿਕਲ ਜਾਂਦਾ ਹੈ । ਕਦੀ ਵੀ ਘਟਦਾ ਵਧਦਾ ਨਹੀਂ । ਦੱਸ ਯਾਂ ਵੀਹ ਕਰੋੜ ਹੋਰ ਬਣ ਜਾਣ ਤਾਂ ਘਟਦਾ ਨਹੀਂ, ਸਾਰੀ ਸਰਿਸ਼ਟੀ ਇਕੋ ਦਿਨ ਮਰ ਜਾਏ ਤਾਂ ਵਧਦਾ ਨਹੀਂ ਜਿਥੇ ਜਾਂਦਾ ਤੇ

ਵਸਦਾ ਹੈ ਪੂਰਨ ਵਸਦਾ ਹੈ, ਭਾਵ ਹਰ ਪਰਾਣੀ ਵਿਚ ਪੂਰਨ ਹੈ। ਜਿਸਮਾਂ ਦੇ ਆਕਾਰ ਨਾਲ ਘਟ ਯਾਂ ਵਧ ਨਹੀਂ ਹੁੰਦਾ ਸਰਬ ਥਾਈਂ ਪੂਰਨ ਹੁੰਦਾ ਹੈ। ਉਸ ਦੇ ਖਿਆਲਾਤ ਨਾਲ ਸਾਰੀ ਸਰਿਸਟੀ ਚਲਦੀ ਹੈ, ਉਹ ਆਦਮੀ ਵਿਚ ਆਦਮੀ ਦੀ ਰੂਹ ਦੇ ਰੂਪ ਵਿਚ ਵਸਦਾ ਹੈ ਇਸ ਵਾਸਤੇ ਇਨਸਾਨ ਜਿਨੇ ਦਰਸ਼ਨ ਪਾਏ ਹੋਣ, ਜਿਸ ਨਾਲ ਕਰਾਮਾਤਾਂ ਹੋ ਗਈਆਂ ਹੋਣ ਜਿਸ ਨੂੰ ਉਸ ਬਾਰੇ ਅਨੁਭਵ ਤੇ ਗਿਆਨ ਹੋ ਗਿਆ ਹੋਵੇ, ਬਸ ਉਸੇ ਦਾ ਹੀ ਰੂਪ ਹੁੰਦਾ ਹੈ। ਸਚੇ ਸੰਤ ਅਤੇ ਵਾਹਿਗੁਰੂ ਵਿਚ ਕੋਈ ਫਰਕ ਨਹੀਂ ਹੁੰਦਾ, ਹਰ ਆਦਮੀ ਆਪਣੇ ਵਾਹਿਗੁਰੂ ਦਾ ਸਰਗੁਣ ਮੁਜਸਮਾਂ ਹੈ। ਆਦਮੀ ਦੀ ਤਕਦੀਰ ਆਪਣੇ ਹਥ ਵਸ ਹੈ, ਸਾਡਾ ਹੀ ਰੂਹ ਉਹ ਵਾਹਿਗੁਰੂ ਹੈ, ਇਸ ਲਈ ਇਨਸਾਨ ਜਿਸ ਤਰ੍ਹਾਂ ਦਾ ਬਣਨਾਂ ਚਾਹੁੰਦਾ ਹੈ ਬਣ ਜਾਂਦਾ ਹੈ। ਤਰੱਕੀ ਸਾਰੀ ਤੁਹਾਡੇ ਆਪਣੇ ਹਥ ਹੈ. ਖਿਆਲਾਤ ਸੁਧ ਤੇ ਲਗਨ ਲਈ ਮਿਹਨਤ ਹੀ ਕਾਮਯਾਬੀ ਦਾ ਰਾਜ਼ ਹੈ ਖੂਬ ਪੜ੍ਹੋ ਲਿਖੋ, ਹੁਨਰ ਸਿਖੋ, ਤੇ ਮੋਟਰਾਂ ਕਾਰਾਂ ਵਾਲੇ ਬਣੋ ਪਰੰਤੂ ਆਤਮਾ ਨੂੰ ਸਚਾ, ਸੁਚਾ ਤੇ ਉਚਾ ਰਖ ਕੇ।

ਵਾਹਿਗੁਰੂ ਸਹਾਈ ਹੋਵੇ।

9.4.1977 ਵਾਹਿਗੁਰੂ ਜੀ ਦਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।

ਵਾਹਿਗੁਰੂ ਇਕ ਰੂਹ ਹੈ, ਸਪਿਰਟ ਹੈ, ਆਤਮਾ ਹੈ soul ਹੈ। ਸਾਰੀ ਸਰਿਸ਼ਟੀ ਵਿਚ ਐਉਂ ਫੈਲਿਆ ਹੋਇਆ ਹੈ ਜਿਵੇਂ ਆਕਾਸ਼ ਵਿਚ ਚਾਰ ਚੁਫੇਰੇ ਧੁੰਦ ਫੈਲੀ ਹੋਈ ਹੋਵੇ। ਉਸ ਦੀ ਛੋਟੀ ਤੋਂ ਛੋਟੀ ਤੇ ਵਡੀ ਤੋਂ ਵਡੀ ਅਕਾਈ ਇਕ ਸਪਿਰਟ ਹੈ, ਰੂਹ ਹੈ ਆਤਮਾ ਹੈ complete soul ਹੈ। ਦੇਖੋ ਹਰ ਆਦਮੀ ਉਸਦੀ ਪੂਰਨ ਅਕਾਈ ਹੈ ਹਰ ਆਦਮੀ ਮੁਕਮਿਲ ਇਨਸਾਨ ਹੈ ਮੁਕਮਿਲ ਰੂਹ ਹੈ ਇਸ ਲਈ ਅਸੀਂ ਇਨਸਾਨ ਭਾਵੇਂ ਉਸ ਦਾ ਰਾਈ ਭਰ ਹਿੱਸਾ ਹੋਈਏ ਪਰੰਤੂ ਹਾਂ ਪੂਰਨ ਪ੍ਰਮਾਤਮਾ ਪੂਰਨ soul, ਪੂਰਨ ਮੁਕਮਲ ਰੂਹ। ਇਸ ਦਾ ਇਹ ਅਰਥ ਨਹੀਂ ਕਿ ਸਾਰਾ ਪਰਮਾਤਮਾ ਇਕੋ ਆਦਮੀ ਵਿਚ ਹੈ ਤੇ ਬਾਕੀ ਪ੍ਰਮਾਤਮਾ ਤੋਂ ਖਾਲੀ ਹਨ

ਸਗੋਂ ਇਹ ਹੈ ਕਿ ਜਿਥੇ ਉਹ ਦੂਜਿਆਂ ਵਿਚ ਹੈ ਉਥੇ ਸਾਡੇ ਵਿਚ ਵੀ ਪੂਰਨ ਤੌਰ ਤੇ ਵਸ ਰਿਹਾ ਹੈ। ਆਪ ਹੀ ਰੂਹਾਂ ਦੇ ਰੂਪ ਵਿਚ ਹਰ ਪਰਾਣੀ ਵਿਚ ਵਸ ਰਿਹਾ ਹੈ। ਮਾਨੁਖ ਆਪ ਹੀ ਆਪਣੇ ਵਾਹਿਗੁਰੂ ਦਾ ਸਾਕਸ਼ਾਤ ਸੁਜਾਮਾਂ ਹੈ। ਹੋਰ ਤੇ ਹੋਰ ਰੰਗ ਰੂਪ, ਕਦ ਕਾਠ ਦੇਸ਼ ਤੇ ਮਾਂ ਬਾਪ ਵੀ ਰੂਹ ਦੇ ਖਿਆਲਾਤ ਅਨੁਸਾਰ ਬਣਦੇ ਹਨ। ਖਾਣ ਪੀਣ, ਕਾਰ ਕਿਤਾ ਤੇ ਰਿਸ਼ਤੇਦਾਰੀਆਂ ਸਭ ਵਾਹਿਗੁਰੂ ਉਤੇ ਨਿਰਭਰ ਹਨ, ਇਸ ਲਈ ਬੰਦਾ ਖੁਦ ਖੁਦਾ ਹੈ ਜਿਹੋ ਜਿਹੇ ਖਿਆਲਾਤ ਬਣਾਉਂਦਾ ਹੈ ਤਿਹੋ ਜਿਹੀ ਹਾਲਤ ਹੁੰਦੀ ਜਾਂਦੀ ਹੈ। ਇਸ ਲਈ ਆਪਣੀ ਤਕਦੀਰ ਦੇ ਤੁਸੀਂ ਆਪ ਮਾਲਕ ਹੋ ਚਾਹੋ ਬਿਗਾੜੋ ਚਾਹੋ ਸੰਵਾਰੋ ਸਭ ਤੁਹਾਡਾ ਕੀਤਾ ਹੁੰਦਾ ਹੈ, ਤੁਸੀਂ ਆਪ ਹੀ ਆਪਣੀ ਤਕਦੀਰ ਲਿਖਦੇ ਘੜਦੇ ਤੇ ਨਤੀਜੇ ਭੁਗਤਦੇ ਹੋ, ਆਪਣਾ ਬੀਜਿਆ ਖਾਂਦੇ ਹੋ। ਸੋਚ ਸਮਝ ਕੇ ਪੈਰ ਪੁਟੋ। ਸੋਚ ਸਮਝ ਕੇ ਨਿਸ਼ਾਨਾਂ ਚੁਣੋ ਅਤੇ ਪੂਰੀ ਲਗਨ ਤੇ ਮਿਹਨਤ ਨਾਲ ਉਸ ਨੂੰ ਪਰਾਪਤ ਕਰਨ ਲਈ ਘਾਲਣਾਂ ਘਾਲੋ। ਸਹਿਜ ਅਵਸਥਾ ਦੀ ਚਾਹਨਾਂ ਨਾਲ ਹੀ ਸਹਿਜ ਮਿਲੇਗੀ ਮੁਕਤ ਮਿਲੇਗੀ ਵਰਨਾਂ ਆਪਣੇ ਹੀ ਖਿਆਲਾਂ ਅਨੁਸਾਰ ਇਕ ਕਿਤੇ ਨੂੰ ਛਡ ਦੂਜੇ ਨੂੰ ਫੜਦੇ ਫਿਰੋਗੇ। ਸੋ ਕਹਿਣਾਂ ਇਹ ਹੈ ਕਿ ਕਿਸੇ ਵੀ ਸੂਰਤ ਆਤਮਾ guility ਨ ਹੋਣ ਦੇਵੋ ਜ਼ਮੀਰ ਗੰਦੀ ਨ ਹੋਣ ਦੇਵੋ ਇਹੋ ਹੀ soul ਹੈ ਵਾਹਿਗੁਰੂ ਹੈ ਤੇ ਹਰ ਚੀਜ਼ ਦਾ ਜ਼ੁਮੇਵਾਰ ਹੈ ਸਭ ਚੰਗੇ ਮੰਦੇ ਦਾ ਇਹੋ ਹੀ ਕਾਰਨ ਹੈ, ਇਸ ਨੂੰ ਪਵਿਤਰ ਰਖਣਾਂ ਅਤਿ ਜ਼ਰੂਰੀ ਹੈ ਸਭ ਥੀ ਮਹੱਤਵਪੂਰਨ ਗਲ ਹੀ ਇਹ ਹੈ।

ਵਾਹਿਗੁਰੂ ਜੀ ਦਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।

ਚੰਡੀਗੜ੍ਹ
1.3.78

ਪਿਆਰੀ ਪੁਤਰੀ ਦਲਬੀਰ ਕੌਰ,

ਵਾਹਿਗੁਰੂ ਇਕ ਨੂਰ ਹੈ, spirit ਹੈ, soul ਹੈ Divine light ਹੈ, ਆਤਮਾ ਹੈ। ਦਿਸਣ ਨੂੰ ਧੁੰਦ ਵਰਗਾ, ਬਦਲ ਵਰਗਾ, ਸਾਰੇ ਰੰਗਾਂ ਵਿਚ ਅਤੇ ਕਈ ਵਾਰੀ ਤਰੰਗਾ ਵੀ ਬੂੰਦਾਂ ਬਾਂਦੀ ਪਿਛੋਂ ਪਈ ਅਸਮਾਨੀ ਪੀਂਘ ਵਰਗਾ, ਪਾਣੀ ਦੇ ਰੰਗ ਵਰਗਾ (ਸਾਰੰਗ ਪਾਣੀ) ਪਹਿਲੇ ਪਹਿਲ ਸੁਪਨੇ ਵਿਚ ਅਤਿਅੰਤ ਰੌਸ਼ਨੀ ਵਾਂਗੂ ਦਿਸਦਾ ਹੈ। ਫੇਰ ਮਥੇ ਵਿਚ, ਅਖਾਂ ਬੰਦ ਕੀਤਿਆਂ ਦਿਸਦਾ ਹੈ। ਸਾਹਮਣੇ ਆ ਕੇ ਵੀ ਦਰਸ਼ਣ ਦੇਂਦਾ ਹੈ ਅਤੇ ਆਪਣੇ ਗੁਰੂ ਦੇ ਇਨਸਾਨੀ ਸਰੂਪ ਵਿਚ ਭੀ ਦਿਸਦਾ ਹੈ, ਵਸਦਾ ਪਰਾਣੀ ਦੇ ਅੰਦਰ ਹੈ।

ਸਾਰੀ ਦੁਨੀਆਂ ਦੀ ਰਚਨਾਂ ਇਹਨੇ ਕੀਤੀ ਹੈ, ਸਾਰੀ ਦੁਨੀਆਂ ਦਾ ਪ੍ਰਬੰਧ ਇਹ ਚਲਾ ਰਿਹਾ ਹੈ। ਇਹੋ ਹੀ ਹਵਾ, ਪਾਣੀ, ਮਿਟੀ, ਦਰਖਤ ਪੌਦੇ, ਜੀਵ ਜੰਤੂ, ਪਸ਼ੂ ਡੰਗਰ ਅਤੇ ਆਦਮੀ ਬਣਿਆ ਫਿਰਦਾ ਹੈ, ਵਖਰਾ ਵਖਰਾ ਇਸ ਲਈ ਹੈ ਕਿ ਇਹਦੇ ਖਿਆਲਾਤ ਵਿਚ ਫਰਕ ਪਏ ਜਾਂਦਾ ਹੈ, ਜੈਸੇ ਖਿਆਲ ਵੈਸੇ ਹਾਲ ਅਤੇ ਸ਼ਕਲ ਬਣ ਜਾਂਦੇ ਹਨ. ਕਿਤੇ ਜਿਮੀਦਾਰ ਹੈ, ਕਿਤੇ ਡਾਕਟਰ ਹੈ, ਕਿਤੇ ਹਵਾਈ ਜਹਾਜ਼ ਅਤੇ ਰਾਕਟ ਬਣ ਰਿਹਾ ਹੈ, ਕਿਤੇ ਪੜ੍ਹ ਪੜ੍ਹਾ ਰਿਹਾ ਹੈ। ਜਿਥੇ ਜਿਥੇ ਇਹਦਾ ਜੀ ਕਰਦਾ ਹੈ ਲਗਾ ਫਿਰਦਾ ਹੈ, ਆਪਾਂ ਇਨਸਾਨ, ਸਰੀਰ ਵਿਚ ਵਾਹਿਗੁਰੂ, soul ਹੀ ਹਾਂ, ਸਾਡਾ ਆਤਮਾ ਵਾਹਿਗੁਰੂ ਹੀ ਹੈ। ਦਰੁਸਤ ਅਤੇ ਅਛੇ ਖਿਆਲ ਹੋਣ ਤਾਂ ਦਰੁਸਤ ਸੁਝਾਉ, ਤਰੰਗਾਂ ਅਤੇ ਦਰੁਸਤ ਕੰਮ। ਪਰੰਤੂ ਜੇ ਮਾੜੇ ਖਿਆਲ ਹੋਣ ਤਾ ਮਾੜੇ ਕੰਮ। ਐਟਮ ਬੰਬ ਬਣਾ ਕੇ ਵਿਨਾਸ਼ ਦੀਆਂ ਤਿਆਰੀਆਂ ਵੀ ਕਰੀ ਜਾਂਦਾ ਹੈ, ਪਰੰਤੂ ਭਲਾਈ ਵੀ ਕਰੀ ਜਾਂਦਾ ਹੈ, ਜਿਥੇ ਜਿਥੇ ਲਾਈ ਹੈ ਖਲਕਤ ਲਗੀ ਹੋਈ ਹੈ।

ਭਲਾਈ ਵਾਲੇ ਆਤਮਾ ਦਾ ਗਿਆਨ ਦੇ ਕੇ ਸ਼ਾਂਤ ਤੇ ਮੁਕਤ ਕਰੀ ਜਾ ਰਹੇ ਹਨ।

ਤੁਸੀਂ ਸੋਚੋ ਕਿ ਤੁਸਾਂ ਕਿ ਕਰਨਾਂ ਹੈ. ਕਿਸ ਲਾਈਨ ਤੇ ਲਗਣਾਂ ਹੈ। ਵਾਗ ਡੋਰ ਤੁਹਾਡੀ ਤੁਹਾਡੇ ਆਪਣੇ ਹਥ ਹੈ ਜੋ ਵੀ ਤੁਹਾਡੇ ਆਤਮਾ ਦਾ ਫੈਸਲਾ ਹੋਵੇ. ਉਸ ਉਤੇ ਤਨ ਮਨ ਧਨ ਨਾਲ ਲਗੋ। ਪਾਪ ਪੁਨ ਕੋਈ ਸ਼ੈ ਨਹੀਂ ਹਨ ਬਿਲਕੁਲ ਫੋਕਾ ਵਹਿਮ ਹੈ, ਵਿਨਾਸ਼ ਵਿਚ ਲਗੋ ਤਾਂ ਇਕੋ ਬੰਬ ਨਾਲ ਸਾਰੀ ਸਰਿਸ਼ਟੀ ਸਮਾਪਤ ਕਰਨ ਦੀ ਕਾਢ ਕਢੋ। ਪੁਲਾੜ ਦੀ ਖੋਜ ਵਿਚ ਲਗੋ ਤਾਂ ਸਾਰੇ ਪੁਲਾੜ ਦੀ ਖੋਜ ਕਰਨ ਤਕ ਜਾਉ। ਡਾਕਟਰ ਬਣੋ ਤਾਂ ਸਫਾ ਤੁਹਾਡੇ ਕਦਮ ਚੁਮੇ, ਰੂਹ ਦੇ ਖੋਜੀ ਬਣੋ ਤਾਂ ਰੂਹ ਨੂੰ ਵਾਹਿਗੁਰੂ ਨੂੰ ਬਿਜਲੀ ਵਾਂਗੂ ਕਾਬੂ ਕਰ ਲਉ। ਜੋ ਚਾਹੋ ਸੋ ਬਣੋ, ਸਾਰੀ ਸਰਿਸ਼ਟੀ ਦੇ ਕਰਤਾ ਧਰਤਾ, ਮਾਲਕ ਤੇ ਸੰਬਾਲਕ ਬਣ ਜਾਉ। ਤੜਫਦੇ ਲੂਛਦੇ ਨੂੰ ਸ਼ਾਂਤ ਬਖਸ਼ ਸਕੋ। ਹਰ ਕੰਮ ਵਿਚ Whole hearted deep devotion ਅਤੇ Present mindedness ਨਾਲ ਲਗੋ Truthful Concolusions ਕਢੋ। Half hearted absent minded। ਕਿਤੇ ਵੀ ਕਾਮਯਾਬ ਨਹੀਂ ਹੁੰਦੇ। ਬਧੂ ਦਿਮਾਗ, Unenlightened Souls ਪਸ਼ੂ ਡੰਗਰ ਬਣੇ ਫਿਰਦੇ ਹਨ, ਅਤੇ ਹੀਣੇ ਕੰਮਾਂ ਵਿਚ ਧਕੇ ਖਾ ਰਹੇ ਹਨ।

ਦੁਨੀਆਂ ਦੇ ਕਿਸੇ ਵੀ ਧੰਦੇ ਵਿਚ ਸ਼ਾਤੀ ਨਹੀਂ ਕਰੋੜਾਂ ਅਤੇ ਕਾਰਾਂ ਕੋਠੀਆਂ ਵਾਲੇ ਵੀ ਚਿੰਤਤ ਹਨ। ਰੋਟੀ ਤੋਰਨ ਤੋਂ ਆਤਰ ਗਰੀਬ ਕਿਥੋ ਨਿਸਚਿੰਤ ਹੋ ਸਕਦਾ ਹੈ। ਸਾਰੀ ਲੋਕਾਈ ਦੁਖੀ ਚਿੰਤਤ ਅਤੇ ਇਕ ਦੂਜੇ ਕੋਲੋਂ ਭੈ ਭੀਤ ਹੈ। ਵਧ ਤੋਂ ਵਧ ਕਮਾਈ ਦੇ ਆਹਰ ਵਿਚ, ਇਕ ਦੂਜੇ ਤੇ ਜ਼ੁਲਮ ਸਿਤਮ ਕਰੀ ਜਾ ਰਹੇ ਹਨ। ਗਰੀਬ ਨਾਲ ਧਕਾ ਕਰ ਲਿਆ ਅਤੇ ਤਕੜੇ ਕੋਲੋਂ ਛਿਤਰ ਖਾ ਲਏ, ਬਸ ਇਹੋ ਇਹਨਾਂ ਦੀ ਕਾਰਗੁਜ਼ਾਰੀ ਹੈ। ਕਦੀ ਰੋ ਲਿਆਂ, ਕਦੀ ਹਸ ਲਿਆ, ਬਾਰ ਬਾਰ ਜੰਮੀ ਗਏ ਤੇ ਮਰੀ ਗਏ। ਨਾਂ ਇਸ ਖੂਹ ਦੇ ਗੇੜ ਦਾ

ਪੈਂਡਾ ਮੁਕੇ ਨਾਂ ਇਹਨਾਂ ਦੀ ਜਿੰਦ ਛੁਟੇ। ਇਸ ਝਮੇਲੇ ਵਿਚ ਸਿਰਫ ਇਕ ਪੁਰਖ ਨਿਸਚਿੰਤ ਅਤੇ ਸੁਰਖਰੂ ਹੈ, ਉਹ ਹੈ ਵਾਹਿਗੁਰੂ, ਯਾਂ ਉਹ ਆਦਮੀ ਜਿਹੜੇ ਉਸ ਵਿਚ ਮਿਲ ਜਾਂਦੇ ਹਨ। ਉਸ ਨੂੰ ਪਾ ਲੈਂਦੇ ਹਨ। ਉਹੋ ਜਿਹੇ ਹੋ ਜਦੇ ਹਨ, ਉਹਨਾਂ ਨੂੰ ਖਾਣ ਪੀਣ ਦੀ ਵੀ ਕੋਈ ਘਾਟ ਨਹੀਂ, ਕੋਈ ਥੁੜ ਨਹੀਂ, ਸਭ ਕੁਝ ਬਹੁਤ ਹੁੰਦਾ ਹੈ ਤੇ ਖਿਆਲਾਤ ਵੀ ਸ਼ਾਂਤ ਹੁੰਦੇ ਹਨ। ਆਤਮਾ ਦੇ ਗਿਆਨਵਾਨ ਹੁੰਦੇ ਹਨ, ਆਨੰਦ ਵਿਭੋਰ ਰਹਿੰਦੇ ਹਨ। ਦੁਨੀਆਂ ਵਿਚ ਰਹਿੰਦੇ ਹੋਏ ਆਪਣੇ ਘਰਾਂ ਵਿਚ ਬੈਠ, ਮੂਰਖ ਲੁਕਾਈ ਦਾ ਤਮਾਸ਼ਾ ਵਖਦੇ ਰਹਿੰਦੇ ਹਨ। ਭਾਵੇਂ ਸਾਰੇ ਜੀਵਾਂ ਵਿਚ ਰਬ ਵਸਦਾ ਹੈ ਅਤੇ ਕਿਸੇ ਨੂੰ ਸਮਝਾਉਣ ਦੀ ਕੋਈ ਵਿਸ਼ੇਸ਼ ਲੋੜ ਨਹੀਂ ਫਿਰ ਵੀ ਆਏ ਲੋੜਵੰਦ ਨੂੰ ਗਿਆਨ ਦੇ ਕੇ ਸ਼ਾਂਤ ਭੀ ਕਰ ਦਿੰਦੇ ਹਨ ਅਤੇ ਉਹਦਾਂ ਆਪਣਾ ਆਪ ਭੀ ਦਿਖਾ ਦਿੰਦੇ ਹਨ। ਹੁਣ ਸਵਾਲ ਇਹ ਹੈ ਕਿ ਐਸੇ ਨਾਨਕ ਗੋਬਿੰਦ ਵਰਗੇ ਆਦਮੀ ਬਣਿਆ ਕਿਵੇ ਜਾਵੇ, ਵਾਹਿਗੁਰੂ ਕਿਵੇ ਬਣਿਆ ਜਾਵੇ। ਤਰੀਕਾ ਬਹੁਤ ਮੁਸ਼ਕਿਲ ਨਹੀਂ। ਸਿਰਫ ਲਗਨ, ਇਛਾ ਰੁਚੀ ਦੀ ਲੋੜ ਹੈ, ਸੋ ਜੇ ਤੁਹਾਡੀ ਤਮੰਨਾ ਵਾਹਿਗੁਰੂ ਨੂੰ ਮਿਲਣ ਦੀ ਹੈ ਅਤੇ ਪਕ ਫੈਸਲਾ ਹੈ ਤਾਂ ਹੇਠ ਲਿਖੀ ਵਿਧੀ ਅਪਨਾਉ।

| ਖਿਆਲ ਅਪਨਾਉ, Adopt | ਖਿਆਲ ਛਡੋ, Shun away |
|---|---|
| 1. ਨਾਮ :—ਵਾਹਿਗੁਰੂ ਪਹਿਲੇ ਜਪਣਾਂ, ਫਿਰ ਸੋਚਣਾਂ ਅਤੇ ਰਾਤ ਦਿਨ ਵਾਹਿਗੁਰੂ ਬਾਰੇ ਸੋਚੀ ਜਾਣਾ ਵਾਹਿਗੁਰੂ ਦੀ Research ਕਰਨੀ। | ਹਉਮੈ :—ਆਪਣੀ ਵਖਰੀ ਹੋਂਦ ਮੰਨਣਾਂ ਆਪਣ ਆਪ ਨੂੰ ਵਾਹਿਗੁਰੂ ਨਾਲੋਂ ਵਖਰਾ ਸਮਝਣਾਂ ਛਡੋ। ਆਪਨੇ ਆਪ ਨੂੰ ਵਾਹਿਗੁਰੂ ਹੀ ਕਹੋ, ਵਾਹਿਗੁਰੂ ਆਪਣੇ ਵਿਚ ਵਸਦਾ ਸਮਝੋ। |

2. ਸਤਿ : –ਹਰ ਕੰਮ ਵਿਚ correctness, Truthfull Rightness, Reality in speech of action But not rigidness.

ਦੁਬਿਧਾ :—ਦੂਜੈਗੀ ਨਾਂ ਸਮਝੋ, ਵਾਹਿਗੁਰੂ ਅਤੇ ਤੁਸੀਂ ਇਕ ਹੋ, ਦੂਜੇ ਇਨਸਾਨ ਤੇ ਤੁਸੀਂ ਇਕ ਹੋ, ਏਕ ਪਿਤਾ ਏਕਸਕੇ ਹਮ ਬਾਰਕ। ਕਣਕ ਦੇ ਇਕ ਦਾਣੇ ਤੋਂ ਬੋਹਲ ਬਣਿਆ ਹੈ ਅਤੇ ਹਰ ਇਕ ਦਾਠਾ ਪੂਰਨ ਸ਼ਕਤੀਸ਼ਾਲੀ ਹੈ।

3. ਸੰਤੋਖ : Be gragual. step by step, not all in one bite, slow but steady, Patience, This does not means that there should be no desire for progress, but it may be let to come by and by.

4. ਦਯਾ : ਤਰਸ ਵਾਨ ਹੋਵੇ ਪਰ ਇਸਦਾ ਇਹ ਮਤਲਬ ਨਹੀਂ ਮੁਜਰਮਾਂ ਨੂੰ ਸਜਾ ਨਾਂ ਦਿਉ। ਚਾਲਾਕ ਝੂਠੇ ਵਿਅਕਤੀ ਉਤੇ ਤਰਸ ਨਾਂ ਕਰੋ। ਪੈਸੇ ਦੇ ਮੰਗਤਿਆਂ ਨੂੰ ਦਾਨ ਦੇਣਾਂ ਦਯਾ ਨਹੀਂ ਹੈ ਸਗੋਂ ਮੰਗਤਵਾਦ ਫ਼ੈਲਾਉਣ ਦਾ ਅਪਰਾਧ ਹੈ।

ਧਰਮ : Be a man of word and principal.

ਧੀਰਜ

ਨੇਕੀ

ਸਚਾਈ

ਸਾਫਗੋਈ

ਈਮਾਨਦਾਰੀ

ਦਿਆਨਦਾਰੀ

ਨਿਮਰਤਾ : ਐਵੇਂ ਲੋਕਾਂ ਦੇ ਪੈਰ ਫੜਦੇ ਫਿਰਨਾ ਨਿਮਰਤਾ ਨਹੀਂ ਹੈ Only be polite. Give due regard to every body. Fear from none. but your own soul is god.

ਸੁਕ੍ਰਿਤ : ਸੁਚੱਜੀ ਕਿਰਤ, ਅੱਡੀ ਦਰੁਸਤ ਕਿਰਤ ਕਮਾਈ, Honourable work । ਉਹ ਕੰਮ ਜਿਸ ਨੂੰ ਇਨਸਾਨੀ ਸਮਾਜ ਦੇ ਕਾਇਦੇ ਕਾਨੂੰਨਾਂ ਵਿਚ ਮਾਨਤਾ ਪਰਾਪਤ ਹੋਵੇ ।

ਸ਼ੇਵਾ : ਲੋਕਾਂ ਦੀ ਨਹੀਂ ਝੂਠੀ ਜਨ ਹਿਤ ਦੀ ਚਤੁਰਾਈ ਕਹੀ ਗਈ ਹੈ, ਆਪਣੇ ਆਤਮਾਂ ਦੀ ਸੇਵਾ ਕਰੋ, ਆਪਣੇ ਆਤਮਾਂ ਨੂੰ ਸਚਾ ਸੁਚਾ ਤੇ ਉਚੇ ਖਿਆਲਾਂ ਦਾ ਬਣਾਂ ਕੇ ਰਖੋ, ਸੋਹਣਾ ਖਾਉ, ਸੋਹਣਾ ਪਹਿਨੋ. ਸੋਹਣੇ ਅਛੇ ਖਿਆਲਾਂ ਦੇ ਲੋਕਾਂ ਦੀ ਸੰਗਤ ਵਿਚ ਰਹੋ । ਤੁਹਾਡਾ ਸ਼ਰੀਰ ਹਰਿ ਦਾ ਚੋਲਾ ਹੈ । ਸਾਰੇ ਜੀਵ ਰਬ ਹਨ । ਸਾਰੇ ਕੰਮ ਵਾਹਿਗੁਰੂ ਦੇ ਹਨ ਸਭ ਪਾਸੇ ਨਾਨਕ ਹੀ ਨਾਨਕ ਹੈ । ਘਰ ਅਤੇ ਫੈਕਟਰੀਆਂ ਨਾਨਕ ਦੀਆਂ ਹਰ ਕੰਮ ਨਾਨਕ ਦਾ ਸਮਝ ਕੇ ਕਰਗੀ ਤਾਂ ਨਾਨਕ ਅਵਸ਼ ਮਿਲੇਗਾ ।

ਤ੍ਰਿਸ਼ਨਾਂ : ਹੋਰ ਹੋਰ ਅਗ, ਅਗੇ ਦੀ ਲਾਲਸਾ ਨੂੰ ਕੰਟਰੋਲ ਕਰੋ । ਜਰਾ ਸੰਤੋਖੀ ਬਣੋ' ਇਸ ਦਾ ਇਹ ਮਤਲਬ ਨਹੀਂ ਕਿ ਤਰੱਕੀ ਦਾ ਖਿਆਲ ਹੀ ਛਡ ਦੇਵੋ, ਸਗੋਂ ਤਰੱਕੀ ਦੇ ਵਿਚਾਰ ਨੂੰ Maintain ਕਰਦੇ ਹੋਏ step by step ਵਧੇ ਚਲੋ । ਧਨ ਦੇ ਅੰਬਾਰ ਲਾਉਣ ਤੇ ਹੀ ਨਾਂ ਲਗੇ ਰਹੋ । 40 ਸਾਲ ਦੀ ਉਮਰ ਦੇ ਬਾਦ ਨਾਮ ਵਲੋ ਲਗੋ ਤੇ ਆਪਣੇ ਆਪ ਚੀ ਰੀਸਰਚ ਕਰੋ ।

ਕਾਮ : ਏਕਾ ਨਾਰੀ ਜਤੀ ਹੈ, ਗੁਰੂ ਨਾਨਕ ਦੇਵ ਜੀ ਦੇ ਦੋ ਪੁਤਰ ਸਨ । ਮੁਖਤਸਰ ਔਲਾਦ ।

ਕਰੋਧ : ਖਾਰ ਮਖਾਹ ਸਪ ਵਾਂਗੂੰ ਜਹਿਰ ਘੋਲੀ ਜਾਣਾਂ ਠੀਕ ਨਹੀਂ ਹਰ ਇਕ ਨੂੰ ਵਢੂ ਖਾਉ ਕਰੀ ਜਾਣਾਂ । 'ਪੁਤਾਂ' ਧੀਆਂ ਨੋਹਾਂ ਯਾਂ ਨੌਕਰਾਂ ਨੂੰ ਗਾਲੀ ਗਲੋਚ ਕਰਨਾ ਠੀਕ ਨਹੀਂ ।

ਲੋਭ : ਅਤਿ ਦਰਜੇ ਦਾ ਬੁਰਾ ਹੈ, ਬਲੈਕ ਮਾਰਕੀਟਿੰਗ ਅਥਵਾ ਸਮੱਗਲਿੰਗ ਤਕ ਨਾ ਜਾਉ । ਹਕ ਬਜਾਨਬ ਮੁਨਾਫਾ ਲੈਣਾ ਗੁਨਾਹ ਨਹੀਂ ।

ਮੋਹ : ਪਤੀ, ਪਤਨੀ, ਮਾਂ ਬਾਪ ਪੁਤਰ ਧੀ ਆਦਿ ਕਿਸੇ ਨੂੰ ਵੀ ਆਪਣਾ ਨਾਂ ਜਾਣੋਂ । ਸਭ ਰਬ ਦੇ ਜੀਵ ਹਨ, Independent ਰੂਹਾਂ ਹਨ । ਹਿਸਾਬਾਂ ਕਿਤਾਬਾਂ ਕਰਕੇ, ਲੇਖਿਆਂ ਕਰਕੇ ਇਕੱਠੇ ਹੁੰਦੇ ਹਨ । ਲਹਿਣੇ ਦੇਣੇ ਦਾ ਪ੍ਰਬੰਧ ਹੈ ।

ਹੰਕਾਰ : ਅਭਿਮਾਨ ਕਰਨਾਂ ਠੀਕ ਨਹੀਂ, ਪਰੰਤੂ ਆਤਮਾ ਦੇ ਗੁਣਾਂ ਨੂੰ ਚਿਤਵਣਾਂ ਯਾਦ ਕਰਨਾ, ਸਲਾਹੁਣਾਂ, ਭਗਤੀ ਹੈ ।

ਝੂਠ : ਏਵੇ ਖਾਹ ਮਖਾਹ ਕੀ, ਲਗਦੀ ਵਾਹ ਨਹੀਂ ਬੋਲਣਾ ਚਾਹੀਦਾ । ਪਰੰਤੂ ਜੇ ਜਾਨ ਸ਼ਿਕੰਜੇ ਵਿਚ ਹੋਵੇ ਤਾਂ ਕੋਈ ਗਲ ਨਹੀਂ ।

ਨਿੰਦਾ : ਸਚੇ ਭਲੇ ਆਦਮੀ ਨੂੰ ਈਰਖਾ ਵਸ ਬੁਰਾ ਨਹੀਂ ਕਹਿਣਾ ਚਾਹੀਦਾ । ਬੁਰੇ ਨੂੰ ਵੀ ਮੂੰਹ ਤੇ ਯਾਂ ਪਿਠ ਪਿਛੇ ਨਾਂ ਕੋਸਦੇ ਫਿਰੋ, ਸਿਰਫ਼ ਦਿਲ ਵਿਚ ਰਖੋ ਕਿ ਫਲਾਂ ਬੁਰਾ ਹੈ ਸੁਸਾਇਟੀ ਦੇ ਲਾਇਕ ਨਹੀਂ ਹੈ । ਏਵੇਂ ਲੋਕਾਂ ਦੀਆਂ ਬੁਰਾਈਆਂ ਹੀ ਨਾਂ ਚਿਤਾਰਦੇ ਰਿਹਾ ਕਰੋ ।

ਠਗੀ

ਧੋਖਾ

ਧਰੋਹ

ਹੇਰਾ ਫੇਰੀ

ਕੁਟਿਲਤਾ

ਕੁਰਬਾਨੀ :—ਆਪਣੇ ਆਤਮਾ ਦੀ ਪਵਿਤਰਤਾ ਨੂੰ ਬਰਕਰਾਰ ਰਖਣ ਲਈ ਝਜਣ ਨੂੰ ਕੁਰਬਾਨੀ ਕਹਿੰਦੇ ਹਨ, ਲੋਕਾਂ ਲਈ ਮਰਨਾਂ ਕੁਰਬਾਨੀ ਨਹੀਂ ਹੈ, ਦੇਸ਼ ਮਜਬ ਦੇ ਨਾਮ ਤੇ ਮਰਨ ਵਾਲੇ ਨੂੰ ਵਾਹ ਵਾਹ ਮਿਲਦੀ ਹੈ ਵਾਹਿਗੁਰੂ ਨਹੀਂ ਗੁਰੂ ਅਰਜਨ, ਤੇਗ ਬਹਾਦਰ ਦੀ ਕੁਰਬਾਨੀ ਲੋਕਾਂ ਲਈ ਨਹੀਂ ਸੀ, ਸਚੇ ਅਸੂਲਾਂ ਲਈ ਸੀ ।


ਕਠੋਰਤਾ

ਬਹੁਤ ਸਖਤ ਹੋਣਾ ਠੀਕ ਨਹੀਂ

ਚਾਲਾਕੀਆਂ : ਲੋਕਾਂ ਨਾਲ ਚਾਲਾਕੀਆਂ ਕਰਨਾ ਯਾਂ ਬੇਸਮਝ ਮੂਰਖ ਦੀ ਮੂਰਖਤਾ ਤੋਂ ਨਾਜਾਇਜ ਫੈਦਾ ਲੈਣਾ ਠੀਕ ਨਹੀਂ ।

ਉਮਰ ਇਸ ਤਰਾਂ ਗੁਜ਼ਾਰਨੀ ਚਾਹੀਦੀ ਹੈ।

ਨਿਕੇ ਹੁੰਦਿਆਂ ਢਗੇ ਚਾਰੇ, ਵਡੇ ਹੋਇਆਂ ਰਲ ਵਾਹਿਆ, ਬੁਢੇ ਹੋ ਕੇ ਮਾਲਾ ਫੇਰੀ ਰਬ ਦਾ ਅਲਾਹਮਾ ਲਾਹਿਆ। 40 ਸਾਲ ਉਮਰ ਹੋ ਜਾਣ ਤੇ ਕਾਰ ਕਿਤੇ ਦਾ ਬਹੁਤਾ ਭਾਰ ਬਚਿਆਂ ਵਲ ਨੂੰ ਕਰਕੇ ਰੂਹ. ਵਾਹਿਗੁਰੂ ਦੀ ਖੋਜ ਵਿਚ ਲਗਣਾ ਚਾਹੀਦਾ ਹੈ, 50 ਯਾਂ ਹਦ 60 ਸਾਲ ਤਕ ਵਾਹਿਗੁਰੂ ਦੇ ਦਰਸ਼ਨ ਅਤੇ ਗਿਆਨ ਪਰਾਪਤ ਕਰਕੇ ਮਰਨਾਂ ਚਾਹੀਦਾ ਹੈ, ਗਾਰੰਟੀ ਨਾਲ ਮੁਕਤ ਹੋਈਦਾ ਹੈ।




ਸਿਖਰ

ਮੁਕਤ : ਸਾਰੇ ਗਲਾਵੇਂ ਗਲੋਂ ਲਾਹ ਦੇਣੇ, ਵਹਿਮ ਭਿਰਨ, ਜਾਦੂ ਟੂਣੇ ਧਾਗੇ ਤਵੀਤ, ਛਿਕ ਬਿਲੀ, ਕਤੇ, ਸਗਨ ਅਪਸਗਨ ਤੇ ਵਾਰ ਕੁਵਾਰ ਦੇ ਖਿਆਲ, ਭੂਤ ਪਰੇਤ ਅਤੇ ਸਾਰੇ ਔਗਣਾਂ, ਮਾੜੀਆਂ ਆਦਤਾਂ ਦੇ ਜੰਜੀਰ, ਸਾਕ ਨਾਤੇ ਦੇ ਮੋਹ, ਸਰੀਰ ਅਤੇ ਰਚਨਾਂ ਵਿਚ ਮੜ ਆਉਣ ਦਾ ਖਿਆਲ, ਆਹ ਕੰਮ ਕਰਨਾ ਔਹ ਕਰਨਾਂ ਦੀ ਰੁਚੀ ਨੂੰ ਖਤਮ ਕਰਕੇ, ਸੁਧਾਰਾਂ ਦੀਆਂ ਸ਼ੇਖੀਆਂ ਨੂੰ ਪਰੇ ਸੁਟ ਕੇ, ਸਭ ਗੰਦ ਪਿਲ ਦੇ ਖਿਆਲ ਲਾਹ, ਆਪਣੇ ਆਪ ਤੋਂ ਬਾਹਰ ਕਿਸੇ ਵਾਹਿਗੁਰੂ ਦੀ ਸੇਵਾ ਦਾ ਖਿਆਲ

ਮਨੋਂ ਕਢ ਕੇ ਨਿਰੋਲ ਆਤਮਾ ਨੂਰ ਵਾਹਿਗੁਰੂ ਬਣ ਕੇ ਸ਼ਾਂਤ ਚਿਤ ਹੋ ਜਾਣਾ ਮੁਕਤ ਅਖਵਾਉਂਦਾ ਹੈ।

ਜੀਵਨ ਮੁਕਤ :—ਸਰੀਰ ਵਿਚ ਹੀ ਆਪਣੇ ਵਾਹਿਗੁਰੂ ਦੇ ਦਰਸ਼ਨ ਕਰ ਲੈਣਾਂ, ਅਤੇ ਫਿਰ ਆਪਣੇ ਆਪ ਨੂੰ ਵਾਹਿਗੁਰੂ ਹੀ ਸਮਝਣਾ ਜੀਵਨ ਮੁਕਤ ਹੈ। ਸਭ ਕੁਝ ਮਕਾਨ ਜਮੀਨ ਬਾਲ ਬਚੇ ਕਾਰ ਕਿਤੇ ਦੇ ਵਿਚ ਐਉ ਰਹਿਣਾ ਜਿਵੇਂ ਲੋਟਸ ਪਾਣੀ ਤੇ ਰਹਿੰਦਾ ਹੋਇਆ ਵੀ ਭਿਜਦਾ ਨਹੀਂ ਜੇ ਕੋਈ ਚੀਜ ਖੁਸ ਜਾਵੇ ਚਲੀ ਜਾਵੇ ਤਾਂ ਦੁਖ ਨਾਂ ਦੇ ਸਕੇ, ਜੇ ਕੁਝ ਆ ਜਾਵੇ ਤਾਂ ਅਭਿਮਾਨ ਨਾਂ ਪੈਂਦਾ ਹੋਵੇ।


ਜੋ ਨਰ ਦੁਖ ਮੈ ਦੁਖੁ ਨਹੀ ਮਾਨੈ, ਸੁਖ ਸਨੇਹੁ ਅਰੁ ਭੈ ਨਹੀ ਜਾ ਕੈ
ਕੰਚਨ ਮਾਟੀ ਮਾਨੈ

ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭ ਮੋਹੁ ਅਭਿਮਾਨਾ
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ
ਕਾਮੁ ਕਰੋਧੁ ਜਿਹ ਪਰਸੈ ਨਾ ਹਨਿ ਤਿਹ ਘਟਿ ਬ੍ਰਹਮੁ ਨਿਵਾਸਾ
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗ ਪਾਨੀ

ਐਸੀ ਜ਼ਿੰਦਗੀ ਬਸਰ ਕਰਨ ਵਾਲਾ ਜੀਵਨ ਮੁਕਤ ਅਖਵਾਉਂਦਾ ਹੈ ਅਤੇ ਸੁਖੀ ਰਹਿੰਦਾ ਹੈ।

ਜੀਵ ਨੇ ਆਪ ਹੀ ਰਚਨਾਂ ਕੀਤੀ, ਆਪ ਹੀ ਰੁਚੀ ਮੁਤਾਬਕ ਫ਼ਰਿਆ ਫਿਰਦਾ ਰਹਿੰਦਾ ਹੈ, ਅਤੇ ਆਪ ਹੀ ਦੁਖ ਤਕਲੀਫਾਂ ਤੋਂ ਤੰਗ ਆ ਕੇ ਨਿਕਲਣ ਦੀ ਰੁਚੀ ਬਣਾ ਕੇ ਨਿਕਲ ਬੈਠਾ ਵੇਖੋ ਵਖ ਅਕੇਲਾ ਹੋ ਜਾਂਦਾ ਹੈ। ਆਪਣੇ ਪਿਆਰਿਆਂ ਨੂੰ ਸਮਝਾਉਣ ਲਈ ਲਿਖ ਲਿਖ ਚਿਠੀਆਂ ਭੇਜਦਾ ਰਹਿੰਦਾ ਹੈ ਅਤੇ ਅਭਿਲਾਸ਼ੀਆਂ ਨੂੰ ਜੀਵਨ ਜਾਂਚ ਸਮਝਾਉਂਦਾ ਰਹਿੰਦਾ ਹੈ।

ਹੇਠਲੇ ਚੱਕਰ ਨੂੰ ਗਹੁ ਨਾਲ ਵੇਖੋ, ਕਿਵੇਂ ਸਭ ਕੁਝ ਖਿਆਲਾਤ ਦੀ ਰੁਚੀ ਮੁਤਾਖਕ ਬਣਦਾ ਜਾਦਾ ਹੈ, ਆਤਮਾ ਦੇ ਖਿਆਲਾਤ ਮਤਾਬਕ ਬਦਲਦਾ ਤੇ ਬਣਦਾ ਜਾਂਦਾ ਹੈ, ਕਰਦਾ ਵਾਹਿਗੁਰੂ ਹੈ ਆਤਮਾ ਹੈ ਪਰੰਤੂ ਹੁੰਦਾ ਤੁਹਾਡੇ ਹੀ ਖਿਆਲਾਤ ਮੁਤਾਬਕ ਹੈ। ਜੋ ਮਾਂਗੇ ਠਾਕਰ ਅਪਨੇ ਤੇ ਸੋਈ ਸੋਈ ਦੇਵੇ। ਪਵਿਤਰ ਬਲਵਾਨ ਆਤਮਾ ਦੇ ਖਿਆਲ ਛੇਤੀ ਪੂਰੇ ਹੁੰਦੇ ਹਨ, ਨਿਰਬਲ ਆਤਮਾਂ ਧਕੇ ਖਾਂਦੇ ਰਹਿੰਦੇ ਹਨ। ਦਨਿਆਰਾਰੀ ਦੀ ਲਗਨ ਵਾਲੇ ਮੁੜ ਮੁੜ ਦੁਨੀਆਂ ਵਿਚ ਆਉਂਦੇ ਹਨ ਅਤੇ ਮੁਕਤ ਹੋਣ ਵਾਲੇ, ਵਾਹਿਗੁਰੂ ਬਣ ਜਾਂਦੇ ਹਨ, ਮੁਕਤ ਹੋ ਜਾਂਦੇ ਹਨ, ਜਨਮ ਮਰਨ ਤੋਂ ਰਹਿਤ ਹੋ ਜਾਂਦੇ ਹਨ, ਇਛਾ ਦਾ, ਤਮੰਨਾਂ ਦਾਂ, ਹੁਬ ਦਾ, ਚੱਕਰ ਹੈ ਜਿਸ ਚੀਜ਼ ਵਿਚ ਮੋਹ, ਪਿਆਰ ਤੇ ਲਗਨ ਹੋਵੇਗੀ ਉਹੋ ਕੁਝ ਬਣ ਜਾਉਗੇ, ਵਾਹਿਗੁਰੂ ਨੂੰ ਪਿਆਰ ਕਰੋਗੇ ਤੇ ਵਾਹਿਗੁਰੂ ਬਣ ਜਾਉਗੇ, ਸਭ ਜੀਵ ਆਤਮਾਂ ਹਨ ਮਰ ਕੇ ਆਤਮਾਂ ਦੇ ਆਤਮਾਂ ਬਣ ਜਾਦੇ ਹਨ ਪਰੰਤੂ ਰਚੀ ਮੁਤਾਬਕ ਟਿਕਦੇ ਨਹੀਂ ਸਹਿਜ ਨਹੀਂ ਪਾਉਂਦੇ, ਇਹਨਾਂ ਦੇ ਦੁਨਿਆਵੀ ਖਿਆਲ ਟਿਕਣ ਨਹੀ ਦਿੰਦੇ, ਜਿਵੇਂ ਗੁਰਦਵਾਰ ਜਾਈਦਾ ਹੈ ਦਿਵਾਨ ਲਗਾ ਹੁੰਦਾ ਹੈ। ਆਤਮਾਂ ਦਾ ਜਿਕਰ ਕੀਰਤਨ ਰੂਪ ਵਿਚ ਚਲਦਾ ਹੁੰਦਾ ਹੈ, ਪਰੰਤੂ ਮੇਲਾ ਵੇਖਣ ਦੇ ਗਾਹਕ ਉਠ ਕੇ ਦੁਕਾਨਾਂ ਤੇ ਚਲੇ ਜਾਂਦੇ ਹਨ। ਆਪਣੀ ਆਪਣੀ ਰੁਚੀ ਮੁਤਾਬਕ ਬਾਹਰ ਆ ਕੇ ਖਰੀਦੋ ਫਰੋਖਤ ਕਰਦੇ ਫਿਰਦੇ ਇਕ ਦੂਜੇ ਦ ਮੋਢੇ ਨਾਲ ਮੋਢਾ ਘਸਾਉਂਦੇ ਧਕੇ ਮਾਰਦੇ ਤੁਰੇ ਫਿਰਦੇ ਹਨ। ਪਿਛਲੇ ਜਨਮ ਵਿਚ ਕੀਤੇ ਕੰਮਾਂ ਦੇ Soul Impressions ਅਨੁਸਾਰ ਦੁਖ ਸੁਖ ਭੋਗਦੇ ਫਿਰਦੇ ਹਨ ਤੇ ਨਵੀਂ ਤਕਦੀਰ ਲਿਖਦ ਫਿਰਦੇ ਹਨ, ਜਿਸਮ ਬਦਲ ਜਾਂਦਾ ਹੈ ਖਿਆਲਾਤ ਨਾਲ ਚਲਦੇ ਹਨ। ਪਸ਼ੂਆਂ ਵਾਲੀਆਂ ਬਿਰਤੀਆਂ ਵਾਲੇ ਪਸ਼ੂ ਡੰਗਰ ਬਣਦੇ ਹਨ, ਜਨਾਨੀਆਂ ਨੂੰ ਚਾਹੁੰਣ ਵਾਲੇ ਖੁਦ ਜਨਾਨੀਆਂ ਬਣਦੇ ਹਨ ਤੇ ਲੇਖੇ ਭੁਗਤਦੇ ਹਨ। ਸ਼ਿਵ ਸ਼ਿਵ ਕਰਕੇ ਜੋ ਨਰ ਧਿਆਵੇ ਬਲਦ ਚੜ ਡੋਰੂ ਡਮਕਾਵੇ। ਮਹਾਂਮਾਈ ਕੀ ਪੂਜਾ ਕਰੈ ਨਰ ਸੈ ਨਾਰ ਹੋਇ ਅਉਤਰੈ ਹੁੰਦੀ ਫਿਰਦੀ




ਹੈ । ਧੋਖਿਆ ਫਰੇਬਾਂ ਨਾਲ ਕਮਾਏ ਹੋਏ ਪੈਸਿਆਂ ਦਾ ਹਿਸਾਬ, ਖੋਤਾ, ਘੋੜਾ ਅਤੇ ਬੈਲ ਆਦਿ ਬਣ ਕੇ ਮੁਕਾਉਣਾ ਪੈਂਦਾ ਹੈ, ਲਈਆਂ ਰਿਸ਼ਵਤਾਂ ਦੇ ਲੇਖੇ ਦੇਣੇ ਪੈਂਦੇ ਹਨ ਰੇੜ੍ਹੇ, ਤਾਂਗੇ, ਗਡੇ ਖਿਚਣੇ ਪੈਂਦੇ ਹਨ । ਵਡੇ ਵਡੇ ਘੁਮੰਡੀਆਂ ਅਤੇ ਮਗਰੂਰਿਆਂ ਦੇ ਨਕ ਵਿਚ ਨਥ ਪਾ ਕੇ ਗਰਦਣ ਪੰਜਾਲੀ ਵਿਚ ਦੇ ਕੇ ਪਿਛੋਂ ਨੰਗੇ ਪਿੰਡੇ ਕੁਟਦਾ ਹੈ ਅਤੇ ਸਾਰੀ ਸਾਰੀ ਉਮਰ ਕੁਟੀਦਾ ਰਹਿੰਦਾ ਹੈ, ਨਾਂ ਰਜਵਾਂ ਖਾਣ ਨੂੰ ਨਾਂ ਪੀਣ ਨੂੰ, ਅਰਜੋ ਅਮਲੀ ਦੀਆਂ ਸੰਢਾਂ ਜੇਠ ਹਾੜ ਦੀ ਧੁਪੇ ਕਿਕਰਾਂ ਨਾਲ ਬਧੀਆਂ ਹੁੰਦੀਆਂ ਸੀ ਰੋਣਾਂ ਧੋਣਾਂ ਤੇ ਦੁਖ ਕੋਈ ਨਹੀਂ ਵੇਖਦਾ ਸਹੂ ਵੇ ਜੀਆ ਆਪਣਾ ਕੀਆ ਹੁੰਦੀ ਰਹਿੰਦੀ ਹੈ । ਜਿਹੜੇ ਧਰਤੀ ਉਤੇ ਗੁਰਦਵਾਰਿਆਂ ਵਿਚ ਚੈਨ ਨਾਲ ਚੁਪ ਨਿਸਚਿੰਤ ਹੋ ਕੇ ਨਹੀਂ ਬਹਿੰਦੇ ਉਹ ਸਚ ਖੰਡ ਵਿਚ ਵੀ ਟਿਕ ਕੇ ਨਹੀਂ ਬਹਿੰਦੇ ਅਤੇ ਫੇਰ ਰਚਨਾਂ ਵਿਚ ਆ ਜਾਂਦੇ ਹਨ, ਅਬਲ ਤੇ ਸਚ ਖੰਡ ਤਕ ਅਪੜਦਾ ਹੀ ਕੋਈ ਵਿਰਲਾ ਹੈ ।

ਲੋਕਾਂ ਨਾਲ ਸਬੰਧਾਂ ਦਾ ਵੇਰਵਾ

| 1 | 2 | 3 | 4 | 5 |
|---|---|---|---|---|
| ਕਿਸੇ ਨਾਲ ਵੈਰ ਨਹੀਂ ਪਰੰਤੂ ਲਗਦੀ ਵਾਹ | ਕੂਣ ਬੋਲਣ ਹਰ ਇਕ ਨਾਲ ਪਰੰਤੂ ਗੰਦੇ ਖਿਆਲਾਂ ਵਾਲਾ ਮਿਤਰ ਨਹੀਂ ਬਨਾਉਣਾਂ | ਸਨੇਹ, ਹਮਦਰਦੀ ਰਿਸ਼ਤੇਦਾਰਾਂ ਨਾਲ ਪਰੰਤੂ ਗੰਦੇ ਖਿਆਲ ਵਲ ਰਿਸ਼ਤੇਦਾਰ ਵੀ ਦਿਲੋਂ ਲਾਹ ਦੇਣਾ | ਪਿਆਰ ਪਤੀ ਨਾਲ ਪਰੰਤੂ ਜੇ ਗੰਦੇ ਖਿਆਲਾਂ ਦਾ ਹੋਵੇ ਤਾਂ ਡਗ ਟਪਾਉ ਦੋਸਤੀ ਵਿਆਹ ਦਾ ਕੰਟਰੈਕਟ ਨਿਭਾਉਣਾ ਲੜਨਾਂ ਭਿੜਨਾ ਨਹੀਂ । | ਪੂਜਾ ਆਤਮਾ ਦੀ ਵਾਹਿਗੁਰੂ ਦੇ ਇਨਸਾਨੀ ਸਰੂਪ ਨਾਨਕ ਦੀ ਗੁਰੂ ਦੀ |

ਪਹਿਲਿਆਂ ਚੋਹਾਂ ਵਿਚੋਂ ਜੋ ਕੋਈ ਮਿਤਰਦਾ ਤੋੜਦਾ ਹੈ ਤਾਂ ਬੇਸ਼ਕ ਤੋੜੇ, ਦੋਸਤੀ ਰਖਦਾ ਨਿਭਾਉਂਦਾ ਹੈ ਤਾਂ ਦੁਗਣਾਂ ਪਿਆਰ ਕਰੋ, ਪਰੰਤੂ ਟੁਟੇ ਤਾਂ ਰੋਵੋ ਨਾਂ, ਮਿਤਰਤਾ ਬਣੇ ਤਾਂ ਆਪਣ ਆਪ ਨੂੰ ਭੁਲੋ ਨਾ। ਮੋਹ ਨਹੀਂ ਕਰਨਾਂ। ਪੰਜਵੇਂ ਨਾਲ ਮਿਤਰਤਾ ਖੁਦ ਬਣਾਈ ਰਖਣੀ, ਇਹ ਤੁਹਾਡਾ ਆਪਣਾ ਆਪ ਹੈ। ਤੁਹਾਡਾ ਆਪਣਾ soul, ਆਪਣੀ ਹਸਤੀ, ਆਪਣੀ spirit, ਆਪਣੇ ਸਚੇ ਸੁਚੇ ਤੇ ਉਚੇ ਖਿਆਲ, ਆਪਣੇ ਵਿਚਾਰਾਂ ਨੂੰ ਸਚਾ ਸੁਚਾ ਤੇ ਉਚੇ ਰਖਣਾ। ਨੀਮ ਹਕੀਮ ਖਤਰਾ ਜਾਨ ਨੂੰ ਕਦੀ ਗੁਰੂ ਨਾਂ ਬਣਾਉ ਪੈਸਿਆਂ ਅਤੇ ਮਾਂਣ ਪਰਤਿਸ਼ਟਾ ਦੇ ਲਾਲਚੀ ਲੋਕ ਅਨੇਕ ਪਰਕਾਰ ਦੇ ਗੁਰੂ ਡੰਭ ਖਿਲਾਰੀ ਬੈਠੇ ਹਨ। ਰਾਮ ਰਹੀਮ ਉਬਾਰ ਨ ਸਾਕਹਿ ਜਾ ਕੇ ਨਾਮ ਰਟੇ ਹੈ, ਭਾਵੇਂ ਕਿਸੇ ਉਸਤਾਦ ਕੋਲੋਂ ਵੀ ਸ਼ਿਖਿਆ ਲਈ ਹੋਵੇ ਇਮਤਹਾਨ ਦੇ ਪਰਚੇ ਵੇਲੇ ਵਿਦਿਆਰਥੀ ਇਕੱਲਾ ਹੀ ਹੁੰਦਾ ਹੈ, ਸਿਖਿਆ ਨਾਲ ਚਲਦੀ ਹੈ ਗੁਰੂ ਕਦੀ ਨਾਲ ਨਹੀਂ ਗਿਆ। ਜਿਹੜੇ ਲਾਰੇ ਲਾਉਂਦੇ ਹਨ ਕਿ ਨਾਮ ਜਪਣ ਦੀ ਤੁਹਾਨੂੰ ਕੋਈ ਲੋੜ ਨਹੀ ਮੈਂ ਬਾਹੋਂ ਫੜ ਕੇ ਕਢ ਲਵਾਂਗਾ ਉਹ ਧੋਖੇਬਾਜ ਹਨ। ਇਮਤਹਾਨ ਦੇ ਪਰਚੇ ਵਿਚ ਬੈਠਾ ਵਿਦਿਆਰਥੀ ਸਵਾਲ ਦੇ ਜਵਾਬ ਦੀ ਥਾਂ ਲਖ ਮਾਸਟਰ ਦਾ ਨਾਮ ਪਰੋਫੈਸਰ ਦਾਂ ਨਾਮ ਲਈ ਜਾਵੇ ਕਦੀ ਪਾਸ ਹੋਇਆ ਹੈ ? ਤੇਰੇ ਪਰੋਫੈਸਰ ਨੂੰ ਕਿਸੇ ਨਹੀਂ ਪੁਛਣਾਂ, ਪੁਛ ਇਸ ਗਲ ਦੀ ਹੋਣੀ ਹੈ ਕਿ ਤੈਨੂੰ ਉਹਨੇ ਭਾਵੇਂ ਉਹ ਕੋਈ ਵੀ ਹੋਵੇ ਸਿਖਾਇਆ ਪੜਾਇਆ ਕੀ ਹੈ ਸੋਹਰਿਆਂ ਦੇ ਘਰ ਰੋਟੀ ਪਕਾਉਣੀ ਨਾ ਆਉਂਦੀ ਹੋਵੇ ਤੇ ਕਹੇ ਮੈਂ ਫਲਾਣੀ ਮਾਂ ਦੀ ਧੀ ਹਾਂ, ਦੋਹਾ ਦੇ ਸਿਰ ਸਵਾਹ ਪੈਂਦੀ ਹੈ। ਬੇਵਕੂਫ ਦੁਨੀਆਂ ਡੰਭੀਆ ਦੇ ਇਸ ਝਾਂਸੇ ਵਿਚ ਮਾਰੀ ਜਾਂਦੀ ਹੈ ਕਿ ਇਹ ਬਾਹੋਂ ਫੜ ਕੇ ਕਢ ਲੈਣਗੇ। ਜਰਾ ਸੋਚੋ ਕਿ ਜੇ ਇਹ ਕਲ੍ਹ ਨੂੰ ਨਰਕ ਵਿਚ ਪਿਆਂ ਨੂੰ ਬਾਹੋਂ ਫੜ ਕੇ ਕਢਣਗੇ ਤਾਂ ਅਜ ਹੀ ਕਿਉਂ ਨਹੀਂ ਕਢ ਲੈਂਦੇ। ਝੂਠੇ ਪਖੰਡੀ ਗੋਲ ਮੋਲ ਗਲਾਂ ਕਰਕੇ ਡਰਾ ਧਮਕਾ ਕੇ ਲੁਟ ਲੁਟ ਖਾਂਦੇ ਹਨ। ਜੇ ਕਦੀ ਕਿਸੇ ਗੁਰੂ ਡੰਭ ਵਿਚ ਫਸ ਜਾਉ, ਤਾਂ ਪਤਾ ਲਗਦਿਆਂ ਸਾਰ ਹੀ ਗੰਦੇ ਸ਼ੀਸ਼ੇ ਵਾਂਗੂ ਤੋੜ ਕੇ ਪਰੇ ਸੁਟ ਦਿਉ। ਬਿਲਕੁਲ ਹੀ ਉਕਾ ਕੋਈ ਗੁਨਾਹ ਨਹੀਂ ਹੈ ਕੋਈ

ਪਾਪ ਨਹੀਂ ਹੈ, ਕਿਸੇ ਕਿਸਮ ਦਾ ਕੋਈ ਸਰਾਫ ਬਿਲਕੁਲ ਨਹੀਂ ਲਗਦਾ ਸਿਰਫ ਕਮਜ਼ੋਰ ਆਤਮਾ ਦਾ ਡਰ ਹੀ ਹੁੰਦਾ ਹੈ, ਸ਼ਿਰਫ ਵਹਿਮ ਹੀ ਹੁੰਦਾ ਹੈ। ਕੋਈ ਚੀਜ਼ ਬੰਦੇ ਨੂੰ ਨਾਪਸੰਦ ਉਦੋਂ ਹੁੰਦੀ ਹੈ ਜਦੋ ਉਹ ਆਪ ਉਹਦੇ ਤੋਂ ਓਚਾ ਹੋਵੇ ਨਾਪਸੰਦ ਗੁਰੂ ਨਾਲੋਂ ਤੁਸੀਂ ਖੁਦ ਉਚੇ ਹੋ, ਨਾਲੇ ਇਸ ਧਰਤੀ ਉਤੇ ਲਖਾ ਗੁਰੂ ਬਣਾਈਏ ਲਖਾਂ ਛਡੀਦੇ ਹਨ ਚਾਚਾ ਬਾਬਾ ਆਖ ਕੇ ਬੋਲਣ ਦੀ ਤਾਲੀਮ ਦੇਣ ਵਾਲੀ ਮਾਂ ਪਹਿਲਾ ਗੁਰੂ, ਊੜੇ ਐੜੇ ਵਾਲਾ ਗੁਰੂ ਤੀਜੀ, ਚੌਥੀ ਪੰਜਵਾਂ ਜਮਾਤ ਵਾਲਾ ਗੁਰੂ, ਮਿਡਲ ਤੇ ਮੈਟਰਿਕ ਵਾਲਾ ਗੁਰੂ, B.A. M.A. ਵਾਲਾ ਗੁਰੂ, ਕਾਰ ਕਿਤਿਆਂ ਦੀ ਸਿਖਲਾਈ ਦੇਣ ਵਾਲਾ ਗਰੂ, ਅਖੀਰ ਰੂਹ ਦੀ ਸਿਖਿਆ ਦੇਣ ਵਾਲਾ ਗੁਰੂ, ਇਕ ਨਹੀਂ ਕਈ ਸੰਤਾਂ ਭਗਤਾਂ ਦੀ ਮੰਡਲੀ ਇਕ ਆਪਣੀ ਸਿਖਿਆ ਦੇ ਗਿਆ ਦੂਜਾ ਆ ਗਿਆ, ਕਾਲਜ ਦੇ Periods ਵਾਂਗੂ ਟਰੀ ਜਾਂਦਾ ਹੈ ਸਿਲਸਿਲਾ। ਸਾਰੇ ਰਬ ਵਿਚੋਂ ਬਣੇ ਹਾਂ ਸਿਖਿਆ ਦੇਣ ਵਾਲੇ ਵੀ ਤੇ ਅਸੀਂ ਵੀ ਇਸ ਲਈ ਸਿਰਫ ਇਕ ਆਦਮੀ ਨੂੰ ਚਿਬੜੇ ਰਹਿਣਾਂ ਗਲਤੀ ਹੈ। ਅਤੇ ਆਮ ਤੌਰ ਤੇ ਇਹ ਆਦਮੀ ਨੂੰ ਪੁਠੇ ਪਾਸੇ ਪਾ ਕੇ ਬਲੈਕਮੇਲ ਕਰਦੇ ਹਨ। ਤਿਆਗੇ ਗੁਰੂ ਨੂੰ ਮਿਲਣਾ ਗਿਲਣਾਂ ਬੰਦ ਕਰ ਦੇਣਾ ਚਾਹੀਦਾ ਹੈ ਅਤੇ ਬੁਲਾਵੇ ਤੇ ਵੀ ਨਹੀਂ ਜਾਣਾਂ ਚਾਹੀਦਾ। ਇਹ ਪਖੰਡੀ ਲੋਕ ਲਵੇਰੀ ਗਊ ਨੂੰ ਛਡਣ ਲਈ ਤਿਆਰ ਨਹੀਂ ਹੁੰਦੇ ਅਤੇ ਅਨੇਕ ਪਰਕਾਰ ਦੇ ਰਸ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਅਣਖੀਲੇ ਢੰਗ, ਖੰਡੇ ਬਾਣੇ ਰਾਹੀਂ, ਪੰਜ ਪਿਆਰਿਆਂ ਦੀ ਜਮਾਤ ਕੋਲੋਂ ਗੁਰੂ ਗਰੰਥ ਸਾਹਿਬ ਦੀ ਤਾਬਿਆ, ਅਮਰਿਤ ਪਾਨ ਕਰਕੇ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਨੂੰ ਗੁਰੂ ਬਣਾਉ। ਗੁਰੂ ਕੇ ਪਿਆਰ ਰਾਤ ਦਿਨ ਕਥਾ ਵਾਰਤਾ ਕਰਕੇ, ਕਿਤਾਬਾਂ ਲਿਖ ਕੇ, ਅਭਿਲਾਸ਼ੀਆਂ ਦੀ ਸੇਵਾ ਕਰ ਰਹੇ ਹਨ। ਸਤਿਗੁਰਾਂ ਦੀ ਸਾਰੀ ਸਿਖਿਆ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ। ਇਹ ਆਤਮਾ ਦਾ ਵਾਹਿਗੁਰੂ ਦਾ ਜ਼ਿਕਰ ਹੈ ਵਾਹਿਗੁਰੂ ਕੀ ਚੀਜ਼ ਹੈ, ਕਿਥੇ ਹੈ, ਕਿਸ ਤਰਾਂ ਦਾ ਹੈ ਕਿਥੇ ਰਹਿੰਦਾ ਹੈ। ਇਹ ਆਤਮਾ ਕਿਵੇਂ ਮਾੜਾ ਬਣਦਾ ਤੇ ਕਿਵੇ ਚੰਗਾ ਤਕੜਾ ਸ਼ਕਤੀਸ਼ਾਲੀ ਬਣਦਾ ਹੈ। ਮਾੜੇ ਆਤਮਾਂ ਦੇ ਕੀ ਨੁਕਸਾਨ ਹਨ ਤੇ ਚੰਗ

ਪਵਿਤਰ ਦੇ ਕੀ ਲਾਭ। ਕਿਵੇਂ ਕੰਮ ਕਰਦਾ ਹੈ ਦਾ ਪੂਰਾ ਵੇਰਵਾ ਦਿਤਾ ਹੋਇਆ ਹੈ ਤੁਸੀਂ ਆਤਮਾ ਹੀ ਹੋ ਤੇ ਉਹ ਤੁਹਾਡਾ ਹੀ ਜ਼ਿਕਰ ਹੈ, ਤੁਹਾਡੀ ਹੀ ਰਾਮ ਕਹਾਣੀ ਹੈ, ਖੂਬ ਪੜ੍ਹ ਕੇ ਸਮਝ ਅਤੇ ਤਕੜ ਸਕਤੀ ਸ਼ਾਲੀ ਆਤਮਾ ਸਭ ਕੁਝ ਕਰ ਸਕਣ ਦੇ ਸਮਰਥ ਸਰਬ ਸ਼ਕਤੀਮਾਨ ਬਣੋ। ਮੈਂ ਆਹ ਚਿਠੀ ਉਸੇ ਸਿਖਿਆ ਦਾ ਲਬ ਲਬਾਬ ਆਪਣੇ ਅਖਰਾਂ ਵਿਚ ਲਿਖਣ ਦੀ ਕੋਸ਼ਿਸ਼ ਕੀਤੀ ਹੈ।

ਪਿਆਰੀ ਬੱਚੀ ਤੂੰ ਦਲਬੀਰ ਹੈ, ਦਲਾਂ ਦਾ ਬੀਰ ਬਹਾਦਰ, ਸੂਰਮਾ, ਅਣਖੀਲਾ, ਆਗੂ ਭਾਵ ਵਾਹਿਗੁਰੂ। ਗੱਲ ਨੂੰ ਠੀਕ ਤਰਾਂ ਸਮਝ ਸਾਰੇ ਭਗਤਾਂ ਨੇ ਬਾਣੀ ਵਿਚ ਦਸਿਆ ਹੈ ਕਿ ਸਭ ਕੁਝ ਵਾਹਿਗੁਰੂ ਕਰਦਾ ਹੈ, ਭਾਵ ਆਤਮਾ ਕਰਦਾ ਹੈ, ਉਹ ਵਸਦਾ ਹੈ ਤੁਹਾਡੇ ਵਿਚ। ਤੁਸੀਂ ਹੀ ਵਾਹਿਗੁਰੂ ਹੋ ਤੁਸੀਂ ਹੀ ਜੋ ਸੋਚੋਗੇ ਅਤੇ ਕਰੋਗੇ, ਤਹਾਡੀ ਇਛਾ, ਤਮੰਨਾ, ਖਿਆਲ ਨੂੰ ਹੀ ਫਲ ਲਗੇਗਾ। ਉਠੋ ਤੇ ਹਿੰਮਤ ਕਰਕੇ ਆਪਣੀ ਤਕਦੀਰ ਆਪ ਘੜ ਲਉ। ਤੁਹਾਡਾ ਹੀ ਮੁਲਕ ਹੈ ਤਹਾਡਾ ਹੀ ਰਾਜ ਪਰਬੰਧ ਹੈ, ਤੁਹਾਡੀਆਂ ਹੀ ਫੈਕਟਰੀਆਂ ਤੇ ਘਰ ਹਨ। ਤੁਸੀਂ ਹੀ ਨਫਾ ਨੁਕਸਾਨ ਪਾਉਣਾ ਹੈ। ਚਾਹੇ ਮੂਰਖ ਹਿੰਦੁਸਤਾਨੀਆਂ ਵਾਂਗੂ ਆਪਣੇ ਆਪਣੇ ਘਰ ਨੂੰ ਖਿਚੋ ਤੇ ਲੜੀ ਜਾਉ ਜੰਤਾ ਨੂੰ ਪਾੜੀ ਜਾਏ ਚਾਹੇ ਸਵਰਗ ਬਣਾ ਲਉ। ਕਚਘਰੜ ਗਿਆਨੀਆਂ ਵਲੋਂ ਗੁਰਬਾਨੀ ਦੇ ਗਲਤ ਅਰਥ ਪੰਜਾਬੀਆਂ ਦੀ ਗਿਰਾਵਟ ਦਾ ਖਾਸ ਕਾਰਨ ਹਨ। ਰਬ ਨੂੰ ਕਿਸੇ ਅਸਮਾਨ ਤੇ ਟੰਗਿਆ ਦਸੀ ਜਾਂਦੇ ਹਨ। ਕਿਸੇ ਅਸਮਾਨੀ ਰਬ ਦੇ ਡੋਰੀ ਸੁਟੀ ਕੁਲੀ, ਗੁਲੀ ਜੁਲੀ ਤੋਂ ਆਤਰ ਸਾਹਸਹੀਣ ਤੇ ਬੇਹਿਮਤੇ ਹੋਈ ਜਾਂਦੇ ਹਨ। ਆਲਸੀ, ਬੁਧੂ ਗਰੀਬ ਨੂੰ ਇਹ ਸਾਧ (ਜੀਹਨੇ ਆਪਣੇ ਆਪ ਨੂੰ ਸਾਧ ਲਿਆ ਹੋਵ) ਕਹਿੰਦੇ ਹਨ। ਵਹਿਮਾਂ ਦ ਭਰੇ ਮੰਗਲ ਸ਼ਨਿਚਰ ਦੇ ਚੱਕਰ ਵਿਚ ਫਸਿਆ ਨੂੰ ਇਹ ਲੋਕ ਪੰਡਤ (ਸਿਆਣਾ) ਕਹਿੰਦੇ ਹਨ। ਬਦਮਾਸ਼ ਠੱਗ ਸਮਗਲਰ ਨੂੰ ਚੌਧਰੀ ਕਹਿੰਦੇ ਹਨ। ਇਕ ਲੰਗੋਟੀ ਵਿਚ ਪਿੰਡੇ ਤੇ ਸਵਾਹ ਮਲੀ ਧੂਣੀ ਤੇ ਬੈਠ ਨੂੰ ਮਥ ਟੇਕ ਕੇ ਇਹ ਲੋਕ ਮਹਿਲਾਂ ਅਨ ਧਨ ਦੇ ਵਰਦਾਨ ਮੰਗਦੇ ਹਨ।

ਬਾਵਜੂਦ ਐਨੀ ਤਾਲੀਮ ਦੇ ਪਥਰਾਂ ਨੂੰ, ਸਪਾਂ ਨੂੰ, ਪਿਪਲਾਂ ਨੂੰ ਪੂਜਦੇ ਹਨ। ਮੈਂ ਤਾਂ ਇਹ ਕਹਿੰਦਾ ਹਾਂ ਕਿ ਜੇ ਕਿਸੇ ਨੇ ਬੇਵਕੂਫੀ ਨੂੰ ਜੀਉਂਦੇ ਜਾਗਦੇ ਇਨਸਾਨੀ ਰੂਪ ਵਿਚ ਵੇਖਣਾ ਹੋਵੇ ਤਾਂ East ਆ ਜਾਵੇ, ਅਤੇ ਜੇ ਸਰਬ ਕਲਾ ਸਮਰਥ, ਸਰਬ ਸ਼ਕਤੀਮਾਨ ਵਾਹਿਗੁਰੂ ਨੂੰ ਇਨਸਾਨੀ ਰੂਪ ਵਿਚ ਵੇਖਣਾਂ ਹੋਵੇ ਤਾਂ West ਚਲਿਆ ਜਾਵੇ। ਵਡਭਾਗੀ ਪੁਤਰੀਏ ਤੂੰ East ਦੇ ਗੰਦ ਵਿਚੋਂ ਨਿਕਲਕੇ West ਵਿਚ ਜਾ ਰਲੀ ਹੈਂ। ਆਪਣੇ ਆਪ ਨੂੰ ਪਛਾਣ, ਆਪਣੀ ਤਕਦੀਰ ਆਪ ਲਿਖ ਆਪ ਘੜ ਤੇ ਆਨੰਦ ਮਾਣ। ਪੁਤਰ ਸਚਾਈ, ਲਗਨ, ਮਿਹਨਤ, ਸੇਵਾ ਅਤੇ ਦਰਸਤ ਵਿਚਾਰਾਂ ਨਾਲ ਤੂੰ ਆਨੰਦਮਈ ਜੀਵਨ ਬਤੀਤ ਕਰ ਸਕਦੀ ਹੈਂ। ਦਿਲ ਛੋਟਾ ਨਾਂ ਕਰ, ਦਲ—ਬਾਰ ਬਣ, ਤਨੋ ਮਨੋ ਹੋ ਕੇ ਸੇਵਾ ਕਰਕੇ ਹਰ ਇਕ ਦਾ ਦਿਲ ਜਿਤ ਲਏ। ਤੂੰ ਆਪਣੀ ਅਸਲ ਕੁਲ ਵਿਚ ਹੈਂ। ਇਹਨਾਂ ਨਾਲ ਤੇਰਾ ਹਿਸਾਬ ਕਿਤਾਬ ਹੈ, ਅਪਣਿਆਂ ਭਾਵ ਧਸ ਸੌਹਰਾ ਆਦਿ ਦੀ ਸੇਵਾ ਸੰਭਾਲ ਤੇਰਾ ਧਰਮ ਹੈ, ਤੇਰੀ ਡਿਊਟੀ ਹੈ। ਆਪਣਾ ਕੰਮ ਪਛਾਣ Sphere of Duty ਪਛਾਣ ਤੇਰਾ ਗੁਰਦਵਾਰਾ ਤੇਰਾਂ ਘਰ ਹੈ। ਬਜ਼ੁਰਗਾਂ ਦੀ, ਪਤੀ ਦੀ, ਹਰ ਆਏ ਗਏ ਦੀ ਸੇਵਾ ਤੇਰੀ ਤਪੱਸਿਆ ਹੈ ਭਗਤੀ ਹੈ, ਇਸ ਕੰਮ ਨੂੰ ਪੂਰੀ ਹਿਮਤ ਅਤੇ ਖੁਸ਼ਅਸਲੂਬੀ ਨਾਲ ਖਿੜੇ ਮਥੇ ਕਰਕੇ ਮੈਦਾਨ ਜਿਤ। ਆਪਣੇ ਆਪ ਨੂੰ ਹਰ ਵੇਲੇ ਨਾਨਕ ਦੀ ਸੇਵਾ ਕਰਦੀ ਹੀ ਪ੍ਰਤੀਤ ਕਰਿਆ ਕਰ, ਨਾਨਕ ਦਾ ਘਰ, ਨਾਨਕ ਦੀਆਂ ਫੈਕਟ੍ਰੀਆਂ ਨਾਨਕ ਹੀ ਇਹਨਾਂ ਬੰਦਿਆਂ ਦਾ ਰੂਪ ਧਾਰ ਕੇ ਸਾਰੀ ਸ੍ਰਿਸ਼ਟੀ ਤੇ ਛਾਇਆ ਹੋਇਆ ਹੈ। ਮੈਨੂੰ ਦਸ ਨਾਨਕ ਤੋਂ ਸਿਵਾ ਕੋਈ ਹੋਰ ਸ਼ੈ ਇਸ ਸੰਸਾਰ ਵਿਚ ਜੰਮੀ ਉਗੀ ਵੀ ਹੈ, ਨਾਨਕ ਵਾਹਿਗੁਰੂ ਹੈ ਤੇ ਵਾਹਿਗੁਰੂ ਹੀ ਚਾਰ ਚਫੇਰੇ ਫੈਲਿਆ ਹੋਇਆ ਹੈ, ਆਪ ਕੀ ਹੈ ? ਆਪ ਵੀ ਤਾਂ ਨਾਨਕ ਦਾ ਹੀ ਇਕ ਰੂਪ ਹੈ, ਫਿਰ ਝਿਜਕ ਕਾਹਦੀ।

ਪੁਤਰ ਗੁਰੂ ਨਾਨਕ ਦੇਵ ਜੀ ਨੇ ਗਿਆਨ ਦਾ ਪਿੜ ਮਲਿਆ। Sphere of Duty ਫੜਿਆ ਤਾਂ ਕੁਰੂਕੁਸ਼ੇਤਰ ਦੇ ਵਡੇ ਵਡੇ ਪੰਡਤ

ਪਛਾੜੇ, ਉਨ੍ਹਾਂ ਉਤੇ ਕਿਤਾਬਾਂ ਲਈ ਫਿਰਨ ਵਾਲਿਆਂ ਨੂੰ ਸਚਾ ਗਿਆਨ ਸਮਝਾਇਆ। ਫੋਕੇ ਵਹਿਮਾਂ ਭਰਮਾਂ ਦੇ ਖੰਡਨ ਕਰਕੇ ਰਖ ਦਿਤੇ। ਬਾਬਰ ਵਰਗੇ ਜਰਵਾਣੇ ਨੂੰ ਨਿਵਾ ਦਿਤਾ। ਕਰਾਮਾਤੀ ਜੋਗੀਆਂ ਨੂੰ ਸੁਮੇਰ ਤੇ ਹਰਾਇਆ ਤੇ ਫਿਰ ਬਟਾਲੇ ਵਿਚ ਕਟ ਕਟ ਕੇ ਸਿਧੇ ਕੀਤੇ, ਮਜ਼੍ਹਬੀ ਜਨੂੰਨ ਵਿਚ ਭਰੇ ਲੋਕਾਂ ਨੂੰ ਮੱਕੇ ਵਿਚ ਮਾਤ ਦਿਤੀ। ਜਾਦੂ ਟੂਣਿਆਂ ਦੀ ਮਾਹਰ ਨੂਰ ਸ਼ਾਹ ਨੂੰ ਨੀਚਾ ਦਿਖਾਇਆ। ਗੁਰੂ ਗੋਬਿੰਦ ਸਿੰਘ ਨੇ ਤਲਵਾਰ ਫੜੀ, ਗਿਰੀ ਲੁਕਾਈ ਨੂੰ ਚੁਕਣ ਦਾ ਬੀੜਾ ਉਠਾਇਆ ਭਾਵੇਂ ਪਿਉ, ਮਾਂ, ਚਾਰੇ ਪੁਤਰ, ਅਨੇਕ ਮਿਤਰ ਪਿਆਰ ਮਰਵਾਏ ਅਨੰਦਪੁਰ ਖੁਹਾਇਆ ਪਰੰਤੂ ਨਾਈਆਂ, ਝੀਰਾਂ, ਤੇ ਜਟਾਂ ਆਦਿ ਨੂੰ ਸਰਦਾਰ ਬਣਾ ਗਿਆ। ਅਜ ਮੁਛਾਂ ਨੂੰ ਤਾੜੇ ਦੇ ਕੇ ਕਹਿੰਦੇ ਹਨ ਮੈਂ ਸਰਦਾਰ ਹਾਂ।

ਮੈਂ (ਤੇਰਾ ਮੌਜੂਦਾ ਪਿਉ) ਭਾਵੇਂ ਕੋਈ ਸ਼ੈ ਨਹੀਂ ਹਾਂ ਅਤੇ ਸਮਾਜ ਵਿਚ ਮੇਰੀ ਕੋਈ ਪੁਛ ਨਹੀਂ, ਪਰੰਤੂ ਵਾਹਿਗੁਰੂ ਨੂੰ ਲਭਣ ਦਾ ਬੀੜਾ ਚੁਕਿਆ। ਤੇਰੀਆਂ ਅਖਾਂ ਦੇ ਸਾਹਮਣੇ ਕਿਵੇਂ ਰਾਤ ਦਿਨ ਇਕ ਕਰਕੇ, ਘਰਦਿਆਂ ਦੀ opposition ਦੇ ਹੁੰਦਿਆਂ, ਗਰੀਬੀ ਨਾਲ ਘੁਲਦਾ ਅਗੇ ਵਧਿਆ ਗਿਆ। ਅਖੌਤੀ ਗਿਆਨੀਆਂ ਦੀ ਤਾਲੀਮ ਤੇ ਸਿਖਿਆ ਦੇ ਜਾਲ ਨੂੰ ਤੋੜ, ਅਨੇਕ ਗੁਰੂ ਭੇਡਾਂ ਨੂੰ ਲੀਰੋ ਲੀਰ ਕਰਕੇ, ਸਚੇ ਸਤਿਗੁਰਾਂ ਨੂੰ ਜਾ ਲਭਿਆ, ਆਪ ਦਰਸ਼ਣ ਪਾਏ ਅਤੇ ਅਜ ਜਿਸ ਨੂੰ ਚਾਹਵਾਂ ਮਿਲਾ ਸਕਦਾ ਹਾਂ। ਵੇਖ ਕਿਵੇਂ ਇਸ ਇਕ ਦਿਨੀ ਵਿਚ ਹੀ ਰਬ ਨੂੰ ਸਾਕਸ਼ਾਤ ਕਰਕੇ ਤੇਰੇ ਸਾਹਮਣੇ ਰਖ ਦਿਤਾ ਹੈ।

ਤੂੰ ਤ੍ਰੀਮਤ ਰੂਪ ਵਿਚ ਜਨਮ ਲਿਆ ਹੈ, ਤੇਰਾ Sphere of Duty ਸੇਵਾ ਹੈ, ਖਿੜੇ ਮਥੇ ਹਾਸੇ ਮੁਸਕਾਨਾਂ ਖਿਲਾਰਦੀ ਸਚਾਈ, ਪਵਿਤਰਤਾ, ਮਿਠਾਸ ਦੀਆਂ ਝੋਲੀਆਂ ਭਰੀ, ਜੀਵਾਂ ਵਿਚ ਜਾਨ ਪਾਉਂਦੀ ਜਾਹ। ਜਿਧਰ ਦੀ ਲੰਘ ਜਾਵੇਂ ਤੇਰੇ ਗੁਣਾਂ ਨਾਲ ਵਾਤਾਵਰਨ

ਮਹਿਕ ਉਠੇ। ਹਰ ਇਕ ਨੂੰ ਦਲਬੀਰ ਮਿਲੀ, ਰਬ ਮਿਲਿਆ ਮਹਿਸੂਸ ਹੋਵੇ। ਤੇਰੇ ਸਚੇ ਤੇ ਮਧੁਰ ਮਿਠੇ ਬੋਲ ਹਰ ਦਿਲ ਤੇ ਸ਼ਾਂਤੀ ਤੇ ਰਬੀ ਰਹਿਮਤ ਦੀ ਬਰਸਾਤ ਕਰਦੇ ਜਾਣ। ਤੇਰੇ ਹਥਾਂ ਦੀ ਛੋਹ ਮਾਨਣ ਵਾਲਾ ਵਾਹਿਗੁਰੂ ਨਾਲ ਸਪਰਸ਼ ਪਰਤੀਤ ਕਰੇ।

ਤੇਰਾ ਖੁਸ਼ਕਿਸਮਤ ਪਿਤਾ
ਬਿਸ਼ਨ ਸਿੰਘ

6.3.78 ਪੁਤਰ ਅਸੀਂ ਸਾਰੇ ਜੀਵ, ਆਤਮਾ ਹੀ ਹਾਂ। ਕਣਕ ਦੇ ਇਕ ਦਾਣੇ ਤੋਂ ਜੁਗਤ ਨਾਲ ਫੈਲ ਕੇ ਬੋਹਲ ਬਣ ਗਿਆ ਹੈ। ਹੁਣ ਹਰ ਕਣਕ ਦਾ ਦਾਣਾ original ਵਰਗਾ ਹੀ ਹੈ। original ਨੂੰ ਨਾਨਕ ਕਹੀਏ ਤਾਂ ਸਾਰੇ ਨਾਨਕ ਹਨ, ਸਚ ਵੀ ਇਹੋ ਹੈ। ਸ਼ਕਲਾਂ ਵਿਚ ਵਿਗਾੜ ਤਾਂ ਇਹ ਲੋਕ ਮੂਰਖਤਾ ਵਸ ਪਾ ਲੈਂਦੇ ਹਨ। ਜੇ ਜੀਸਸ ਕਹੀਏ ਤਾਂ ਸਾਰੇ ਜੀਸਸ ਹਨ, ਪਰੰਤੂ ਹਕੀਕਤ ਵਿਚ ਕੋਈ ਵੀ ਇਨਸਾਨੀ ਸਰੂਪ ਵਾਹਿ-ਗੁਰੂ ਦਾ ਹੈ ਨਹੀਂ, ਉਹ Soul ਹੈ ਅਤੇ ਅਸੀਂ ਸਾਰੇ Soul ਹੀ ਹਾਂ ਆਹ ਸਾਡੇ ਨਾਮ ਤਾਂ ਜਾਣ ਪਛਾਣ ਲਈ ਇਨਸਾਨੀ ਨਾਮ ਹਨ। ਆਪਣੇ ਆਪਣੇ ਖਿਆਲਾਤ ਦੀ ਰੁਚੀ, ਤਮੰਨਾ, ਚਾਹਤ ਮੁਤਾਬਕ ਜੋ ਮਨ ਆਉਂਦਾ ਹੈ ਕਰੀ ਫਿਰਦੇ ਹਾਂ। ਬੁਰਿਆਈ ਦੀ ਲਾਈਨ ਨੂੰ ਫੜਨ ਵਾਲੇ ਦੁਖੀ ਹੁੰਦੇ ਹਨ। ਸਚਾਈ ਹਕੀਕਤ, ਦਰੁਸਤ ਲਾਈਨ ਨੂੰ ਫੜਨ ਵਾਲੇ ਅਕਲਮੰਦ ਅਖਵਾਉਂਦੇ ਹਨ ਤੇ ਸੁਖੀ ਰਹਿੰਦੇ ਹਨ। ਆਹ ਸਾਡੇ ਘਰ ਸਚਖੰਡ ਹਨ। ਇਹ ਘਰ ਵਿਚ ਕੁਝ ਜੀਵ ਹਿਸਾਬਾਂ ਕਿਤਾਬਾਂ ਮੁਤਾਬਕ ਇਕੱਠੇ ਹੋ ਜਾਂਦੇ ਹਨ। ਇਹ ਸਾਡਾ ਸ਼ਹਿਰ ਮੁਲਕ ਧਰਤੀ ਸਵਰਗ ਹੈ। ਇਸ ਲਈ ਜਿਥ ਜਾਇ ਬਹੀਏ ਉਥ ਭਲਾ ਕਹੀਏ। ਪੁਤਰ ਸਮਝ ਕੇ ਲਗਨ ਤੇ ਹਿੰਮਤ ਨਾਲ ਕੰਮ ਕਰ। ਖੂਬ ਕਮਾ ਤੇ ਖਾਹ। ਤੇਰੇ ਗੁਰੂ ਦੇ ਪਾਸ ਭਾਵ ਤੇਰੇ ਪਾਸ, ਘਰਬਾਰ, ਕਾਰ ਕਿਤਾ, ਪਤੀ ਪਤਨੀ, ਪੁਤਰ ਧੀ, ਸਿਹਤ, ਇਜਤਮਾਣ ਤੇ ਮਿਤਰ ਆਦਿ ਸਭ ਕੁਝ ਹੋਣਾ ਚਾਹੀਦਾ ਹੈ। ਕਿਸੇ ਵੀ ਚੀਜ਼ ਦਾ ਘਾਟਾ ਨਹੀਂ ਹੋਣਾ ਚਾਹੀਦਾ। ਆਪ ਨੇਕੀ ਸਚਾਈ ਤੇ ਚਲ ਕੇ ਸੁਖ ਮਾਣ ਤੇ

ਹੋਰਨਾਂ ਨੂੰ ਮਾਨਣ ਦੇਹ। ਪੈਸੇ ਨੂੰ ਮਾਇਆ ਮਾਇਆ ਕਹਿ ਕੇ ਲੈਣ ਦੇਣ ਤੋਂ (ਦਰੁਸਤ ਵਰਤੋਂ ਵਿਵਹਾਰ) ਤੋਂ ਗੁਰੇਜ਼ ਨਹੀਂ ਕਰਨਾ। ਮਾਇਆ ਤਾਂ ਠੋਸ ਤਰਲ ਗੈਸ ਨੂੰ ਮੈਟਰ ਨੂੰ ਕਹਿੰਦੇ ਹਨ। ਸਾਡਾ ਜਿਸਮ ਵੀ ਮਾਇਆ ਹੈ ਅਤੇ ਅਸੀਂ ਮਾਇਆ ਬਿਨਾ ਸਾਕਸ਼ਾਤ ਹੀ ਨਹੀਂ ਹੋ ਸਕਦੇ। ਮਰਕੇ ਮੁੜ ਮਾਇਆ (ਜਿਸਮ) ਵਿਚ ਨਹੀਂ ਆਉਣ ਚਾਹੀਦਾ, 'ਜੋ ਮਰ ਜੰਮੇ ਸੋ ਕਚ ਨਿਕਚ।' ਪਰੰਤੂ ਅਜ ਤਾਂ ਮਾਇਆ ਵਿਚ ਹਾਂ। ਹੁਣ ਮਾਇਆ ਵਿਚ ਹੀ ਰਬ, ਵਾਹਿਗੁਰੂ ਬਣ ਕੇ ਰਹੋ।

ਖਾਣ ਪੀਣ ਉਹ ਮਾੜਾ ਹੈ ਜਿਸ ਦੇ ਖਾਧੇ ਤਨ ਪੀੜੀਏ ਮਨ ਮਹਿ ਚਲੇ ਵਿਕਾਰ। ਜੇ ਸਰੀਰ ਦੁਬਲਾ ਪਤਲਾ ਮਾੜਾ ਹੈ ਤਾਂ ਮਾਸ ਅੰਡਾ ਜ਼ਰੂਰ ਖਾਉ ਜੇ ਮੋਟਾਪਾ ਹੈ ਤਾਂ ਛਡ ਦਿਉ। ਜੇ ਬਲੱਡ ਪਰੈਸ਼ਰ ਹੈ ਤਾਂ ਸ਼ਰਾਬ ਮਤ ਪੀਉ, ਨਸ਼ੀਲੀਆਂ ਚੀਜਾਂ ਵਰਤ ਕੇ ਅਮਲੀ ਪੋਸਤੀ ਬਣ ਕੇ ਜਿੰਦਗੀ ਨਾਂ ਬਰਬਾਦ ਕਰੋ। ਜਿਮੀਦਾਰੇ ਵਰਗੀ ਤਕੜੀ ਮਿਹਨਤ ਮੁਸ਼ਕਤ ਦਾ ਕੰਮ ਕਰਦੇ ਹੋ ਤਾਂ ਪੰਜ, ਸਤ ਰੋਟੀਆਂ, ਫਲ ਫਰੂਟ, ਦੁਧ ਮੀਟ ਦੀ ਵਰਤੋਂ ਕਰੋ। ਸ਼ਰਾਬ ਮੂਰਖਾਂ ਵਾਗੂੰ ਪੀਵੀ ਜਾਣੀ ਤੇ ਲੜਦੇ ਫਿਰਨਾਂ, ਗਲੀਆਂ ਬਜਾਰਾਂ ਵਿਚ ਅਛਾ ਨਹੀਂ। ਵਿਆਹ ਸ਼ਾਦੀ ਯਾਂ ਸੁਸਾਇਟੀ ਪਾਰਟੀ ਵਿਚ ਇਕ ਅਧ ਪੈਗ ਵਰੇ ਛੀ ਮਹੀਨੇ ਕਾਫੀ ਹੈ। ਬੁਢੇ ਹੋ ਗਏ ਹੋ, ਪੇਟ ਵਧ ਰਿਹਾ ਹੈ ਤਾਂ ਰੋਟੀ ਥੋੜੀ ਅਤੇ ਹੋ ਸਕੇ ਤਾਂ ਇਕ ਵਕਤ ਖਾਉ।

ਸੁਸਾਇਟੀ ਵਿਚ ਜਾਣ ਵਾਲੇ ਲਈ ਤਾਂ ਕਚਾ ਪਿਆਜ ਲਸਣ ਤੇ ਮੂਲੀ ਵੀ ਮਾੜੇ ਹਨ। ਬੋ ਮਾਰੇਗੀ, ਗੰਦੇ ਡਕਾਰ ਆਉਣਗੇ। ਵੈਸੇ ਮੂਰਖ ਲੋਕ ਤਾਂ ਸਿਗਰਟਾਂ ਬੀੜੀਆਂ ਵੀ ਸਾਹਮਣੇ ਹੀ ਪੀਵੀ ਜਾਂਦੇ ਹਨ। ਦਾਹੜੀ ਵਾਲੇ ਸਿਆਣੇ ਆਦਮੀ ਨੂੰ ਤਾਂ ਪਾਨ ਚਬਾਇਆ ਵੀ ਬੁਰਾ ਲਗਦਾ ਹੈ ਪਰੰਤੂ ਮੂਰਖਾਂ ਨੇ ਥੁਕ ਥੁਕ ਕੇ ਹਿੰਦੁਸਤਾਨ ਦੀਆਂ ਸੜਕਾਂ ਲਾਲ ਕੀਤੀਆਂ ਪਈਆਂ ਹਨ। ਕੋਈ ਕੰਮ ਜਿਸਦਾ ਨਤੀਜਾ ਤੁਹਾਡੇ ਆਪਣੇ ਲਈ ਯਾਂ ਸਮਾਜ ਲਈ ਬੁਰਾ ਹੋਵੇ ਬਿਲਕੁਲ ਨਹੀਂ ਕਰਨਾ।

Live well behaved, Disciplined mannered and noble man's life. You are a Physical feature of your God.

ਆਸ ਹੈ ਤੈਨੂੰ ਜ਼ਿੰਦਗੀ ਦੇ ਰਾਜ਼ ਦਾ ਪਤਾ ਲਗ ਗਿਆ ਹੋਵੇਗਾ, ਅਤੇ ਦਰੁਸਤ ਤਰੀਕੇ ਨਾਲ ਜੀਵਨ ਜੀਉ ਕੇ ਸੁਖ ਤੇ ਆਨੰਦ ਮਾਣਗੇ। ਫਕਾ ਗਿਆਨ, ਗਪਾ ਹਨ ਪਰੰਤੂ ਗਿਆਨ ਤੇ ਅਮਲ (Practical living) ਜ਼ਿੰਦਗੀ ਬਣਾਉਂਦਾ ਹੈ। ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਕਾ ਭਲਾ।

ਬਿਸ਼ਨ ਸਿੰਘ

# ਇਨਸਾਨਾਂ

Dull 1. Souls

ਇਹ ਲੋਕ ਮੂਰਖ, ਗਵਾਰ, ਬੇਸਮਝ, ਆਲਸੀ ਅਨਪੜ੍ਹ ਯਾਂ ਨੀਮ ਪੜੇ ਹੁੰਦੇ ਹਨ । ਹਉਮੈਂ, ਦੁਬਿਧਾ, ਤ੍ਰਿਸ਼ਨਾਂ, ਕਾਮ, ਕਰੋਧ, ਲੋਭ, ਮੋਹ, ਹੰਕਾਰ, ਝੂਠ ਬੇਈਮਾਨੀ, ਚੋਰੀ, ਵਹਿਮ ਭਰਮ, ਸ਼ਗਨ ਅਪਸ਼ਗਨ, ਧਾਗੇ ਤਵੀਤ, ਕਬਰਾਂ, ਮੁਰਦੇ, ਭੂਤ ਪਰੇਤ, ਜਾਨਵਰ ਤੇ ਰੁਖ ਪੂਜਦੇ ਹਨ । ਅਮਲੀ, ਗੰਦੇ ਖਿਆਲ, ਗੰਦੇ ਹਾਲ ਨਾਂ ਰਜ ਕੇ ਖਾਣ ਨੂੰ ਨਾਂ ਚੰਗਾ ਪੀਣ ਨੂੰ ਤੇ ਰਹਿਣ ਨੂੰ ਤਨ ਮਨ ਦੇ ਕਾਲੇ, ਮੈਲੇ ਤੇ ਅਗਿਆਨੀ, ਰੋਗੀ ਤੇ ਝਗੜਾਲੂ, ਵਿਸ਼ਵਾਸਘਾਤੀ, ਨਿੰਦਕ, ਰਬ ਮਾਰੇ, ਦਬਾਉ ਤੇ ਮਜਬੂਰੀਆਂ ਦੇ ਮਾਰੇ ਸ਼ਰੀਰਕ ਪਰੀਸ਼ਰਮ ਕਰਦੇ ਹਨ । ਵਰਗਲਾਹਟ ਤੇ ਸਵਾਦਾਂ ਦੇ ਸ਼ਿਕਾਰ ਹੁੰਦੇ ਹਨ । ਨਰਕ ਨਿਵਾਸੀ ਸਮਝੋ ।

## ਵਾਹਿਗੁਰੂ

## ਦੀ

### Clever 2. Souls

ਪੜੇ ਲਿਖੇ, ਸਿਆਣੇ, ਚਾਲਾਕ, ਮੇਹਨਤੀ, ਮਾਇਆਧਾਰੀ ਕਾਰਾਂ ਕੋਠੀਆਂ ਕਾਰਖਾਨਿਆਂ ਤੇ ਵਡੇ ਵਡੇ ਕਾਰੋਬਾਰਾਂ ਵਾਲੇ, ਖ਼ੁਦਗਰਜ਼, ਠੱਗ, ਬਲੈਕੀਏ, ਸਮਗਲਰ, ਪੈਸ ਅਤੇ ਮਾਣ ਪਰਤਿਸ਼ਟਾ ਨੂੰ ਜ਼ਿੰਦਗੀ ਦਾ ਮਨੋਰਥ ਸਮਝਦੇ ਹਨ। ਕੁਰੱਪਟ (ਬਿਉਪਾਰੀ, ਸਿਆਸੀ ਲੋਕ, ਤੇ ਸਰਕਾਰੀ ਕਰਮਚਾਰੀ) ਹੁੰਦੇ ਹਨ, ਲਾਲਚੀ ਡਾਕਟਰ, ਇੰਜਨੀਅਰ, ਪਰੋਫੈਸਰ ਆਦਿ ਇਸ ਸ਼ਰੇਣੀ ਵਿਚ ਆਉਂਦੇ ਹਨ। ਆਪਣੇ ਫਾਇਦਿਆਂ ਲਈ ਮੂਰਖਾਂ ਨੂੰ ਉਭਾਰ ਕੇ ਧਰਮ, ਦਸ਼ ਅਤੇ ਤਰੱਕੀ ਦੇ ਨਾਮ ਉਤ ਲੜਾਉਂਦੇ। ਮੂਰਖਾਂ ਦੀ ਮੂਰਖਤਾ ਦਾ ਨਜਾਇਜ਼ ਫਾਇਦਾ ਲੈਂਦੇ, ਲੁਟ ਲੁਟ ਖਾਂਦੇ, ਰਾਜ ਕਰਦੇ ਹਨ, ਮੌਜਾਂ ਮਾਣਦੇ ਹਨ।

# ਪਛਾਣ ਦਾ

## Cunning 3 Souls

ਅਖੌਤੀ ਭਗਤ, ਰਟੂਰਾਮ, ਕਮਜ਼ੋਰ, ਡਰਾਕਲ ਲੋਕ ਸ਼ਜਬੂਰੀ ਨੂੰ ਸ਼ਰੀਫ ਬਣ ਫਿਰਦੇ ਹਨ। ਮੀਸਣੇ, ਮੂੰਹੋਂ ਮਿਠੇ, ਢਿਡੋਂ ਖੋਟੇ, ਬਗਲੇ, ਲੂੰਬੜ, ਸੁਖ ਰਹਿਣੇਂ, ਨਾਂ ਮਾਇਆ ਨਾ ਰਬ। ਕਿਸੇ ਕੰਢੇ ਨਹੀਂ, ਅਧ ਵਿਚਾਲੇ, ਵਹਿਮ ਭਰਮ ਭੀ ਕਰੀ ਜਾਂਦੇ, ਪਰਤੂ ਨਾਮ ਭੀ ਜਪੀ ਜਾਂਦੇ। ਬੁਰਿਆਈ ਭੀ ਕਰ ਲੈਂਦੇ, ਪਰੰਤੂ ਚੰਗਿਆਈ ਵੀ ਹੁੰਦੀ ਹੈ। ਆਮ ਤੌਰ ਤੇ ਗੁਰਦੁਆਰੇ, ਮੰਦਰਾਂ, ਅਤੇ ਸ਼ਰਧਾਲੂਆ ਦੇ ਟੁਕੜਿਆਂ ਤੇ ਪਲਦੇ ਹਨ, ਸਮਾਜ ਵਿਚ ਕਈ ਪਰਕਾਰ ਦੇ ਡੰਭ ਖਿਲਾਰੀ ਬੈਠੇ ਹਨ। ਸਚਾਈ ਨੂੰ ਪਾਉਣ ਦੀ ਕੋਸ਼ਿਸ਼ ਵੀ ਕਰਦੇ ਹਨ ਪਰੰਤੂ ਲਛਮੀਂ ਜੀਉਂਦੀ (ਇਸਤਰੀ) ਤੇ ਮੁਰਦਾ, (ਪੈਸਾ) ਵੀ ਬਟੋਰ ਲੈਂਦੇ ਹਨ, ਆਪਣੇ ਪਰੇਮੀਆਂ ਨੂੰ ਬਲੈਕ ਮੇਲ ਕਰਦੇ ਹਨ। ਹਰਫਨ ਮੌਲਾ ਲੋਕ ਹੁੰਦੇ ਹਨ, ਗੋਲ ਮੋਲ ਚਿਕਨੀਆਂ ਚੁਪੜੀਆਂ ਗਲਾ ਕਰਕੇ ਭਰਮਾਉਂਦੇ, ਵਰ ਸਰਾਫਾਂ ਦੇ ਡਰ ਨਾਲ ਜਕੜ ਕੇ ਰਖਦੇ, ਜਗਿਆਸੂਆਂ ਅਤੇ ਉਹਨਾਂ ਦੇ (ਬਚਿਆ ਅਤੇ ਰਿਸ਼ਤੇਦਾਰਾਂ) ਨੂੰ ਉਮਰਾਂ ਲਈ ਲੁਟ ਲੁਟ ਖਾਂਦੇ ਹਨ।

CUNNING SOULS

# ਚਾਰਟ

Enlightened    4    SOULS

ਗੁਰੂ, ਸੰਤ, ਭਗਤ, ਗੁਰਮੁਖ ਹੁੰਦੇ ਹਨ। ਇਹਨਾਂ ਨੇ ਜੀਵਨ ਸਚਾਈ, ਵਾਹਿਗੁਰੂ, Soul Divine light ਦਾ ਦੀਦਾਰ ਪਾਇਆ ਹੁੰਦਾ ਹੈ ਅਤੇ ਆਤਮਾ ਦੇ ਗਿਆਨਵਾਨ ਹੁੰਦੇ ਹਨ। ਰਬ ਰੂਪ ਇਨਸਾਨ, ਪਵਿਤਰ ਰੂਹਾਂ, ਘਰਾਂ ਵਿਚ ਬਾਲ ਬਚਿਆਂ ਸਮੇਤ, ਸਚਾ ਸੁਚਾ ਕਾਰੋਬਾਰ ਕਰਕੇ, ਸਤਿ, ਸੰਤੋਖ, ਦਯਾ, ਧਰਮ, ਧੀਰਜ, ਨੇਕੀ, ਸਚਾਈ, ਈਮਾਨਦਾਰੀ, ਦਿਆਨਤਦਾਰੀ, ਸਾਫਗੋਇਹੀ, ਨਿਮਰਤਾ ਸੁਕ੍ਰਿਤ ਸੇਵਾ ਤੇ ਕੁਰਬਾਨੀ ਵਾਲਾ ਜੀਵਨ ਬਤੀਤ ਕਰਦੇ ਹਨ। ਅਕਲ, ਸਿਹਤ, ਪੈਸਾ, ਹੁਸਨ, ਇਜਤ ਮਾਣ ਸਰਖਰੂਈ ਵਾਲੇ ਪੂਰੇ Satisfied ਤੇ ਜੀਵਨ ਮੁਕਤ ਹੁੰਦੇ ਹਨ। ਬੁਰਾ ਕੁਝ ਕਰਦੇ ਹੀ ਨਹੀਂ ਤੇ ਚੰਗਾ ਕਰਨ ਲਈ ਵੀ ਅਡੀਆਂ ਚੁਕ ਕੇ ਫਾਹ ਨਹੀਂ ਲੈਂਦੇ, ਜਾਣਦੇ ਹਨ ਕਿ ਸਭ ਕੁਝ ਆਤਮਾ ਹੀ ਕਰਦਾ ਹੈ ਤੇ ਇਹ ਆਤਮਾ ਨੂੰ ਪਵਿਤਰ, ਸਚਾ ਸੁਚਾ ਤੇ ਉਚਾ ਰਖਦੇ ਹਨ। These people know the Secrets of life and way to live Successfully. God may bless the Company of such people, living Gods.

ENLIGHTENED SOULS

22.3.78 ਪਿਆਰੇ ਪਾਠਕ, ਮੇਰੇ ਸਤਿਗੁਰ ਨੇ ਪੂਰਾ ਤਾਣ ਲਾ ਕੇ ਤੈਨੂੰ ਸਮਝਾਣ ਦੀ ਕੋਸ਼ਿਸ਼ ਕੀਤੀ ਹੈ ਕਿ ਤੂੰ ਕੀ ਚੀਜ ਹੈਂ ਕਿਸ ਤਰਾਂ ਦਾ ਹੈ ਅਤੇ ਕਿਵੇਂ ਜਿੰਦਗੀ ਬਤੀਤ ਕਰਨੀ ਚਾਹੀਦੀ ਹੈ। ਵੀਰ ਤੂੰ ਆਪਣੇ ਵਾਹਿਗੁਰੂ, ਆਤਮਾ ਦਾ ਇਨਸਾਨੀ ਮੁਜ਼ਸਮਾ ਹੈ। ਤੇਰਾ ਗੁਰੂ ਤੇਰੇ ਵਿਚ ਵਸਦਾ ਹੈ। ਆਪਣੇ ਆਤਮਾ ਦੇ ਖਿਆਲਾਤ ਠੀਕ ਰਖੇਂਗਾ ਤਾਂ ਏਥੇ ਸ਼ਾਦਮਾਨੀਆਂ ਅਗੇ ਸੁਰਖਰੂ, ਬੁਰੇ ਰਖੇਂਗਾ ਤਾਂ ਏਥੇ ਪੁਲੀਸ, ਕਾਨੂੰਨ ਦੀ ਪਕੜ, ਸਮਾਜ ਦੀ ਫਿਟਕਾਰ ਅਤੇ ਘੋਰ ਨਰਕ। ਠਗੀਆਂ ਚੋਰੀਆਂ ਧਾੜਿਆਂ ਚਾਲਾਕੀਆਂ ਨਾਲ ਕਮਾਇਆ ਧਨ ਤਾਂ ਲੜਾਈਆਂ ਮੁਕਦਮੇ ਤੇ ਬੀਮਾਰੀਆਂ ਰਿਸ਼ਵਤਾਂ ਰਾਹੀਂ ਨਿਕਲ ਜਾਂਦਾ ਹੈ, ਦੇ ਜਾਂਦਾ ਹੈ ਬੁਰੀਆਂ ਗੰਦੀਆਂ ਆਦਤਾਂ ਦੇ ਖਿਆਲ ਜਿਨਾਂ ਦੀ ਬਦੌਲਤ ਅਗਲੇ ਕਈ ਜਨਮ ਅਗਿਆਨਤਾ ਅਤੇ Dull Soul ਦੀ ਹੈਸੀਅਤ ਵਿਚ ਕਟਣੇ ਪੈਂਦੇ ਹਨ। ਜਮਾਂ ਦੇ ਧਕੇ ਧੁਸੇ ਖਾਣੇ ਪੈਂਦੇ ਹਨ। ਰੀਤੇ ਭਰੇ ਭਰੇ ਸਖਨਾਵੈ ਯਹਿ ਤਾਕੋ ਬਿਵਹਾਰੋ। ਨੀਚੋਂ ਊਚ ਕਰੇ ਮੇਰਾ ਗੋਬਿੰਦ ਕਾਹੂ ਤੇ ਨਾਂ ਡਰੇ। ਨਾਰੀ ਤੇ ਜੋ ਪੁਰਖ ਕਰਾਵੇ ਪੁਰਖਨ ਤੇ ਨਾਰੀ। ਇਹ ਹੈ ਤੇਰੇ ਵਿਚ ਬੈਠੇ ਤੇਰੇ Soul ਦਾ ਕੰਮ, ਪਰੰਤੂ ਇਹਦਾ ਇਹ ਮਤਲਬ ਨਹੀਂ ਕਿ ਦਿਲ ਦਿਮਾਗ ਤਥਾ ਹਥ ਪੈਰ ਦੇ ਹੁੰਦਿਆਂ ਤੂੰ ਕਹੇਂ ਕਿ ਸਭ ਰਬ ਕਰੇਗਾ। ਆਪ ਹਥ ਤੇ ਹਥ ਧਰ ਕੇ, ਕਿਸੇ ਬਾਹਰਲੇ ਵਾਹਿਗੁਰੂ ਉਤੇ ਡੋਰੀ ਸੁਟੀ ਨਗੋਲਿਆਂ ਆਲਸੀਆਂ ਵਾਂਗ ਪਿਆ ਰਹੇ ਤੇ ਭੁਖ ਦੁਖ ਸਹਿੰਦਾ ਰਹੇ। ਇਹ ਹਥ ਪੈਰ ਦਿਲ ਦਿਮਾਗ ਤੇਰੇ ਵਾਹਿਗੁਰੂ ਨੇ ਤੇਰੇ ਵਰਤਣ ਵਾਸਤੇ ਸ਼ਕਤੀਆਂ ਦਿਤੀਆਂ ਹਨ ਉਠ ਹਿੰਮਤ ਕਰ, ਸੋਚ ਵਿਚਾਰ ਕੇ ਇਨ੍ਹਾਂ ਦੀ ਵਰਤੋਂ ਕਰਕੇ ਧਨ ਕਮਾ ਅਤੇ ਰਜ ਕੇ ਖਾਹ। ਆਪ ਸੁਖੀ ਜੀਵਨ ਬਤੀਤ ਕਰ ਅਤੇ ਤੇਰਾ ਸਮਾਜ ਸ਼ਕਤੀ ਸ਼ਾਲੀ ਬਣੇ। ਧਨ ਦੀ ਕਮਾਈ ਬੁਰੇ ਤਰੀਕਿਆਂ ਨਾਲ ਕਰਨੀ ਵਿਵਰਜਤ ਹੈ ਪਰੰਤੂ ਚੰਗੇ ਦਰੁਸਤ ਤਰੀਕਿਆ ਨਾਲ ਕਮਾਈ ਕਰਨੀ ਤਾਂ ਮਨ੍ਹਾਂ ਨਹੀਂ। ਗੁਰਮੁਖ ਬਣ ਕੇ ਜੀਵਨ ਬਤੀਤ ਕਰ। ਨੇਕ ਇਨਸਾਨਾਂ ਵਾਂਗੂੰ ਸੋਹਣਾ ਕਮਾ, ਖਾਹ ਤੇ ਰਬ ਨੂੰ ਯਾਦ ਰਖ। ਐਥੇ ਸਵਰਗ ਮਾਣ

ਅਗੇ ਪਰਮਗਤੀ ਪਾ। ਮਰ ਕੇ ਮੁੜ ਜਨਮ ਲੈਣ ਦਾ ਖਿਆਲ ਦਿਲੋਂ ਕੱਢ ਛਡ। ਜੋ ਵੀ ਕਰ ਰਿਹਾ ਹੈ ਇਹੋ ਹੀ ਤੇਰਾ ਕੰਮ ਹੈ। ਏਸੇ ਨੂੰ ਸਚੇ ਸੁਚੇ ਢੰਗ ਨਾਲ ਕਰਨ ਵਿਚ ਤਰੱਕੀ ਹੈ ਅਤੇ ਵਾਹਿਗੁਰੂ ਨੂੰ ਯਾਦ ਕਰਨ ਵਿਚ ਕਲਿਆਣ ਹੈ। ਵਾਹਿਗੁਰੂ ਦੇ ਦਰਸ਼ਨ ਹੋ ਜਾਂਦੇ ਹਨ ਅਤੇ ਪਤਾਂ ਲਗ ਜਾਂਦਾ ਹੈ ਕਿ ਮੇਰਾ ਵਾਹਿਗੁਰੂ ਮੇਰੇ ਅੰਦਰ ਆਤਮਾ ਰੂਪ ਵਿਚ ਵਸਦਾ ਹੈ ਭਾਵ ਮੈਂ ਹੀ ਵਾਹਿਗੁਰੂ ਹਾਂ। ਮੇਰਾ ਸੋਚਿਆ ਸਮਝਿਆਂ ਤੇ ਕੀਤਾ ਕਤਰਿਆ ਹੀ ਹੁੰਦਾ ਹੈ। ਮੈਂ ਸਭ ਕੁਝ ਕਰਨ ਦੇ ਸਮਰਥ ਹਾਂ। ਜਿਥੇ ਕਿਧਰੇ ਵੀ ਸੁਚੇਤ ਅਤੇ ਚਿਤੰਨ ਆਤਮਾ ਨੇ ਹਥ ਪਾਇਆ, ਦਿਲ ਦਿਮਾਗ ਲਾਇਆ ਉਥੇ ਹੀ ਲਹਿਰਾਂ ਬਹਿਰਾਂ ਹੋਈਆਂ। ਸੁਚੇਤ ਆਤਮਾਵਾਂ ਨੇ ਦੁਨੀਆਂ ਸਵਰਗ ਬਣਾ ਦਿਤੀ। ਸਭ ਸਾਇੰਸੀ ਤਰੱਕੀਆਂ ਸੁਚੇਤ ਆਤਮਾਵਾਂ ਦੀ ਮਿਹਨਤ ਦਾ ਨਤੀਜਾ ਹਨ। ਤੈਨੂੰ ਵੀ ਸੁਚੇਤ ਬਣ ਕੇ ਆਪਣਾ ਹਿਸਾ ਪਾਉਣਾ ਚਾਹੀਦਾ ਹੈ। ਜੇ ਤੂੰ ਸਿਆਸੀ ਲੀਡਰ ਹੈ ਤਾਂ ਐਸਾ ਰਾਜ ਪਰਬੰਧ ਕਰਨ ਾਚਾਹੀਦਾ ਹੈ ਕਿ ਜਿਸ ਵਿਚ ਅਨ ਧਨ ਤਾਲੀਮ ਕੰਮ ਹਰ ਵਿਅਕਤੀ ਨੂੰ ਪਰਦਾਨ ਹੋਵੇ। ਬਰਾਏ ਕਰਮ ਸੋਚ ਕੀ ਤੂੰ ਆਪਣਾ ਫਰਜ ਨਿਭਾ ਰਿਹਾ ਹੈਂ। ਆਪਣੇ ਅਤੇ ਆਪਣੇ ਰਿਸ਼ਤੇਦਾਰਾਂ ਤਥਾ ਪਾਰਟੀਆਂ ਦੇ ਘਰ ਭਰਨ ਵਾਲਿਆਂ, ਸਤਿਗੁਰ ਬਹੁਤ ਹੀ ਡਾਢਾ ਹੈ ਈ। ਵੇਖੀਂ ਉਮਰਾਂ ਭਰ ਲਈ ਮਾਰਿਆ ਨਾ ਜਾਵੀਂ। ਉਚੇ ਅਸਮਾਨ ਤੋਂ ਡਿਗਿਉਂ ਤਾਂ ਰਸਾਤਲ ਨੂੰ ਹੀ ਜਾਵੇਂਗਾ। ਕੁੰਭੀ ਨਰਕ ਭੋਗਦੇ ਦੇ ਕਿਸੇ ਗਲੇਡੂ ਨਹੀਂ ਪੂੰਝਣੇਂ। ਸਿਆਣਾਂ ਬਣ ਖਲਕ ਖ਼ੁਦਾਈ ਨੂੰ ਰਬ ਦਾ ਰੂਪ ਜਾਣ ਕੇ ਸੇਵਾ ਕਰ, ਫਰਜ ਨਿਭਾ ਤੇ ਵਡਿਆਈ ਮਾਣ। ਜੋਰ ਜੋਰੀ ਬਿਪਤਸਮੇਂ ਦੇਣੇਂ, ਕਲਮੇਂ ਪੜ੍ਹਾਉਣੇ ਮੁਤਸਬ ਤੇ ਨਫਰਤ ਫੈਲਾਉਣਾ ਹੈ। ਗੁਰੂ ਦੀ ਸੇਵਾ ਨਹੀਂ। ਜੇ ਗੁਰੂ ਦੀ ਸੇਵਾ ਕਰਨੀ ਚਾਹੁੰਦਾ ਹੈਂ ਤਾਂ ਪਹਿਲਾਂ ਆਪ ਗੁਰੂ ਦੀ ਤਾਲੀਮ ਨੂੰ ਸਮਝ, ਅਪਨਾ ਤੇ ਫਰ ਫੈਲਾ। ਤੇਰੇ ਗੁਰੂ ਨੇ ਭਾਵੇਂ ਉਹ ਗੌਤਮ, ਰਾਮ, ਕਿਸ਼ਨ, ਜੀਸਸ, ਮੁਹੰਮਦ ਯਾਂ ਨਾਨਕ ਹੋਵੇ, ਤੈਨੂੰ ਇਨਸਾਨੀਅਤ ਸਿਖਲਾਈ ਹੈ। ਪਰੰਤੂ ਤੂੰ ਇਨਸਾਨਾਂ ਨੂੰ ਲੁਟ ਲੁਟ

ਖਾਂਦਾ ਹੈਂ । ਇਨਸਾਨ ਇਨਸਾਨ ਵਿਚ ਵਿਤਕਰਾ ਤੇ ਨਫਰਤ ਭਰਦਾ ਹੈ । ਥੋੜ੍ਹ ਦਿਲੇ ਮੂਰਖਾਂ ਵਾਲੀ ਕਾਰ ਗਜਾਰੀ ਛਡ । ਵਿਸ਼ਾਲ ਦਿਲ ਦਾ ਮਾਲਕ ਬਣ, ਸੋਚ ਵਿਚਾਰ ਕੇ ਤਕੜਾ ਹੋ ਕੇ ਕੰਮ ਕਰ । ਨੇਕ ਨੀਤੀ ਅਤੇ ਰਾਸਤਗੀ ਉਤੇ ਚਲ ਕੇ ਧਨ ਕਮਾ, ਆਪ ਖਾਹ ਤੇ ਹੋਰਨਾਂ ਨੂੰ ਰੁਜਗਾਰ ਅਤੇ ਕਮਾਈ ਦੇ ਮੌਕੇ ਪਰਦਾਨ ਕਰ । ਵੇਖ ਪਤਵੰਤੇ ਗੁਰਮੁਖਾਂ ਨੇ ਬਿਜਲੀ, ਰੇਡੀਓ, T.V., ਕਾਰਾਂ, ਹਵਾਈ ਜਹਾਜ਼, ਸਮੁੰਦਰੀ ਜਹਾਜ, ਟੈਲੀਫੂਨ, ਰਾਕਟ, ਐਟਮ ਤਥਾ ਦਵਾਈਆਂ ਦੀ ਖੋਜ ਕਰਕੇ, ਖਲਕ ਖੁਦਾ ਦੀ ਕਿੰਨੀ ਸੇਵਾ ਕੀਤੀ ਹੈ । ਇਕ ਤੂੰ ਹੈ ਕਿ ਆਪਣੀ ਖੁਦਗਰਜ਼ੀ ਤੋਂ ਉਪਰ ਹੀ ਨਹੀਂ ਉਠਿਆ ਸਭ ਕੁਝ ਕਾਫੀ ਹੁੰਦਿਆ ਸੁੰਦਿਆਂ ਜ਼ਮਾਨੇ ਭਰਦਾ ਖੋਹ ਖਿੰਝ ਕੇ ਘਰ ਭਰ ਲੈਣਾ ਚਾਹੁੰਦਾ ਹੈ । ਰਜ ਹੀ ਨਹੀਂ ਆਉਂਦਾ । ਸਬਰ ਸ਼ੁਕਰ ਦਾ ਚੇਤਾ ਹੀ ਨਹੀਂ ਹੈ ਕਿ ਇਹ ਵੀ ਕੋਈ ਚੀਜ਼ ਹੁੰਦੇ ਹਨ । ਯਾਦ ਰਖ ਬਿਨ ਸੰਤੋਖ ਨਹੀਂ ਕੋਊ ਰਾਜੇ । ਵੀਰ ਸਹਿਜ ਅਵਸਥਾ ਦਾ ਧਾਰਨੀ ਬਣ । ਸਬਰ ਸ਼ੁਕਰ ਵਿਚ ਆਰਾਮ ਚੈਨ ਨਾਲ ਟਿਕ ਕੇ ਸੋਹਣਾ ਸਚਾ ਸੁਚਾ ਜੀਵਨ ਬਤੀਤ ਕਰ । ਖੂਬ ਕਮਾ ਤੇ ਰਜ ਕੇ ਖਾਹ, ਆਪ ਸੁਖੀ ਰਹੁ ਹੋਰਨਾ ਨੂੰ ਸੁਖ ਮਾਨਣ ਦੇਹ । ਆਪਣ ਸਤਿਗੁਰ ਦੀ ਤਾਲੀਮ ਨੂੰ ਯਾਦ ਰਖ ਤੇ ਵਰਤੋਂ ਵਿਚ ਲਿਆ ਕ ਧਰਤੀ ਨੂੰ ਸਵਰਗ ਬਣਾ ।

God may bless you. With peace and happiness. You are in heaven.

2.3.79 ਵਾਹਿਗੁਰੂ ਇਕ Spirit ਹੈ ਰੂਹ ਹੈ Soul ਹੈ । ਧੁੰਦ ਵਰਗਾ ਨੂਰ ਜਿਹਾ । ਉਹ Soul ਹੋ ਕੇ ਹੀ ਹਰ ਚੀਜ਼ ਵਿਚ ਵਸਦਾ ਹੈ । ਸਭ ਤੋ ਚੇਤੰਨ Soul ਆਦਮੀ ਆਪ ਹੈ । ਸਭ ਕੁਝ ਚੰਗਾ ਮਾੜਾ ਇਸ Soul ਦਾ ਕੀਤਾ ਹੁੰਦਾ ਹੈ । Soul ਦੇ ਗੁਣਾਂ ਕਰਕੇ ਹੀ ਕਈ ਠੋਸ ਹਨ, ਤਰਲ ਹਨ, ਗੈਸ ਹਨ, ਦਰਖਤ ਪੌਦੇ, ਜੀਵ ਜੰਤੂ ਤੇ ਆਦਮੀ ਹਨ । ਜੇ ਤਾਂ ਆਦਮੀ ਵਿਚਲੇ Soul, ਰੂਹ ਦੇ ਖਿਆਲਾਤ ਚੰਗੇ ਤਾਂ ਉਹਦੇ ਕੰਮ ਚੰਗੇ ਅਤੇ ਸੁਖ ਪਰੰਤੂ ਜੇ ਖਿਆਲਾਤ ਗੰਦੇ ਤਾਂ ਕੰਮ ਭੈੜੇ

ਅਤੇ ਦੁਖ ਮੁਸੀਬਤਾਂ। ਇਹ ਮਰਦਾ ਮਿਟਦਾ ਨਹੀਂ ਸਦੀਵੀ ਰਹਿੰਦਾ ਹੈ। ਯਾਂ ਤਾਂ ਆਮ ਰੂਹਾਂ ਵਾਂਗੂੰ ਜੂਨਾਂ ਵਿਚ ਭਟਕਦਾ ਫਿਰੇ ਯਾ ਮੁਕਤ ਹੋ ਕੇ ਵਾਹਿਗੁਰੂ ਦਾ ਵਾਹਿਗੁਰੂ ਹੀ ਬਣਿਆ ਰਹੇ ਸੁਖ ਚੈਨ ਅਨੰਦ ਵਿਚ ਰਹੇ। ਵਾਹਿਗੁਰੂ ਬਣਨ ਲਈ, ਸਹਿਜ ਅਵਸਥਾ ਦਾ ਸੁਖ ਚੈਨ ਅਤੇ ਆਨੰਦ ਮਾਨਣ ਲਈ ਨਾਮ ਜਪਣਾ, ਧਿਆਉਣਾ ਅਤੇ ਚੇਤੇ ਵਿਚ ਰਖਣਾ ਜਰੂਰੀ ਹੈ। ਅਜਪਾ ਜਾਪ ਰਾਹੀਂ ਸਹਿਜ ਧਿਆਨੀ ਹ ਕੇ ਜੈਸਾ ਸਿਮਰੇ ਤੈਸਾ ਹੋਇ ਹੋ ਜਾਈਦਾ ਹੈ। ਵਾਹਿਗੁਰੂ ਹੋ ਜਾਈਦਾ ਹੈ, ਦਰਸ਼ਨ ਗਾਰੰਟੀ ਹਨ। ਗਿਆਨ, ਸੂਝ ਬੂਝ ਤੇ ਅਨੁਭਵ ਦਾ ਪਤਾ ਹੈ, ਯਕੀਨ ਦੀ ਪਰੋੜਤਾ ਹੈ ਨਾਂ ਦਰਸ਼ਨਾਂ ਬਿਨਾਂ ਪਕਿਆ ੀ ਹੈ ਤੇ ਨਾ ਦਰਸ਼ਨ ਦੇ ਗਿਆਨ ਬਿਨਾਂ ਯਕੀਨ ਬਝਦਾ ਹੈ। ਬੰਦਾ ਆਪ ਹੀ ਆਪਣੇ ਪ੍ਰਮਾਤਮਾ ਦੀ ਇਨਸਾਨੀ ਤਸਵੀਰ ਹੈ। ਕਦ ਕਾਠ, ਰੰਗ ਢੰਗ, ਮੋਟਾ ਪਤਲਾ ਸਭਿ ਅੰਦਰਲੇ Soul ਆਤਮਾ ਉਤੇ ਨਿਰਭਰ ਹਨ। ਤੂੰ ਆਪ ਹੀ ਰਬ ਦਾ ਇਨਸਾਨੀ ਸਰੂਪ ਹੈ ਤੇਰਾ ਸੋਚਿਆ ਵਿਚਾਰਿਆ ਤੇ ਕੀਤਾ ਹੀ ਹੁੰਦਾ ਹੈ। ਅਜ ਦੀ ਸੋਚੀ ਗਲ ਪੰਜ ਦਸ ਸਾਲ ਵਿਚ ਅਸਲੀ ਰੂਪ ਧਾਰਨ ਕਰ ਜਾਂਦੀ ਹੈ ਪਵਿਤਰ ਆਤਮਾਂ ਦੀਆਂ ਮਨੋ-ਕਾਮਨਾਵਾਂ ਛੇਤੀ ਪੂਰੀਆਂ ਹੁੰਦੀਆਂ ਹਨ ਅਪਵਿਤਰ ਜਿੰਦਗੀ ਭਰ ਤਰਸਦੇ ਰਹਿੰਦੇ ਹਨ। ਸਭਿ ਰੂਹ ਦਾ ਕਰਾਇਆ ਹੀ ਹੁੰਦਾ ਹੈ ਕੁਛ ਪੁਨ ਨਹੀਂ ਕੁਛ ਪਾਪ ਨਹੀਂ ਜਿਵੇਂ ਵਾਹਿਗੁਰੂ ਪਰੇਰਦਾ ਹੈ ਤਿਵੇਂ ਤੂੰ ਕਰੀ ਜਾਂਦਾਂ ਹੈਂ ਆਪਣ ਮਾੜੇ ਚੰਗੇ ਦਾ ਆਪ ਹੀ ਖਮਿਆਜ਼ਾ ਭੁਗਤਦਾ ਫਿਰਦਾ ਹੈਂ। ਤੂਹੀਓਂ ਹੀ ਇਨਸਾਨੀ ਰੂਪ ਵਿਚ ਰਬ ਹੈਂ ਰਬ ਬਣ ਕੇ ਰਹੇਂਗਾ ਤਾਂ ਸੁਖ ਮਾਣੇਂਗਾ ਵਰਨਾ ਜੈਸੇ ਖਿਆਲ ਵੈਸੀ ਹਾਲਤ ਹੁੰਦੀ ਫਿਰੇਗੀ, ਭੌਂਦਾ ਫਿਰੇਂਗਾ ਤੇ ਮਰਦਾ ਜਮਦਾ ਫਿਰੇਂਗਾ। ਆਤਮਾ Soul ਵਾਹਿਗੁਰੂ ਪ੍ਰਮਾਤਮਾਂ ਦਾ ਰੂਹ ਦਾ ਚੇਤਾ ਧਿਆਨ ਖਿਆਲ ਰਖੇ ਬਿਨਾਂ ਤੂੰ ਰੂਹ ਦਾ ਰੂਹ ਬਣ ਕੇ ਨਹੀ ਰਹਿ ਸਕਦਾ, ਤੇਰੇ ਹੋਰ ਖਿਆਲ ਤੈਨੂੰ ਭਜਾਈ ਫਿਰਨਗੇ ਇਸ ਵਾਸਤੇ ਨਾਮ ਜਪਣਾ

ਭਾਵ ਰੂਹ ਬਾਰੇ ਚੇਤਾ ਤੇ ਚਿਤੰਨ ਕੀਤੇ ਤੋਂ ਬਿਨਾਂ ਮੁਕਤ ਦਾ ਹੋਰ ਕੋਈ ਰਾਸਤਾ ਹੈ ਹੀ ਨਹੀਂ ।

Salvation is in rememberance of God.

15.12.81

18.2.81 ਨਾਮ ਜਪਣ ਬਿਨ ਗੁਜ਼ਾਰਾ ਨਹੀਂ ਛੁਟਕਾਰਾ ਨਹੀਂ ਪਰੰਤੂ ਇਸ ਦੇ ਜਪਣ ਦੀਆਂ ਚਾਰ ਹਾਲਤਾਂ Forms ਹਨ ।

1. ਜ਼ਬਾਨ ਨਾਲ ਵਾਹਿਗੁਰੂ ਕਰਨਾ, ਜ਼ਬਾਨ ਥਕ ਜਾਵੇਂ ਤਾਂ ਸਵਾਸਾਂ ਨਾਲ ਅੰਦਰ ਬਾਹਰ ਆਉਂਦਿਆ ਵਾਗਿਗੁਰੂ । ਇਕ ਸਵਾਸ ਨਾਲ ਇਕ ਵਾਰ ਵਾਹਿਗੁਰੂ ਜਿਸ ਵਿਚ ਸਵਾਸ ਦਾ ਅੰਦਰ ਆਉਣਾ ਕੇ ਬਾਹਰ ਜਾਣਾ ਦੋਵੇਂ ਸ਼ਾਮਲ ਹਨ । ਇਸ ਤਰੀਕੇ ਥਕ ਜਾਈਏ ਤਾਂ ਦਿਲ ਦੀ ਧੜਕਨ ਨੂੰ ਵਾਹਿਗੁਰੂ ਵਾਹਿਗੁਰੂ ਕਹਿੰਦੀ ਸਮਝਣਾ । ਇਹ ਤਿੰਨੇ ਹਾਲਤਾਂ ਇਕ ਜਪਣ ਦੇ ਹੀ ਸੂਚਕ ਹਨ ਪਰੰਤੂ ਬਣਦਾ ਫਰ ਵੀ ਕੁਝ ਨਹੀਂ ਬੰਦੇ ਦੀ ਹਾਲਤ ਵਿਚ ਮਾਮੂਲੀ ਜਿਹਾ ਸੁਧਾਰ ਹੀ ਹੁੰਦਾ ਹੈ । ਦੁਨਿਆਵੀ ਧੰਦਿਆ ਵਲੋਂ ਖਿਆਲ ਭੁਲ ਜਾਂਦੇ ਹਨ । ਵੇਹਲੜਾਂ ਲਈ ਤਾਂ ਠੀਕ ਹੈ ਪਰੰਤੂ ਅਜ ਕਲ ਦੇ ਮਸ਼ੀਨੀ ਯੁਗ ਵਿਚ ਬਹੁਤ ਹਾਨੀ ਕਾਰਕ ਹੈ ।

2. ਦੂਜਾ ਤਰੀਕਾ ਆਹ ਜਿਹੜਾ ਮੈਂ ਦਸ ਰਿਹਾ ਹਾਂ ਇਹ ਪਹਿਲੇ ਨਾਲੋਂ ਬਹੁਤ ਅਛਾ ਹੈ ਇਹ ਹੈ ਕਿ ਮੈਂ ਵਾਹਿਗੁਰੂ ਵਾਹਿਗੁਰੂ ਤਾਂ ਕਰ ਰਿਹਾ ਹਾਂ ਆਖਰ ਵਾਹਿਗੁਰੂ ਹੈ ਕੀ ਚੀਜ਼ । ਏਥੇ ਖੋਜ਼ ਪੜਤਾਲ ਢੂੰਡ ਭਾਲ ਸ਼ੁਰੂ ਹੁੰਦੀ ਹੈ । ਇਹੋ ਹੀ ਉਹ ਹਾਲਤ ਹੈ ਜਦੋਂ ਬੰਦਾ ਸੰਤਾਂ ਭਗਤਾਂ ਪਾਸ ਭਜ ਭਜ ਜਾਂਦਾ ਹੈ । ਸੰਤਾਂ ਦੇ ਪਹਿਰਾਵ ਗੁਰੂ ਡੰਡੀਆਂ ਦੀ ਲਪੇਟ ਵਿਚ ਆ ਜਾਂਦਾ ਹੈ ਤੇ ਉਮਰ ਭਰ ਲਈ ਬਲੈਕ ਮੇਲ ਕੀਤਾ ਜਾਦਾ ਹੈ । ਇਥੋਂ ਤਕ ਕਿ ਡੰਭੀ ਉਹਦੇ ਬਾਲ ਬਚੇ ਤੇ ਵੀ ਕਾਠੀ ਪਾ ਲੈਂਦੇ ਹਨ ਤੇ

ਲੁਟ ਲੁਟ ਖਾਂਦੇ ਹਨ। ਪਰੰਤੂ ਕੁਝ ਸੁਭਾਗੇ ਗੁਰਬਾਨੀ ਵਲੇ ਲਗਦੇ ਹਨ ਤੇ ਗੁਰੂ ਗਰੰਥ ਸਾਹਿਬ ਵਿਚੋਂ ਪੜ੍ਹਦੇ ਹਨ ਕਿ ਗੁਰੂ ਵਾਹਿਗੁਰੂ ਕੀ ਚੀਜ਼ ਹੈ। ਕਬੀਰ, ਨਾਮਦੇਵ, ਨਾਨਕ ਦੇਵ ਰਵਿਦਾਸ ਤੇ ਹੋਰ 10 ਗੁਰੂ ਸਾਹਿਬਾਨ ਤੋਂ ਸਿਖਦੇ ਸਮਝਦੇ ਹਨ ਕਿ ਰਬ ਕੀ ਸ਼ੈ ਹੈ ਕਿਥੇ ਹੈ ਕਿਸ ਤਰਾਂ ਦਾ ਹੈ ਤੇ ਕਿਵੇਂ ਕੰਮ ਚਲਾਉਂਦਾ ਹੈ। ਇਸ ਸਟੇਜ ਦੇ ਅਖੀਰ ਤੇ ਗੁਰੂ ਦੇ ਦਰਸ਼ਨ ਹੋ ਜਾਂਦੇ ਹਨ। ਵਾਹਿਗੁਰੂ ਹੀ ਜਗਿਆਸੂ ਦੇ ਗੁਰੂ ਦਾ ਰੂਪ ਧਾਰ ਕੇ ਮਿਲਦਾ ਹੈ। ਕਬੀਰ ਵਿਚ ਵਿਸ਼ਵਾਸ ਰਖਣ ਵਾਲਿਆਂ ਨੂੰ ਕਬੀਰ ਬਣ ਕੇ ਮਿਲਦਾ ਹੈ ਨਾਨਕ ਦੇਵ ਵਿਸ਼ਵਾਸ ਵਿਚ ਰਖਣ ਵਾਲਿਆਂ ਨੂੰ ਨਾਨਕ ਦੇਵ ਹੋ ਕੇ ਮਿਲਦਾ ਹੈ। ਜਗਿਆਸੂ ਜੈਸਾ ਸਿਮਰੈ ਤੈਸਾ ਹੋਇ ਜਾਂਦਾ ਹੈ।

3. ਤੀਜੀ ਹਾਲਤ ਵਿਚ ਨਿਰਗੁਣ ਪਰਮਾਤਮਾਂ ਦੇ ਦਰਸ਼ਨ ਹੁੰਦੇ ਹਨ ਧੁੰਧ ਵਰਗਾ ਬਦਲ ਜਿਹਾ ਨੂਰ, ਸੁਤੇ ਸੁਧ ਪਰਕਾਸ਼ਮਾਨ ਰੋਸ਼ਨੀ, ਦੂਧੀਆ ਨੂਰ ਚੇਤਾ ਕਰਦਿਆਂ ਹੀ ਅਖਾਂ ਸਾਹਮਣੇ ਆ ਖਲੋਂਦਾ ਹੈ। ਚਮਕਦੀਆਂ ਅਖਾਂ ਨੂੰ ਵੀ ਦਿਸ ਪੈਂਦਾ ਹੈ ਤੇ ਅਖਾਂ ਮੀਟਣ ਤੇ ਵੀ ਮਥੇ ਵਿਚ ਚਮਕਦਾ ਦਿਸਦਾ ਹੈ। ਨੀਲਾ, ਹਰਿਆ, ਸੁਨੈਹਰੀ, ਸਫੇਦ ਰੰਗ ਸਭੇ ਨਾਰਾਇਣੇ ਜੇਤੇ ਮਨ ਭਾਵੰਨ ਵਰ੍ਹਿਆ ਬਧੀ ਦਿਸਦਾ ਰਹਿੰਦਾ ਹੈ। ਹੁਣ ਉਸ ਨੂੰ ਵਾਹਿਗੁਰੂ ਕਹਿਣਾ ਮੰਨਣਾ ਤੇ ਦੇਖਦੇ ਰਹਿਣਾਂ ਨਾਮ ਜਪਣਾ ਹੈ ਪਰੰਤੂ ਗਲ ਅਜੇ ਵੀ ਖਤਰਨਾਕ ਹੈ। ਮਸ਼ੀਨੀ ਯੁਗ ਵਿਚ ਉਹਨੂੰ ਹਰ ਘੜੀ ਵੇਖਦੇ ਰਹਿਣ ਨਾਲ ਹਾਦਸੇ ਹੋ ਜਾਂਦੇ ਹਨ।

4. ਚੌਥਾ ਤਰੀਕਾ ਨਾਮ ਜਪਣ ਦਾ ਸਭ ਤੋਂ ਉਤਮ ਹੈ ਅਤੇ ਮੈਨੂੰ ਆਪਣੇ ਤਜਰਬੇ ਵਿਚ ਇਹੋ ਹੀ ਚੰਗਾ ਲਗਾ ਹੈ ਇਹਦਾ ਜ਼ਿਕਰ ਗੁਰੂ ਗਰੰਥ ਸਾਹਿਬ ਵਿਚ ਵੀ ਹੈ। ਲਭਣ ਵਾਲੇ ਖੋਜੀਆਂ ਨੂੰ ਤੇ ਲਭ ਪੈਂਦਾ ਹੈ ਮੂਰਖ ਝਗੜਦੇ ਹੀ ਰਹਿ ਜਾਂਦੇ ਹਨ। ਉਹ ਇਹ ਹੈ ਕਿ ਉਹ ਨੂਰ ਜਿਸਦੇ ਤੁਸਾਂ ਦਰਸ਼ਨ

ਪਾਏ ਹਨ ਤੁਹਾਡਾ ਆਪਣਾ ਆਤਾਮਾ ਹੀ ਹੈ। ਪਵਿਤਰ ਹੋ ਕੇ ਸ਼ਾਕਸ਼ਾਤ ਹੋ ਗਿਆ ਪਰਗਟ ਹੋ ਗਿਆ। ਹੁਣ ਵਾਹਿਗੁਰੂ ਤੁਹਾਡੇ ਵਿਚ ਹੀ ਵਸਦਾ ਹੈ। ਤੁਸੀਂ ਆਪ ਹੀ ਆਪਣ ਵਾਹਿਗੁਰੂ ਦਾ ਇਨਸਾਨੀ ਸਰੂਪ ਹੋ। ਆਪ ਹੀ ਮਾਨੁਖ ਰੂਪ ਵਿਚ ਵਾਹਿਗੁਰੂ ਹੈ। ਆਪਣੇ ਆਪਣੇ ਆਪ ਨੂੰ ਰਬ ਸਮਝਣਾ, Behave ਕਰਨਾ ਤੇ ਉਸੇ ਤਰ੍ਹਾਂ ਵਰਤਣਾ ਵਾਹਿਗੁਰੂ ਦੀ ਸਿਖਰ ਭਗਤੀ ਹੈ। ਕਰਿਸ਼ਨ ਜੀ ਨੇ ਵੀ ਏਸੇ ਗਲ ਦੀ ਸਿਖਿਆ ਦਿਤੀ ਹੈ। ਨਾਨਕ ਹਰਿ ਇਕੋ ਹੋ ਜਾਂਦਾ ਹੈ। ਬੰਦਾ ਆਪ ਹੀ ਰਬ ਬਣ ਜਾਂਦਾ ਹੈ। ਆਪਣੇ ਨਾਲ ਅਨੇਕ ਹੋਈਆਂ ਬੀਤੀਆਂ ਕਰਾਮਾਤਾਂ ਤੇ ਘਟਨਾਵਾਂ ਸਿਧ ਕਰਦੀਆਂ ਹਨ ਕਿ ਬੰਦਿਆ ਤੂੰ ਹੀ ਖੁਦਾ ਹੈ ਵਾਹਿਗੁਰੂ ਤੇਰੀ ਆਤਮਾ ਹੈ ਤੂ ਹੀ ਰਬ ਦਾ ਇਨਸਾਨੀ ਸਰੂਪ ਗੁਰਮਖ ਪਰਾਣੀ ਹੈਂ। ਮੇਰਾ ਤਜਰਬਾ ਏਥੇ ਖਤਮ ਹੈ ਜੋ ਮੈਂ ਲਿਖ ਦਿਤਾ ਹੈ, ਇਸ ਤੋਂ ਅਗੇ ਕੋਈ ਹੋਰ ਵਡਾ ਜਾਣਦਾ ਹੋਵੇਗਾ।

ਬਿਸ਼ਨ ਸਿੰਘ

ੴ

ਚੰਡੀਗੜ੍ਹ
27.5.81

ਪਿਆਰੇ ਬਚੋ ਦਲਬੀਰ ਤੇ ਸ਼ਵਿੰਦਰ,

ਸਤਿ ਸ੍ਰੀ ਅਕਾਲ

ਅਸੀਂ ਸਾਰਾ ਪਰਵਾਰ ਰਾਜੀ ਖੁਸ਼ੀ ਹਾਂ ਆਪ ਸਭਿ ਦੀ ਖੈਰ ਖਰੀਅਤ ਵਾਹਿਗੁਰੂ ਜੀ ਪਾਸ਼ੋਂ ਨੇਕ ਮੰਗਦੇ ਹਾਂ। ਮਹੀਨੇ ਭਰ ਤੋਂ ਕੋਈ ਚਿਠੀ ਨਹੀਂ ਆਈ। ਪੁਤਰ ਜੇ ਤੁਸੀਂ, ਮਾਂ ਬਾਪ ਦੀ ਸਿਖਿਆ ਦਾ ਹੀ ਗੁਸਾ ਕਰ ਲਿਆ ਤਾਂ ਸਿਆਣੇ ਨਹੀਂ ਹੋ ਸਕਦੇ। ਬਚੋ ਮੇਰੀ

ਇਕ ਇਕ ਗਲ ਗੁਰੂ ਗਰੰਥ ਸਾਹਿਬ ਦਾ ਨਿਚੋੜ ਹੈ ਤੁਹਾਨੂੰ ਇਹ ਗਲਾਂ ਵਡੇ ਵਡੇ ਭਗਤਾਂ ਕੋਲੋਂ ਵੀ ਨਹੀਂ ਮਿਲ ਸਕਦੀਆਂ। ਤੁਸੀਂ ਅਣਜਾਣ ਤੇ ਕਮਅਕਲ ਹੋਣ ਕਰਕੇ ਗੁਸਾ ਕਰਦੇ ਹੋ ਜੇ ਮੇਰੀਆਂ ਪੜ੍ਹ ਕੇ ਗਲਾਂ ਦਿਮਾਗ ਤੇ ਜੋਰ ਦੇ ਕੇ ਸੋਚੋਂ ਤਾਂ ਤੁਹਾਨੂੰ ਅਸਲੀਅਤ ਦਾ ਪਤਾ ਲਗੇ। ਖੈਰ ਬਚੋ ਕਾਫੀ ਉਡੀਕਣ ਦੇ ਬਾਦ ਅਜ ਮੈਂ ਫਿਰ ਦਿਲ ਦਾ ਉਬਾਲ ਕਢਣ ਲਗਾ ਹਾਂ। ਸਾਰੀ ਸ਼੍ਰਿਸ਼ਟੀ ਦੀ ਰਚਨਾਂ ਇਕ Spirit, Soul, ਆਤਮਾਂ, ਵਾਹਿਗਰੂ, God ਨੇ ਕੀਤੀ ਹੈ ਉਹ Spirit ਹੋ ਕੇ ਹੀ ਹਰ ਸ਼ੈ ਵਿਚ ਵਸਦਾ ਹੈ। ਹਵਾ, ਪਾਣੀ, ਮਿਟੀ, ਦਰਖਤ ਪੌਦੇ, ਜੀਵ ਜੰਤ, ਪੰਛੀ ਜਾਨਵਰਾਂ ਤੋਂ ਵਧ ਸਿਆਣਾ ਤੇ ਹੋਸ਼ਮੰਦ ਆਦਮ ਵਿਚ ਹੈ। ਸਗੋਂ ਸਾਡੀ ਧਰਤੀ ਉਤੇ ਉਹ ਪਰਖ ਰੂਪ ਵਿਚ ਹੀ ਪੂਰਨ ਹੁੰਦਾ ਹੈ। ਸਾਡੇ ਰੂਹ ਦੇ ਖਿਆਲਾਤ ਕਰਕੇ ਹੀ ਕਦ ਕਾਠ ਰੰਗ ਢੰਗ, ਤੇ ਕੰਮ ਕਾਰ ਆਦਿ ਵਿਚ ਫਰਕ ਹੈ ਸਿਆਣ ਰੂਹ ਮੌਜਾਂ ਮਾਣਦੇ ਹਨ ਤੇ ਮੂਰਖ ਰੂਹ ਮੰਰਦੇ ਫਿਰਦੇ ਹਨ। ਆਦਮੀ ਨੂੰ ਆਮ ਤੌਰ ਤੇ ਸਤਿ ਸੰਤੋਖ ਦਯਾ ਧ ਮ ਧੀਰਜ ਨੇਕੀ ਸਚਾਈ ਸਾਫਗੋਈ ਇਮਾਨਦਾਰੀ ਦਿਆਨਤਦਾਰੀ ਨਿਮਰਤਾ ਸੁਕ੍ਰਿਤ ਸੇਵਾ ਤੇ ਕੁਰਬਾਨੀ ਤਥਾ ਤਿਆਗ ਦੇ ਜਜ਼ਬੇ ਵਿਚ ਰਹਿਣਾ ਚਾਹੀਦਾ ਹੈ। ਇਹ ਗਲਾਂ ਨਾਮ ਜਪਣ ਤੇ ਬਾਣੀ ਦੀ ਖੋਜ ਤੋਂ ਪਤਾ ਲਗਦੀਆਂ ਹਨ। ਪਰੰਤੂ ਲੋੜ ਪਵੇ ਘਿਉ ਕਢਣ ਦੀ ਤਾਂ ਉਂਗਲੀ ਟੇਡੀ ਵੀ ਕਰ ਲਉ। ਗੁਰੂ ਗੋਬਿੰਦ ਸਿੰਘ ਜਾਣਦਾ ਹੋਇਆ ਕਿ ਮੈਂ ਗੋਬਿੰਦ ਸਿੰਘ ਹਾਂ ਉਚ ਦਾ ਪੀਰ ਕਹਿ ਕੇ ਅਖੜਾ ਦੇ ਘੇਰੇ ਵਿਚੋਂ ਨਿਕਲਿਆ ਸੀ। ਸ਼ਿਵਾ ਜੀ ਮਰਹਟਾ ਨੂੰ ਜਦ ਪਤਾ ਲਗ ਗਿਆ ਕਿ ਮੈਂ ਲੜ ਕੇ ਜਿਤ ਨਹੀਂ ਸਕਦਾ ਤਾ ਸੁਲਾਹ ਦੇ ਬਹਾਨ ਲੋਹੇ ਦਾ ਪੰਜਾ ਵੈਰੀ ਦ ਢਿਡ ਵਿਚ ਮਾਰ ਕੇ ਮਾਰਿਆ। ਕਰਿਸ਼ਨ ਭਗਵਾਨ ਨੂੰ ਜਦ ਦਿਸਿਆ ਕਿ ਧੋਖੇ ਤੇ ਚਾਲਾਕੀ ਬਿਨਾਂ ਪਾਂਡੋ ਜਿਤ ਨਹੀਂ ਸਕਦੇ ਤਾ ਚਾਲਾਕੀ ਨਾਲ ਯੁਧਿਸ਼ਟਰ ਵਰਗੇ ਕਟੜ ਸਚੇ ਤੋਂ ਅਸ਼ਸਥਾਮਾ ਹਤੋ ਅਖਵਾ ਦਿਤਾ। ਵੈਰੀ ਨੇ ਹਥਿਆਰ ਸੁਟੇ ਤੇ ਮਾਰ ਕੇ ਪਾਰ ਕੀਤਾ। ਇਸ ਲਈ ਬਚੋ ਕੁਝ ਵੀ ਪੁਨ ਯਾ ਪਾਪ ਨਹੀਂ ਅਸੀਂ ਆਤਮਾ ਹਾਂ ਤੇ ਜੋ ਮਰਜ਼ੀ ਕਰ

ਸਕਦੇ ਹਾਂ। ਪਰੰਤੂ ਮਾੜੀ ਗਲ ਨੂੰ ਬਾਰ ਬਾਰ ਕਰਨ ਨਾਲ ਉਸ ਤਰਾਂ ਦਾ ਸੁਭਾ ਬਣ ਜਾਂਦਾ ਹੈ ਤੇ ਸਾਡੀ ਰੁਚੀ ਹੀ ਮਾੜੇ ਕਰਮ ਕਰਨ ਦੀ ਬਣ ਜਾਂਦੀ ਹੈ ਤੇ ਅਸੀਂ ਉਹੋ ਜਿਹੇ ਬਣ ਜਾਂਦ ਹਾਂ। ਦਸ ਗੁਰੂ ਸਾਹਿਬਾਨ ਤ ਹੋਰ ਭਗਤਾਂ ਨੇ ਕਿਹਾ ਹੈ ਕਿ ਕਾਮ ਕਰੋਧ ਲੋਭ ਮੋਹ ਹੰਕਾਰ ਮਾੜਾ ਹੈ। ਪਰੰਤੂ ਗੁਰੂ ਨਾਨਕ ਦੇ ਦੋ ਬਚੇ ਸਨ ਤੇ ਗੁਰੂ ਗੋਬਿੰਦ ਸਿੰਘ ਦੇ ਚਾਰ। ਕੀ ਉਹ ਕਾਮ ਤੋਂ ਬਿਨਾਂ ਹੀ ਬਣ ਗਏ। ਅਸਲੀਅਤ ਇਹ ਹੈ ਕਿ ਸਦਉਪਯੋਗ ਕਿਸੇ ਗਲ ਦਾ ਭੈੜਾ ਨਹੀਂ, ਭਾਵੇਂ ਮਾੜਾ ਖਿਆਲ ਹੀ ਕਿਉਂ ਨਾ ਹੋਵੇ ਤੇ ਦੁਰਉਪਯੋਗ ਸਚ ਦਾ ਵੀ ਮਾੜਾ ਹੈ। ਜੇ ਕਰੋਧ ਨਾ ਕਰਾਂਗੇ ਤਾਂ ਮੁਲਜਮਾਂ ਨੂੰ ਡੰਡ ਕੌਣ ਦਵੇਗਾ। ਇਸ ਲਈ ਮਨੁਖਤਾ ਦਾ ਅਸੂਲ ਇਹ ਹੈ ਕਿ ਆਮ ਤੌਰ ਤੇ Rights, True Genuine, Correct ਬਣ ਕੇ ਰਹੋ ਪਰੰਤੂ ਅਤਿ ਕਠਿਨ ਸਮੇਂ ਝੂਠ ਚਾਲਾਕੀ ਵੀ ਜਾਇਜ਼ ਹੈ। ਦੁਨੀਆਂ ਜੇਤੂ ਨੂੰ ਸਲਾਮਾਂ ਕਰਦੀ ਹੈ ਜਹਾਂਗੀਰ ਨੇ ਅਰਜਨ ਦੇਵ ਵਰਗੇ ਸ਼ਰੀਫ ਆਦਮੀ ਨੂੰ ਮਰਵਾ ਦਿਤਾ, ਪਰੰਤੂ ਜੇਤੂ ਹੋਣ ਕਰਕੇ ਇਤਿਹਾਸ ਵਿਚ ਆਦਲੇ ਜਹਾਂਗੀਰ ਕਰਕੇ ਪ੍ਰਸਿਧ ਹੈ। ਮੁਦਤਾਂ ਤਕ Dictator ਰਾਜ ਕਰਦੇ ਰਹੇ, ਗੋਬਿੰਦ ਸਿੰਘ ਵਰਗਿਆਂ ਨੇ ਦੰਦ ਭੰਨੇ ਤਾਂ ਡਿਕਟੇਟਰ ਮਰੇ। ਫੇਰ ਅੰਗਰੇਜ Imperialists ਆ ਗਏ, ਅੰਗਰੇਜ਼ ਗਏ ਤਾਂ ਦੇਸੀ ਸਰਮਾਏਦਾਰ ਛਾ ਗਏ। ਹੁਣ ਵਡੇ ਵਡੇ ਰੁਤਬੇ ਸਰਮਾਏਦਾਰਾਂ ਕੋਲ ਤੇ ਸਿਪਾਹ ਪੁਣਾਂ ਤੇ ਚਪੜਾਸ ਗਰੀਬਾਂ ਕੋਲ। ਹਿੰਦੁ-ਸਤਾਨ ਅਜੇ ਵੀ ਗੁਲਾਮ ਦਾ ਗਲਾਮ ਹੀ ਹੈ। ਨਾਮ Democracy ਅਸਲ ਵਿਚ ਹਕੂਮਤ Imperialists ਦੀ ਹੈ। ਆਨਿਆਂ ਬਹਾਨਿਆਂ ਨਾਲ ਲੁਟ ਲੁਟ ਖਾ ਰਹੇ ਹਨ। ਅਨਪੜ੍ਹਾਂ ਨੂੰ ਰਬ ਦਾ ਭੈ ਦੇ ਕੇ ਬਿਲੀਆਂ ਬਣਾਇਆ ਹੋਇਆ ਹੈ। ਵੇਖੀਏ ਕਦੋਂ ਕੋਈ ਮਾਈ ਦਾ ਲਾਲ ਨਿਤਰਦਾ ਹੈ ਸਾਰੀ ਜ਼ਮੀਨ, ਮਕਾਨ, ਪਰਾਪਰਟੀ, Vehicles ਨੂੰ Nationalise ਕਰਕੇ ਮਸਾਵੀ ਤਾਲੀਮ, ਪਰਵਰਿਸ਼, ਰਹਾਇਸ਼ ਤੇ ਕੰਮ ਕਾਰ ਦੀ ਗਾਰੰਟੀ ਵਾਲੀ ਹਕੂਮਤ ਸਥਾਪਤ ਕਰਦਾ ਹੈ।

ਸਾਰਿਆਂ ਨੂੰ ਪਿਆਰ। ਹਰਿਸਰਨ ਦੀ ਸਤਿ ਸ੍ਰੀ ਅਕਾਲ। ਤੁਹਾਡੀ ਬੀਬੀ ਦਾ ਪਿਆਰ।

Your truly
27 5.81

6.6.81 1. ਸ਼ਨੁਖ ਖੁਦ ਖੁਦਾ ਹੈ ਰਬ ਹੈ ਵਾਹਿਗੁਰੂ ਹੈ ਪ੍ਰਮਾਤਮਾਂ ਹੈ। ਹਿਸਾ ਨਹੀਂ ਟੁਕੜਾ ਨਹੀਂ ਪੂਰਨ Soul ਹੈ। ਪਰੰਤੂ ਹਡ ਚੰਮ ਦ ਸ਼ਰੀਰ ਵਿਚ ਲਪੇਟਿਆ ਹੋਇਆ ਹੈ।

2. ਇਕ ਤੋਂ ਅਨੇਕ ਹੋ ਸਕਦਾ ਹੈ। ਪੈਦਾ, ਪਰਿਤਪਾਲਣਾਂ ਤੇ ਸੰਘਾਰ ਦੇ ਤਿੰਨੇ ਕੰਮ ਕਰਦਾ ਹੈ।

3. ਮੁਕੰਮਲ ਤੌਰ ਤੇ ਆਜ਼ਾਦ ਹੈ। ਜਿਧਰ ਚਾਹੇ ਜਾ ਸਕਦਾ ਹੈ, ਜੋ ਚਾਹੇ ਅਪਨਾ ਸਕਦਾ ਹੈ, ਕਰ ਸਕਦਾ ਹੈ, ਬਣ ਸਕਦਾ ਹੈ, ਹੋ ਸਕਦਾ ਹੈ, ਥੀ ਸਕਦਾ ਹੈ। ਸਾਡੀ ਧਰਤੀ ਉਤੇ ਹੀ ਹਵਾ ਇਹ Soul ਹੈ, ਪਾਣੀ ਇਹ ਹੈ, ਮਿਟੀ ਇਹ ਹੈ, ਦਰਖਤ ਪੌਦੇ ਇਹ ਹੈ, ਜੀਵ ਜੰਤ ਇਹ ਹੈ, ਪਸ਼ੂ ਡੰਗਰ ਇਹ ਹੈ ਤੇ ਮਾਨੁਖ ਵੀ ਇਹ Soul ਹੀ ਹੈ।

4. ਮਾਨੁਖ ਰੂਪ ਵਿਚ ਹੀ ਪੂਰਨ ਹੋਸ਼ ਵਾਲਾ ਬਣਦਾ ਹੈ ਤੇ ਕਾਮਲ ਪੁਰਖ ਬਣਦਾ ਹੈ।

5. ਆਪਣੇ ਆਪ ਦੀ ਸੋਚ ਵਿਚਾਰ ਕਰਦਾ ਹੈ ਤੇ ਪਤਾ ਲਗਦਾ ਹੈ ਕਿ ਮੈਂ ਤਾਂ ਪਰਮਾਤਮਾ ਹਾਂ ਵਾਹਿਗੁਰੂ ਹਾਂ Spirit ਹਾਂ, ਆਤਮਾਂ ਹਾਂ Soul ਹਾਂ।

6. ਆਪਣੇ ਅਉਗਣ ਸਾਰੇ ਲਾਹ ਦਿੰਦਾ ਹੈ। ਹਉਮੈਂ, ਦੁਬਿਧਾ, ਤ੍ਰਿਸ਼ਨਾ, ਕਾਮ, ਕਰਧ, ਲੋਭ, ਮੋਹ, ਹੰਕਾਰ, ਝੂਠ ਨਿੰਦਾ, ਠੱਗੀ ਧੋਖਾ, ਧਰੋਹ, ਹੇਰਾ ਫਰੀ, ਕੁਟਿਲਤਾ, ਕਠੋਰਤਾ, ਨਾਜਾਇਜ਼ ਚਾਲਾਕੀਆਂ, ਗਬਨ, ਸਮਗਲ, ਰਿਸ਼ਵਤ, ਕੁਰਪਸ਼ਨ, ਝੂਠੀਆਂ

ਸਫਾਰਸ਼ਾਂ, ਡਰ, ਵਹਿਮ, ਭਰਮ, ਜ਼ਾਦੂ ਟੂਣੇ, ਧਾਗੇ ਤਵੀਤ, ਮੰਗਲ ਛਨਿਚਰ, ਕੁਤਾ ਬਿਲੀ ਛਿਕ ਆਦਿ ਦੇ ਖਿਆਲਾਤ ਦਾ ਤਿਆਗ ਕਰਦਾ ਹੈ ਤੇ ਨਿਰੋਲ ਪਵਿਤਰ ਆਤਮਾਂ ਬਣ ਜਾਂਦਾ ਹੈ।

7, ਜ਼ਨਮ ਪਰਯੰਤ ਗੁਰਮੁਖ ਬਣ ਕੇ ਰਹਿੰਦਾ ਹੈ। ਸਤਿ, ਸੰਤੋਖ ਦਯਾ ਧਰਮ ਧੀਰਜ ਨੇਕੀ ਸਚਾਈ ਸਾਫਗੋਈ ਈਮਾਨਦਾਰੀ ਦਿਆਨਤਦਾਰੀ ਨਿਮ੍ਰਤਾ ਸੁਕ੍ਰਿਤ ਸੇਵਾ ਕੁਰਬਾਨੀ ਤਥਾ ਤਿਆਗ ਵਾਲੇ ਜਜ਼ਬੇ ਨੂੰ ਅਪਨਾਉਂਦਾ ਤੇ ਕੰਮ ਕਰਦਾ ਹੈ।

8. ਵਾਹਿਗੁਰੂ ਦਾ, Spirit ਦਾ, ਆਪਣੇ ਕੇਂਦਰ ਦਾ, ਆਪਣੇ ਆਪ ਦਾ ਧਿਆਨ ਰਖਦਾ ਹੈ। ਹੋਰ ਕੁਝ ਕਰਨ ਥੀਣ ਦੀ ਲਾਲਸਾ ਮਨ ਵਿਚ ਨਹੀਂ ਲਿਆਉਂਦਾ ਹੈ।

9. ਕਿਸੇ ਪਰਕਾਰ ਦੀ ਸੇਵਾ ਯਾਂ ਰਾਜ ਪ੍ਰਬੰਧ ਆਦਿ ਦਾ ਖਿਆਲ ਮਨ ਵਿਚ ਨਹੀਂ ਆਉਣ ਦੇਂਦਾ।

10. ਮਰਕੇ ਵਾਹਿਗੁਰੂ ਦਾ ਵਾਹਿਗੁਰੂ ਬਣ ਜਾਂਦਾ ਹੈ ਮੌਜ ਮਾਣਦਾ ਤੇ ਆਰਾਮ ਨਾਲ ਰਹਿੰਦਾ ਹੈ।

24.7.81 ਅਸੀਂ ਜੀਵ ਆਤਮਾਂ ਪਰਮ ਆਤਮਾਂ ਹੀ ਹਾਂ। ਕੋਈ ਇਸ ਨੂੰ ਗੁਰੂ, ਸਤਿਗੁਰੂ, ਵਾਹਿਗੁਰੂ, ਅਲਾ God ਕਹਿੰਦੇ ਹਨ ਤੇ ਕਈ ਹੋਰ ਲਿਪੀਆਂ ਵਿਚ ਕੁਝ ਹੋਰ ਨਾਮ ਹੋਣਗੇ। ਸਾਡਾ ਕੋਈ ਆਦਿ ਨਹੀਂ ਤੇ ਅੰਤ ਨਹੀਂ, ਸਰਗੁਣ ਯਾ ਨਿਰਗੁਣ ਰੂਪ ਵਿਚ ਸਾਡੀ ਹਸਤੀ ਸਦਾ ਕਾਇਮ ਰਹਿੰਦੀ ਹੈ, ਸੁਤੇ ਸਿਧ ਬਣੇ ਹਾਂ ਕੋਈ ਮਾਈ ਬਾਪ ਨਹੀਂ। Nature ਯਾ ਕੁਦਰਤ ਕਹਿ ਲਉ ਰੂਹ ਹੀ ਰੂਹ ਚਾਰ ਚੁਫੇਰੇ ਪਸਰੀ ਹੋਈ ਹੈ। ਦਿਸਦੇ ਸਾਰੇ ਅਕਾਰ ਰੂਹ ਦੇ ਹੀ ਸਰਗੁਣ ਸਰੂਪ ਹਨ। ਸਤਿਗੁਰ ਵਲੋਂ ਪਕੇ ਬਧੇ ਹੋਏ ਹਾਂ। ਗਲਣ ਸੜਨ ਯਾਂ ਮਰਨ ਮੁਕਣ ਨਹੀਂ। ਆਉਂਦੇ ਜਾਂਦੇ ਰਹਿੰਦੇ ਹਾਂ। ਦੋ ਹੀ ਠਿਕਾਣੇ ਹਨ, ਰਚਨਾ ਯਾਂ ਮੁਕਤ। ਨਾਮ ਜਪਣ ਨਾਲ ਜੀਉਂਦੇ ਹੀ ਮੁਕਤ ਹੋ ਜਾਈਦਾ ਹੈ।

ਦਰਸ਼ਨ ਦੀਦਾਰੇ ਸਤਿਗੁਰ ਦ ਯਾਂ ਰੂਹ ਦੇ ਹੋ ਜਾਂਦੇ ਹਨ ਤੇ ਸਹਿਜ ਟਿਕਾਉ ਮੁਤਮਈਨਤਾ ਮਿਲ ਜਾਂਦੀ ਹੈ। ਨਾਂ ਬਹੁਤੇ ਅਮੀਰ ਨਾ ਗਰੀਬ, ਨਾਂ ਬਹੁਤਾ ਹਸਣਾ ਨਾਂ ਰੋਣਾ ਗਰਿਰ ਗੰਭੀਰੇ, ਨਾਂ ਦੁਨਿਆਵੀ ਪਦਾਰਥਾਂ ਵਿਚ ਖਚਤ ਹੀ ਤੇ ਨਾਂ ਤਿਆਗ. ਘਰ ਮਕਾਨ ਵਾਲੇ, ਬੀਵੀ ਬਚੇ ਵਾਲੇ, ਧਨ ਪਦਾਰਥ ਵਾਲੇ। ਅਸਵਾਰੀ ਨੂੰ ਸਕੂਟਰ ਯਾਂ ਕਾਰ, ਕਮਾਈ ਲਈ ਪੂਰੇ ਚੇਤਨ ਟੈਕਨੀਕਲੀ qualified। ਸਮਾਜਕ ਤੌਰ ਤੇ ਮਾਣ ਇਜਤ ਵਾਲੇ, ਗੁਰਮੁਖ ਪੁਰਸ਼ ਬਣ ਕੇ ਰਹਿਣ ਵਿਚ ਹੀ ਕਲਿਆਣ ਹੈ, ਸੁਖ ਹੈ, ਤੇ ਬੇਹਤਰੀ ਹੈ। ਆਪਣੇ ਆਪ ਨੂੰ ਯਾਦ ਰਖਣ ਨਾਲ ਸਭਿ ਸੁਖ ਬਣਦੇ ਹਨ। ਜੈਸੇ ਖਿਆਲ ਵੈਸੀ ਹਾਲਤ ਹੋਈ ਜਾਂਦੀ ਹ। ਤੁਸੀਂ ਹੀ ਆਪਣੇ ਖਿਆਲਾਂ ਤੇ ਕਰਤੂਤਾਂ ਦੇ ਮਾਲਕ ਹੋ ਤੇ ਤੁਸੀਂ ਹੀ ਆਪਣਾ ਕੀਤਾ ਪਾ ਰਹੇ ਹੋ। ਇਨਸਾਨ ਦੀ ਦੁਰਦਸ਼ਾ ਦਾ ਕਾਰਨ ਇਨਸਾਨ ਦੇ ਖਿਆਲ ਹਨ। You yourself are responsible for your presnet Condition.

16.9.81 1. ਨਿਰੋਲ ਵਾਹਿਗੁਰੂ ਵਾਹਿਗੁਰੂ ਕਰੀ ਜਾਈਏ ਤਾਂ ਵਾਹਿਗੁਰੂ ਨਹੀਂ ਮਿਲਦਾ।

2. ਸਿਰਫ ਬਾਣੀ ਪੜੀ ਹੀ ਜਾਈਏ ਤਾਂ ਵਾਹਿਗੁਰੂ ਨਹੀਂ ਮਿਲਦਾ।

3. ਗੋਲ ਮਟੋਲ ਗਲਾਂ ਦੇ ਮਾਹਰ ਠੱਗ ਕੋਲੋਂ ਵੀ ਵਾਹਿਗੁਰੂ ਨਹੀਂ ਮਿਲਦਾ।

ਹਾਂ ਨਿਪੁੰਨ ਕਾਮਲ ਪੁਰਸ਼ ਕੋਲੋਂ ਵਾਹਿਗੁਰੂ ਦਾ ਪਤਾ ਲਗ ਸਕਦਾ ਹੈ। ਗੁਰੂ ਮਾਡਲ ਇਨਸਾਨ ਹੁੰਦਾ ਹੈ ਹਰ ਪਖੋਂ। ਪੂਰਾ ਸੂਰਾ ਹੋਣਾ ਚਾਹੀਦਾ ਹੈ। ਵਾਹਿਗੁਰੂ ਪਾਉਣ ਲਈ ਇਕ ਅਸੂਲ ਹੈ ਹਰਿ ਕੋ ਨਾਮ ਜਪ ਨਿਰਮਲ ਕਰਮ ਵਾਹਿਗੁਰੂ ਵਾਹਿਗੁਰੂ ਕਰਨ, ਬਾਣੀ ਪੜ੍ਹਨ ਦੇ ਨਾਲ ਸੋਚ ਹੋਣੀ ਬਿਲਕੁਲ ਜ਼ਰੂਰੀ ਹੈ। ਬਾਣੀ ਕਹਿੰਦੀ ਕੀ ਹੈ ਵਾਹਿਗੁਰੂ ਬਾਰੇ ਦਸਦੀ ਕੀ ਹੈ। ਵਾਹਿਗੁਰੂ ਕੀ ਹੈ. ਕਿਥੇ ਹੈ, ਕਿਸ

ਤਰ੍ਹਾਂ ਦਾ ਹੈ ਕਿਵੇਂ ਕੰਮ ਚਲਾਉਂਦਾ ਹੈ ਦੀ ਖੋਜ, ਢੂੰਡ ਭਾਲ, ਪੜ ਪੜਤਾਲ ਹੋਣੀ ਚਾਹੀਦੀ ਹੈ, ਭਾਵ ਸੋਚ ਕਰਨੀ ਚਾਹੀਦੀ ਹੈ। ਵੀਚਾਰ ਕਰਨੀ ਚਾਹੀਦੀ ਹੈ। ਸੋਚ ਵੀਚਾਰ ਦੇ ਨਤੀਜੇ ਦੇ ਤੌਰ ਤੇ ਵਾਹਿਗੁਰੂ ਦੇ ਦਰਸ਼ਨ ਹੋ ਜਾਂਦੇ ਹਨ। ਫੇਰ ਉਸਨੂੰ ਵੇਖਦੇ ਰਹਿਣਾ ਤੇ ਉਸ ਬਾਰੇ ਸੋਚਦੇ ਰਹਿਣਾ ਪੜਨਾ ਲਿਖਣਾ ਪੁਛਣਾ ਦਸਣਾ, ਵੀਚਾਰ ਵਾਨਾਂ ਨਾਲ ਗਲਬਾਤ ਕਰਨੀ ਸਭਿ ਠੀਕ ਹੈ ਪਰੰਤੂ ਏਥੇ ਵੀ ਇਹ ਸਟੇਜ ਆ ਜਾਂਦੀ ਹੈ ਕਿ ਸੋਚੈ ਸੋਚ ਨ ਹੋਵਈ ਜੇ ਸੋਚੇ ਲਖਵਾਰ। ਇਸ ਤੋਂ ਅਗਲੀ ਤੇ ਤੀਜੀ ਸਟੇਜ ਹੈ ਉਸਨੂੰ ਆਪਣੇ ਮਸਤਕ ਵਿਚ ਜਿਥੇ ਅਖਾਂ ਬੰਦ ਕਰਨ ਨਾਲ ਮਾਮੂਲੀ ਕਾਲੀ ਸਕਰੀਨ ਬਣ ਜਾਂਦੀ ਹੈ ਉਥੇ ਉਸ ਨਰ ਵਾਹਿਗੁਰੂ ਨੂੰ ਦੇਖਦੇ ਰਹਿਣਾ। ਇਸ ਹਦ ਤਕ ਕਈ ਵੇਰ ਸਾਕਸ਼ਾਤ ਦਰਸਨ ਵੀ ਹੋ ਜਾਂਦੇ ਹਨ। ਕਈ ਸਪਨੇ ਵੀ ਦਰਸਨ ਦਿਖਾਉਂਦੇ ਹਨ। ਦੋ ਤਿੰਨ ਸਾਲ ਦਰਸ਼ਨਾਂ ਦਾ ਸਿਲਸਿਲਾ ਜਾਰੀ ਰਹਿੰਦਾ ਹੈ ਫਰ ਉਹ ਆਪਣੇ ਵਿਚ ਹੀ ਜਜ਼ਬ ਹੋ ਜਾਂਦਾ ਹੈ। ਇਸ ਤੋਂ ਅਗੇ ਨਾਮ ਜਪਣ ਦੀ ਚੌਥੀ ਸਟੇਜ ਸ਼ੁਰੂ ਹੁੰਦੀ ਉਹ ਇਹ ਹੈ ਕਿ ਵਾਹਿਗਰੂ ਆਪਣੇ ਆਪ ਵਿਚ ਹੀ ਸਮਾਇਆ ਅਨੁਭਵ ਕਰਨਾ, ਆਪਣੇ ਆਪ ਨੂੰ ਹੀ ਵਾਹਿਗੁਰੂ ਦੀ ਜੋਤ ਸਮਝਣਾ। ਆਪਣੀ ਹਉਮੈ ਮਾਰ ਕੇ (ਵਖਰੀ ਹੋਂਦ ਮਿਟਾ ਕੇ) ਆਪ ਹੀ ਵਾਹਿਗੁਰੂ ਦਾ ਇਨਸਾਨੀ ਸਰੂਪ ਮੰਨਣਾ, ਸਮਝਣਾ ਤੇ ਅਨੁਭਵ ਕਰਨਾ। ਆਪ ਹੀ ਗੁਰੂ ਰੂਪ ਹੋਣਾ। ਪਤਾ ਲਗ ਜਾਣਾਂ ਕਿ ਮੈਂ ਆਪਣੇ ਆਤਮਾਂ, ਵਾਹਿਗੁਰੂ, Soul ਰੂਹ ਗੁਰੂ ਦਾ ਹੀ ਇਨਸਾਨੀ ਵਜੂਦ ਹਾਂ। ਏਸ ਹਦ ਤਕ ਦਸਮ ਦੁਆਰ ਵੀ ਖੁਲ ਚੁਕਾ ਹੁੰਦਾ ਹੈ ਤੇ ਸਚਖੰਡ ਦ ਦਰਸ਼ਨ ਵੀ ਹੋ ਚੁਕੇ ਹੁੰਦੇ ਹਨ। ਕਈ ਵਾਰੀ ਬੰਦਾ ਨੀਮ ਪਾਗਲ ਵੀ ਹੋ ਜਾਂਦਾ ਹੈ। ਹੁਣ ਬਾਕੀ ਇਹੋ ਰਹਿ ਗਿਆ ਕਿ ਮਰ ਕੇ ਉਸ ਵਿਚ ਮਿਲ ਜਾਈਏ, ਪਰੰਤੂ ਮੇਰਾ ਖਿਆਲ ਹੈ ਆਪਾਂ ਆਤਮਾ ਹਾਂ ਮਰ ਕੇ ਕਿਹੜਾ ਮੁਕ ਜਾਣਾ ਹੈ ਇਸ ਲਈ ਕਾਹਲੀ ਦੀ ਕੀ ਲੋੜ ਹੈ ਐਥੇ ਸਾਰੀ ਦੁਨੀਆ ਨਾਲੋਂ ਚੰਗੀ ਜੂਨ ਵਿਚ ਸਚੇ ਸੁਚੇ ਰਹੋ ਤੇ ਅਨੰਦ ਮਾਣੋ। ਜੀਉਂਦਾ ਹੀ ਸੁਨ ਹੋਣ ਦੀ

ਨਾਂ ਸੋਚੋ, ਨਖੀਨ, ਮਰਨਾਊ ਤੇ ਪਾਗਲ ਹੋ ਜਾਊਗੇ। ਰਬ ਤਾਂ ਸਾਰੇ ਹਨ। ਭਾਵ ਆਤਮਾਂ ਸਾਰੇ ਹਨ ਪਰੰਤੂ ਘੋੜੇ ਦੇ ਮੂੰਹ ਵਿਚ ਲਗਾਮ ਦੇ ਕੇ ਪਿਠ ਉਤੇ ਚੜ੍ਹ ਬਹਿੰਦੇ ਹਾਂ। ਬਲਦ ਦੇ ਨਕ ਵਿਚ ਨਥ ਪਾ ਕੇ ਪੰਜਾਲੀ ਦੇ ਕੇ ਕਟਦੇ ਹਾਂ। ਉਹਨਾਂ ਨੂੰ ਰਬ ਸਮਝ ਕੇ ਮਥੇ ਕਿਉਂ ਨਹੀਂ ਟੇਕਦੇ। ਗਲ ਅਸਲ ਵਿਚ ਇਹ ਹੈ ਕਿ ਆਤਮਾ ਦੀ ਜਾਗਰਿਤੀਆਂ ਅਤੇ ਪਵਿਤਰਤਾ ਵਿਚ ਰਬ ਹੈ। ਪਵਿਤਰ ਹੋਸ਼ ਵਾਲੇ ਆਤਮਾਂ ਨੂੰ ਮਥੇ ਟੇਕੇ ਜਾਂਦੇ ਹਨ। ਮਲੀਨ ਭਲੜ ਆਤਮਾਂ ਨੂੰ ਕੋਈ ਨਹੀਂ ਪੁਛਦਾ। ਇਸ ਵਾਸਤੇ ਆਪਣੇ ਆਪ ਦਾ ਗਿਆਨ ਤੇ ਆਤਮਕ ਪਵਿਤਰਤਾ ਹੀ ਇਨਸਾਨੀਅਤ ਦੀ ਚੋਟੀ ਹੈ। ਇਸ ਲਈ ਆਪਣੇ ਆਪ ਨੂੰ ਪਤਾ ਹੋਣਾ ਕਿ ਮੈਂ ਵਾਹਿਗੁਰੂ ਦੀ ਜੋਤ ਹਾਂ ਇਸ ਗਲ ਦਾ ਵਿਸ਼ਵਾਸ ਤੇ ਯਕੀਨ ਅਤੀ ਜਰੂਰੀ ਹੈ ਅਤੇ ਵਾਹਿਗੁਰੂ ਬਣ ਕੇ ਰਹਿਣਾ ਹੀ ਆਤਮਕ ਪਵਿਤਰਤਾ ਦੀ ਚੋਟੀ ਹੈ।

Think yourself as part and parcel of God, and always behave like that. You will be really a living God i.e. Gurmukh.

1.10.81 ਬੰਦਾ ਆਪ ਹੀ ਆਪਣੇ ਭਗਵਾਨ ਦੀ ਇਨਸਾਨੀ ਤਸਵੀਰ ਹੈ। ਆਪਣੇ ਖਿਆਲਾਤ ਮੁਤਾਬਕ ਜੋ ਚਾਹੇ ਕਰਦਾ ਫਿਰਦਾ ਹੈ ਅਤੇ ਕੀਤੇ ਦੇ ਨਤੀਜੇ ਭੁਗਤਦਾ ਫਿਰਦਾ ਹੈ। ਇਹ ਜੀਵ ਚਾਹੇ ਤਾਂ ਰਚਨਾ ਕਰ ਲੈ ਚਾਹੇ ਤਾਂ ਨਾਮ ਜਪਿ ਕੇ ਮੁਕਤ ਹੋ ਜਾਂਦਾ ਹੈ। ਮਰਦਾ ਨਹੀਂ ਮੁਕਦਾ ਨਹੀਂ ਬਸ ਪੁਲਾੜ ਵਿਚ ਤੁਰਿਆ ਫਿਰਦਾ ਹੈ। ਚਾਹੇ ਖਪਦਾ ਫਿਰੇ ਜੂਨਾਂ ਵਿਚ ਚਾਹੇ ਸਹਿਜ ਦਾ ਧਾਰਨੀ ਹੋ ਕੇ ਟਿਕ ਕੇ ਸੰਤੁਸ਼ਟ ਹੋ ਕੇ ਚੈਨ ਨਾਲ ਬੈਠ ਜਾਵੇ। ਸਭਿ ਇਹਦੀ ਆਪਣੀ ਖੁਸ਼ੀ ਦੀ ਗਲ ਹੈ। ਖਿਆਲ ਤਰੰਗਾਂ ਇਹਦੇ ਅੰਤਸ਼ਕਰਨ ਤੇ ਉਠਦੀਆਂ ਰਹਿੰਦੀਆਂ ਹਨ ਤੇ ਇਹ ਉਸੇ ਤਰਾਂ ਕਰੀ ਜਾਂਦਾ ਹੈ। ਜੇ ਤਰੰਗਾਂ ਗੁਰਮੁਖਾਂ ਵਾਲੀਆਂ ਹੋਣ ਤਾਂ ਸੁਖ ਪਾਉਂਦਾ ਹੈ ਜੇ ਮਨਮੁਖਾਂ ਵਾਲੀਆਂ ਮਾਇਆ ਲਪੇਟੀਆਂ ਹੋਣ ਤਾਂ ਦੁਖ ਪਾਉਂਦਾ ਹੈ। ਸਭਿ ਕੁਝ ਛਡ ਕੇ

ਆਪਣੇ ਆਪ ਨੂੰ ਵਾਹਿਗੁਰੂ ਸਮਝੀ ਜਾਉ ਤੇ ਉਸੇ ਤਰਾਂ ਹੀ ਬੀਹੇਵ ਕਰੋ, ਮੌਜਾਂ ਤੇ ਸ਼ਾਦਮਾਨੀਆਂ ਮਾਣੋ ।

2.10.81 ਹਰਿ ਆਦਮੀ ਦੇ ਵਿਚ ਆਤਮਾਂ ਹੈ। ਉਸੇ ਕਰਕੇ ਇਹ ਜਿੰਦਾ ਹੈ ਇਹ ਆਤਮਾਂ ਸਭਿ ਸੋਚ ਵਿਚਾਰ ਦਿੰਦਾ ਹੈ। ਕੰਮ ਕੁਦਰਤੀ ਤੌਰ ਤੇ ਅਤੇ ਆਪ ਕਰਕੇ ਹੀ ਬਣਾਉਂਦਾ ਹੈ। ਪੂਰਨ ਚਿਤੰਨ ਸੂਝ ਬੂਝ ਵਾਲਾ ਸਰਬ ਕਲਾ ਸਮਰਥ, ਸਰਬ ਗੁਣ ਸੰਪੰਨ ਸੋਚ ਦੇਣ ਵਾਲਾ ਵਿਚਾਰ ਦੇਣ ਵਾਲਾ ਖਿਆਲ ਦੇਣ ਵਾਲਾ ਦੁਖਾਂ ਤੋਂ ਬਚਾਉਣ ਵਾਲਾ ਦੂਰ ਨੇੜੇ ਦੀ ਸੂਝ ਵਾਲਾ ਫਾਇਦਾ ਨੁਕਸਾਨ, ਇਜ਼ਤ ਬੇਇਜ਼ਤੀ ਹਰ ਗਲ ਦੀ ਪੂਰੀ ਸੂਝ ਵਾਲਾ ਹੈ। ਇਹੋ ਵਾਹਿਗਰੂ ਹੈ ਪਰੰਤੂ ਤਾਂ ਜੇ ਆਤਮਾਂ ਸਚਾ ਸੁਚਾ Right, True, Genuine, Correct, ਸਤਿ, ਸੰਤੋਖ, ਵਜ਼ਾ ਧੀਰਜ ਨੇਕੀ ਸਚਾਈ ਸਾਫਗੋਈ ਈਮਾਨਦਾਰੀ ਦਿਆਨਤਦਾਰੀ ਨਿਮਰਤਾ ਸੁਕ੍ਰਿਤ ਸੇਵਾ ਕੁਰਬਾਨੀ ਤੇ ਤਿਆਗ ਦੇ ਜਜਬੇ ਵਾਲਾ ਹੈ ਤਾਂ ਤੇ ਸਭੋ ਕੁਝ ਆਪਣੇ ਆਪ ਹੀ ਬਣਦਾ ਹੈ ਪਰੰਤੂ ਜੇ ਇਸ ਮਾਨੁਖ ਦੇ ਆਤਮਾ ਦੇ ਖਿਆਲ ਗੰਦੇ ਹੋਣ ਹਉਮੇਂ (ਰਬ ਨਾਲੋਂ ਵਖਰਾ ਸਮਝਣਾ) ਦੁਬਿਧਾ ਤ੍ਰਿਸ਼ਨਾ ਕਾਮ ਕਰੋਧ ਲੋਭ ਮੋਹ ਹੰਕਾਰ ਝੂਠ ਨਿੰਦਾ ਠਗੀ ਧੋਖਾ ਧਰੋਹ ਹੇਰਾ ਫੇਰੀ ਕੁਟਿਲਤਾ ਕਠੋਰਤਾ ਨਜਾਇਜ ਚਾਲਾਕੀਆਂ ਗਬਨ ਸਮਗਲ ਰਿਸ਼ਵਤ ਕੁਰਪਸ਼ਨ ਝੂਠੀਆਂ ਸਫਾਰਸ਼ਾਂ ਵਹਿਮ ਭਰਮ ਜਾਦੂ ਟੂਣੇ ਧਾਗੇ ਤਵੀਤ ਭੂਤ ਧਰੇਤ ਮੰਗਲ ਛਨਿਛਰ ਕੁਤਾ ਬਿਲੀ ਛਿਕ ਆਦਿ ਦੇ ਵਹਿਮੀ ਖਿਆਲ ਹੋਣ, ਤਾਂ ਅੰਤਸਕਰਨ ਉਤੇ ਗੰਦੇ ਖਿਆਲ ਆਉਂਦੇ ਹਨ। ਬੰਦਾ ਉਹਨਾ ਨੂੰ ਚੰਗੇ ਸਮਝ ਕੇ ਅਪਨਾਉਦਾ ਤੇ ਕਰਦਾ ਹੈ। ਨਤੀਜੇ ਦੇ ਤੌਰ ਤੇ ਲੜਦਾ ਝਗੜਦਾ ਵਢਦਾ ਕਟਦਾ ਤੇ ਚੋਰੀਆਂ ਕਰਕੇ ਜਲੀਲੋ ਖਵਾਰ ਹੁੰਦਾ ਫਿਰਦਾ ਹੈ ਤੇ ਅਨੇਕ ਦੁਖ ਪਾਉਂਦਾ ਹੈ ਤੇ ਜੂਨਾਂ ਵਿਚ ਫਸਿਆ ਤੁਰਾ ਫਿਰਦਾ ਹੈ। ਸੋ ਨਤੀਜੇ ਦੇ ਤੌਰ ਤੇ ਇਹੋ ਸਿਟਾ ਨਿਕਲਦਾ ਹੈ ਕਿ ਨਾਮ ਜਪਿਆ ਜਾਵੇ ਸਚਾ ਸੁਚਾ ਜ਼ੀਵਨ ਬਤੀਤ ਕੀਤਾ ਜਾਵੇ। ਇਸ ਵਿਚ ਹੀ ਸਾਡਾ ਕਲਿਆਨ ਹੈ। Soul ਹਾਂ ਮਰਨਾ ਮੁਕਣਾ ਤਾਂ ਹੈ ਕਦੇ ਨਹੀਂ ਹਾਂ ਮੁਸੀਬਤ ਤੇ

ਖਵਾਰੀ ਨਾਲੋਂ ਸੁਖ ਜ਼ਰੂਰ ਪਾਇਆ ਜਾ ਸਕਦਾ ਹੈ। ਸਹਿਜ ਟਿਕਾਉ ਦਾ ਮੁਤਮੀਅਨ ਜੀਵਨ ਜ਼ਰੂਰ ਜੀਵਿਆ ਜਾ ਸਕਦਾ ਹੈ।

## ਨਿਚੋੜ

3.3.82 ਪਟਿਆ ਪਹਾੜ ਤੇ ਨਿਕਲਿਆ ਚੂਹਾ। ਮਰ ਗਏ ਕਿਤਾਬਾਂ, ਪੜਦੇ ਤੇ ਪਖੰਡੀਆਂ ਦੀ ਸੇਵਾ ਕਰਦੇ ਤੇ ਲੁਟਾਈ ਖਾਂਦੇ, ਪਰੰਤੂ ਗਲ ਇਹ ਨਿਕਲੀ ਕਿ ਮਨੁਖ ਆਪ ਹੀ ਆਪਣੇ ਰਾਮ ਦੀ ਵਾਹਿਗੁਰੂ ਦੀ ਆਤਮਾਂ ਦੀ ਇਨਸਾਨੀ ਤਸਵੀਰ ਹੈ, ਆਪ ਹੀ ਭਗਵਾਨ ਹੈ। ਜੇ ਕਰ ਵਾਹਿਗੁਰੂ ਯਾਂ ਗੁਰਮੁਖ ਬਣ ਕੇ ਰਹਿੰਦਾ ਤੇ Behave ਕਰਦਾ ਹੈ ਤਾਂ ਸੁਖ ਪਾਉਂਦਾ ਹੈ, ਜੇ ਸ਼ੈਤਾਨੀਅਤ ਅਪਨਾਉਂਦਾ ਹੈ ਤਾਂ ਦੁਖ ਪਾਉਂਦਾ ਹੈ। ਆਤਮਾਂ, ਵਾਹਿਗੁਰੂ, ਗੁਰੂ ਰੂਹ, Spirit, ਪਰਮ ਪਰਬਲ ਚੀਜ਼ ਹੈ ਖਿਆ-ਲਾਤ ਮੁਤਾਬਕ ਹਾਲਾਤ ਬਣਦੇ ਜਾਂਦੇ ਹਨ। ਜਨਮ ਮਰਨ ਤਾਂ ਹਸਬ ਮਨਸ਼ਾ ਕਪੜੇ ਪਾਉਣ ਦੇ ਹੀ ਬਰਾਬਰ ਹੈ। ਚੈਨ ਨਾਲ ਟਿਕ ਕੇ ਰਹਿਣਾ ਮੁਕਤੀ ਹੈ।

ਆਸ ਹੈ ਇਹ ਕਿਤਾਬ ਪਾਖੰਡ ਜਾਲਾਂ ਵਿਚ ਫਸੇ ਪ੍ਰਾਣੀਆਂ ਨੂੰ ਆਜ਼ਾਦ ਕਰਾਏਗੀ ਤੇ ਆਪਣੇ ਆਪ ਦੀ ਠੀਕ ਸੂਝ ਬੂਝ ਪਰਦਾਨ ਕਰੇਗੀ।

ਦਸ ਗੁਰੂ ਸਾਹਿਬਾਨ, ਗੁਰੂ ਗਰੰਥ ਸਾਹਿਬ ਤੇ ਖਾਲਸਾ ਪੰਥ ਦਾ ਅਤੀ ਧੰਨਵਾਦੀ ਹਾਂ।

ਛਪਾਈ ਵਿਚ ਸਹਾਇਤਾ ਦਾ ਵੇਰਵਾ :

ਸ: ਸੁਚੇਤ ਸਿੰਘ (ਸਵਰਗਵਾਸੀ) = 1000/-

687 Sect. 11-B Chg.

ਸ੍ਰ: ਅਵਤਾਰ ਸਿੰਘ ਪੀਲੀ ਕੋਠੀ = 1000/-

Sant Nagrr Karnal

ਦਾਸ ਬਿਸ਼ਨ ਸਿੰਘ = 3500/-

1256 15-B Chg.

ਬਿਸ਼ਨ ਸਿੰਘ



## ਬਿਸ਼ਨ ਸਿੰਘ

ਸੋ ਸਾਜਨੁ ਸੋ ਸਖਾ ਮੀਤੁ ਜੋ ਹਰਿ ਕੀ ਮ[illegible]ਇ

ਲੇਖਕ ਤੇ ਪ੍ਰਕਾਸ਼ਕ ਬਿਸ਼ਨ ਸਿੰਘ (ਰੀਟਾਇਰਡ ਸਿ[illegible]ਟਰ ਪੱਲਾਮ)
ਮਕਾਨ ਨੰ: 1256, ਸੈਕਟਰ 15 B, ਚੰਡੀਗ[illegible] ਰਕਸਾਨਾ ਪ੍ਰਿੰਟਰਜ਼,
ਸੈਕਟਰ 16 ਚੰਡੀਗੜ੍ਹ ਤੋਂ ਛਪ[illegible] ਪ੍ਰਕਾਸ਼ਤ ਕੀਤਾ ।